ਹੱਕ, ਸੱਚ, ਇਨਸਾਫ਼ ਅਤੇ ਮਨੁੱਖਤਾ ਲਈ ਲੜ ਰਹੇ ਲੋਕ ਕਿਤੇ ਵੀ ਹੋਣ ਉਹ ਸਾਡੇ ਲੋਕ ਹਨ

# ਸਾਡੇ ਲੋਕ
SADE LOK
sadelok.com

24-30 ਦਸੰਬਰ 2025

ਸਾਲ 16ਵਾਂ - ਅੰਕ 52
email : info@sadelok.com
Ph. : 510-706-1300
Fax : 925-373-1300

## ਸਿੱਖ ਕਤਲੇਆਮ ਦੇ 41 ਸਾਲ ਬਾਅਦ ਸਿੱਖਾਂ ਦੇ ਪੀੜਤ ਪਰਿਵਾਰਾਂ ਨੂੰ ਦਿੱਲੀ ਦੀ ਮੁੱਖ ਮੰਤਰੀ ਨੇ ਦਿੱਤੇ ਨਿਯੁਕਤੀ ਪੱਤਰ



(ਦੇਖੋ ਸਫ਼ਾ 29 'ਤੇ)

## ਦੁਖਦਾਇਕ ਖਬਰ
### ਗੁਰੂਘਰ ਦੇ ਨਿਸ਼ਕਾਮ ਸੇਵਕ ਸ੍ਰ. ਰਾਜਿੰਦਰ ਸਿੰਘ ਰਾਜ ਨਹੀਂ ਰਹੇ



ਫਰੀਮਾਂਟ, (ਸਾਡੇ ਲੋਕ) : ਦੁਖਦਾਇਕ ਖਬਰ ਰਾਜਿੰਦਰ ਸਿੰਘ ਰਾਜ ਗੁਰਦੁਆਰਾ ਸਾਹਿਬ ਫਰੀਮੌਂਟ ਵਿਖੇ ਲੰਗਰਾਂ ਵਿੱਚ ਅਣਥੱਕ ਸੇਵਾ (ਦੇਖੋ ਸਫ਼ਾ 17 'ਤੇ)

## ਨਿਊ ਜਰਸੀ ਵਿਧਾਨ ਸਭਾ ਵੱਲੋਂ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਸ਼ਹਾਦਤ ਨੂੰ 'ਮਨੁੱਖੀ ਅਧਿਕਾਰ ਤੇ ਧਾਰਮਿਕ ਆਜ਼ਾਦੀ ਦਿਵਸ' ਵਜੋਂ ਮਾਨਤਾ

ਟਰੈਂਟਨ, ਨਿਊ ਜਰਸੀ: ਅਮਰੀਕਾ ਦੇ ਸੂਬੇ ਨਿਊ ਜਰਸੀ ਦੀ ਸੈਨੇਟ ਅਤੇ ਜਨਰਲ ਅਸੈਂਬਲੀ (ਵਿਧਾਨ ਸਭਾ) ਨੇ ਸਿੱਖ ਕੌਮ ਲਈ ਇੱਕ ਇਤਿਹਾਸਕ ਅਤੇ ਮਾਣਮੱਤਾ ਕਦਮ ਚੁੱਕਦਿਆਂ ਇੱਕ ਸਾਂਝਾ ਮਤਾ (Joint Legislative Resolution) ਪਾਸ ਕੀਤਾ ਹੈ। ਇਸ ਮਤੇ ਰਾਹੀਂ ਨੌਂਵੇਂ ਪਾਤਸ਼ਾਹ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਲਾਸਾਨੀ ਸ਼ਹਾਦਤ ਨੂੰ ਯਾਦ ਕਰਦਿਆਂ 24 ਨਵੰਬਰ, 2025 ਨੂੰ 'ਮਨੁੱਖੀ ਅਧਿਕਾਰ ਅਤੇ ਧਾਰਮਿਕ ਆਜ਼ਾਦੀ ਦਿਵਸ' (Human Rights and Religious Freedom Day) ਵਜੋਂ ਮਨਾਉਣ ਦਾ (ਦੇਖੋ ਸਫ਼ਾ 28 'ਤੇ)



## ਛੋਟੇ ਸ਼ਾਹਿਬਜ਼ਾਦਿਆਂ ਅਤੇ ਮਾਤਾ ਗੁਜਰੀ ਜੀ ਦੀ ਲਾਸਾਨੀ ਸ਼ਹਾਦਤ ਨੂੰ ਕੋਟਿ-ਕੋਟਿ ਪ੍ਰਣਾਮ



## ਰਾਜਾ ਚਾਰਲਸ ਦੀ ਵਫਾਦਾਰੀ ਦੀ ਸਹੁੰ ਕੈਨੇਡੀਅਨ ਸਿੱਖ ਵਕੀਲ ਸ੍ਰ. ਪ੍ਰਭਜੋਤ ਸਿੰਘ ਵੜਿੰਗ ਨੇ ਚੁੱਕਣ ਤੋਂ ਕੀਤਾ ਇਨਕਾਰ
### ਅਦਾਲਤ 'ਚ ਅਪੀਲ ਕਰਕੇ ਬਦਲਵਾ ਲਿਆ ਕਾਨੂੰਨ



ਅਲਬਰਟਾ : ਕੈਨੇਡਾ ਦੇ ਅਲਬਰਟਾ ਸੂਬੇ ਵਿੱਚ ਰਹਿਣ ਵਾਲੇ ਇੱਕ ਅੰਮ੍ਰਿਤਧਾਰੀ ਸਿੱਖ ਵਕੀਲ, ਪ੍ਰਭਜੋਤ ਸਿੰਘ ਵੜਿੰਗ ਨੇ ਇੱਕ ਵੱਡੀ ਕਾਨੂੰਨੀ ਲੜਾਈ 'ਚ ਜਿੱਤ ਹਾਸਲ ਕੀਤੀ ਹੈ, ਜਿਸ ਕਾਰਨ ਸੂਬੇ (ਦੇਖੋ ਸਫ਼ਾ 17 'ਤੇ)

## 25 ਹਜ਼ਾਰ ਸਿੱਖ ਨੌਜਵਾਨਾਂ ਦੀਆਂ ਲਾਵਾਰਿਸ ਕਹਿ ਕੇ ਸਾੜੀਆਂ ਲਾਸ਼ਾਂ ਦੀ ਪਛਾਣ ਕਰਨ ਵਾਲੇ
### ਸ਼ਹੀਦ ਭਾਈ ਜਸਵੰਤ ਸਿੰਘ ਖਾਲੜਾ ਦੀ ਸ਼ਹਾਦਤ ਦੇ 30ਵੇਂ ਸਾਲ ਨੂੰ ਸਮਰਪਿਤ ਕੈਨੇਡਾ 'ਚ ਸੈਮੀਨਾਰ



### ਬੀਬੀ ਪਰਮਜੀਤ ਕੌਰ ਖਾਲੜਾ ਵੱਲੋਂ ਸਿੱਖਾਂ ਨੂੰ ਆਪਣੇ ਬੱਚੇ ਐਕਟਵਿਸਟ ਬਣਾਉਣ ਦਾ ਸੰਦੇਸ਼

ਸਰੀ : ਹਜ਼ਾਰਾਂ ਸਿੱਖ ਨੌਜਵਾਨਾ ਦੇ ਝੂਠੇ ਪੁਲਿਸ ਮੁਕਾਬਲੇ ਬਣਾਉਣ ਮਗਰੋਂ, ਉਨ੍ਹਾਂ ਦੀਆਂ ਲਾਸ਼ਾਂ ਨੂੰ ਲਾਵਾਰਸ ਕਹਿ ਕੇ ਸਮੂਹਿਕ ਤੌਰ ਤੇ ਖਪਾ ਦੇਣ ਦੇ ਸੱਚ ਨੂੰ ਸੰਸਾਰ ਦੇ ਮੰਚ 'ਤੇ (ਦੇਖੋ ਸਫ਼ਾ 15 'ਤੇ)

RESIDENTIAL, COMMERCIAL AND SOLAR FARMS
with Singhsolar High performance Bifacial Smart Panels
ਅਮਰੀਕਾ ਦੇ ਕਿਸੇ ਵੀ ਹਿੱਸੇ ਆਪਣੇ ਘਰ ਕਾਰੋਬਾਰ ਤੇ ਸੋਲਰ ਸਿਸਟਮ ਲਗਾਉਣ ਲਈ ਸਤਨਾਮ ਸਿੰਘ ਖਾਲਸਾ ਨਾਲ ਅੱਜ ਹੀ ਸੰਪਰਕ ਕਰੋ
ਬਿਜਲੀ ਦੇ ਬਿੱਲ ਤੋਂ ਹਮੇਸ਼ਾ ਲਈ ਛੁਟਕਾਰਾ
ਸਿਰਫ਼ ਇਕ ਕਾਲ - ਵੱਡੀ ਬੱਚਤ
510-706-1300
singhsolarusa@gmail.com

(ਦੇਖੋ ਸਫ਼ਾ 22 'ਤੇ)

Bhatia & Co, Inc
Certified Public Accountants
Our Services :
Business Tax (C crop/S corp/LLC etc)
Individual Tax
Estate Tax
Internation Tax (FBAR/FATCA/5471/5472 etc)
Non-Profit entities
(Formation,IRS,FTB&DOJ approval)
Accounting & Payroll
Sales & Other Taxes
Financial Audit & Review
Tax Audit & Representation (IRS/FTB/BOE etc)
Collection, Lien & Back Taxes
Offer in Compromise
Santa Clara•Pleasanton•Merced
(844) 4USTAX (209)-354-8696
info@bhatiaco.com,www.bhatiaco.com

Bhatia Law Associates
Attorney at Law
Immigration and Business Services
IMMIGRATION
Immigrant Visas (Green Card)
Green Card : Employment based/PERM/NIW
Green Card : Family based
Green Card through refugee or asylee
Green Card : Investor & other categories
PERM
Nonimmigrant Visas: Fiancee visas; H1/L1/H4/L2/NAFTA TN/E2/E3; Student Visa; B-1/B-2 Visitor Visas and; Other Categories of nonimmigrant visas
Other Immigration Services: Citizenship; e-Verify, 1-9 and; Other Compliance; Other service -B-1/B-2 Visitor Visasextension and other Services
Santa Clara-Pleasanton-Merced
(844) 4USATAX (209)-354-8696
info@bhatiaco.com,www.Smoothimmigration.com

Jaspreet Singh
Attorney at law
ਅਮਰੀਕਾ 'ਚ ਕਾਨੂੰਨੀ ਸਹਾਇਤਾ ਲਈ ਭਰੋਸੇਮੰਦ ਨਾਮ
ਇਮੀਗ੍ਰੇਸ਼ਨ, ਬੈਂਕਰਪਸੀ, ਫੈਮਿਲੀ ਲਾਅ
Over 18 Years of Legal Experience
Specializes In :
- USA Immigration
- Citizenship
- Green Card
- Deportation Defense
- Political Asylum
- Detentaion Cases
- Artists
- Sin gers P3 Visas
- Priest R1 Visas
- Investors EB 5 Visas
- L1 Business Visas
- Fmily Law
- Criminal Defense Cases
44808 S. Grimmer Vlvd. #208 Fremont, CA 94538 Tel. : 510-657-6444
2951 W. Capital Ave. W. Sacramento CA 95691
4491 West Shaw Ave.# 131 Fresno. CA 93711 Tel : 559-271-5511
37-1873 Street Suite #401, Jackson Heights NY 11372 Tel : 718-533-844

Padam Builders
ਅਸੀਂ ਘਰ, ਗੈਸ ਸਟੇਸ਼ਨ, ਮੌਲ, ਸ਼ੋਅਰੂਮ ਅਤੇ ਹਰ ਤਰ੍ਹਾਂ ਦੀ ਕੰਸਟਰਕਸ਼ਨ ਦਾ ਕੰਮ foundation ਤੋਂ ਲੈ ਕੇ ਮੁਕੰਮਲ ਹੋਣ ਤੱਕ ਕਰਦੇ ਹਾਂ।
ਸਾਡੇ ਕੰਮ ਦੀ 100 ਪ੍ਰਤੀਸ਼ਤ ਗਰੰਟੀ
email:padambuilders@gmail.com
Licensed # 1019803
Bhupinder S. Padam
PH : 510-565-6667

KW LAKE WASHINGTON SO
KELLERWILLIAMS. REALTY
CJ Singh
Realtor
License # 24012019
Real Estate Broker
CJ Singh
ਜੇਕਰ ਤੁਸੀਂ ਬਿਜਨਸ ਅਤੇ ਆਪਣੇ ਸੁਪਨਿਆਂ ਦਾ ਘਰ ਖਰੀਦਣਾ ਚਹੁੰਦੇ ਹੋ ਤਾਂ ਸਾਨੂੰ ਇੱਕ ਕਾਲ ਕਰੋ ਅਤੇ ਤੁਸੀਂ ਸਾਡੇ ਉਪਰ 100% ਭਰੋਸਾ ਕਰ ਸਕਦੇ ਹੋ।
(206) 295-5993 | c.singh@kw.com | realtorcjsingh.com
bellevueareahomefinder.com
707 S Grady Way Suit 730, Renton, WA 98057

SAN RAMON
Lathrop & Mani Street Manteca
URGENT CARE & CLINIC
Call US : 209-637-0210 | 612-578-8078 | 925-495-0207
CITIZENSHIP ELIGIBILITY AND GREEN CARD APPLICATION
Visit Us Now! Dr. Rajesh Maheshwari, MD
9140 Alcosta Boulevard Ste D San Ramon, CA 94583 (925) 361-5959
15810 Harlan Road #A Lathrop, CA 95330 (209) 983-9000
1040 North Main Street Manteca, CA 95336 (209) 825-51155
San Ramon URGENT CARE & CLINIC
Lathrop URGENT CARE
Main Street URGENT CARE
https ://www.sanramonurgentcare.com | Email us at info@sanramonucc.com

ਪੋਲੀਟੀਕਲ ਅਸਾਈਲਮ - Political Asylum
Deportation of Defense - BIA Appeal
9 Circuit Court - Federal Court
ਗਰੀਨਕਾਰਡ - ਸਿਟੀਜ਼ਨਸ਼ਿਪ
Green Card - Citizenship
ਡਾਈਵੋਰਸ - ਸਿਵਲ ਐਂਡ ਕਰੀਮੀਨਲ ਕੇਸ
Divorce - Civil and Criminal Cases
Family Petition Immigration
Travel document - Work Permit
Harminder Singh Samana
Office Manager
239 West Yosemite Ave Manteca CA 95336 | hsrotal.64@gmail.com
ਇਮੀਗ੍ਰੇਸ਼ਨ ਦੀਆਂ ਸਾਰੀਆਂ ਸੇਵਾਵਾਂ ਤੇ ਸਮੱਸਿਆਵਾਂ ਦਾ ਹੱਲ ਇਕ ਛੱਤ ਥੱਲੇ
LAW OFFICES OF EMMANUEL ENYINWA
ESQ, Abogado
All Services Under One Roof
369 Pine Street, Suite 420, San Francisco, CA 94104
Enyinwalaw@gmail.com
209-481-7750
209-624-3919
ਅਸੀਂ ਇਮੀਗ੍ਰੇਸ਼ਨ ਨਾਲ ਸੰਬੰਧਤ ਹਰ ਤਰ੍ਹਾਂ ਦੀਆਂ ਸੇਵਾਵਾਂ ਪ੍ਰਦਾਨ ਕਰਦੇ ਹਾਂ।
ਅਸੀਂ ਤਿੰਨ ਥਾਵਾਂ ਤੋਂ ਆਪ ਜੀ ਦੀਆਂ ਸੇਵਾਵਾਂ ਲਈ ਹਾਜ਼ਰ ਹਾਂ Manteca-Arizona- San Francisco
EMMANUEL ENYINWA
Attorney of Law
Tel. 415-956-6100
Fax. 415-956-6111

# Valley Real Estate Center



Better Deal will be given from New Builders to Book New home in Mountain House, Tracy, Manteca and lathrop

ਮਾਊਂਟੇਨ ਹਾਊਸ, ਟਰੇਸੀ, ਮਨਟਿਕਾ ਅਤੇ ਲੈਥਰੋਪ ਵਿਚ ਨਵਾਂ ਘਰ ਬੁੱਕ ਕਰਨ ਲਈ ਨਵੇਂ ਅਤੇ ਤਜਰਬੇਕਾਰ ਬਿਲਡਰਜ਼ ਤੋਂ ਵਧੀਆ ਡੀਲ ਦਿਵਾਈ ਜਾਵੇਗੀ।

ਖੇਤੀਬਾੜੀ, ਅਲਮੰਡ ਫਾਰਮ, ਆਫ਼ਿਸ ਬਿਲਡਿੰਗ, ਫਾਰਮ ਹਾਊਸ ਅਤੇ ਟਰੱਕ ਯਾਰਡ ਲਈ ਵੀ ਵਧੀਆ ਸੇਵਾਵਾਂ ਹਾਸਲ ਕਰੋ।

For agriculture and almond Farm, office building, Farm House and for Truck Yard in Tracy, Manteca, Lathrop and Stockton

## Listing

Total 35.5 Young Three Years old Tree Padre and Nonpareil Variety. With Riparian Right From the San Joaquin River. With a Single Family Small Home, IT's Very Desirable Property





Property Address : 27022 River Roadm, Newman CA 95260.

## RANJIT SINGH

VALLEY REAL ESTATE CENTER (OFFICE LIC.: 01392267)
68 E 11TH STREET STE 109, TRACY, CA 95376
OFFICE : 209-956-1000 CELL : 408-355-5700, GBSINGH84@GMAIL.COM

# ਖ਼ਤਮ ਹੋਵੇਗਾ ਭਾਰਤ 'ਤੇ ਲੱਗਾ ਅਮਰੀਕੀ ਟੈਰਿਫ਼ ! ਜਨਵਰੀ ਤੋਂ ਮੁੜ ਸ਼ੁਰੂ ਹੋਵੇਗੀ ਦੋਵਾਂ ਦੇਸ਼ਾਂ ਵਿਚਾਲੇ ਵਪਾਰਕ ਗੱਲਬਾਤ



ਨਵੀਂ ਦਿੱਲੀ : ਭਾਰਤ ਅਤੇ ਅਮਰੀਕਾ ਵਿਚਕਾਰ ਚੱਲ ਰਹੀ ਮਹੱਤਵਪੂਰਨ ਵਪਾਰਕ ਗੱਲਬਾਤ ਸਾਲ ਦੇ ਅੰਤ ਦੀਆਂ ਛੁੱਟੀਆਂ ਕਾਰਨ ਫਿਲਹਾਲ ਰੁਕੀ ਹੋਈ ਹੈ ਅਤੇ ਇਹ ਜਨਵਰੀ 2026 ਵਿੱਚ ਮੁੜ ਸ਼ੁਰੂ ਹੋਵੇਗੀ। ਜਨਵਰੀ ਦੇ ਸ਼ੁਰੂ ਵਿੱਚ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਦੇ ਕਰੀਬੀ ਸਹਿਯੋਗੀ ਸਰਜੀਓ ਗੋਰ ਭਾਰਤ ਵਿੱਚ ਅਮਰੀਕੀ ਰਾਜਦੂਤ ਵਜੋਂ ਅਹੁਦਾ ਸੰਭਾਲਣਗੇ, ਜਿਸ ਨਾਲ ਗੱਲਬਾਤ ਨੂੰ ਨਵੀਂ ਗਤੀ ਮਿਲਣ ਦੀ ਉਮੀਦ ਹੈ।

ਭਾਰਤ ਸਰਕਾਰ ਅਮਰੀਕਾ ਵੱਲੋਂ ਅਗਸਤ ਦੇ ਅੰਤ ਤੋਂ ਲਗਾਏ ਗਏ 50 ਫ਼ੀਸਦੀ ਵਾਧੂ ਟੈਰਿਫ ਨੂੰ ਹਟਾਉਣ ਲਈ ਦਬਾਅ ਪਾ ਰਹੀ ਹੈ। ਭਾਰਤੀ ਨਿਰਯਾਤਕਾਂ ਦਾ ਮੰਨਣਾ ਹੈ ਕਿ ਇਸ ਟੈਰਿਫ ਕਾਰਨ ਉਨ੍ਹਾਂ ਦੀਆਂ ਵਸਤੂਆਂ ਵੀਅਤਨਾਮ ਅਤੇ ਬੰਗਲਾਦੇਸ਼ ਵਰਗੇ ਮੁਕਾਬਲੇਬਾਜ਼ ਦੇਸ਼ਾਂ ਦੇ ਮੁਕਾਬਲੇ ਮਹਿੰਗੀਆਂ ਹੋ ਗਈਆਂ ਹਨ।

ਅਮਰੀਕਾ ਭਾਰਤੀ ਬਾਜ਼ਾਰ ਵਿੱਚ ਆਪਣੇ ਸੋਇਆ, ਮੱਕੀ (ਜੀ.ਐਮ.ਓ.) ਅਤੇ ਡੇਅਰੀ ਉਤਪਾਦਾਂ ਲਈ ਵਧੇਰੇ ਪਹੁੰਚ ਚਾਹੁੰਦਾ ਹੈ, ਜਿਸ 'ਤੇ ਭਾਰਤ ਅਜੇ ਸਹਿਮਤ ਨਹੀਂ ਹੋਇਆ ਹੈ। ਇਸ ਤੋਂ ਇਲਾਵਾ, ਡਿਜੀਟਲ ਵਪਾਰ ਅਤੇ ਖੇਤੀਬਾੜੀ ਨਾਲ ਸਬੰਧਤ ਕੁਝ ਗੈਰ-ਟੈਰਿਫ ਰੁਕਾਵਟਾਂ 'ਤੇ ਵੀ ਸਹਿਮਤੀ ਬਣਨੀ ਬਾਕੀ ਹੈ।

ਭਾਰਤ ਦੇ ਵਪਾਰ ਮੰਤਰੀ ਪਿਊਸ਼ ਗੋਇਲ ਅਤੇ ਵਪਾਰ ਸਕੱਤਰ ਰਾਜੇਸ਼ ਅਗਰਵਾਲ ਅਨੁਸਾਰ, ਗੱਲਬਾਤ ਅਗਲੇ ਪੜਾਅ 'ਤੇ ਹੈ ਅਤੇ ਦੋਵੇਂ ਦੇਸ਼ ਇੱਕ ਫਰੇਮਵਰਕ ਸਮਝੌਤੇ ਨੂੰ ਜਲਦੀ ਅੰਤਿਮ ਰੂਪ ਦੇਣ ਦੇ ਨੇੜੇ ਹਨ। ਹਾਲਾਂਕਿ ਅਜੇ ਤੱਕ ਕਿਸੇ ਨਿਸ਼ਚਿਤ ਸਮਾਂ-ਸੀਮਾ ਦਾ ਐਲਾਨ ਨਹੀਂ ਕੀਤਾ ਗਿਆ ਹੈ।

ਜ਼ਿਕਰਯੋਗ ਹੈ ਕਿ ਪਿਛਲੇ 9 ਮਹੀਨਿਆਂ ਦੌਰਾਨ ਦੋਵਾਂ ਦੇਸ਼ਾਂ ਵਿਚਾਲੇ ਅੱਧੀ ਦਰਜਨ ਤੋਂ ਵੱਧ ਗੱਲਬਾਤ ਦੇ ਦੌਰ ਹੋ ਚੁੱਕੇ ਹਨ, ਪਰ ਅਜੇ ਤੱਕ ਕੋਈ ਠੋਸ ਨਤੀਜਾ ਸਾਹਮਣੇ ਨਹੀਂ ਆਇਆ ਹੈ। ਜਨਵਰੀ ਵਿੱਚ ਹੋਣ ਵਾਲੀ ਅਗਲੀ ਬੈਠਕ ਦੋਵਾਂ ਦੇਸ਼ਾਂ ਦੇ ਆਰਥਿਕ ਸਬੰਧਾਂ ਲਈ ਬਹੁਤ ਮਹੱਤਵਪੂਰਨ ਮੰਨੀ ਜਾ ਰਹੀ ਹੈ।

# ਡੋਨਾਲਡ ਟਰੰਪ ਵਲੋਂ ਗੈਰਕਾਨੂੰਨੀ ਪ੍ਰਵਾਸੀਆਂ ਨੂੰ 'ਕ੍ਰਿਸਮਸ ਆਫਰ'

## • ਕਿਹਾ, 2.70 ਲੱਖ ਚੁੱਕੋ ਤੇ ਘਰ ਨੂੰ ਜਾਓ... • ਘਰ ਵਾਪਸੀ ਦੀ ਟਿਕਟ ਵੀ ਦੇਣ ਦੀ ਪੇਸ਼ਕਸ਼

ਵਾਸ਼ਿੰਗਟਨ ਡੀ.ਸੀ : ਫੈਡਰਲ ਅਧਿਕਾਰੀਆਂ ਦਾ ਕਹਿਣਾ ਹੈ ਕਿ ਰਾਸ਼ਟਰਪਤੀ ਡੋਨਾਲਡ ਟਰੰਪ ਦੇ ਇੰਮੀਗ੍ਰੇਸ਼ਨ ਕਰੈਕਡਾਊਨ ਨੂੰ ਤੇਜ਼ ਕਰਨ ਲਈ ਇਕ ਮਹੱਤਵਪੂਰਨ ਫੈਸਲਾ ਲਿਆ ਗਿਆ ਹੈ। ਗੈਰ ਕਾਨੂੰਨੀ ਤੌਰ 'ਤੇ ਅਮਰੀਕਾ ਵਿਚ ਰਹਿ ਰਹੇ ਲੋਕਾਂ ਨੂੰ ਦਸੰਬਰ 31, 2025 ਤੱਕ ਅਮਰੀਕਾ ਛੱਡਣ ਲਈ ਉਤਸ਼ਾਹਿਤ ਕੀਤਾ ਜਾ ਰਿਹਾ ਹੈ ਅਤੇ ਇਸ ਦੇ ਲਈ ਉਨ੍ਹਾਂ ਲੋਕਾਂ ਨੂੰ 3000 ਡਾਲਰ ਦੀ ਰਾਸ਼ੀ ਦਿੱਤੀ ਜਾਵੇਗੀ।

ਜੋ ਲੋਕ 2026 ਤੋਂ ਪਹਿਲਾਂ ਆਨਲਾਈਨ ਐਪ ਰਾਹੀਂ ਅਮਰੀਕਾ ਛੱਡਣ ਲਈ ਸਾਈਨਅੱਪ ਕਰਦੇ ਹਨ, ਤਾਂ ਉਹ ਇਹ ਰਾਸ਼ੀ ਲੈਣ ਦੇ ਹੱਕਦਾਰ ਹੋਣਗੇ ਅਤੇ ਨਾਲ ਹੀ ਉਨ੍ਹਾਂ ਨੂੰ ਆਪਣੇ ਦੇਸ਼ ਵਾਪਸ ਜਾਣ ਲਈ ਮੁਫਤ ਫਲਾਈਟ ਵੀ ਮਿਲ ਸਕਦੀ ਹੈ। ਇਸ ਸਕੀਮ ਨੂੰ ਸਥਾਨਕ ਅਧਿਕਾਰੀਆਂ ਨੇ ਅਮਰੀਕੀ ਗ੍ਰਹਿ ਸੁਰੱਖਿਆ ਵਿਭਾਗ ਦੀ ਇਕ ਨਿਊਜ਼ ਰਿਲੀਜ਼ ਵਿਚ ਛੁੱਟੀਆਂ ਦਾ ਵਜ਼ੀਫਾ ਕਿਹਾ ਹੈ। ਇਥੇ ਜ਼ਿਕਰਯੋਗ ਹੈ ਕਿ ਪਹਿਲਾਂ ਐਪ ਰਾਹੀਂ ਅਮਰੀਕਾ ਛੱਡਣ ਲਈ 1 ਹਜ਼ਾਰ ਡਾਲਰ ਦਿੱਤਾ ਜਾਂਦਾ ਸੀ।

ਸੰਘੀ ਸਰਕਾਰ ਨੇ ਸਵੈ-ਇੱਛਾ ਦੇਸ਼ ਨਿਕਾਲੇ ਨੂੰ ਉਤਸ਼ਾਹਿਤ ਕਰਨ ਲਈ 200 ਮਿਲੀਅਨ ਡਾਲਰ ਰੱਖਿਆ ਹੈ ਅਤੇ ਇਸ ਦੇ ਲਈ ਵੱਡੀ ਗਿਣਤੀ ਵਿਚ ਅਰਜ਼ੀਆਂ ਪ੍ਰਾਪਤ ਹੋ ਰਹੀਆਂ ਹਨ।







# ARE YOU IN COMPLIANCE WITH FMCSA REGULATIONS?

Trust your compliance needs to us! Say goodbye to those Google-educated DOT consultants and experience the difference with our certified experts. They've honed their skills under the same entity that is conducting your audits and issuing tickets. Whether you're gearing up for a CHP or Federal Audit, or aiming to improve your DOT safety score for those coveted big clients, our consultants are your partners every step of the way, equipping you with the knowledge and tools for success. Our comprehensive services go beyond the basics listed below, ensuring your peace of mind.





OUR EXPERT COMPLIANCE DRIVING YOUR SUCCESS

## DOT AUDIT PREP

Be prepared for DOT audits with our comprehensive audit preparation services, minimizing risks and ensuring compliance.

Already had an audit, but failed? Don't worry, we can create and submit a corrective action plan (CAP) to prevent your DOT number from being revoked.

**YOUR SAFETY COMPLIANCE**

ਪੇਸ਼ ਕੀਤੀਆਂ ਸੇਵਾਵਾਂ:

## 45 ਦਿਨ, 90 ਦਿਨ, ਅਤੇ ਸਾਲਾਨਾ ਨਿਰੀਖਣ:

ਕੋਚ, ਸਕੂਲ ਲਈ 45 ਦਿਨਾਂ ਦਾ ਨਿਰੀਖਣ,
ਟੂਰ, ਯੂਥ, ਅਤੇ SPAB ਬੱਸਾਂ।

ਟਰੈਕਟਰਾਂ ਲਈ 90 ਦਿਨ ਅਤੇ ਸਾਲਾਨਾ ਨਿਰੀਖਣ ਅਤੇ ਟਰੇਲਰ
ਸਾਰੇ ਇੰਸਪੈਕਟਰ DOT ਪ੍ਰਮਾਣਿਤ ਹਨ

## ਕਲੀਅਰਿੰਗਹਾਊਸ ਅਤੇ FMCSA ਪੋਰਟਲ

ਅਸੀਂ ਡਰਾਈਵਰਾਂ ਅਤੇ ਕੈਰੀਅਰਾਂ ਲਈ ਤੁਹਾਡੇ ਕਲੀਅਰਿੰਗਹਾਊਸ ਅਤੇ FMCSA ਪੋਰਟਲ ਨੂੰ ਸਥਾਪਤ ਕਰਨ ਵਿੱਚ ਤੁਹਾਡੀ ਮਦਦ ਕਰ ਸਕਦੇ ਹਾਂ

## ਡਰੱਗ ਅਤੇ ਅਲਕੋਹਲ ਮਾਨਾ ਜੀਮੈਂਟ

ਪੂਰਵ-ਰੁਜ਼ਗਾਰ, ਬੇਤਰਤੀਬ, ਅਤੇ ਦੁਰਘਟਨਾ ਤੋਂ ਬਾਅਦ ਡਰੱਗ ਟੈਸਟਿੰਗ।
ਰਿਕਾਰਡ ਰੱਖਣ ਅਤੇ ਪਦਾਰਥਾਂ ਦੀ ਦੁਰਵਰਤੋਂ ਪ੍ਰੋਗਰਾਮ (SAP) ਪਾਲਣਾ

## ਰੁਜ਼ਗਾਰਦਾਤਾ ਫੁੱਲ ਨੋਟਿਸ (EPN)

ਡਰਾਈਵਰ ਰਿਕਾਰਡਾਂ ਦੇ ਸਿਖਰ 'ਤੇ ਰਹੋ ਅਤੇ ਸਾਡੇ ਨਾਲ ਪਾਲਣਾ ਕਰੋ ਰੁਜ਼ਗਾਰਦਾਤਾ ਫੁੱਲ ਨੋਟਿਸ (EPN) ਸੇਵਾਵਾਂ, ਇਹ ਯਕੀਨੀ ਬਣਾਉਂਦੇ ਹੋਏ ਕਿ ਤੁਹਾਡੀ ਡਰਾਈਵਰ ਸਾਰੀਆਂ ਜ਼ਰੂਰੀ ਲੋੜਾਂ ਪੂਰੀਆਂ ਕਰਦੇ ਹਨ।

## ਡਰਾਈਵਰ ਲੌਗ ਬੁੱਕ ਆਡਿਟ

ਸਾਡੀ ਸੁਚੇਤ ਡਰਾਈਵਰ ਲੌਗਬੁੱਕ ਨਾਲ ਜੁਰਮਾਨੇ ਅਤੇ ਜੁਰਮਾਨੇ ਤੋਂ ਬਚੋ ਆਡਿਟ, ਨਿਯਮਾਂ ਦੀ ਸ਼ੁੱਧਤਾ ਅਤੇ ਪਾਲਣਾ ਨੂੰ ਯਕੀਨੀ ਬਣਾਉਣਾ।

## ਟਿਕਟਾਂ ਲਈ ਦੇਸ਼ ਵਿਆਪੀ ਅਟਾਰਨੀ ਸੇਵਾਵਾਂ

ਆਉ ਅਸੀਂ ਤੁਹਾਡੀ ਕੰਪਨੀ ਦੇ ਸੁਰੱਖਿਆ ਸਕੋਰ ਅਤੇ ਡ੍ਰਾਈਵਰ ਨੂੰ ਰੱਖਣ ਵਿੱਚ ਤੁਹਾਡੀ ਮਦਦ ਕਰੀਏ CDL ਸਾਡੀ ਗਾਹਕੀ ਅਧਾਰਤ ਅਟਾਰਨੀ ਸੇਵਾਵਾਂ ਨਾਲ ਸੁਰੱਖਿਅਤ ਹੈ।

## ਕੈਲੀਫੋਰਨੀਆ ਕਾਰਬ ਕਲੀਨ ਟਰੱਕ ਚੈੱਕ 'ਸਮੋਗ ਟੈਸਟ'

ਕੈਲੀਫੋਰਨੀਆ ਦੇ ਕੈਰੀਅਰਾਂ ਨੂੰ ਟਰੱਕ ਦੀ ਸਾਫ਼ ਜਾਂਚ ਕਰਨ ਦੀ ਲੋੜ ਹੁੰਦੀ ਹੈ ਕੈਲੀਫੋਰਨੀਆ ਕਾਰਬੋਹਾਈਡਰੇਟ ਦੀ ਪਾਲਣਾ ਕਰਨ ਲਈ ਹਰ 6 ਮਹੀਨਿਆਂ ਬਾਅਦ ਸਮੋਕ ਟੈਸਟ ਕਰੋ

## ਡਰਾਈਵਰ ਅਤੇ ਮੇਨਟੇਨੈਂਸ ਫਾਈਲ ਮਾਨਾ ਜੀਮੈਂਟ ਸਿਸਟਮ

ਤੁਹਾਡੇ ਸਾਰੇ ਡਰਾਈਵਰ ਅਤੇ ਰੱਖ-ਰਖਾਅ ਦੇ ਪ੍ਰਬੰਧਨ ਲਈ ਔਨਲਾਈਨ ਸਿਸਟਮ ਤੁਹਾਡੇ ਨਾਲ ਸੰਗਠਿਤ ਅਤੇ ਅਪ ਟੂ ਡੇਟ ਰਹਿਣ ਲਈ ਫਾਈਲਾਂ ਦੀ ਪਾਲਣਾ ਕਰੋ

## ਸਿਖਲਾਈ ਪ੍ਰੋਗਰਾਮ ਅਤੇ ਨੀਤੀਆਂ ਬਣਾਓ

ਅਸੀਂ ਵਿਅਕਤੀਗਤ ਸਿਖਲਾਈ ਪ੍ਰੋਗਰਾਮ ਅਤੇ ਨੀਤੀਆਂ ਬਣਾਉਂਦੇ ਹਾਂ ਤੁਹਾਡੀ ਕੰਪਨੀ ਦੀਆਂ ਲੋੜਾਂ ਅਤੇ FMCSA ਲੋੜਾਂ ਦੇ ਆਧਾਰ 'ਤੇ

## ਸਾਡੀਆਂ ਪੂਰੀ ਸੇਵਾ ਸਬਸਕ੍ਰਿਪਸ਼ਨ ਅਧਾਰਤ ਡਾਟ ਪਾਲਣਾ ਯੋਜਨਾਵਾਂ ਬਾਰੇ ਪੁੱਛੋ

888-896-9407
209-200-8308

info@yoursafetycompliance.com

www.yoursafetycompliance.com

ਸਾਡੇ ਸਲਾਹਕਾਰ ਸਾਬਕਾ ਜਾਂ ਮੌਜੂਦਾ DOT/ਕਾਨੂੰਨੀ ਹਨ ਇਨਫੋਰਸਮੈਂਟ ਅਫਸਰ ਅਤੇ ਇਹਨਾਂ ਵਿੱਚ ਵਿਆਪਕ ਸਿਖਲਾਈ ਹੈ DOT ਪਾਲਣਾ।

LET YOUR SAFETY COMPLIANCE BE YOUR TRUSTED PARTNER IN ENSURING COMPLIANCE AND SAFETY FOR YOUR BUSINESS!

# ਸਿੱਖਾਂ ਨੇ ਰਚਿਆ ਇਤਿਹਾਸ, ਅਮਰੀਕਾ ਦੇ ਸਰਕਾਰੀ ਦਫਤਰ 'ਚ ਝੁਲਾਇਆ ਖਾਲਸਾਈ ਝੰਡਾ

## ਮੁਲਕ ਵਿਚ ਪਹਿਲੀ ਵਾਰ ਕਿਸੇ ਸਰਕਾਰੀ ਦਫ਼ਤਰ ਦੀ ਸ਼ਾਨ ਬਣਿਆ ਸਿੱਖ ਝੰਡਾ





ਨੌਰਵਿਚ : ਅਮਰੀਕਾ ਵਿਚ ਸਿੱਖ ਮੇਅਰ ਸਵਰਨਜੀਤ ਸਿੰਘ ਖ਼ਾਲਸਾ ਨੇ ਇਤਿਹਾਸ ਸਿਰਜਦਿਆਂ ਆਪਣੇ ਦਫ਼ਤਰ ਵਿਚ ਨਿਸ਼ਾਨ ਸਾਹਿਬ ਸਥਾਪਤ ਕਰ ਲਿਆ ਹੈ। ਇਹ ਪਹਿਲੀ ਵਾਰ ਹੈ ਜਦੋਂ ਅਮਰੀਕਾ ਦੇ ਕਿਸੇ ਸਰਕਾਰੀ ਦਫ਼ਤਰ ਵਿਚ ਸਿੱਖ ਧਰਮ ਨਾਲ ਸਬੰਧਤ ਝੰਡਾ ਸਥਾਪਤ ਕੀਤਾ ਗਿਆ ਹੈ। ਉਨ੍ਹਾਂ ਕਿਹਾ ਕਿ ਜਿਵੇਂ ਸਿੱਖ ਰੋਜ਼ਾਨਾ ਸਿਰ 'ਤੇ ਦਸਤਾਰ ਸਜਾਉਂਦੇ ਹਨ, ਉਸੇ ਤਰ੍ਹਾਂ ਦਫ਼ਤਰ ਵਿਚ ਸਥਾਪਤ ਨਿਸ਼ਾਨਾ ਸਾਹਿਬ ਹਮੇਸ਼ਾ ਕਮਿਊਨਿਟੀ ਦੀ ਸੇਵਾ ਵਿਚ ਜੁਟੇ ਰਹਿਣ ਦੀ ਯਾਦ ਦਿਵਾਉਂਦਾ ਰਹੇਗਾ।

ਨੌਰਵਿਚ ਸ਼ਹਿਰ ਦੇ ਮੇਅਰ ਨੇ ਅੱਗੇ ਕਿਹਾ ਕਿ ਸਿੱਖ ਧਰਮ ਦਾ ਝੰਡਾ ਉਨ੍ਹਾਂ ਅੰਦਰ ਹਮੇਸ਼ਾ ਸੇਵਾ ਭਾਵਨਾ ਨੂੰ ਬਰਕਰਾਰ ਰੱਖਣ ਵਿਚ ਸਹਾਈ ਸਾਬਤ ਹੋਵੇਗਾ। ਸਿਰਫ਼ ਐਨਾ ਹੀ ਨਹੀਂ ਪੂਰੀ ਦੁਨੀਆਂ ਵਿਚ ਵਸਦੇ ਸਿੱਖ ਅਮਰੀਕਾ ਦੇ ਸਰਕਾਰੀ ਦਫ਼ਤਰ ਵਿਚ ਨਿਸ਼ਾਨਾ ਸਾਹਿਬ ਦੇਖ ਕੇ ਮਾਣ ਮਹਿਸੂਸ ਕਰਨਗੇ। ਬੀਤੀ 2 ਦਸੰਬਰ ਨੂੰ ਮੇਅਰ ਦਾ ਅਹੁਦਾ ਸੰਭਾਲਣ ਵਾਲੇ ਸਵਰਨਜੀਤ ਸਿੰਘ ਖ਼ਾਲਸਾ ਨੇ ਦੱਸਿਆ ਕਿ ਉਹ ਸ਼ਹਿਰ ਵਿਚ ਨਿਵੇਸ਼ ਦੇ ਮੌਕਿਆਂ ਵਿਚ ਵਾਧਾ ਕਰ ਰਹੇ ਹਨ ਅਤੇ 57 ਮੁਲਕਾਂ ਨਾਲ ਸਬੰਧਤ ਸਭਿਆਚਾਰਕ ਪ੍ਰੋਗਰਾਮ ਉਲੀਕਿਆ ਗਿਆ ਹੈ। ਦੱਸ ਦੇਈਏ ਕਿ ਸਵਰਨਜੀਤ ਸਿੰਘ ਖ਼ਾਲਸਾ ਦੇ ਪਿਤਾ ਪਰਮਿੰਦਰ ਪਾਲ ਸਿੰਘ ਖ਼ਾਲਸਾ ਸਿੱਖ ਸੇਵਕ ਸੋਸਾਇਟੀ ਇੰਟਰਨੈਸ਼ਨਲ ਦੇ ਪ੍ਰਧਾਨ ਹਨ। ਸਵਰਨਜੀਤ ਸਿੰਘ ਖ਼ਾਲਸਾ 2007 ਵਿਚ ਸਟੱਡੀ ਵੀਜ਼ਾ 'ਤੇ ਅਮਰੀਕਾ ਪੁੱਜੇ ਅਤੇ ਨਿਊ ਜਰਸੀ ਇੰਸਟੀਚਿਊਟ ਆਫ਼ ਟੈਕਨਾਲੋਜੀ ਤੋਂ ਕੰਪਿਊਟਰ ਸਾਇੰਸ ਵਿਚ ਮਾਸਟਰਜ਼ ਦੀ ਡਿਗਰੀ ਹਾਸਲ ਕੀਤੀ। ਇਸ ਮਗਰੋਂ 2010 ਵਿਚ ਉਹ ਨੌਰਵਿਚ ਸ਼ਹਿਰ ਵਿਚ ਵਸ ਗਏ ਅਤੇ ਕੰਸਟ੍ਰਕਸ਼ਨ ਸੈਕਟਰ ਵਿਚ ਕੰਮ ਸ਼ੁਰੂ ਕਰ ਦਿਤਾ। ਅਮਰੀਕਾ ਵਿਚ 9/11 ਦੇ ਹਮਲਿਆਂ ਮਗਰੋਂ ਪਛਾਣ ਦੇ ਭੁਲੇਖੇ ਕਾਰਨ ਸਿੱਖਾਂ ਨੂੰ ਨਿਸ਼ਾਨਾ ਬਣਾਏ ਜਾਣ ਦਾ ਮੁੱਦਾ ਸਵਰਨਜੀਤ ਸਿੰਘ ਖ਼ਾਲਸਾ ਨੇ ਜ਼ੋਰਦਾਰ ਤਰੀਕੇ ਨਾਲ ਉਠਾਇਆ ਅਤੇ ਇਸ ਮਗਰੋਂ ਚਰਚਾ ਵਿਚ ਆਏ।

# ਅਮਰੀਕਾ 'ਚ ਗੈਰ-ਕਾਨੂੰਨੀ ਤੌਰ 'ਤੇ ਰਹਿ ਰਹੇ 30 ਭਾਰਤੀ ਨਾਗਰਿਕ ਗ੍ਰਿਫਤਾਰ



ਨਿਊਯਾਰਕ : ਅਮਰੀਕੀ ਸਰਹੱਦੀ ਗਸ਼ਤ ਏਜੰਟਾਂ ਨੇ ਵਪਾਰਕ ਡਰਾਈਵਿੰਗ ਲਾਇਸੈਂਸਾਂ (C.D.L.) 'ਤੇ ਸੈਮੀ-ਟਰੱਕ ਚਲਾ ਰਹੇ 30 ਭਾਰਤੀ ਨਾਗਰਿਕਾਂ ਸਮੇਤ ਕੁੱਲ 49 ਗੈਰ-ਕਾਨੂੰਨੀ ਪ੍ਰਵਾਸੀਆਂ ਨੂੰ ਗ੍ਰਿਫਤਾਰ ਕੀਤਾ ਹੈ। ਅਮਰੀਕੀ ਕਸਟਮਜ਼ ਐਂਡ ਬਾਰਡਰ ਪ੍ਰੋਟੈਕਸ਼ਨ (C.B.P.) ਅਨੁਸਾਰ ਕੈਲੀਫੋਰਨੀਆ ਦੇ ਐਲ ਸੈਂਟਰੋ ਸੈਕਟਰ ਵਿਚ 23 ਨਵੰਬਰ ਤੋਂ 12 ਦਸੰਬਰ ਦਰਮਿਆਨ ਚਲਾਈ ਗਈ ਮੁਹਿੰਮ ਦੌਰਾਨ ਇਹ ਗ੍ਰਿਫਤਾਰੀਆਂ ਹੋਈਆਂ। ਇਹ ਲੋਕ ਅੰਤਰਰਾਜੀ ਮਾਰਗਾਂ 'ਤੇ ਟਰੱਕ ਚਲਾਉਂਦੇ ਹੋਏ ਫੜੇ ਗਏ ਹਨ।

ਫੜੇ ਗਏ ਵਿਅਕਤੀਆਂ ਵਿਚ ਸਭ ਤੋਂ ਵੱਧ 30 ਭਾਰਤੀ ਹਨ, ਜਦਕਿ ਬਾਕੀ ਚੀਨ, ਰੂਸ, ਮੈਕਸੀਕੋ ਅਤੇ ਹੋਰ ਦੇਸ਼ਾਂ ਨਾਲ ਸਬੰਧਤ ਹਨ। ਇਨ੍ਹਾਂ ਵਿਚੋਂ ਬਹੁਤੇ ਲਾਇਸੈਂਸ ਕੈਲੀਫੋਰਨੀਆ ਵੱਲੋਂ ਜਾਰੀ ਕੀਤੇ ਗਏ ਸਨ। ਇਸ ਤੋਂ ਇਲਾਵਾ 10 ਅਤੇ 11 ਦਸੰਬਰ ਨੂੰ 'ਅਪਰੇਸ਼ਨ ਹਾਈਵੇਅ ਸੈਂਟੀਨਲ' ਤਹਿਤ ਕੀਤੀ ਗਈ ਕਾਰਵਾਈ ਵਿਚ ਵੀ ਕਈ ਭਾਰਤੀਆਂ ਨੂੰ ਗ੍ਰਿਫਤਾਰ ਕੀਤਾ ਗਿਆ ਹੈ। ਇਹ ਮੁਹਿੰਮ ਖਾਸ ਤੌਰ 'ਤੇ ਉਨ੍ਹਾਂ ਵਪਾਰਕ ਟਰੱਕਿੰਗ ਕੰਪਨੀਆਂ ਨੂੰ ਨਿਸ਼ਾਨਾ ਬਣਾ ਕੇ ਸ਼ੁਰੂ ਕੀਤੀ ਗਈ ਸੀ, ਜਿੱਥੇ ਗੈਰ-ਕਾਨੂੰਨੀ ਵਿਅਕਤੀਆਂ ਦੁਆਰਾ ਚਲਾਏ ਜਾ ਰਹੇ ਟਰੱਕਾਂ ਕਾਰਨ ਕਈ ਘਾਤਕ ਹਾਦਸੇ ਵਾਪਰੇ ਸਨ। ਐਲ ਸੈਂਟਰੋ ਸੈਕਟਰ ਦੇ ਕਾਰਜਕਾਰੀ ਮੁੱਖ ਪੈਟਰੋਲ ਏਜੰਟ ਜੋਸਫ ਰੇਮੇਨਰ ਨੇ ਕਿਹਾ ਕਿ ਇਹ ਲੋਕ ਕਦੇ ਵੀ ਟਰੱਕ ਚਲਾਉਣ ਦੇ ਯੋਗ ਨਹੀਂ ਸਨ ਅਤੇ ਲਾਇਸੈਂਸ ਜਾਰੀ ਕਰਨ ਵਾਲੇ ਰਾਜ ਇਨ੍ਹਾਂ ਹਾਦਸਿਆਂ ਲਈ ਸਿੱਧੇ ਤੌਰ 'ਤੇ ਜ਼ਿੰਮੇਵਾਰ ਹਨ। ਹਾਲ ਹੀ ਦੇ ਮਹੀਨਿਆਂ ਵਿਚ ਰਾਜਿੰਦਰ ਕੁਮਾਰ, ਹਰਜਿੰਦਰ ਸਿੰਘ, ਪ੍ਰਤਾਪ ਸਿੰਘ ਅਤੇ ਜਸ਼ਨਪ੍ਰੀਤ ਸਿੰਘ ਵਰਗੇ ਕਈ ਭਾਰਤੀ ਨਾਗਰਿਕਾਂ ਦੇ ਨਾਮ ਸਾਹਮਣੇ ਆਏ ਹਨ, ਜੋ ਅਮਰੀਕਾ ਵਿਚ ਗੈਰ-ਕਾਨੂੰਨੀ ਤੌਰ 'ਤੇ ਰਹਿੰਦੇ ਹੋਏ ਟਰੱਕ ਚਲਾ ਰਹੇ ਸਨ ਅਤੇ ਭਿਆਨਕ ਸੜਕ ਹਾਦਸਿਆਂ ਦਾ ਕਾਰਨ ਬਣੇ, ਜਿਨ੍ਹਾਂ ਵਿਚ ਕਈ ਲੋਕਾਂ ਦੀ ਜਾਨ ਚਲੀ ਗਈ।

# ਅਮਰੀਕਾ ਦੁਆਰਾ ਵੀਜ਼ਾ ਪ੍ਰਾਸੈਸਿੰਗ ਦੀ ਮੱਧਮ ਰਫਤਾਰ ਕਾਰਨ ਗੂਗਲ ਦੀ ਮੁਲਾਜ਼ਮਾਂ ਨੂੰ ਚਿਤਾਵਨੀ

ਸੈਕਰਾਮੈਂਟੋ/ਕੈਲੀਫੋਰਨੀਆ (ਹੁਸਨ ਲੜੋਆ ਬੰਗਾ)-ਗੁੱਗਲ ਨੇ ਚਿਤਾਵਨੀ ਦਿੱਤੀ ਹੈ ਕਿ ਵਿਦੇਸ਼ੀ ਮੁਲਾਜ਼ਮ ਅਮਰੀਕਾ ਤੋਂ ਬਾਹਰ ਨਾ ਜਾਣ ਕਿਉਂਕਿ ਅਮਰੀਕੀ ਅੰਬੈਸੀਆਂ ਤੇ ਕੌਂਸਲਖਾਨਿਆਂ ਵਿੱਚ ਵੀਜ਼ਾ ਪ੍ਰਾਸੈਸਿੰਗ ਦੀ ਰਫਤਾਰ ਬਹੁਤ ਮੱਧਮ ਹੈ ਤੇ ਕੁਝ ਮਾਮਲਿਆਂ ਵਿੱਚ 12 ਮਹੀਨਿਆਂ ਤੱਕ ਦੇਰੀ ਹੋ ਸਕਦੀ ਹੈ। ਆਪਣੇ ਸਟਾਫ ਨੂੰ ਭੇਜੀ ਇੱਕ ਈ ਮੇਲ ਵਿੱਚ ਗੁੱਗਲ ਦੀ ਵਿਦੇਸ਼ੀ ਇਮੀਗ੍ਰੇਸ਼ਨ ਲਾਅ ਫਰਮ ਨੇ ਜਿਨ੍ਹਾਂ ਮੁਲਾਜ਼ਮਾਂ ਨੂੰ ਅਮਰੀਕਾ ਵਾਪਿਸ ਆਉਣ ਲਈ ਵੀਜ਼ਾ ਮੋਹਰ ਲਵਾਉਣ ਦੀ ਲੋੜ ਹੈ, ਨੂੰ ਸੁਚੇਤ ਕੀਤਾ ਹੈ ਕਿ ਭਾਰੀ ਬਕਾਇਆ ਮਾਮਲਿਆਂ ਕਾਰਨ ਕੌਮਾਂਤਰੀ ਯਾਤਰਾ ਉਨਾਂ ਨੂੰ ਕਈ ਮਹੀਨੇ ਬਾਹਰ ਫਸੇ ਰਹਿਣ ਲਈ ਮਜਬੂਰ ਕਰ ਸਕਦੀ ਹੈ। ਗੁੱਗਲ ਨੇ ਸੰਬਧਿਤ ਮੁਲਾਜ਼ਮਾਂ ਨੂੰ ਕਿਹਾ ਹੈ ਕਿ ਉਹ ਗੈਰ ਜਰੂਰੀ ਯਾਤਰਾ ਟਾਲ ਦੇਣ ਤੇ ਅਮਰੀਕਾ ਵਿੱਚ ਹੀ ਟਿਕੇ ਰਹਿਣ। ਅਨੇਕਾਂ ਦੇਸ਼ਾਂ ਵਿੱਚ ਵੀਜ਼ੇ ਜਾਰੀ ਕਰਨ ਵਿੱਚ ਦੇਰੀ ਹੋ ਰਹੀ ਹੈ ਕਿਉਂਕਿ ਯੂ ਐਸ ਡਿਪਲੋਮੈਟਿਕ ਮਿਸ਼ਨ ਸੋਸ਼ਲ ਮੀਡੀਆ ਸਕਰੀਨ ਸ਼ਾਟ ਦੀ ਸਮੀਖਿਆ ਕਰ ਰਹੇ ਹਨ। ਇਹ ਸਮੀਖਿਆ ਐਚ 1 ਬੀ ਵਰਕਰਾਂ, ਉਨਾਂ ਦੇ ਆਸ਼ਰਿਤਾਂ ਦੇ ਨਾਲ ਨਾਲ ਵਿਦਿਆਰਥੀਆਂ, ਐਫ ਜੇ ਤੇ ਐਮ ਵੀਜ਼ੇ ਵਾਲੇ ਸੈਲਾਨੀਆਂ ਉਪਰ ਲਾਗੂ ਹੁੰਦੀ ਹੈ। ਵਿਦੇਸ਼ ਵਿਭਾਗ ਨੇ ਮੰਨਿਆ ਹੈ ਕਿ ਦੇਰੀ ਹੋ ਰਹੀ ਹੈ। ਵਿਦੇਸ਼ ਵਿਭਾਗ ਅਨੁਸਾਰ ਉਹ ਦਰਖਾਸਤਕਰਤਾਵਾਂ ਦੀ ਆਨ ਲਾਈਨ ਹਾਜਰੀ ਸਮੀਖਿਆ ਕਰ ਰਿਹਾ ਹੈ। ਵਿਭਾਗ ਅਨੁਸਾਰ ਯਾਤਰੀ ਪ੍ਰਕ੍ਰਿਆ ਤੇਜ ਕਰਨ ਲਈ ਬੇਨਤੀ ਕਰ ਸਕਦਾ ਹੈ ਪਰੰਤੂ ਅਜਿਹੀ ਬੇਨਤੀ ਉਪਰ ਵੀ ਵਾਰੀ ਸਿਰ ਹੀ ਵਿਚਾਰ ਕੀਤੀ ਜਾਵੇਗੀ।

### ਅਮਰੀਕਾ ਦਾ ਵੱਡਾ ਦਾਅਵਾ

# ਚੀਨ ਨੇ ਆਪਣੇ ਪ੍ਰਮਾਣੂ ਮਿਜ਼ਾਈਲ ਸਿਸਟਮ ਨੂੰ ਕੀਤਾ 'ਹਾਈ ਅਲਰਟ', ਹਮਲੇ ਦੇ ਜਵਾਬ ਲਈ ਤਿਆਰੀ ਤੇਜ਼




ਵਾਸ਼ਿੰਗਟਨ: ਅਮਰੀਕੀ ਰੱਖਿਆ ਵਿਭਾਗ (ਪੈਂਟਾਗਨ) ਨੇ ਚੀਨ ਦੀ ਪਰਮਾਣੂ ਤਾਕਤ ਬਾਰੇ ਆਪਣੀ ਸਾਲਾਨਾ ਰਿਪੋਰਟ ਵਿੱਚ ਵੱਡੇ ਖੁਲਾਸੇ ਕੀਤੇ ਹਨ। ਰਿਪੋਰਟ ਮੁਤਾਬਕ, ਭਾਵੇਂ ਚੀਨ ਨੇ ਨਵੇਂ ਪਰਮਾਣੂ ਹਥਿਆਰ (Nuclear Warheads) ਬਣਾਉਣ ਦੀ ਰਫ਼ਤਾਰ ਥੋੜ੍ਹੀ ਘਟਾਈ ਹੈ, ਪਰ ਉਸਨੇ ਆਪਣੀ ਫੌਜ ਨੂੰ ਹਮਲੇ ਦਾ ਤੁਰੰਤ ਜਵਾਬ ਦੇਣ ਲਈ ਪਹਿਲਾਂ ਨਾਲੋਂ ਕਿਤੇ ਜ਼ਿਆਦਾ ਤਿਆਰ ਅਤੇ ਤੇਜ਼ ਕਰ ਲਿਆ ਹੈ।

1. 'ਲੌਂਚ-ਆਨ-ਵਾਰਨਿੰਗ' (Launch-on-Warning) ਵੱਲ ਵਧਦਾ ਚੀਨ ਪੈਂਟਾਗਨ ਦਾ ਕਹਿਣਾ ਹੈ ਕਿ ਚੀਨ ਹੁਣ "PEACETIME ALERT" (ਸ਼ਾਂਤੀਪੂਰਨ ਅਲਰਟ) ਤੋਂ ਹੱਟ ਕੇ 'ਲੌਂਚ-ਆਨ-ਵਾਰਨਿੰਗ' ਦੀ ਰਣਨੀਤੀ ਅਪਣਾ ਰਿਹਾ ਹੈ।

ਇਸਦਾ ਮਤਲਬ ਕੀ ਹੈ? ਪਹਿਲਾਂ ਚੀਨ ਦੀ ਨੀਤੀ ਸੀ ਕਿ ਹਮਲਾ ਹੋਣ ਤੋਂ ਬਾਅਦ ਜਵਾਬ ਦਿੱਤਾ ਜਾਵੇਗਾ। ਪਰ ਨਵੀਂ ਨੀਤੀ ਮੁਤਾਬਕ, ਜੇਕਰ ਚੀਨ ਦੇ ਰਡਾਰਾਂ ਨੂੰ ਲੱਗਦਾ ਹੈ ਕਿ ਉਨ੍ਹਾਂ 'ਤੇ ਕੋਈ ਮਿਜ਼ਾਈਲ ਆ ਰਹੀ ਹੈ, ਤਾਂ ਉਹ ਉਸਦੇ ਡਿੱਗਣ ਦਾ ਇੰਤਜ਼ਾਰ ਨਹੀਂ ਕਰਨਗੇ, ਸਗੋਂ ਹਵਾ ਵਿੱਚ ਹੁੰਦਿਆਂ ਹੀ ਆਪਣੀਆਂ ਮਿਜ਼ਾਈਲਾਂ ਦਾਗ ਕੇ ਜਵਾਬੀ ਹਮਲਾ ਕਰ ਦੇਣਗੇ। ਇਹ ਬਹੁਤ ਹੀ ਖਤਰਨਾਕ ਸਥਿਤੀ ਹੈ।

2. ਮਿਜ਼ਾਈਲਾਂ ਦਾਗਣ ਦੀ ਰਫ਼ਤਾਰ ਹੋਵੇਗੀ ਤੇਜ਼ ਰਿਪੋਰਟ ਵਿੱਚ ਦੱਸਿਆ ਗਿਆ ਹੈ ਕਿ ਚੀਨ ਨੇ ਸਾਈਲੋਜ਼ (Silos) ਯਾਨੀ ਜ਼ਮੀਨ ਦੇ ਅੰਦਰ ਮਿਜ਼ਾਈਲ ਲੁਕਾਉਣ ਵਾਲੇ ਟਿਕਾਣਿਆਂ ਦਾ ਨਿਰਮਾਣ ਪੂਰਾ ਕਰ ਲਿਆ ਹੈ। ਇਨ੍ਹਾਂ ਵਿੱਚ ਠੋਸ ਬਾਲਣ (Solid Fuel) ਵਾਲੀਆਂ 'ਇੰਟਰਕੌਂਟੀਨੈਂਟਲ ਬੈਲਿਸਟਿਕ ਮਿਜ਼ਾਈਲਾਂ' (ICBMs) ਤਾਇਨਾਤ ਹਨ।

ਠੋਸ ਬਾਲਣ ਵਾਲੀਆਂ ਮਿਜ਼ਾਈਲਾਂ ਨੂੰ ਦਾਗਣ ਲਈ ਬਹੁਤ ਘੱਟ ਸਮਾਂ ਲੱਗਦਾ ਹੈ, ਜਿਸ ਨਾਲ ਚੀਨ ਦੀ ਜਵਾਬੀ ਕਾਰਵਾਈ ਬਿਜਲੀ ਵਾਂਗ ਤੇਜ਼ ਹੋ ਜਾਵੇਗੀ।

3. ਪਰਮਾਣੂ ਹਥਿਆਰਾਂ ਦੀ ਗਿਣਤੀ ਭਾਵੇਂ ਚੀਨ ਨੇ ਨਵੇਂ ਹਥਿਆਰ ਬਣਾਉਣ ਦੀ ਗਤੀ ਥੋੜ੍ਹੀ ਧੀਮੀ ਕੀਤੀ ਹੈ, ਪਰ ਫਿਰ ਵੀ ਉਨ੍ਹਾਂ ਦਾ ਭੰਡਾਰ ਲਗਾਤਾਰ ਵਧ ਰਿਹਾ ਹੈ।

ਅਮਰੀਕਾ ਦਾ ਅਨੁਮਾਨ ਹੈ ਕਿ ਚੀਨ ਕੋਲ ਇਸ ਸਮੇਂ 500 ਤੋਂ ਵੱਧ ਕਾਰਜਸ਼ੀਲ ਪਰਮਾਣੂ ਵਾਰਹੈੱਡ ਹਨ।

2030 ਤੱਕ ਇਹ ਗਿਣਤੀ 1,000 ਤੋਂ ਪਾਰ ਹੋਣ ਦੀ ਸੰਭਾਵਨਾ ਹੈ। ਚੀਨ ਦਾ ਮਕਸਦ ਅਮਰੀਕਾ ਅਤੇ ਰੂਸ ਦੇ ਬਰਾਬਰ ਦੀ ਪਰਮਾਣੂ ਸ਼ਕਤੀ ਬਣਨਾ ਹੈ।

ਭਾਰਤ ਅਤੇ ਦੁਨੀਆ ਲਈ ਕੀ ਹਨ ਸੰਕੇਤ? ਮਾਹਿਰਾਂ ਦਾ ਮੰਨਣਾ ਹੈ ਕਿ ਚੀਨ ਦਾ ਇਹ ਕਦਮ ਦੁਨੀਆ ਵਿੱਚ ਪਰਮਾਣੂ ਤਣਾਅ ਵਧਾ ਸਕਦਾ ਹੈ। ਜੇਕਰ ਚੀਨ ਦਾ ਸਿਸਟਮ ਗਲਤੀ ਨਾਲ ਕਿਸੇ ਝੂਠੇ ਅਲਰਟ ਨੂੰ ਹਮਲਾ ਸਮਝ ਲਵੇ, ਤਾਂ 'ਲੌਂਚ-ਆਨ-ਵਾਰਨਿੰਗ' ਨੀਤੀ ਕਾਰਨ ਭਿਆਨਕ ਜੰਗ ਛਿੜ ਸਕਦੀ ਹੈ। ਗੁਆਂਢੀ ਹੋਣ ਦੇ ਨਾਤੇ ਭਾਰਤ ਲਈ ਵੀ ਚੀਨ ਦੀਆਂ ਇਹ ਤਿਆਰੀਆਂ ਚਿੰਤਾ ਦਾ ਵਿਸ਼ਾ ਹਨ।

# ਨਵਾਂ ਅਤੇ ਵਿਸ਼ਾਲ ਜੰਗੀ ਜਹਾਜ਼ 'ਬੈਟਲਸ਼ਿਪ' ਬਣਾਵੇਗਾ ਅਮਰੀਕਾ



ਵਾਸ਼ਿੰਗਟਨ : ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਨੇਵੀ ਲਈ ਇਕ ਨਵਾਂ ਅਤੇ ਵਿਸ਼ਾਲ ਜੰਗੀ ਜਹਾਜ਼ ਬਣਾਉਣ ਦੀ ਇਕ ਮਹੱਤਵਪੂਰਨ ਯੋਜਨਾ ਦਾ ਐਲਾਨ ਕੀਤਾ ਹੈ। ਇਹ ਯੋਜਨਾ ਉਨ੍ਹਾਂ ਦੇ ਵਿਆਪਕ ਦ੍ਰਿਸ਼ਟੀਕੋਣ 'ਗੋਲਡਨ ਫਲੀਟ' ਦਾ ਹਿੱਸਾ ਹੈ।

ਫਲੋਰੀਡਾ ਵਿਚ ਆਪਣੇ 'ਮਾਰ-ਏ-ਲਾਗੋ' ਰਿਜ਼ਾਰਟ ਵਿਚ ਯੋਜਨਾ ਦਾ ਐਲਾਨ ਕਰਦੇ ਹੋਏ ਟਰੰਪ ਨੇ ਦਾਅਵਾ ਕੀਤਾ ਕਿ ਇਹ ਜਹਾਜ਼ 'ਸਭ ਤੋਂ ਤੇਜ਼, ਸਭ ਤੋਂ ਵੱਡਾ ਅਤੇ ਸੌ ਗੁਣਾ ਜ਼ਿਆਦਾ ਸ਼ਕਤੀਸ਼ਾਲੀ' ਹੋਵੇਗਾ। ਟਰੰਪ ਦੇ ਅਨੁਸਾਰ ਇਸ ਸ਼੍ਰੇਣੀ ਦੇ ਪਹਿਲੇ ਜਹਾਜ਼ ਨੂੰ 'ਯੂ. ਐੱਸ. ਐੱਸ. ਡਿਫਾਂਇਟ' ਕਿਹਾ ਜਾਵੇਗਾ। ਇਹ ਦੂਜੇ ਵਿਸ਼ਵ ਯੁੱਧ ਦੇ ਸਮੇਂ ਦੇ ਆਇਓਵਾ-ਸ਼੍ਰੇਣੀ ਦੇ ਜੰਗੀ ਜਹਾਜ਼ਾਂ ਨਾਲੋਂ ਲੰਬਾ ਅਤੇ ਵੱਡਾ ਹੋਵੇਗਾ ਅਤੇ ਹਾਈਪਰਸੋਨਿਕ ਮਿਜ਼ਾਈਲਾਂ, ਪ੍ਰਮਾਣੂ ਕਰੂਜ਼ ਮਿਜ਼ਾਈਲ, ਰੇਲ ਗੰਨ ਅਤੇ ਉੱਚ-ਸ਼ਕਤੀ ਵਾਲੇ ਲੇਜ਼ਰ ਵਰਗੇ ਹਥਿਆਰਾਂ ਨਾਲ ਲੈਸ ਹੋਵੇਗਾ।

ਇਮੀਗ੍ਰੇਸ਼ਨ ਦੀਆਂ ਸਾਰੀਆਂ ਸੇਵਾਵਾਂ ਤੇ ਸਮੱਸਿਆਵਾਂ ਦਾ ਹੱਲ ਇਕ ਛੱਤ ਥੱਲੇ

# LAW OFFICES OF EMMANUEL ENYINWA

ESQ, Abogado

- ਪੋਲੀਟੀਕਲ ਅਸਾਇਲਮ
- Political Asylum
- Deportation of Defense
- BIA Appeal
- 9 Circuit Court
- Federal Court
- ਗਰੀਨਕਾਰਡ
- ਸਿਟੀਜਨਸ਼ਿਪ
- Green Card
- Citizenship
- ਡਾਈਵੋਰਸ
- ਸਿਵਲ ਐਂਡ ਕਰੀਮੀਨਲ ਕੇਸ
- Divorce
- Civil and Criminal Cases
- Family Petition Immigration
- Travel document
- Work Permit

ਅਸੀਂ ਇਮੀਗ੍ਰੇਸ਼ਨ ਨਾਲ ਸਬੰਧਤ ਹਰ ਤਰ੍ਹਾਂ ਦੀਆਂ ਸੇਵਾਵਾਂ ਪ੍ਰਦਾਨ ਕਰਦੇ ਹਾਂ।

ਨੋਟ : ਇਥੇ ਸਪੈਨਿਸ ਵੀ ਬੋਲੀ ਜਾਂਦੀ ਹੈ ਅਤੇ ਸਪੈਨਿਸ ਵਿਚ ਲੋਕਾਂ ਦੇ ਕੇਸ ਵੀ ਲਏ ਜਾਂਦੇ ਹਨ।

ਅਸੀਂ ਤਿੰਨ ਥਾਵਾਂ ਤੋਂ ਆਪ ਜੀ ਦੀਆਂ ਸੇਵਾਵਾਂ ਲਈ ਹਾਜ਼ਰ ਹਾਂ

## Manteca-Arizona- San Francisco


239 West Yosemite Ave Manteca CA 95336
hsrotal.64@gmail.com
369 Pine Street, Suite 420, San Francisco, CA 94104
Enyinwalaw@gmail.com

## All Services Under One Roof



HARMINDER SINGH SAMANA
OFFICE MANAGER
209-481-7750
209-624-3919

EMMANUEL ENYINWA
Attorney of Law
Tel. 415-956-6100
Fax. 415-956-6111



# ਸਨਫਰਾਂਸਿਸਕੋ ਵਿੱਚ ਹਜ਼ਾਰਾਂ ਘਰਾਂ ਤੇ ਕਾਰੋਬਾਰੀ ਅਦਾਰਿਆਂ ਦੀ ਬਿਜਲੀ ਗੁਲ



ਬਿਜਲੀ ਨਾ ਹੋਣ ਕਾਰਨ ਸਨ ਫਰਾਂਸਿਸਕੋ ਹਨੇਰੇ ਦੇ ਸਾਏ ਹੇਠ

ਸੈਕਰਾਮੈਂਟੋ/ਕੈਲੀਫੋਰਨੀਆ (ਹੁਸਨ ਲੜੋਆ ਬੰਗਾ)-ਸਨ ਫਰਾਂਸਿਸਕੋ ਵਿੱਚ ਇੱਕ ਸਬ ਸਟੇਸ਼ਨ ਨੂੰ ਲੱਗੀ ਅੱਗ ਕਾਰਨ ਬਿਜਲੀ ਦੀ ਸਪਲਾਈ ਵਿੱਚ ਸ਼ਨੀਵਾਰ ਨੂੰ ਵੱਡੀ ਪੱਧਰ ’ਤੇ ਆਈ ਖਰਾਬੀ ਨੂੰ ਪੂਰੀ ਤਰਾਂ ਦੂਰ ਨਹੀਂ ਕੀਤਾ ਜਾ ਸਕਿਆ ਤੇ ਅਜੇ ਵੀ ਹਜਾਰਾਂ ਘਰ ਤੇ ਕਾਰੋਬਾਰੀ ਅਦਾਰੇ ਬਿਜਲੀ ਤੋਂ ਬਿਨਾਂ ਰਹਿ ਰਹੇ ਹਨ। ਪੈਸਫਿਕ ਗੈਸ ਐਂਡ ਇਲੈਕਟ੍ਰਿਕ ਕੰਪਨੀ ਦੇ ਨਕਸ਼ੇ ਤੋਂ ਪਤਾ ਲੱਗਦਾ ਹੈ ਕਿ 16000 ਗਾਹਕ ਬਿਨਾਂ ਬਿਜਲੀ ਗੁਜਾਰਾ ਕਰ ਰਹੇ ਹਨ ਹਾਲਾਂ ਕਿ 1,30,000 ਘਰਾਂ ਤੇ ਕਾਰੋਬਾਰੀ ਅਦਾਰਿਆਂ ਦੀ ਬਿਜਲੀ ਬਹਾਲ ਕਰ ਦਿੱਤੀ ਗਈ ਹੈ। ਕੰਪਨੀ ਨੇ ਕਿਹਾ ਹੈ ਕਿ ਉਸ ਦਾ ਅਮਲਾ ਅਨੇਕਾਂ ਗਵਾਂਢੀ ਖੇਤਰਾਂ ਤੇ ਡਾਊਨ ਟਾਊਨ ਸਨ ਫਰਾਂਸਿਸਕੋ ਦੇ ਛੋਟੇ ਖੇਤਰਾਂ ਵਿੱਚ ਬਿਜਲੀ ਬਹਾਲ ਕਰਨ ਲਈ ਕੰਮ ਕਰ ਰਿਹਾ ਹੈ। ਕੰਪਨੀ ਨੇ ਕਿਹਾ ਹੈ ਕਿ ਉਹ ਇਹ ਨਹੀਂ ਦਸ ਸਕਦੀ ਕਿ ਪੂਰੀ ਤਰ੍ਹਾਂ ਬਿਜਲੀ ਕਦੋਂ ਬਹਾਲ ਹੋਵੇਗੀ ਪ੍ਰੰਤੂ ਉਹ ਜਿੰਨੀ ਛੇਤੀ ਸੰਭਵ ਹੋ ਸਕੇ ਬਿਜਲੀ ਬਹਾਲ ਕਰਨ ਲਈ ਯਤਨਸ਼ੀਲ ਹੈ। ਕੰਪਨੀ ਨੇ ਕਿਹਾ ਹੈ ਕਿ ਸਬ ਸਟੇਸ਼ਨ ਨੂੰ ਲੱਗੀ ਅੱਗ ਕਾਰਨ ਨੁਕਸਾਨ ਬਹੁਤ ਜ਼ਿਆਦਾ ਹੋਇਆ ਹੈ ਤੇ ਮੁਰੰਮਤ ਅਤੇ ਬਿਜਲੀ ਬਹਾਲੀ ਦਾ ਕੰਮ ਗੁੰਝਲਦਾਰ ਮਾਮਲਾ ਹੈ। ਕੰਪਨੀ ਨੇ ਬਿਜਲੀ ਬਹਾਲੀ ਲਈ ਹੋਰ ਇੰਜੀਨੀਅਰਾਂ ਤੇ ਬਿਜਲੀ ਕਰਮਚਾਰੀਆਂ ਦੀਆਂ ਸੇਵਾਵਾਂ ਲਈਆਂ ਹਨ।

# ਅਮਰੀਕਾ ਨੇ ਭਾਰਤੀਆਂ ਲਈ ਵੀਜ਼ਾ ਨਿਯਮਾਂ ਨੂੰ ਕੀਤਾ ਸਖ਼ਤ




ਵਾਸ਼ਿੰਗਟਨ : ਅਮਰੀਕਾ ਨੇ ਗੈਰ-ਪ੍ਰਵਾਸੀ ਵੀਜ਼ਾ ਧਾਰਕਾਂ ਲਈ ਜਾਂਚ ਪ੍ਰਕਿਰਿਆ ਸਖ਼ਤ ਕਰ ਦਿੱਤੀ ਹੈ, ਜਿਸ ਨਾਲ ਐੱਚ-1ਬੀ, ਐੱਫ-1 ਅਤੇ ਜੇ-1 ਵੀਜ਼ਾ ’ਤੇ ਯਾਤਰਾ ਕਰਨ ਵਾਲਿਆਂ ਲਈ ਮੁਸ਼ਕਲਾਂ ਵਧ ਗਈਆਂ ਹਨ। ਵੀਜ਼ਾ ਇੰਟਰਵਿਊ ਹੁਣ ਦੇਰੀ ਨਾਲ ਹੋ ਰਹੇ ਹਨ ਅਤੇ ਕਈ ਪਹਿਲਾਂ ਤੋਂ ਨਿਰਧਾਰਤ ਮੁਲਾਕਾਤਾਂ ਨੂੰ ਮੁਲਤਵੀ ਕਰ ਦਿੱਤਾ ਗਿਆ ਹੈ ਕਿਉਂਕਿ ਦੂਤਾਵਾਸ ਵਧੇਰੇ ਡੂੰਘਾਈ ਨਾਲ ਜਾਂਚ ਕਰ ਰਹੇ ਹਨ।

ਇੱਕ ਇਮੀਗ੍ਰੇਸ਼ਨ ਪ੍ਰੋਫੈਸ਼ਨਲ ਨੇ ਸਲਾਹ ਦਿੱਤੀ ਹੈ ਕਿ ਜਦੋਂ ਤੱਕ ਬਿਲਕੁਲ ਜ਼ਰੂਰੀ ਨਾ ਹੋਵੇ, ਅਮਰੀਕਾ ਤੋਂ ਬਾਹਰ ਯਾਤਰਾ ਨਾ ਕਰੋ। ਉਹ ਕਹਿੰਦੇ ਹਨ ਕਿ ਹੁਣ, ਵੈਧ ਵੀਜ਼ਾ ਹੋਣ ਦੇ ਬਾਵਜੂਦ, ਵਿਦੇਸ਼ ਯਾਤਰਾ ਕਰਨ ਨਾਲ ਅਮਰੀਕਾ ਵਾਪਸ ਜਾਣ ਵਿਚ ਸਮੱਸਿਆਵਾਂ ਆ ਸਕਦੀਆਂ ਹਨ, ਜਿਸ ਨਾਲ ਨੌਕਰੀ ਅਤੇ ਸਥਿਤੀ ਪ੍ਰਭਾਵਿਤ ਹੋ ਸਕਦੀ ਹੈ।

ਨਵੇਂ ਨਿਯਮਾਂ ਦੇ ਤਹਿਤ, ਹੁਣ ਕੈਨੇਡਾ ਜਾਂ ਮੈਕਸੀਕੋ ਵਰਗੇ ਤੀਜੇ ਦੇਸ਼ ਵਿਚ ਜਾ ਕੇ ਅਮਰੀਕੀ ਵੀਜ਼ਾ ਸਟੈਂਪ ਪ੍ਰਾਪਤ ਕਰਨਾ ਲਗਭਗ ਅਸੰਭਵ ਹੋ ਗਿਆ ਹੈ। ਹੁਣ ਵੀਜ਼ਾ ਸਟੈਂਪ ਸਿਰਫ਼ ਤੁਹਾਡੇ ਨਿਵਾਸ ਜਾਂ ਨਾਗਰਿਕਤਾ ਵਾਲੇ ਦੇਸ਼ ਤੋਂ ਹੀ ਪ੍ਰਾਪਤ ਕੀਤੇ ਜਾਣੇ ਚਾਹੀਦੇ ਹਨ, ਜਿਸ ਨਾਲ ਬਹੁਤ ਸਾਰੇ ਲੋਕਾਂ ਲਈ ਵਿਕਲਪ ਸੀਮਤ ਹੋ ਗਏ ਹਨ।

ਸੋਸ਼ਲ ਮੀਡੀਆ ਦੀ ਜਾਂਚ ਵੀ ਸਖ਼ਤ ਕਰ ਦਿੱਤੀ ਗਈ ਹੈ। ਸਰਕਾਰ ਨੂੰ ਵੀਜ਼ਾ ਬਿਨੈਕਾਰਾਂ ਦੇ ਸੋਸ਼ਲ ਮੀਡੀਆ ਖਾਤਿਆਂ ਨੂੰ ਦੇਖਣ ਦਾ ਅਧਿਕਾਰ ਹੋਵੇਗਾ ਅਤੇ ਕੁਝ ਮਾਮਲਿਆਂ ਵਿਚ, ਉਨ੍ਹਾਂ ਨੂੰ ਜਨਤਕ ਕਰਨ ਦੀ ਮੰਗ ਵੀ ਕਰ ਸਕਦੀ ਹੈ। ਹਵਾਈ ਅੱਡੇ ‘ਤੇ ਦਾਖਲ ਹੋਣ ਵੇਲੇ, ਅਧਿਕਾਰੀ ਫ਼ੋਨ ਅਤੇ ਸੋਸ਼ਲ ਮੀਡੀਆ ਦੀ ਜਾਂਚ ਕਰ ਸਕਦੇ ਹਨ, ਜਿਸ ਕਾਰਨ ਦੇਰੀ ਹੋ ਸਕਦੀ ਹੈ।

ਉਨ੍ਹਾਂ ਵੀਜ਼ਾ ਅਤੇ ਆਈ-94 ਵਿਚ ਅੰਤਰ ਬਾਰੇ ਵੀ ਦੱਸਿਆ। ਵੀਜ਼ਾ ਸੰਯੁਕਤ ਰਾਜ ਅਮਰੀਕਾ ਵਿਚ ਦਾਖਲੇ ਲਈ ਹੁੰਦਾ ਹੈ, ਜਦੋਂ ਕਿ ਆਈ-94 ਠਹਿਰਨ ਦੀ ਮਿਆਦ ਨੂੰ ਸੀਮਤ ਕਰਦਾ ਹੈ। ਭਾਵੇਂ ਵੀਜ਼ਾ ਦੀ ਮਿਆਦ ਖਤਮ ਹੋ ਜਾਂਦੀ ਹੈ, ਪਰ ਆਈ-94 ਵੈਧ ਹੈ, ਉਹ ਵਿਅਕਤੀ ਕਾਨੂੰਨੀ ਤੌਰ ‘ਤੇ ਅਮਰੀਕਾ ਵਿਚ ਰਹਿ ਸਕਦਾ ਹੈ।

ਮਾਹਿਰਾਂ ਦਾ ਕਹਿਣਾ ਹੈ ਕਿ ਭਾਰਤੀ ਪੇਸ਼ੇਵਰਾਂ ਅਤੇ ਵਿਦਿਆਰਥੀਆਂ ਨੂੰ ਇਸ ਸਮੇਂ ਸਾਵਧਾਨ ਰਹਿਣਾ ਚਾਹੀਦਾ ਹੈ ਅਤੇ ਸੋਸ਼ਲ ਮੀਡੀਆ ‘ਤੇ ਵਿਵਾਦਪੂਰਨ ਪੋਸਟਾਂ ਤੋਂ ਬਚਣਾ ਚਾਹੀਦਾ ਹੈ।

# ਸਿੱਖ ਸਪੋਟਰਸ ਐਸੋਸੀਏਸ਼ਨ ਯੂ ਐਸ ਏ ਵੱਲੋਂ 17ਵੀ ਗੁਰੂ ਨਾਨਕ ਮੈਰਾਥਨ




ਫਰੀਮਾਂਟ, (ਕਰਮਜੀਤ ਸ਼ਾਹੀ) : 20 ਦਸੰਬਰ ਦਿਨ ਸ਼ਨੀਵਾਰ ਨੂੰ ਸਿੱਖ ਸਪੋਰਟਸ ਐਸੋਸੀਏਸ਼ਨ ਵਲੋ 17ਵੀ ਗੁਰੂ ਨਾਨਕ ਮੈਰਾਥਨ Quarry lake Fremont Ca ਵਿਖੇ ਕਰਵਾਈ ਗਈ ਜਿਸ ਵਿੱਚ 2ਮੀਲ, 5ਮੀਲ ਤੇ 12 ਮੀਲ ਦੀਆਂ ਦੌੜਾਂ ਕਰਵਾਈਆਂ ਗਈਆਂ । ਜਿਸ ਵਿੱਚ ਵੱਖ-ਵੱਖ ਉਮਰ ਤੇ ਵੱਖ-ਵੱਖ ਧਰਮਾਂ ਦੇ ਤਕਰੀਬਨ 200 ਦੌੜਾਕਾਂ ਨੇ ਹਿੱਸਾ ਲਿਆ। ਇਹ ਦੌੜ ਸਵੇਰੇ ਕਰੀਬ 9 ਵਜੇ ਅਰਦਾਸ ਕਰਕੇ ਸ਼ੁਰੂ ਕੀਤੀ ਗਈ ਤੇ ਤਕਰੀਬਨ 11 ਵਜੇ ਸਮਾਪਤ ਹੋਈ। ਬਾਅਦ ਵਿੱਚ ਪ੍ਰਬੰਧਕਾਂ ਵੱਲੋਂ ਜੇਤੂਆਂ ਨੂੰ ਇਨਾਮ ਵੰਡੇ ਗਏ ਅਤੇ ਸਾਰੇ ਛੋਟੀ ਉਮਰ ਦੇ ਬੱਚਿਆਂ ਨੂੰ ਗਿਫਟ ਕਾਰਡ ਵੰਡੇ ਗਏ ਤਾਂ ਜੋ ਬੱਚਿਆਂ ਨੂੰ ਖੇਡਾਂ ਪ੍ਰਤੀ ਉਤਸ਼ਾਹਿਤ ਕੀਤਾ ਜਾਵੇ। ਇਸ ਮੌਕੇ ਪ੍ਰਬੰਧਕਾਂ ਵੱਲੋਂ ਸਾਰੇ ਮਹਿਮਾਨਾਂ ਵਾਸਤੇ ਬਹੁਤ ਹੀ ਵਧੀਆ ਖਾਣੇ ਦਾ ਪ੍ਰਬੰਧ ਕੀਤਾ ਗਿਆ। ਹੇਵਡ ਦੇ ਮਸ਼ਹੂਰ ਮੂਨ ਰੈਸਟੋਰੈਟ ਵੱਲੋਂ ਸਾਰਿਆਂ ਲਈ ਸਵੇਰੇ ਚਾਹ ਪਕੌੜੇ, ਫਲ ਫਰੂਟ ਅਤੇ ਬਾਅਦ ਦੁਪਹਿਰ ਛੋਲੇ ਭਟੂਰਿਆਂ ਅਤੇ ਸ਼ੈਡਵਿਚ ਦਾ ਬਹੁਤ ਸਵਾਦ ਲੰਗਰ ਲਗਾਇਆ ਗਿਆ ਜਿਸ ਦਾ ਕਿ ਸਾਰੇ ਮਹਿਮਾਨਾਂ ਨੇ ਖੂਬ ਆਨੰਦ ਮਾਣਿਆ। ਪ੍ਰਬੰਧਕਾਂ ਵੱਲੋਂ ਆਏ ਹੋਏ ਮਹਿਮਾਨਾਂ ਦਾ ਧੰਨਵਾਦ ਕਰਦਿਆਂ ਕਿਹਾ ਕਿ ਆਪਣੇ ਬੱਚਿਆਂ ਨੂੰ ਖੇਡਾਂ ਪ੍ਰਤੀ ਜਾਗਰੂਕ ਕਰਨ ਅਤੇ ਹਰੇਕ ਸਾਲ ਇਸ ਮੈਰਾਥਨ ਵਿੱਚ ਵੱਧ ਤੋਂ ਵੱਧ ਯੋਗਦਾਨ ਪਾਉਣ।

## ਟਰੰਪ ਨੇ ਭਾਰਤ ਨਾਲ ਕੀਤਾ ਸਮਝੌਤਾ !

# ਰੱਖਿਆ ਸਬੰਧਾਂ ਨੂੰ ਮਜ਼ਬੂਤ ਕਰਨ ਵਾਲੇ ਬਿੱਲ ’ਤੇ ਕੀਤੇ ਦਸਤਖ਼ਤ



ਨਿਊਯਾਰਕ/ਵਾਸ਼ਿੰਗਟਨ : ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਇੱਕ ਸਾਲਾਨਾ ਰੱਖਿਆ ਨੀਤੀ ਬਿੱਲ ’ਤੇ ਦਸਤਖ਼ਤ ਕੀਤੇ ਹਨ, ਜਿਸ ’ਚ ਭਾਰਤ ਨਾਲ ਅਮਰੀਕਾ ਦੀ ਸਾਂਝੇਦਾਰੀ ਨੂੰ ਮਜ਼ਬੂਤ ਬਣਾਉਣ ’ਤੇ ਵਿਸ਼ੇਸ਼ ਜ਼ੋਰ ਦਿੱਤਾ ਗਿਆ ਹੈ। ਇਸ ਬਿੱਲ ਦਾ ਮੁੱਖ ਉਦੇਸ਼ ਹਿੰਦ-ਪ੍ਰਸ਼ਾਂਤ ਖੇਤਰ ਵਿੱਚ ਇੱਕ ਮੁਕਤ ਵਾਤਾਵਰਣ ਨੂੰ ਉਤਸ਼ਾਹਿਤ ਕਰਨਾ ਅਤੇ ਚੀਨ ਤੋਂ ਪੈਦਾ ਹੋਣ ਵਾਲੀਆਂ ਚੁਣੌਤੀਆਂ ਨਾਲ ਨਜਿੱਠਣ ਲਈ ‘ਕੁਆਡ’ (Quad) ਦੇ ਮੈਂਬਰ ਦੇਸ਼ਾਂ ਵਿਚਕਾਰ ਸਹਿਯੋਗ ਨੂੰ ਵਧਾਉਣਾ ਹੈ।

**ਤਾਕਤ ਰਾਹੀਂ ਸ਼ਾਂਤੀ ਦਾ ਏਜੰਡਾ**

ਵੀਰਵਾਰ ਨੂੰ ਹਸਤਾਖਰ ਕੀਤੇ ਗਏ ‘ਨੈਸ਼ਨਲ ਡਿਫੈਂਸ ਆਥੋਰਾਈਜ਼ੇਸ਼ਨ ਐਕਟ (NDAA) ਫਾਰ ਫਿਸਕਲ ਈਅਰ 2026’ ਰਾਹੀਂ ਰੱਖਿਆ ਮੰਤਰਾਲੇ, ਊਰਜਾ ਮੰਤਰਾਲੇ, ਵਿਦੇਸ਼ ਮੰਤਰਾਲੇ ਤੇ ਖੁਫੀਆ ਏਜੰਸੀਆਂ ਸਮੇਤ ਵੱਖ-ਵੱਖ ਵਿਭਾਗਾਂ ਲਈ ਫੰਡ ਅਲਾਟ ਕੀਤੇ ਗਏ ਹਨ। ਰਾਸ਼ਟਰਪਤੀ ਟਰੰਪ ਨੇ ਇਕ ਬਿਆਨ ਵਿਚ ਕਿਹਾ ਕਿ ਇਹ ਐਕਟ ‘ਤਾਕਤ ਰਾਹੀਂ ਸ਼ਾਂਤੀ ਕਾਇਮ ਕਰਨ’ ਦੇ ਉਨ੍ਹਾਂ ਦੇ ਏਜੰਡੇ ਨੂੰ ਲਾਗੂ ਕਰਨ ਅਤੇ ਘਰੇਲੂ ਤੇ ਵਿਦੇਸ਼ੀ ਖਤਰਿਆਂ ਤੋਂ ਮਾਤਭੂਮੀ ਦੀ ਰੱਖਿਆ ਕਰਨ ਲਈ ਰੱਖਿਆ ਵਿਭਾਗ ਨੂੰ ਸਮਰੱਥ ਬਣਾਏਗਾ। ਉਨ੍ਹਾਂ ਇਹ ਵੀ ਕਿਹਾ ਕਿ ਇਸ ਨਾਲ ਉਨ੍ਹਾਂ ਪ੍ਰੋਗਰਾਮਾਂ ’ਤੇ ਲਗਾਮ ਲੱਗੇਗੀ ਜੋ ਫੌਜੀ ਕਰਮਚਾਰੀਆਂ ਦੇ ਮਨੋਬਲ ਨੂੰ ਕਮਜ਼ੋਰ ਕਰਦੇ ਹਨ।

**ਚੀਨ ਨੂੰ ਟੱਕਰ ਦੇਣ ਦੀ ਤਿਆਰੀ**

ਇਸ ਅਧਿਨਿਯਮ ’ਚ ਹਿੰਦ-ਪ੍ਰਸ਼ਾਂਤ ਖੇਤਰ ਵਿੱਚ ਚੀਨ ਦੇ ਵਿਰੁੱਧ ਰਣਨੀਤਕ ਮੁਕਾਬਲੇ ’ਚ ਅਮਰੀਕਾ ਨੂੰ ਮਜ਼ਬੂਤ ਸਥਿਤੀ ਪ੍ਰਦਾਨ ਕਰਨ ਲਈ ਕਈ ਕਦਮ ਚੁੱਕੇ ਗਏ ਹਨ। ਇਸ ਦੇ ਤਹਿਤ:

**ਕੁਆਡ ਸਹਿਯੋਗ:** ਭਾਰਤ, ਅਮਰੀਕਾ, ਜਾਪਾਨ ਅਤੇ ਆਸਟ੍ਰੇਲੀਆ ਦੇ ਸਮੂਹ ‘ਕੁਆਡ’ ਰਾਹੀਂ ਫੌਜੀ ਅਭਿਆਸਾਂ, ਰੱਖਿਆ ਵਪਾਰ ਅਤੇ ਸਮੁੰਦਰੀ ਸੁਰੱਖਿਆ ਵਿੱਚ ਸਹਿਯੋਗ ਵਧਾਇਆ ਜਾਵੇਗਾ।

**ਸੁਰੱਖਿਆ ਤੰਤਰ:** ਅਮਰੀਕਾ ਆਪਣੇ ਮਿੱਤਰ ਦੇਸ਼ਾਂ ਜਿਵੇਂ ਕਿ ਭਾਰਤ, ਆਸਟ ?ਰੇਲੀਆ, ਜਾਪਾਨ, ਦੱਖਣੀ ਕੋਰੀਆ, ਫਿਲੀਪੀਨਜ਼ ਅਤੇ ਨਿਊਜ਼ੀਲੈਂਡ ਦੇ ਰੱਖਿਆ ਉਦਯੋਗਿਕ ਅਧਾਰਾਂ ਵਿਚਕਾਰ ਤਾਲਮੇਲ ਮਜ਼ਬੂਤ ਕਰਨ ਲਈ ਇੱਕ ਸੁਰੱਖਿਆ ਪ੍ਰਣਾਲੀ ਸਥਾਪਤ ਕਰੇਗਾ।

**ਪ੍ਰਮਾਣੂ ਸਹਿਯੋਗ ਦਾ ਮੁਲਾਂਕਣ**

ਇਸ ਬਿੱਲ ’ਚ ‘ਅਮਰੀਕਾ ਤੇ ਭਾਰਤ ਵਿਚਕਾਰ ਪਰਮਾਣੂ ਨਿਯਮਾਂ ਦਾ ਸਾਂਝਾ ਮੁਲਾਂਕਣ’ ਕਰਨ ਲਈ ਇੱਕ ਵਿਸ਼ੇਸ਼ ਵਿਧੀ ਦਾ ਵੀ ਜ਼ਿਕਰ ਹੈ। ਇਸ ਦੇ ਤਹਿਤ ਦੋਵੇਂ ਦੇਸ਼ 2008 ਵਿੱਚ ਹਸਤਾਖਰ ਕੀਤੇ ਗਏ ਪਰਮਾਣੂ ਊਰਜਾ ਸਹਿਯੋਗ ਸਮਝੌਤੇ ਦੇ ਲਾਗੂ ਹੋਣ ਦੀ ਨਿਯਮਤ ਤੌਰ ’ਤੇ ਸਮੀਖਿਆ ਕਰਨਗੇ। ਇਹ ਸਾਂਝਾ ਸਲਾਹਕਾਰ ਤੰਤਰ ਅਮਰੀਕਾ-ਭਾਰਤ ਰਣਨੀਤਕ ਸੁਰੱਖਿਆ ਵਾਰਤਾ ਦੇ ਤਹਿਤ ਕੰਮ ਕਰੇਗਾ।

# ‘ਟੈਰਿਫ’ ਮੇਰਾ ਮਨਪਸੰਦ ਅੰਗਰੇਜ਼ੀ ਸ਼ਬਦ, ਇਸ ਨਾਲ 8 ਜੰਗਾਂ ਰੁਕਵਾਈਆਂ: ਟਰੰਪ

ਾਸ਼ਿੰਗਟਨ : ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਕਿਹਾ ਕਿ ‘ਟੈਰਿਫ’ ਉਨ੍ਹਾਂ ਦਾ ਮਨਪਸੰਦ ਅੰਗਰੇਜ਼ੀ ਸ਼ਬਦ ਹੈ। ਉਨ੍ਹਾਂ ਦਾਅਵਾ ਕੀਤਾ ਕਿ ਇਸਦੀ ਮਦਦ ਨਾਲ ਉਨ੍ਹਾਂ ਆਪਣੇ ਕਾਰਜਕਾਲ ਦੇ ਪਹਿਲੇ 10 ਮਹੀਨਿਆਂ ਵਿਚ ਦੁਨੀਆ ਭਰ ਵਿਚ 8 ਜੰਗਾਂ ਰੁਕਵਾਈਆਂ।

ਟਰੰਪ ਨੇ ਆਪਣੇ ਕਾਰਜਕਾਲ ਦੇ 11 ਮਹੀਨੇ ਪੂਰੇ ਹੋਣ ’ਤੇ ਵ੍ਹਾਈਟ ਹਾਊਸ ਤੋਂ ਰਾਸ਼ਟਰ ਨੂੰ ਸੰਬੋਧਨ ਕੀਤਾ। ਉਨ੍ਹਾਂ ਨੇ ਸਾਬਕਾ ਰਾਸ਼ਟਰਪਤੀ ਜੋ ਬਾਈਡੇਨ ’ਤੇ ਨਿਸ਼ਾਨਾ ਸਾਧਦਿਆਂ ਕਿਹਾ ਕਿ ਉਨ੍ਹਾਂ ਨੇ ਅਹੁਦਾ ਛੱਡਣ ਵੇਲੇ ਉਨ੍ਹਾਂ ਲਈ ਇਕ ਵੱਡਾ ਸੰਕਟ ਛੱਡਿਆ ਸੀ। ਟਰੰਪ ਨੇ ਅਮਰੀਕਾ ਵਿਚ ਮਹਿੰਗਾਈ ਦੇ ਮੁੱਦੇ ਨੂੰ ਨਜ਼ਰਅੰਦਾਜ਼ ਕੀਤਾ ਅਤੇ ਜ਼ੋਰ ਦੇ ਕੇ ਕਿਹਾ ਕਿ ਕੈਨੇਡਾ, ਮੈਕਸੀਕੋ, ਬ੍ਰਾਜ਼ੀਲ ਅਤੇ ਭਾਰਤ ਸਮੇਤ ਕਈ ਦੇਸ਼ਾਂ ’ਤੇ ਲਾਏ ਗਏ ਟੈਰਿਫ ਨੇ ਅਮਰੀਕੀ ਅਰਥਵਿਵਸਥਾ ਨੂੰ ਲਾਭ ਪਹੁੰਚਾਇਆ ਹੈ। ਉਨ੍ਹਾਂ ਕਿਹਾ ਕਿ ਟੈਰਿਫਾਂ ਨਾਲ ਅਮਰੀਕਾ ਨੇ ਉਮੀਦ ਤੋਂ ਵੱਧ ਪੈਸਾ ਕਮਾਇਆ ਹੈ। ਇਸ ਦੌਰਾਨ ਡੈਮੋਕ੍ਰੇਟਿਕ ਪਾਰਟੀ ਦੇ ਆਗੂਆਂ ਨੇ ਟਰੰਪ ਦੇ ਭਾਸ਼ਣ ਦੀ ਆਲੋਚਨਾ ਕੀਤੀ। ਸੰਸਦ ਮੈਂਬਰ ਕ੍ਰਿਸ ਵੈਨ ਹੋਲੇਨ ਨੇ ਕਿਹਾ ਕਿ ਟਰੰਪ ਨੇ ਅੱਜ ਰਾਤ ਕਿੰਨੇ ਝੂਠ ਬੋਲੇ, ਇਸ ਦਾ ਹਿਸਾਬ ਰੱਖਣਾ ਮੁਸ਼ਕਲ ਹੈ। ਕੈਲੀਫੋਰਨੀਆ ਦੇ ਗਵਰਨਰ ਗੈਵਿਨ ਨਿਊਸਮ ਨੇ ਆਪਣੀ ਸੋਸ਼ਲ ਮੀਡੀਆ ਪੋਸਟ ਵਿਚ ਟਰੰਪ ’ਤੇ ਨਿਸ਼ਾਨਾ ਸਾਧਦਿਆਂ ਕਿਹਾ ਕਿ ਅੱਜ ਰਾਸ਼ਟਰਪਤੀ ਦੇ ਭਾਸ਼ਣ ਵਿਚ ਸਿਰਫ ਇਕ ਸ਼ਬਦ ਸੁਣਾਈ ਦਿੱਤਾ-ਮੈਂ, ਮੈਂ, ਮੈਂ, ਮੈਂ, ਮੈਂ।

ਟਰੰਪ ਨੇ ਇਹ ਵੀ ਕਿਹਾ ਕਿ ਹੁਣ ਦੁਨੀਆ ਅਮਰੀਕਾ ਦਾ ਮਜ਼ਾਕ ਨਹੀਂ ਉਡਾਉਂਦੀ, ਸਗੋਂ ਉਸਦਾ ਸਤਿਕਾਰ ਕਰਦੀ ਹੈ। ਸਾਡਾ ਦੇਸ਼ ਮਜ਼ਬੂਤ ਹੈ। ਅਮਰੀਕਾ ਦਾ ਸਨਮਾਨ ਹੈ ਅਤੇ ਸਾਡਾ ਦੇਸ਼ ਪਹਿਲਾਂ ਨਾਲੋਂ ਕਿਤੇ ਜ਼ਿਆਦਾ ਮਜ਼ਬੂਤ ਹੋ ਕੇ ਉਭਰਿਆ ਹੈ। ਅਸੀਂ ਇਕ ਅਜਿਹੀ ਆਰਥਿਕ ਤੇਜ਼ੀ ਲਈ ਤਿਆਰ ਹਾਂ, ਜੋ ਦੁਨੀਆ ਨੇ ਪਹਿਲਾਂ ਕਦੇ ਨਹੀਂ ਦੇਖੀ।

# ਚੀਨੀ ਨਾਗਰਿਕ ਨੂੰ ਦੇਸ਼ ਨਿਕਾਲਾ ਨਹੀਂ ਦੇਵੇਗਾ ਅਮਰੀਕਾ



ਵਾਸ਼ਿੰਗਟਨ : ਅਮਰੀਕੀ ਗ੍ਰਹਿ ਸੁਰੱਖਿਆ ਵਿਭਾਗ (ਡੀ. ਐੱਚ. ਐੱਸ.) ਨੇ ਉਸ ਚੀਨੀ ਨਾਗਰਿਕ ਨੂੰ ਦੇਸ਼ ਨਿਕਾਲਾ ਦੇਣ ਦੀ ਆਪਣੀ ਯੋਜਨਾ ਵਾਪਸ ਲੈ ਲਈ ਹੈ, ਜੋ ਗੈਰ-ਕਾਨੂੰਨੀ ਤੌਰ ’ਤੇ ਦੇਸ਼ ਵਿਚ ਦਾਖਲ ਹੋਇਆ ਸੀ। ਦੋ ਮਨੁੱਖੀ ਅਧਿਕਾਰ ਕਾਰਕੁੰਨਾਂ ਨੇ ਸੋਮਵਾਰ ਨੂੰ ਇਹ ਜਾਣਕਾਰੀ ਦਿੱਤੀ।

ਇਸ ਮਾਮਲੇ ਨੇ ਜਨਤਕ ਚਿੰਤਾ ਪੈਦਾ ਕਰ ਦਿੱਤੀ ਸੀ ਕਿ ਜੇਕਰ ਗੁਆਨ ਹੇਂਗ ਨੂੰ ਦੇਸ਼ ਨਿਕਾਲਾ ਦਿੱਤਾ ਜਾਂਦਾ ਹੈ ਤਾਂ ਬੀਜਿੰਗ ਉਸ ਨੂੰ ਚੀਨ ਦੇ ਸ਼ਿਨਜਿਆਂਗ ਇਲਾਕੇ ਵਿਚ ਮਨੁੱਖੀ ਅਧਿਕਾਰਾਂ ਦੀ ਉਲੰਘਣਾ ਨੂੰ ਬੇਨਕਾਬ ਕਰਨ ਵਿਚ ਮਦਦ ਕਰਨ ਲਈ ਸਜ਼ਾ ਦੇ ਸਕਦਾ ਹੈ। ਮਾਮਲੇ ਵਿਚ ਸਹਾਇਤਾ ਕਰਨ ਵਾਲੇ ਮਨੁੱਖੀ ਅਧਿਕਾਰਾਂ ਦੇ ਵਕੀਲ ਰੇਹਾਨ ਅਸਾਤ ਨੇ ਕਿਹਾ ਕਿ ਗੁਆਨ ਹੇਂਗ ਦੇ ਵਕੀਲ ਨੂੰ ਡੀ. ਐੱਚ. ਐੱਸ. ਵੱਲੋਂ ਇਕ ਪੱਤਰ ਮਿਲਿਆ ਹੈ, ਜਿਸ ਵਿਚ ਉਸ ਨੂੰ ਯੂਗਾਂਡਾ ਭੇਜਣ ਦੀ ਬੇਨਤੀ ਵਾਪਸ ਲੈਣ ਦੇ ਫੈਸਲੇ ਦੀ ਜਾਣਕਾਰੀ ਦਿੱਤੀ ਗਈ ਹੈ।

# ਬੰਗਲਾਦੇਸ਼ ਦੀ ਨਵੀਂ ਚੁਣੌਤੀ

ਸਾਲ 1971 ਵਿਚ ਪਾਕਿਸਤਾਨ ਤੋਂ ਵੱਖ ਹੋ ਕੇ (ਪੂਰਬੀ ਪਾਕਿਸਤਾਨ) ਨੇ ਬੰਗਲਾਦੇਸ਼ ਦੇ ਰੂਪ ਵਿਚ ਇਕ ਆਜ਼ਾਦ ਦੇਸ਼ ਵਜੋਂ ਆਪਣੀ ਹੋਂਦ ਸਥਾਪਤ ਕਰਕੇ ਬੰਗਬੰਧੂ ਸ਼ੇਖ਼ ਮੁਜੀਬੁਰ ਰਹਿਮਾਨ ਦੀ ਅਗਵਾਈ ਵਿਚ ਇਕ ਨਵੀਂ ਅੰਗੜਾਈ ਭਰੀ ਸੀ। ਮੁਜੀਬੁਰ ਉਸ ਸਮੇਂ ਹਰਮਨ ਪਿਆਰੇ ਆਗੂ ਸਨ। ਉਨ੍ਹਾਂ ਨੇ ਇਸ ਨਵੇਂ ਦੇਸ਼ ਨੂੰ ਲੋਕਤੰਤਰੀ ਲੀਹਾਂ 'ਤੇ ਪਾਉਣ ਦਾ ਪ੍ਰਣ ਕੀਤਾ ਸੀ। ਭਾਰਤ ਨੇ ਇਸ ਦੀ ਆਜ਼ਾਦੀ ਵਿਚ ਆਪਣਾ ਵੱਡਾ ਯੋਗਦਾਨ ਪਾਇਆ ਸੀ। ਇਸ ਲਈ ਮੁਜੀਬੁਰ ਰਹਿਮਾਨ ਭਾਰਤ ਦੇ ਧੰਨਵਾਦੀ ਵੀ ਸਨ ਅਤੇ ਆਉਂਦੇ ਸਮੇਂ ਵਿਚ ਭਾਰਤ ਨਾਲ ਮਿਲਵਰਤਣ ਅਤੇ ਮਿੱਤਰਤਾ ਦੇ ਸੰਬੰਧ ਬਣਾਈ ਰੱਖਣ ਦੇ ਚਾਹਵਾਨ ਸਨ। ਪਰ ਕੁਝ ਫ਼ੌਜੀ ਜਰਨੈਲਾਂ ਵਲੋਂ ਉਨ੍ਹਾਂ ਦੀ ਅਤੇ ਉਨ੍ਹਾਂ ਦੇ ਪਰਿਵਾਰ ਦੀ ਦਰਦਨਾਕ ਹੱਤਿਆ ਤੋਂ ਬਾਅਦ ਇਸ ਦੇਸ਼ ਦਾ ਪਾਸਾ ਇਕਦਮ ਪਲਟ ਗਿਆ। ਉਸ ਸਮੇਂ ਵਿਦੇਸ਼ ਵਿਚ ਹੋਣ ਕਰਕੇ ਮੁਜੀਬੁਰ ਰਹਿਮਾਨ ਦੀ ਲੜਕੀ ਸ਼ੇਖ਼ ਹਸੀਨਾ ਅਤੇ ਉਸ ਦੀ ਭੈਣ ਬਚ ਗਈਆਂ ਸਨ। ਇਸ ਤੋਂ ਬਾਅਦ ਲੰਮਾ ਸਮਾਂ ਉੱਥੇ ਸਿਆਸੀ ਅਸਥਿਰਤਾ ਵੀ ਬਣੀ ਰਹੀ। ਇਸਲਾਮਿਕ ਵਿਚਾਰਧਾਰਾ ਦੀਆਂ ਸਮਰਥਕ ਕਹਾਉਂਦੀਆਂ ਪਾਰਟੀਆਂ ਦਾ ਇਥੇ ਪ੍ਰਸ਼ਾਸਨ ਵੀ ਰਿਹਾ ਪਰ ਬਾਅਦ ਵਿਚ ਸ਼ੇਖ਼ ਹਸੀਨਾ ਦੀ ਪਾਰਟੀ ਅਵਾਮੀ ਲੀਗ ਸੱਤਾ ਵਿਚ ਆ ਗਈ। ਉਹ ਬੜੀ ਹੀ ਦ੍ਰਿੜ੍ਹ ਇਰਾਦੇ ਵਾਲੀ ਔਰਤ ਹੈ।

ਉਸ ਨੇ ਆਪਣੇ ਪਿਤਾ ਦੀ ਆਵਾਮੀ ਲੀਗ ਜਿਸ ਨੇ ਦੇਸ਼ ਨੂੰ ਆਜ਼ਾਦ ਕਰਵਾਉਣ ਵਿਚ ਵੱਡਾ ਰੋਲ ਅਦਾ ਕੀਤਾ ਸੀ, ਨੂੰ ਤਕੜਾ ਕਰਕੇ ਲੋਕਤੰਤਰੀ ਢੰਗ ਨਾਲ ਦੇਸ਼ ਦਾ



ਪ੍ਰਸ਼ਾਸਨ ਸੰਭਾਲਿਆ ਅਤੇ ਲਗਾਤਾਰ ਚੋਣਾਂ ਜਿੱਤ ਕੇ ਤਿੰਨ ਕਾਰਜਕਾਲਾਂ ਤੱਕ ਪ੍ਰਸ਼ਾਸਨ ਚਲਾਇਆ। ਉਸ ਨੇ ਦੇਸ਼ ਦੀਆਂ ਕੱਟੜ ਇਸਲਾਮਿਕ ਪਾਰਟੀਆਂ ਦਾ ਵੀ ਸਖ਼ਤੀ ਨਾਲ ਸਾਹਮਣਾ ਕੀਤਾ ਅਤੇ ਭਾਰਤ ਨਾਲ ਵੀ ਆਪਣੇ ਮਜ਼ਬੂਤ ਸੰਬੰਧ ਬਣਾਈ ਰੱਖੇ। ਸ਼ੇਖ਼ ਹਸੀਨਾ ਦੇ ਕਾਰਜਕਾਲ ਵਿਚ ਆਰਥਿਕ ਪੱਖੋਂ ਬੰਗਲਾਦੇਸ਼ ਮਜ਼ਬੂਤ ਹੋਣਾ ਸ਼ੁਰੂ ਹੋ ਗਿਆ ਸੀ, ਪਰ ਇਸੇ ਦੌਰਾਨ ਕੱਟੜ ਇਸਲਾਮਿਕ ਪਾਰਟੀਆਂ ਨੇ ਪਾਕਿਸਤਾਨ ਅਤੇ ਚੀਨ ਦੀ ਮਦਦ ਨਾਲ ਉਥੇ ਜ਼ੋਰ ਫੜ ਲਿਆ। ਵੱਡੀ ਗਿਣਤੀ ਵਿਚ ਵਿਦਿਆਰਥੀ ਸੰਗਠਨਾਂ ਨੇ ਉਸ ਦੇ ਖ਼ਿਲਾਫ਼ ਬਗ਼ਾਵਤ ਦਾ ਝੰਡਾ ਚੁੱਕ ਲਿਆ ਅਤੇ ਪਿਛਲੇ ਸਾਲ 2024 ਦੇ ਵਿਦਿਆਰਥੀ ਅੰਦੋਲਨ ਕਾਰਨ ਫਰਵਰੀ ਦੇ ਮਹੀਨੇ ਸ਼ੇਖ਼ ਹਸੀਨਾ ਨੂੰ ਦੇਸ਼ ਛੱਡਣ ਲਈ ਮਜਬੂਰ ਹੋਣਾ ਪਿਆ। ਉਸ ਨੇ ਭਾਰਤ ਵਿਚ ਸ਼ਰਨ ਲੈ ਲਈ। ਪੈਦਾ ਹੋਏ ਗੜਬੜੀ ਵਾਲੇ ਹਾਲਾਤ ਵਿਚ ਨੋਬਲ ਪੁਰਸਕਾਰ ਵਿਜੇਤਾ ਮੁਹੰਮਦ ਯੂਨੁਸ ਨੂੰ ਅੰਤਰਿਮ ਸਰਕਾਰ ਦਾ ਮੁਖੀ ਬਣਾਇਆ ਗਿਆ ਪਰ ਯੂਨੁਸ ਪੈਦਾ ਹੋਈ ਗੜਬੜ ਵਾਲੀ ਸਥਿਤੀ ਨੂੰ ਸੰਭਾਲਣ ਵਿਚ ਅਸਮਰੱਥ ਰਿਹਾ, ਅਤੇ ਅਜੇ ਤੱਕ ਵੀ ਉਥੇ ਗੜਬੜ ਵਾਲੇ ਹਾਲਾਤ ਬਣੇ ਹੋਏ ਹਨ। ਅੰਤਰਿਮ ਸਰਕਾਰ ਵਲੋਂ ਵੱਡੀ ਹਿਚਕਿਚਾਹਟ ਤੋਂ ਬਾਅਦ ਆਉਂਦੇ ਸਾਲ ਫਰਵਰੀ ਦੇ ਮਹੀਨੇ ਵਿਚ ਉੱਥੇ ਚੋਣਾਂ ਕਰਵਾਉਣ ਦਾ ਐਲਾਨ ਕੀਤਾ ਗਿਆ ਪਰ ਆਵਾਮੀ ਲੀਗ ਪਾਰਟੀ ਨੂੰ ਇਨ੍ਹਾਂ ਚੋਣਾਂ ਵਿਚ ਹਿੱਸਾ ਲੈਣ ਤੋਂ ਰੋਕਣ ਦੀਆਂ ਹਦਾਇਤਾਂ ਜਾਰੀ ਕਰ ਦਿੱਤੀਆਂ ਗਈਆਂ।

ਆਵਾਮੀ ਲੀਗ ਪਾਰਟੀ ਦਾ ਦੇਸ਼ ਵਿਚ ਵੱਡਾ ਆਧਾਰ ਰਿਹਾ ਹੈ। ਉਸ ਦੀ ਸ਼ਮੂਲੀਅਤ ਤੋਂ ਬਗ਼ੈਰ ਕਿਸੇ ਵੀ ਹਾਲਾਤ ਵਿਚ ਕਰਵਾਈਆਂ ਗਈਆਂ ਚੋਣਾਂ ਨੂੰ ਜਿੱਥੇ ਸਹੀ ਨਹੀਂ ਠਹਿਰਾਇਆ ਜਾ ਸਕੇਗਾ, ਉੱਥੇ ਇਨ੍ਹਾਂ ਵਿਚ ਕੱਟੜਪੰਥੀ ਇਸਲਾਮਿਕ ਤੱਤਾਂ ਦੇ ਭਾਰੂ ਹੋਣ ਦੇ ਸਪੱਸ਼ਟ ਸੰਕੇਤ ਵੀ ਮਿਲਦੇ ਹਨ। ਚੱਲ ਰਹੇ ਅਜਿਹੇ ਅਸਥਿਰ ਸਮੇਂ ਵਿਚ ਪਿਛਲੇ ਦਿਨੀਂ ਹੋਈ ਗੜਬੜ ਦੌਰਾਨ ਵੱਡੇ ਵਿਦਆਰਥਈ ਆਗੂ ਉਸਮਾਨ ਹਾਦੀ ਜਿਸ ਨੇ 2024 ਦੇ ਅੰਦੋਲਨ ਵਿਚ ਅਹਿਮ ਰੋਲ ਨਿਭਾਇਆ ਸੀ, ਦੀ ਨਕਾਬਪੋਸ਼ਾਂ ਵਲੋਂ ਗੋਲੀਆਂ ਮਾਰ ਕੇ ਹੱਤਿਆ ਕਰ ਦਿੱਤੀ ਗਈ, ਇਸ ਤੋਂ ਬਾਅਦ ਹਾਲਾਤ ਫੇਰ ਪੂਰੀ ਤਰ੍ਹਾਂ ਗੜਬੜ ਵਾਲੇ ਬਣ ਗਏ ਹਨ। ਹਾਦੀ ਵਿਦਿਆਰਥੀ ਅੰਦੋਲਨ ਦਾ ਬੁਲਾਰਾ ਸੀ ਅਤੇ ਭਾਰਤ ਵਿਰੁੱਧ ਲਗਾਤਾਰ ਅੱਗ ਉਗਲਣ ਕਰਕੇ ਕੱਟੜ ਪੰਥੀਆਂ ਵਿਚ ਹਰਮਨ ਪਿਆਰਾ ਸੀ। ਉਸ ਦੀ ਮੌਤ ਤੋਂ ਬਾਅਦ ਇਕ ਵਾਰ ਫਿਰ ਇਹ ਦੇਸ਼ ਹਿੰਸਾ ਦੀਆਂ ਲਪਟਾਂ ਵਿਚ ਘਿਰ ਚੁੱਕਾ ਹੈ। ਪਿਛਲੀ ਦਿਨੀਂ ਭੜਕੀਆਂ ਭੀੜਾਂ ਵਲੋਂ ਤਿੰਨ ਅਖ਼ਬਾਰਾਂ ਪ੍ਰੋਥੋਮ ਆਲੋ, ਦਾ ਡੇਲੀ ਸਟਾਰ ਅਤੇ ਨਿਊ ਏਜ ਦੇ ਦਫ਼ਤਰਾਂ ਨੂੰ ਇਸ ਲਈ ਅੱਗ ਲਗਾ ਦਿੱਤੀ ਗਈ ਕਿਉਂਕਿ ਉਨ੍ਹਾਂ ਬਾਰੇ ਇਹ ਪ੍ਰਭਾਵ ਸੀ ਕਿ ਉਹ ਸ਼ੇਖ਼ ਹਸੀਨਾ ਦਾ ਦਮ ਭਰਦੇ ਹਨ। ਇਕ ਹੋਰ ਸ਼ਹਿਰ ਮੈਮਨ ਸਿੰਘ ਵਿਚ ਇਕ ਹਿੰਦੂ ਨੌਜਵਾਨ ਦੀਪੂ ਚੰਦਰ ਦਾਸ 'ਤੇ ਈਸ਼ਨਿੰਦਾ ਦਾ ਇਲਜ਼ਾਮ ਲਗਾ ਕੇ ਉਸ ਨੂੰ ਕੁੱਟ-ਕੁੱਟ ਕੇ ਮਾਰ ਦਿੱਤਾ ਗਿਆ ਅਤੇ ਫਿਰ ਉਸ ਦੀ ਲਾਸ਼ ਨੂੰ ਸਾੜ ਦਿੱਤਾ ਗਿਆ।

ਇਸ ਸਮੇਂ ਉੱਥੋਂ ਦੀ ਯੂਨੁਸ ਸਰਕਾਰ ਪੂਰੀ ਤਰ੍ਹਾਂ ਬੇਬਸ ਹੋਈ ਨਜ਼ਰ ਆ ਰਹੀ ਹੈ ਅਤੇ ਉਥੇ ਫਰਵਰੀ 'ਚ ਹੋਣ ਵਾਲੀਆਂ ਚੋਣਾਂ ਸੰਬੰਧੀ ਵੀ ਅਨਿਸਚਿਤਾ ਬਣਦੀ ਨਜ਼ਰ ਆ ਰਹੀ ਹੈ। ਇਸਲਾਮਿਕ ਸੰਗਠਨਾਂ ਵਲੋਂ ਭਾਰਤ ਵਿਰੁੱਧ ਪ੍ਰਚਾਰ ਹੋਰ ਵੀ ਤਿੱਖਾ ਕਰ ਦਿੱਤਾ ਗਿਆ ਹੈ, ਜਿਸ ਨਾਲ ਭਾਰਤ ਦਾ ਚਿੰਤਤ ਹੋਣਾ ਕੁਦਰਤੀ ਹੈ। ਗੁਆਂਢੀ ਮੁਲਕ ਵਿਚ ਪੈਦਾ ਹੋਏ ਅਜਿਹੇ ਹਾਲਾਤ ਦਾ ਕਿਸੇ ਨਾ ਕਿਸੇ ਰੂਪ ਵਿਚ ਭਾਰਤ 'ਤੇ ਪ੍ਰਭਾਵ ਪੈਂਦਾ ਰਹੇਗਾ, ਜੋ ਭਾਰਤ ਲਈ ਹਮੇਸ਼ਾ ਇਕ ਚੁਣੌਤੀ ਵਾਲੀ ਸਥਿਤੀ ਹੋਵੇਗੀ। ਪਹਿਲਾਂ ਹੀ ਅਨੇਕਾਂ ਚੁਣੌਤੀਆਂ ਦੇ ਸਿਲਸਿਲੇ ਵਿਚ ਵਿਚ ਇਹ ਇਕ ਹੋਰ ਨਵੀਂ ਕੜੀ ਜੁੜ ਜਾਏਗੀ, ਜਿਸ ਲਈ ਭਾਰਤ ਨੂੰ ਆਉਂਦੇ ਸਮੇਂ ਵਿਚ ਹਰ ਪੱਖ ਤੋਂ ਸੁਚੇਤ ਰਹਿਣ ਦੀ ਜ਼ਰੂਰਤ ਹੋਵੇਗੀ।

# ਕੀ ਪ੍ਰਿਅੰਕਾ ਗਾਂਧੀ ਸਮਾਨਾਂਤਰ ਲੀਡਰਸ਼ਿਪ ਸਥਾਪਤ ਕਰ ਰਹੀ ਹੈ?

ਮੇਰਾ ਅੱਜ ਦਾ ਸਵਾਲ ਇਹ ਹੈ ਕਿ, ਕੀ ਕੋਈ ਕਾਂਗਰਸ ਪਾਰਟੀ ਦੇ ਅੰਦਰੋਂ ਰਾਹੁਲ ਗਾਂਧੀ ਦੀ ਲੀਡਰਸ਼ਿਪ ਨੂੰ ਚੁਣੌਤੀ ਦੇ ਰਿਹਾ ਹੈ? ਜੇਕਰ ਜਵਾਬ ਹਾਂ ਹੈ ਤਾਂ ਸਮਝਣਾ ਜ਼ਰੂਰੀ ਹੈ ਕਿ ਰਾਹੁਲ ਨੂੰ ਇਹ ਅੰਦਰੂਨੀ ਚੁਣੌਤੀ ਕੌਣ ਦੇ ਰਿਹਾ ਹੈ? ਪਰ ਰਾਹੁਲ ਕਾਂਗਰਸ ਪਾਰਟੀ ਦੇ ਅੰਦਰ ਮਜ਼ਬੂਤੀ ਨਾਲ ਇੰਨੇ ਸਥਾਪਿਤ ਹੋ ਚੁੱਕੇ ਹਨ ਕਿ ਉਨ੍ਹਾਂ ਨੂੰ ਕੋਈ ਵੀ ਅਚਨਚੇਤ ਚੁਣੌਤੀ ਨਹੀਂ ਮਿਲ ਸਕਦੀ। ਇਸ ਲਈ ਜੇਕਰ ਕੋਈ ਚੁਣੌਤੀ ਹੈ ਵੀ ਤਾਂ ਹੌਲੀ-ਹੌਲੀ ਪਾਰਟੀ ਦੇ ਅੰਦਰ ਆਪਣਾ ਇਕ ਸਮਾਨਾਂਤਰ ਅਕਸ ਸਥਾਪਤ ਕਰਨ ਦੀ ਕੋਸ਼ਿਸ਼ ਦੀ ਹੈ ਤੇ ਜੇਕਰ ਕੋਈ ਅਜਿਹਾ ਕਰ ਰਿਹਾ ਹੈ ਤਾਂ ਉਸ ਨੂੰ ਕਿਸ ਦਾ ਸਮਰਥਨ ਮਿਲ ਰਿਹਾ ਹੈ? ਉਹ ਕਿਹੜੀਆਂ ਤਾਕਤਾਂ ਹਨ ਜੋ ਉਸ ਨੂੰ ਅਜਿਹਾ ਕਰਨ ਲਈ ਜ਼ਮੀਨ ਪ੍ਰਦਾਨ ਕਰ ਰਹੀਆਂ ਹਨ? ਕੀ ਉਹ ਤਾਕਤਾਂ ਪਾਰਟੀ ਅੰਦਰ ਹਨ ਜਾਂ ਉਨ੍ਹਾਂ ਦੇ ਬਾਹਰੀ ਤਾਕਤਾਂ ਨਾਲ ਵੀ ਸਬੰਧ ਹਨ? ਮੈਂ ਰਾਹੁਲ ਦੀ 'ਭਾਰਤ ਜੋੜੋ ਯਾਤਰਾ' ਤੇ ਬਿਹਾਰ ਵਿਚ 'ਵੋਟਰ ਅਧਿਕਾਰ ਯਾਤਰਾ' ਦੌਰਾਨ ਸਪੱਸ਼ਟ ਲਿਖਿਆ ਸੀ ਕਿ ਰਾਹੁਲ ਨੂੰ ਹੁਣ ਪਾਰਟੀ ਦੇ ਅੰਦਰ ਕਿਸੇ ਵੀ ਤਰ੍ਹਾਂ ਦੀ ਚੁਣੌਤੀ ਦਾ ਸਾਹਮਣਾ ਨਹੀਂ ਕਰਨਾ ਪਵੇਗਾ। ਹਾਲਾਂਕਿ ਹਾਲ ਹੀ ਦੀਆਂ ਘਟਨਾਵਾਂ ਨੇ ਮੈਨੂੰ ਵੀ ਆਪਣੀ ਰਾਇ 'ਤੇ ਮੁੜ ਵਿਚਾਰ ਕਰਨ ਲਈ ਮਜਬੂਰ ਕੀਤਾ ਹੈ।

ਕਾਂਗਰਸ ਹਾਈਕਮਾਨ 'ਚ ਕੁੱਲ 4 ਲੋਕ: ਰਾਹੁਲ ਗਾਂਧੀ, ਉਨ੍ਹਾਂ ਦੀ ਮਾਂ ਸੋਨੀਆ ਗਾਂਧੀ, ਉਨ੍ਹਾਂ ਦੀ ਭੈਣ ਪ੍ਰਿਅੰਕਾ ਗਾਂਧੀ ਅਤੇ ਪਾਰਟੀ ਦੇ ਰਾਸ਼ਟਰੀ ਪ੍ਰਧਾਨ ਮਲਿਕਾਰਜੁਨ ਖੜਗੇ ਹਨ। ਕਾਂਗਰਸ ਇਨ੍ਹਾਂ ਚਾਰਾਂ ਦੇ ਦਬਦਬੇ ਹੇਠ ਚੱਲ ਰਹੀ ਹੈ, ਜਿਨ੍ਹਾਂ 'ਚੋਂ 3 ਇਕੋ ਪਰਿਵਾਰ ਦੇ ਹੋਣ ਕਰਕੇ ਉਨ੍ਹਾਂ ਦੀ ਆਪਸ 'ਚ ਡੂੰਘੀ ਸਮਝ ਹੈ। ਇਹ ਖੜਗੇ ਦੀ ਸੀਨੀਅਰਤਾ ਤੇ ਤਜਰਬੇ ਨੂੰ ਆਪਣੇ ਨਾਲ ਜੋੜ ਕੇ 100 ਲੋਕ ਸਭਾ ਸੰਸਦ ਮੈਂਬਰਾਂ ਵਾਲੀ ਸਭ ਤੋਂ ਵੱਡੀ ਵਿਰੋਧੀ ਪਾਰਟੀ ਦਾ ਪ੍ਰਬੰਧਨ ਕਰ ਰਹੇ ਹਨ। ਪਹਿਲੀ ਨਜ਼ਰ 'ਚ ਇਹ ਪ੍ਰਬੰਧ ਬਹੁਤ ਆਰਾਮਦਾਇਕ ਤੇ ਭਰੋਸੇਯੋਗ ਜਾਪਦਾ ਹੈ। ਪਰ ਮੇਰਾ ਮੰਨਣਾ ਹੈ ਕਿ ਇਹ ਇਕ ਗਲਤੀ ਹੋ ਸਕਦੀ ਹੈ। ਰਾਜਨੀਤਿਕ ਪਰਿਵਾਰਾਂ ਅੰਦਰ ਵੀ ਦੁਸ਼ਮਣੀ ਹੁੰਦੀ ਹੈ, ਜਿਵੇਂ ਬਿਹਾਰ ਚੋਣਾਂ ਹਾਰਨ ਤੋਂ ਬਾਅਦ ਲਾਲੂ ਯਾਦਵ ਪਰਿਵਾਰ ਦੀ ਅੰਦਰੂਨੀ ਲੜਾਈ ਜੱਗ ਜਾਹਰ ਹੋਈ ਹੈ। ਤਾਮਿਲਨਾਡੂ 'ਚ ਕਰੁਣਾਨਿਧੀ ਦੇ ਪੁੱਤਰਾਂ ਵਿਚਕਾਰ ਉੱਤਰਾਧਿਕਾਰ ਨੂੰ ਲੈ ਕੇ ਲੜਾਈ ਹੋਈ ਸੀ। ਸ਼ਾਇਦ ਕਾਂਗਰਸ ਅੰਦਰ ਅਜਿਹਾ ਬਦਸੂਰਤ ਦ੍ਰਿਸ਼ ਸਾਹਮਣੇ ਨਾ ਆਵੇ।

ਅੱਜਕਲ੍ਹ ਪ੍ਰਿਅੰਕਾ ਗਾਂਧੀ ਕਾਫ਼ੀ ਸਰਗਰਮ ਹੈ। ਪਰ ਉਨ੍ਹਾਂ ਦੀ ਦੋ ਧਾਵਾਂ 'ਤੇ ਮੌਜੂਦਗੀ-ਪਹਿਲੀ ਉਨ੍ਹਾਂ ਦੀ ਪ੍ਰਸ਼ਾਂਤ ਕਿਸ਼ੋਰ ਨਾਲ ਮੁਲਾਕਾਤ ਅਤੇ ਦੂਜੀ ਲੋਕ ਸਭਾ ਸਪੀਕਰ ਓਮ ਬਿਰਲਾ ਵਲੋਂ ਦਿੱਤੀ ਗਈ ਚਾਹ ਪਾਰਟੀ ਮੌਕੇ ਉਨ੍ਹਾਂ ਦੀ ਹਾਜ਼ਰੀ ਸਵਾਲ ਖੜ੍ਹੇ ਕਰਦੀ ਹੈ। ਕੀ ਪ੍ਰਿਅੰਕਾ ਤੇ ਪ੍ਰਸ਼ਾਂਤ ਕਿਸ਼ੋਰ ਨਾਲ ਉਨ੍ਹਾਂ ਦੀ ਮੁਲਾਕਾਤ ਅਤੇ ਓਮ ਬਿਰਲਾ ਦੀ ਚਾਹ ਪਾਰਟੀ ਵਿਚ ਉਨ੍ਹਾਂ ਦੀ ਸ਼ਮੂਲੀਅਤ ਨੂੰ ਹਾਈਕਮਾਂਡ ਦੇ 3 ਹੋਰ ਮੈਂਬਰਾਂ ਦੀ ਪ੍ਰਵਾਨਗੀ ਸੀ।

ਇਸ ਬਾਰੇ ਚਰਚਾ ਕਰਨ ਤੋਂ ਪਹਿਲਾਂ ਮੈਂ ਪ੍ਰਿਅੰਕਾ ਗਾਂਧੀ ਦੇ ਰਾਜਨੀਤਿਕ ਕੈਰੀਅਰ 'ਤੇ ਇਕ ਨਜ਼ਰ ਮਾਰਨ ਲਈ ਇਸ ਨੂੰ ਤਿੰਨ ਹਿੱਸਿਆਂ ਵਿਚ ਵੰਡਾਂਗਾ। ਸਭ ਤੋਂ ਪਹਿਲਾਂ ਉਹ ਅਮੇਠੀ ਤੇ ਰਾਏਬਰੇਲੀ ਹਲਕਿਆਂ 'ਚ ਆਪਣੀ ਮਾਂ ਤੇ ਭਰਾ ਲਈ ਚੋਣ ਪ੍ਰਬੰਧਕ ਵਜੋਂ ਜ਼ਿੰਮੇਵਾਰੀ ਨਿਭਾਉਂਦਿਆ ਉਹ ਆਪਣੇ ਆਪ ਨੂੰ ਇਕ



ਵੱਡੀ ਰਾਜਨੀਤਿਕ ਭੂਮਿਕਾ ਲਈ ਤਿਆਰ ਕਰ ਰਹੀ ਸੀ। ਕਾਂਗਰਸੀ ਵਰਕਰਾਂ ਤੇ ਗਾਂਧੀ ਪਰਿਵਾਰ ਦੇ ਪ੍ਰਸ਼ੰਸਕਾਂ ਨੂੰ ਉਸ ਤੋਂ ਬਹੁਤ ਉਮੀਦਾਂ ਹਨ ਕਿਉਂਕਿ ਕਈ ਉਸ 'ਚ ਇੰਦਰਾ ਗਾਂਧੀ ਦਾ ਅਕਸ ਦੇਖਦੇ ਹਨ, ਵਰਕਰ ਉਸ ਨੂੰ ਪਸੰਦ ਕਰਦੇ ਹਨ, ਕਿਉਂਕਿ ਉਹ ਚੰਗੀਆਂ ਗੱਲਾਂ ਬੋਲਦੀ ਹੈ। ਜਦੋਂ ਪ੍ਰਿਅੰਕਾ ਗਾਂਧੀ ਨੂੰ ਉੱਤਰ ਪ੍ਰਦੇਸ਼ ਦੀ ਰਾਜਨੀਤੀ ਵਿਚ ਉਤਾਰਿਆ ਗਿਆ ਤਾਂ ਉਹ ਸਮਾਗਮ ਸਫਲ ਰਿਹਾ ਸੀ ਤੇ ਇਸ ਦੀ ਵਿਆਪਕ ਚਰਚਾ ਵੀ ਹੋਈ ਸੀ।

ਪ੍ਰਿਅੰਕਾ ਗਾਂਧੀ ਦੇ ਰਾਜਨੀਤਿਕ ਕੈਰੀਅਰ ਦੇ ਦੂਜੇ ਪੜਾਅ ਦੀ ਸ਼ੁਰੂਆਤ ਪਾਰਟੀ ਰਣਨੀਤੀਕਾਰ ਤੇ ਯੋਜਨਾਕਾਰ ਵਜੋਂ ਉਸ ਸਮੇਂ ਹੋਈ ਜਦੋ ਉਸ ਨੇ ਪੰਜਾਬ 'ਚ ਕਾਂਗਰਸ ਦੇ ਸੰਕਟ ਨੂੰ ਸੰਭਾਲਿਆ। ਉਹ ਮੁੱਖ ਮੰਤਰੀ ਅਮਰਿੰਦਰ ਸਿੰਘ ਨੂੰ ਪਸੰਦ ਨਹੀਂ ਕਰਦੀ ਸੀ ਤੇ ਉਸ ਨੇ ਨਵਜੋਤ ਸਿੰਘ ਸਿੱਧੂ ਨੂੰ ਮੂਹਰੇ ਲਿਆਂਦਾ। ਅਮਰਿੰਦਰ ਆਪਣੀ ਪਤਨੀ ਦੇ ਨਾਲ ਭਾਜਪਾ ਵਿਚ ਸ਼ਾਮਿਲ ਹੋ ਗਏ, ਉਧਰ ਲੋਕਾਂ ਨੇ ਸਿੱਧੂ ਨੂੰ ਵੀ ਰੱਦ ਕਰ ਦਿੱਤਾ। ਉੱਤਰ ਪ੍ਰਦੇਸ਼ 'ਚ ਪ੍ਰਿਅੰਕਾ ਨੇ ਨਿੱਜੀ ਤੌਰ 'ਤੇ ਅਗਵਾਈ ਪ੍ਰਦਾਨ ਕਰਦਿਆਂ 'ਲੜਕੀ ਹੂੰ, ਲੜ ਸਕਦੀ ਹੂੰ' ਦਾ ਆਕਰਸ਼ਕ ਨਾਅਰਾ ਦਿੱਤਾ, ਪਰ ਕਾਂਗਰਸ ਨੂੰ ਬੇਮਿਸਾਲ ਹਾਰ ਦਾ ਸਾਹਮਣਾ ਕਰਨਾ ਪਿਆ। ਹਾਲਾਂਕਿ ਹਿਮਾਚਲ ਪ੍ਰਦੇਸ਼ ਵਿਚ ਰਾਜੀਵ ਸ਼ੁਕਲਾ ਨੂੰ ਅੱਗੇ ਕਰਕੇ ਉਹ ਸੂਬੇ 'ਚ ਕਾਂਗਰਸ ਦੀ

**ਅਭੈ ਕੁਮਾਰ ਦੂਬੇ**

ਸਰਕਾਰ ਡਿੱਗਣ ਤੋਂ ਬਚਾਉਣ 'ਚ ਕਾਮਯਾਬ ਹੋ ਗਈ। ਉਸ ਦੀ ਰਾਜਨੀਤਿਕ ਰਣਨੀਤੀਕਾਰ ਤੇ ਪ੍ਰਬੰਧਕ ਵਜੋਂ ਭੂਮਿਕਾ ਨੂੰ ਦੇਖਦਿਆਂ ਦਿੱਲੀ ਦੇ ਮੀਡੀਆ ਸਰਕਲਾਂ ਵਿਚ ਘੁਸਰ-ਮੁਸਰ ਹੋਣ ਲੱਗੀ ਹੈ ਕਿ ਜੇਕਰ ਸੋਨੀਆ ਗਾਂਧੀ 2009 ਦੀ ਜਿੱਤ ਤੋਂ ਬਾਅਦ ਰਾਹੁਲ ਗਾਂਧੀ ਨੂੰ ਰਾਜਨੀਤੀ ਵਿਚ ਨਾ ਲਿਆਉਂਦੀ ਤਾਂ ਕਾਂਗਰਸ ਪਾਰਟੀ ਦਾ ਇੰਨਾ ਬੁਰਾ ਹਾਲ ਨਾ ਹੁੰਦਾ । ਰਾਹੁਲ ਗਾਂਧੀ ਵੱਲੋਂ ਪ੍ਰਧਾਨ ਮੰਤਰੀ ਮਨਮੋਹਨ ਸਿੰਘ ਦਾ ਜਨਤਕ ਤੌਰ 'ਤੇ ਅਪਮਾਨ ਕਰਨ ਨੇ ਮੋਦੀ ਨੂੰ ਮਨਮੋਹਨ ਸਿੰਘ ਨੂੰ ਕਾਂਗਰਸ ਦਾ ਕਮਜ਼ੋਰ ਪ੍ਰਧਾਨ ਮੰਤਰੀ ਕਹਿਣ ਦਾ ਮੌਕਾ ਦੇ ਦਿੱਤਾ ਸੀ। ਪ੍ਰਿਅੰਕਾ ਦੇ ਰਾਜਨੀਤਿਕ ਕੈਰੀਅਰ ਦਾ ਤੀਜਾ ਪੜਾਅ ਉਦੋਂ ਸ਼ੁਰੂ ਹੋਇਆ ਜਦੋਂ ਉਸ ਨੇ ਵਾਇਨਾਡ ਤੋਂ ਲੋਕ ਸਭਾ ਮੈਂਬਰ ਬਣ ਕੇ ਸੰਸਦ ਵਿਚ ਪ੍ਰਭਾਵਸ਼ਾਲੀ ਭਾਸ਼ਣ ਦਿੱਤੇ। ਹਾਲ ਹੀ ਵਿਚ ਵੰਦੇ ਮਾਤਰਮ 'ਤੇ ਹੋਈ ਬਹਿਸ ਦੌਰਾਨ ਉਸ ਨੇ ਇਕ ਸ਼ਾਨਦਾਰ ਭਾਸ਼ਣ ਦਿੰਦਿਆਂ ਮੋਦੀ ਦੀਆਂ ਟਿੱਪਣੀਆਂ ਦਾ ਤੱਥਾਂ ਨਾਲ ਖੰਡਨ ਕੀਤਾ। ਜਦੋਂ ਹਰ ਕੋਈ ਪ੍ਰਿਅੰਕਾ ਦੀ ਭਾਸ਼ਣ ਕਲਾ ਦੀ ਪ੍ਰਸ਼ੰਸਾ ਕਰ ਰਿਹਾ ਸੀ ਤਾਂ ਉਸ ਦੀਆਂ ਕੁਝ ਅਜਿਹੀਆਂ ਸਰਗਰਮੀਆਂ ਸਾਹਮਣੇ ਆਈਆਂ ਜਿਨ੍ਹਾਂ 'ਤੇ ਸਵਾਲ ਖੜ੍ਹੇ ਹੋਣ ਲੱਗੇ ਹਨ।

ਕੀ ਪ੍ਰਿਅੰਕਾ ਦੀ ਪ੍ਰਸ਼ਾਂਤ ਕਿਸ਼ੋਰ ਨਾਲ ਮੁਲਾਕਾਤ ਕਾਂਗਰਸ ਹਾਈਕਮਾਨ ਦੁਆਰਾ ਤੈਅ ਰਣਨੀਤੀ ਦਾ ਹਿੱਸਾ ਸੀ ਅਤੇ ਕੀ ਉਹ ਪਾਰਟੀ ਹਾਈਕਮਾਨ ਦੀ ਸਹਿਮਤੀ ਨਾਲ ਓਮ ਬਿਰਲਾ ਦੀ ਚਾਹ ਪਾਰਟੀ ਵਿਚ ਸ਼ਾਮਲ ਹੋਈ ਸੀ? ਜਦੋਂ ਪ੍ਰਸ਼ਾਂਤ ਕਿਸ਼ੋਰ ਤੇ ਕਾਂਗਰਸ ਵੱਖ ਹੋਏ ਤਾਂ ਕੁੜੱਤਣ ਬਹੁਤ ਵਧ ਗਈ ਸੀ। ਲੋਕ ਪ੍ਰਸ਼ਾਂਤ ਕਿਸ਼ੋਰ ਵਲੋਂ ਬਿਹਾਰ ਵਿਧਾਨ ਸਭਾ ਚੋਣਾਂ ਦੌਰਾਨ ਰਾਹੁਲ ਗਾਂਧੀ ਬਾਰੇ ਕੀਤੀਆਂ ਅਪਮਾਨਜਨਕ ਟਿੱਪਣੀਆਂ ਨੂੰ ਭੁੱਲੇ ਨਹੀਂ ਸਨ ਕਿ ਪ੍ਰਿਅੰਕਾ ਦੀ ਪ੍ਰਸ਼ਾਂਤ ਨਾਲ ਮੁਲਾਕਾਤ ਦੇ ਚਰਚੇ ਸ਼ੁਰੂ ਹੋ ਗਏ। ਅਫਵਾਹਾਂ ਫੈਲਣ ਲੱਗੀਆਂ ਕਿ ਪ੍ਰਸ਼ਾਂਤ ਆਪਣੀ 'ਸਵਰਾਜ ਪਾਰਟੀ' ਨੂੰ ਕਾਂਗਰਸ ਵਿਚ ਮਿਲਾਉਣ ਵਾਲੇ ਹਨ ਤੇ ਉਸ ਨੂੰ ਉੱਤਰ ਪ੍ਰਦੇਸ਼, ਕੇਰਲ ਤੇ ਬੰਗਾਲ ਚੋਣਾਂ ਵਿਚ ਕਾਂਗਰਸ ਪਾਰਟੀ ਨੂੰ ਮੁੜ ਸੁਰਜੀਤ ਕਰਨ ਦੀ ਜ਼ਿੰਮੇਵਾਰੀ ਸੌਂਪੀ ਜਾ ਸਕਦੀ ਹੈ। ਪਰ ਲੋਕ ਓਮ ਬਿਰਲਾ ਦੀ ਚਾਹ ਪਾਰਟੀ ਵਿਚ ਪ੍ਰਿਅੰਕਾ ਦੀ ਸ਼ਮੂਲੀਅਤ 'ਤੇ ਚੁੱਪ ਹਨ। ਦਰਅਸਲ ਇਸ ਸਰਗਰਮੀ 'ਤੇ ਇਤਰਾਜ਼ ਦਾ ਮੁੱਖ ਕਾਰਨ ਇਹ ਹੈ ਕਿ ਭਾਜਪਾ ਉਸ ਦਾ ਵਿਰੋਧ ਕਰਨ ਵਾਲੇ ਰਾਜਨੀਤਿਕ ਪਰਿਵਾਰਾਂ ਵਿਚ ਘੁਸਪੈਠ ਕਰਕੇ ਚੁੱਪਚਾਪ ਪਰਿਵਾਰ ਦੇ ਕਿਸੇ 'ਮਹੱਤਵਾਕਾਂਖੀ' ਮੈਂਬਰ 'ਤੇ ਆਪਣਾ ਹੱਥ ਰੱਖ ਦਿੰਦੀ ਹੈ। ਉਸ ਨੇ ਮੁਲਾਇਮ ਪਰਿਵਾਰ ਵਿਚ ਸ਼ਿਵਪਾਲ, ਲਾਲੂ ਪਰਿਵਾਰ ਵਿਚ ਤੇਜ ਪ੍ਰਤਾਪ ਤੇ ਸ਼ਰਦ ਪਵਾਰ ਪਰਿਵਾਰ 'ਚ ਅਜੀਤ ਪਵਾਰ ਦੇ ਸਿਰ 'ਤੇ ਆਪਣਾ ਹੱਥ ਰੱਖਿਆ ਹੋਇਆ ਹੈ। ਹੁਣ ਸਵਾਲ ਇਹ ਹੈ ਕੀ ਭਾਜਪਾ ਗਾਂਧੀ ਪਰਿਵਾਰ 'ਚ ਪ੍ਰਿਅੰਕਾ ਗਾਂਧੀ 'ਤੇ ਆਪਣਾ ਹੱਥ ਰੱਖਣ ਦੀ ਕੋਸ਼ਿਸ਼ ਕਰ ਰਹੀ ਹੈ ਅਤੇ ਪ੍ਰਿਅੰਕਾ ਦੀ ਲਾਪਰਵਾਹੀ ਉਸ ਨੂੰ ਇਹ ਮੌਕਾ ਪ੍ਰਦਾਨ ਕਰ ਰਹੀ ਹੈ।

ਮੇਰਾ ਮੰਨਣਾ ਹੈ ਕਿ ਪ੍ਰਿਅੰਕਾ ਦੇ ਦੋਵੇਂ ਹੱਥਕੰਡੇ ਕਿਸੇ ਨਾ ਕਿਸੇ ਰੂਪ 'ਚ ਪਾਰਟੀ ਦੇ ਅੰਦਰ ਰਾਹੁਲ ਗਾਂਧੀ ਦੀ ਲੀਡਰਸ਼ਿਪ ਨੂੰ ਕਮਜ਼ੋਰ ਕਰ ਸਕਦੇ ਹਨ। ਜੇਕਰ ਪ੍ਰਿਅੰਕਾ ਪਾਰਟੀ ਦੇ ਅੰਦਰ ਸੁਤੰਤਰ ਤੌਰ 'ਤੇ ਅਜਿਹੇ ਫੈਸਲੇ ਲੈ ਸਕਦੀ ਹੈ ਤਾਂ ਸਵਾਲ ਉੱਠਦਾ ਹੈ: ਕਿ, ਕੀ ਰਾਹੁਲ ਦੀ ਲੀਡਰਸ਼ਿਪ ਦੇ ਸਮਾਨਾਂਤਰ ਉਸ ਦੀ ਭੈਣ ਦੀ ਸ਼ਖਸੀਅਤ ਤਾਂ ਨਹੀਂ ਉੱਭਰ ਰਹੀ, ਜਾਂ ਉਭਾਰੀ ਜਾ ਰਹੀ ਹੈ? ਜੇਕਰ ਅਜਿਹਾ ਹੁੰਦਾ ਹੈ ਤਾਂ ਇਹ ਕਾਂਗਰਸ ਦੇ ਭਵਿੱਖ ਲਈ ਖ਼ਤਰਾ ਪੈਦਾ ਕਰੇਗਾ। ਭਾਜਪਾ ਦੇਸ਼ ਵਿਚ ਸਿਰਫ਼ ਇਕ ਨੇਤਾ ਰਾਹੁਲ ਗਾਂਧੀ ਤੋਂ ਡਰਨ ਲੱਗੀ ਹੈ। ਭਾਜਪਾ ਕਾਂਗਰਸ ਦੇ ਅੰਦਰ ਲੀਡਰਸ਼ਿਪ ਦੇ ਸਵਾਲ ਨੂੰ ਦੁਬਾਰਾ ਖੋਲ੍ਹਣ ਲਈ ਸਪੱਸ਼ਟ ਜਾਂ ਗੁਪਤ ਤੌਰ 'ਤੇ ਹਰ ਸੰਭਵ ਕੋਸ਼ਿਸ਼ ਕਰੇਗੀ, ਜੇਕਰ ਅਜਿਹਾ ਹੁੰਦਾ ਹੈ ਤਾਂ ਹਾਈਕਮਾਨ ਦੇ ਬਾਕੀ ਦੇ ਤਿੰਨ ਮੈਂਬਰਾਂ 'ਤੇ ਜ਼ਿੰਮੇਵਾਰੀ ਹੈ। ਉਨ੍ਹਾਂ ਨੂੰ ਪ੍ਰਿਅੰਕਾ ਤੋਂ ਪੁੱਛਣਾ ਚਾਹੀਦਾ ਹੈ ਕਿ ਪ੍ਰਸ਼ਾਂਤ ਕਿਸ਼ੋਰ ਨਾਲ ਮੁਲਾਕਾਤ ਤੇ ਓਮ ਬਿਰਲਾ ਦੀ ਚਾਹ ਪਾਰਟੀ ਵਿਚ ਉਹ ਕਿਸ ਹੈਸੀਅਤ ਵਿਚ ਸ਼ਾਮਿਲ ਹੋਈ ਸੀ, ਕਿਉਂਕਿ ਉਹ ਕਿਸੇ ਵੀ ਸਦਨ ਵਿਚ ਕਾਂਗਰਸ ਦੀ ਨੇਤਾ ਜਾਂ ਉਪ ਨੇਤਾ ਵੀ ਨਹੀਂ ਹੈ। ਜੋ ਵੀ ਹੋਵੇ ਸਥਿਤੀ ਵਿਗੜਨ ਤੋਂ ਪਹਿਲਾਂ ਸੋਨੀਆ ਗਾਂਧੀ ਤੇ ਖੜਗੇ ਜੀ ਨੂੰ ਸਥਿਤੀ 'ਤੇ ਕਾਬੂ ਪਾਉਣਾ ਹੋਵੇਗਾ।

ਸਾਡੇ ਲੋਕ
SADE LOK

ਸਤਨਾਮ ਸਿੰਘ ਖਾਲਸਾ

Office : (925) 243-1300 | Cell : (510) 706-1300 | Fax : (925) 373-1300 | India : 783 706 1300
1406 Janis CT Livermore CA 94551

Disclaimer : Sade Lok Weekly Punjabi Newspaper and People associated with it are not responsible are any chaims made advertisers and do not endorse any product or services advertised in the Sade Lok weekly Punjabi Newspaper. Please Consult your lawyer before buying-hiring-contracting throgh the advertisement. Publish in Sade Lok Weekly Newspaper. In the Business of selling Space and claims made by the advertiser are not tested.

ALL DISPUTES SUBJECTED TO THE COUNTY OF ALAMEDA CALIFORINA. ਲੇਖਕ ਦੇ ਵਿਚਾਰਾਂ ਨਾਲ ਸੰਪਾਦਕ ਦਾ ਅਤੇ ਅਦਾਰਾ ਸਾਡੇ ਲੋਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ।


ਸਫ਼ਰ-ਏ-ਸ਼ਹਾਦਤ

ਚਾਰ ਸਾਹਿਬਜ਼ਾਦਿਆਂ ਦੇ ਸ਼ਹੀਦੀ ਦਿਹਾੜੇ ਨੂੰ ਸਮਰਪਿਤ

Safar-e-Shahadat

# ਗੁਰਦੁਆਰਾ ਸਾਹਿਬ, ਸੈਨਹੋਜੇ ਕੈਲੀਫੋਰਨੀਆ ਵਿਖੇ

ਬਾਬਾ ਜ਼ੋਰਾਵਰ ਸਿੰਘ, ਬਾਬਾ ਫਤਹਿ ਸਿੰਘ ਜੀ ਸੇਵਾ ਸੁਸਾਇਟੀ ਕੈਲੀਫੋਰਨੀਆ ਅਤੇ ਸ੍ਰੀ ਫਤਹਿਗੜ੍ਹ ਸਾਹਿਬ ਇਲਾਕੇ ਦੀਆਂ ਸਮੂਹ ਸੰਗਤਾਂ ਵਲੋਂ ਹਰ ਸਾਲ ਦੀ ਤਰ੍ਹਾਂ ਇਸ ਸਾਲ ਵੀ ਸ੍ਰੀ ਗੁਰਦੁਆਰਾ ਸਾਹਿਬ ਸੈਨਹੋਜੇ ਕੈਲੀਫੋਰਨੀਆ ਵਿਖੇ, ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਛੋਟੇ ਸਾਹਿਬਜ਼ਾਦੇ ਬਾਬਾ ਜ਼ੋਰਾਵਰ ਸਿੰਘ, ਬਾਬਾ ਫਤਹਿ ਸਿੰਘ ਜੀ ਅਤੇ ਮਾਤਾ ਗੁਜਰ ਕੌਰ ਜੀ ਦਾ



# ਸ਼ਹੀਦੀ ਦਿਵਸ

## 26 ਤੋਂ 28 ਦਸੰਬਰ ਤੱਕ ਮਨਾਇਆ ਜਾ ਰਿਹਾ ਹੈ।


**ਅਰੰਭ ਸ੍ਰੀ ਅਖੰਡ ਪਾਠ ਸਾਹਿਬ**

26 ਦਸੰਬਰ 2025 ਦਿਨ ਸ਼ੁੱਕਰਵਾਰ ਸਵੇਰੇ 10.00 ਵਜੇ
28 ਦਸੰਬਰ 2025 ਦਿਨ ਐਤਵਾਰ
ਭੋਗ ਸ੍ਰੀ ਅਖੰਡ ਪਾਠ ਸਾਹਿਬ 10.00 ਵਜੇ ਸਵੇਰੇ
11.00 ਵਜੇ ਸਵੇਰੇ ਤੋਂ 1.00 ਵਜੇ ਦੁਪਹਿਰ ਤੱਕ
ਕੀਰਤਨ, ਕਥਾ, ਢਾਡੀ, ਜਥੇ ਅਤੇ ਬੱਚਿਆਂ ਵਲੋਂ ਕੀਰਤਨ ਹੋਵੇਗਾ।



28 ਦਸੰਬਰ ਨੂੰ ਗੁਰੂ ਘਰ ਦੀ ਹਦੂਦ ਅੰਦਰ ਸ਼ਹੀਦਾਂ ਦੀ ਯਾਦ ਵਿਚ 1.00 ਵਜੇ ਨਗਰ ਕੀਰਤਨ ਹੋਵੇਗਾ





28 ਦਸੰਬਰ ਨੂੰ ਲੰਗਰ ਹਾਲ ਵਿਚ ਸਾਹਿਬਜ਼ਾਦਿਆਂ ਦੀ ਯਾਦ ਵਿਚ ਬੱਚਿਆਂ ਦਾ ਪ੍ਰੋਗਰਾਮ ਹੋਵੇਗਾ

ਸਮੂਹ ਸੰਗਤਾਂ ਨੂੰ ਬੇਨਤੀ ਹੈ
ਜੀ ਵੱਧ ਤੋਂ ਵੱਧ ਪਹੁੰਚ ਕੇ
ਗੁਰੂ ਦੀਆਂ ਅਸੀਸਾਂ ਪ੍ਰਾਪਤ ਕਰੋ ਜੀ

**ਬੇਨਤੀ ਕਰਤਾ :**

ਬਾਬਾ ਜ਼ੋਰਾਵਰ ਸਿੰਘ ਬਾਬਾ ਫਤਹਿ ਸਿੰਘ ਸੇਵਾ ਸੁਸਾਇਟੀ ਕੈਲੀਫੋਰਨੀਆ ਅਤੇ ਸਮੂਹ ਸੰਗਤ ਇਲਾਕਾ ਸ੍ਰੀ ਫਤਹਿਗੜ੍ਹ ਸਾਹਿਬ

(408) 891-3515, (408) 648-6774, (408) 466-3133, (209) 456-0387,
(209) 968-6118, (650) 771-6671, (408) 206-0095, (408) 903-5713

# LM Trans




## NC, SC, GA, FL, AL, LA, MS to CA, AZ, NV,
## CA, AZ, NV to NC, SC, GA, FL, AL, LA, MS

- ਸਾਨੂੰ ਉਨਰ ਅਪਰੇਟਰ ਅਤੇ ਡਰਾਈਵਰਾਂ ਦੀ ਜ਼ਰੂਰਤ ਹੈ,
- ਸਾਡੇ ਕੋਲ ਪੱਕੇ ਲੋਡ ਅਤੇ ਕੰਮ ਸਾਰਾ ਸਾਲ।
- ਚੰਗੇ ਰੇਟ ਅਤੇ ਪੈਸੇ ਦਾ ਭੁਗਤਾਨ ਸਮੇਂ ਸਿਰ ਕੀਤਾ ਜਾਂਦਾ ਹੈ।
- ਤੁਹਾਡੇ ਕੋਲ VALID CDL ਅਤੇ ਘੱਟੋ ਘੱਟ 2 ਸਾਲ ਦਾ ਤਜਰਬਾ ਹੋਣਾ ਚਾਹੀਦਾ ਹੈ।

**ਸਾਡੇ ਨਾਲ ਕੰਮ ਕਰਨ ਲਈ ਸਾਨੂੰ ਅੱਜ ਹੀ ਕਾਲ ਕਰੋ**

**Lokesh Kumar**
**470 334 0020**

7437 avalon blvd, alpharetta, ga 30022
lmtrans868@gmail.com

# ਟਰੰਪ ਪ੍ਰਸ਼ਾਸਨ ਵਲੋਂ ਇਰਾਨੀ ਤੇਲ ਦੀ ਢੋਆ-ਢੁਆਈ ਨਾਲ ਜੁੜੀਆਂ ਭਾਰਤੀ ਕੰਪਨੀਆਂ 'ਤੇ ਪਾਬੰਦੀ

ਸੈਕਰਾਮੈਂਟੋ, (ਹੁਸਨ ਲੜੋਆ ਬੰਗਾ)-ਟਰੰਪ ਪ੍ਰਸ਼ਾਸਨ ਨੇ ਇਰਾਨੀ ਤੇਲ ਤੇ ਤੇਲ ਪਦਾਰਥਾਂ ਦੀ ਢੋਆ ਢੁਆਈ ਨਾਲ ਜੁੜੀਆਂ ਕੰਪਨੀਆਂ ਤੇ ਸਮੁੰਦਰੀ ਬੇੜਿਆਂ ਉਪਰ ਪਾਬੰਦੀਆਂ ਲਾ ਦਿੱਤੀਆਂ ਹਨ। ਇਨ੍ਹਾਂ ਵਿਚ ਭਾਰਤੀ ਕੰਪਨੀਆਂ ਵੀ ਸ਼ਾਮਿਲ ਹਨ। ਅਮਰੀਕੀ ਵਿਤ ਵਿਭਾਗ ਨੇ ਕਿਹਾ ਹੈ ਕਿ ਉਨ੍ਹਾਂ ਦੇ ਇਸ ਕਦਮ ਦਾ ਮੰਤਵ ਇਰਾਨੀ ਹਕੂਮਤ ਦੀ ਆਮਦਨੀ ਨੂੰ ਰੋਕਣਾ ਹੈ ਜੋ ਆਮਦਨੀ ਉਹ ਅੱਤਵਾਦ ਤੇ ਹੋਰ ਗੈਰ ਕਾਨੂੰਨੀ ਸਰਗਰਮੀਆਂ ਲਈ ਵਰਤਦੀ ਹੈ। ਕੁਲ 29 ਕੰਪਨੀਆਂ ਜਾਂ ਸਮੁੰਦਰੀ ਬੇੜਿਆਂ ਉਪਰ ਪਾਬੰਦੀ ਲਾਈ ਗਈ ਹੈ। ਬਾਰਬਾਡੋਸ-ਫਲੈਗਡ ਵੈਸਲ ਫਲੋਰਾ ਡੋਲਸੀ ਉਪਰ ਪਾਬੰਦੀ ਲਾਈ ਗਈ ਹੈ ਜਿਸ ਨੂੰ ਭਾਰਤੀ ਕੰਪਨੀ ਰੁਕਬੈਟ ਮੈਰਾਈਨ ਸਰਵਿਸਿਜ਼ ਵਲੋਂ ਚਲਾਇਆ ਜਾਂਦਾ ਹੈ ਜਿਸ ਨੇ ਅਪ੍ਰੈਲ 2025 ਤੋਂ ਲੈ ਕੇ ਲੱਖਾਂ ਬੈਰਲ ਇਰਾਨੀ ਤੇਲ ਦੀ ਢੋਆ ਢੁਆਈ ਕੀਤੀ ਹੈ। ਇਸ ਤੋਂ ਇਲਾਵਾ ਪਨਾਮਾ ਫਲੈਗਡ ਔਰਾ ਵੈਸਲ ਸ਼ਾਮਿਲ ਹੈ ਜਿਸ ਨੂੰ ਭਾਰਤੀ ਕੰਪਨੀ ਗੋਲਡਨ ਗੇਟ ਸ਼ਿੱਪ ਮੈਨੇਜਮੈਂਟ ਦੁਆਰਾ ਚਲਾਇਆ ਜਾਂਦਾ ਹੈ। ਰਮਈਆ ਵੈਸਲ 'ਤੇ ਵੀ ਪਾਬੰਦੀ ਲਾਈ ਗਈ ਹੈ ਜਿਸ ਦੀ ਮਾਲਕ ਭਾਰਤੀ ਕੰਪਨੀ ਡਰੀਆ ਸ਼ਿੰਪਿੰਗ ਪ੍ਰਾਈਵੇਟ ਲਿਮਟਡ ਹੈ। ਇਸ ਨੇ ਸਤੰਬਰ 2025 ਤੋਂ ਲੈ ਕੇ ਇੱਕ ਲੱਖ ਬੈਰਲ ਇਰਾਨੀ ਤੇਲ ਦੀ ਢੋਆ ਢੋਆਈ ਕੀਤੀ ਹੈ।



# ਕੈਲੀਫੋਰਨੀਆ 'ਚ ਵਪਾਰਕ ਲਇਸੈਂਸ ਰੱਦ ਕੀਤੇ ਜਾਣ ਦੇ ਮਾਮਲੇ 'ਚ ਰਾਹਤ ਮਿਲਣ ਦੀ ਆਸ : ਅਟਾਰਨੀ ਜਸਪ੍ਰੀਤ ਸਿੰਘ

ਫਰਾਂਸਿਸਕੋ : ਕੈਲੀਫੋਰਨੀਆ ਦੇ 17 ਹਜ਼ਾਰ ਤੋਂ ਵੱਧ ਲੋਕ ਜਿਨ੍ਹਾਂ 'ਤੇ ਕਮਰਸ਼ੀਅਲ ਡਰਾਇਵਿੰਗ ਲਾਇਸੈਂਸ (ਸੀ.ਡੀ.ਐਲ.) ਖੋਹੇ ਜਾਣ ਦੀ ਤਲਵਾਰ ਲਟਕ ਰਹੀ ਹੈ, ਹੁਣ ਉਨ੍ਹਾਂ ਨੂੰ ਕੁਝ ਰਾਹਤ ਮਿਲਣ ਦੀ ਆਸ ਬੱਝੀ ਹੈ। ਸੂਬਾ ਸਰਕਾਰ ਇਸ ਮਸਲੇ 'ਤੇ ਮੁੜ ਗੰਭੀਰਤਾ ਨਾਲ ਵਿਚਾਰ ਕਰਨ ਲਈ ਸਹਿਮਤ ਹੋ ਗਈ ਹੈ। ਅਮਰੀਕਾ ਦੇ ਇਮੀਗ੍ਰੇਸ਼ਨ ਮਾਮਲਿਆਂ ਦੇ ਵਕੀਲ ਜਸਪ੍ਰੀਤ ਸਿੰਘ ਅਟਾਰਨੀ ਐਟ ਲਾਅ ਨੇ ਦੱਸਿਆ ਕਿ ਪਿਛਲੇ ਦਿਨੀ ਜੋ ਫੈਡਰਲ ਕੋਰਟ ਨੇ ਸਟੇਅ ਦਿੱਤੀ ਸੀ ਉਸ 'ਤੇ ਦੁਬਾਰਾ ਸੁਣਵਾਈ ਹੋਈ ਹੈ, ਜਿਸ ਤਹਿਤ 3 ਦਸੰਬਰ ਤੱਕ ਸਰਕਾਰ ਦੇ ਪਹਿਲੇ ਫੈਸਲੇ 'ਤੇ ਰੋਕ ਲਗਾਉਂਦਿਆਂ ਸਾਰੇ ਕੇਸ ਨੂੰ ਰੋਕ ਦਿੱਤਾ ਗਿਆ ਸੀ। ਕਿਉਂਕਿ ਸਰਕਾਰ ਨੇ ਇਹ ਕਿਹਾ ਸੀ ਡਿਪਾਰਟਮੈਂਟ ਆਫ ਟਰਾਂਸਪੋਰਟੇਸ਼ਨ ਅਨੁਸਾਰ 8000 ਤੋਂ ਵੱਧ ਇਸ ਮਾਮਲੇ 'ਤੇ ਆਈਆਂ ਟਿੱਪਣੀਆਂ ਕਾਰਨ ਇਸ 'ਤੇ ਵਿਚਾਰ ਕਰਨਾ ਬਣਦਾ ਹੈ। ਜਸਪ੍ਰੀਤ ਹੋਰਾਂ ਕਿਹਾ ਕਿ ਕੈਲੀਫੋਰਨੀਆ ਸਟੇਟ ਵੀ ਆਪਣੀ ਨੀਤੀ ਬਦਲਣ ਜਾ ਰਿਹਾ ਹੈ ਤੇ ਇਸ ਬਾਰੇ ਕੈਲੀਫੋਰਨੀਆ ਦੇ ਲੈਫਟੀਨੈਂਟ ਗਵਰਨਰ, ਕੁਝ ਹੋਰ ਅਧਿਕਾਰੀਆਂ ਤੇ ਸਟੇਟ ਅਸੈਂਬਲੀ ਮੈਂਬਰਾਂ ਨਾਲ ਹੋਈ ਗੱਲਬਾਤ ਪਿੱਛੋਂ ਲੱਗਾ ਹੈ ਕਿ ਸੂਬਾ ਕੁਝ ਅਹਿਮ ਤਬਦੀਆਂ ਲਿਆਉਣ ਲਈ ਯਤਨਸ਼ੀਲ ਹੈ। ਲਾਇਸੈਂਸ ਰੱਦ ਕੀਤੇ ਜਾਣ ਦੇ ਫੈਸਲੇ ਨਾਲ ਵੱਡੀ ਗਿਣਤੀ ਵਿਚ ਪੰਜਾਬੀ ਭਾਈਚਾਰਾ ਵੀ ਪ੍ਰਭਾਵਿਤ ਸੀ। ਦੂਜੇ ਪਾਸੇ ਅਟਾਰਨੀ ਜਸਪ੍ਰੀਤ ਸਿੰਘ ਨੇ ਨਿਊਜਰਸੀ ਦੀ ਗਵਰਨਰ ਮਿਕੀ ਸ਼ੈਰਿਲ ਦੀ ਟੀਮ, ਨਿਊਜਰਸੀ ਦੇ ਗਵਰਨਰ ਫਿਲ ਮਰਫੀ, ਨਾਰਥ ਕਰੋਲੀਨਾ ਦੇ ਸਾਬਕਾ ਗਵਰਨਰ ਅਤੇ ਅਮਰੀਕੀ ਸੈਨੇਟ ਉਮੀਦਵਾਰ ਰਾਏ ਕੂਪਰ, ਨਿਊਯਾਰਕ ਦੇ ਗਵਰਨਰ ਕੈਥੀ ਹੋਚੁਲ ਨਾਲ ਮੁਲਾਕਾਤ ਕਰਕੇ ਪੰਜਾਬੀ ਭਾਈਚਾਰੇ ਦੀਆਂ ਸਮੱਸਿਆਵਾਂ 'ਤੇ ਵੀ ਚਰਚਾ ਕੀਤੀ। ਉਨ੍ਹਾਂ ਨਾਲ ਪ੍ਰਮੁੱਖ ਸਿੱਖ ਆਗੂ ਤੇ ਗੁਰਦੁਆਰਾ ਸਿੱਖ ਕਲਚਰ ਸੁਸਾਇਟੀ ਦੇ ਮੈਂਬਰ ਵੀ ਹਾਜ਼ਰ ਸਨ।



# ਟਰੰਪ ਵਲੋਂ ਗਰੀਨ ਕਾਰਡ ਲਾਟਰੀ ਪ੍ਰੋਗਰਾਮ ਮੁਅੱਤਲ

ਵਾਸ਼ਿੰਗਟਨ : ਰਾਸ਼ਟਰਪਤੀ ਡੋਨਾਲਡ ਟਰੰਪ ਨੇ ਗ੍ਰੀਨ ਕਾਰਡ ਲਾਟਰੀ ਪ੍ਰੋਗਰਾਮ ਨੂੰ ਮੁਅੱਤਲ ਕਰ ਦਿੱਤਾ, ਜਿਸ ਨਾਲ ਬ੍ਰਾਊਨ ਯੂਨੀਵਰਸਿਟੀ ਅਤੇ ਐਮ.ਆਈ.ਟੀ. ਗੋਲੀਬਾਰੀ ਦੇ ਸ਼ੱਕੀ ਨੂੰ ਅਮਰੀਕਾ ਆਉਣ ਦੀ ਇਜਾਜ਼ਤ ਮਿਲੀ ਸੀ। ਗ੍ਰਹਿ ਸੁਰੱਖਿਆ ਸਕੱਤਰ ਕ੍ਰਿਸਟੀ ਨੋਇਮ ਨੇ 'ਐਕਸ' 'ਤੇ ਇਕ ਪੋਸਟ 'ਚ ਕਿਹਾ ਕਿ ਟਰੰਪ ਦੇ ਨਿਰਦੇਸ਼ਾਂ 'ਤੇ ਉਹ ਸੰਯੁਕਤ ਰਾਜ ਨਾਗਰਿਕਤਾ ਅਤੇ ਇਮੀਗ੍ਰੇਸ਼ਨ ਸੇਵਾਵਾਂ ਨੂੰ ਪ੍ਰੋਗਰਾਮ ਰੋਕਣ ਦਾ ਆਦੇਸ਼ ਦੇ ਰਹੀ ਹੈ। ਉਸ ਨੇ ਸ਼ੱਕੀ, ਪੁਰਤਗਾਲੀ ਨਾਗਰਿਕ ਕਲੌਡੀਓ ਨੇਵੇਸ ਵੈਲੇਂਟੇ ਬਾਰੇ ਕਿਹਾ ਕਿ ਇਸ ਘਿਨਾਉਣੇ ਵਿਅਕਤੀ ਨੂੰ ਸਾਡੇ ਦੇਸ਼ ਵਿਚ ਕਦੇ ਵੀ ਆਉਣ ਦੀ ਇਜਾਜ਼ਤ ਨਹੀਂ ਦਿੱਤੀ ਜਾਣੀ ਚਾਹੀਦੀ ਸੀ। ਨੇਵੇਸ ਵੈਲੇਂਟੇ (48) 'ਤੇ ਬ੍ਰਾਊਨ ਯੂਨੀਵਰਸਿਟੀ ਵਿਚ ਹੋਈ ਗੋਲੀਬਾਰੀ ਦਾ ਸ਼ੱਕ ਹੈ, ਜਿਸ 'ਚ ਦੋ ਵਿਦਿਆਰਥੀਆਂ ਦੀ ਮੌਤ ਹੋ ਗਈ ਸੀ ਅਤੇ 9 ਹੋਰ ਜ਼ਖਮੀ ਹੋ ਗਏ ਸਨ ਅਤੇ ਇਕ ਐਮ.ਆਈ.ਟੀ. ਪ੍ਰੋਫੈਸਰ ਦੀ ਹੱਤਿਆ ਦਾ ਵੀ ਦੋਸ਼ ਹੈ। ਅਧਿਕਾਰੀਆਂ ਨੇ ਦੱਸਿਆ ਕਿ ਵੀਰਵਾਰ ਸ਼ਾਮ ਨੂੰ ਉਹ ਮ੍ਰਿਤਕ ਪਾਇਆ ਗਿਆ ਸੀ। ਟਰੰਪ ਲੰਬੇ ਸਮੇਂ ਤੋਂ ਡਾਇਵਰਸਿਟੀ ਵੀਜ਼ਾ ਲਾਟਰੀ ਦਾ ਵਿਰੋਧ ਕਰ ਰਹੇ ਹਨ।

# ਦੂਸਰੇ ਵਿਸ਼ਵ ਯੁੱਧ ਵਿੱਚ ਬਚਿਆ ਆਖਰੀ ਨੇਵੀ ਸੈਨਿਕ ਦਾ 105 ਸਾਲ ਦੀ ਉਮਰ ਵਿੱਚ ਦੇਹਾਂਤ

ਸੈਕਰਾਮੈਂਟੋ/ਕੈਲੀਫੋਰਨੀਆ, (ਹੁਸਨ ਲੜੋਆ ਬੰਗਾ)-1941 ਵਿੱਚ ਦੂਸਰੇ ਵਿਸ਼ਵ ਯੁੱਧ ਦੌਰਾਨ ਪਰਲ ਬੰਦਰਗਾਹ (ਹਵਾਈ) ਉਪਰ ਜਪਾਨੀ ਬੰਬਾਰੀ ਵਿੱਚ ਬਚੇ ਨੇਵੀ ਸੈਨਿਕਾਂ ਵਿਚੋਂ ਜੀਂਦਾ ਆਖਰੀ ਸੈਨਿਕ ਈਰਾ 'ਇਕੇਲੂ' ਸ਼ਾਬ ਦਾ ਵੀ 105 ਸਾਲ ਦੀ ਉਮਰ ਵਿੱਚ ਦੇਹਾਂਤ ਹੋ ਗਿਆ। ਧੀ ਕਿਮਬਰਲੀ ਹੀਨਰਿਚਸ ਨੇ ਖਬਰ ਏਜੰਸੀ ਨੂੰ ਦੱਸਿਆ ਕਿ ਸ਼ਾਬ ਨੇ ਸ਼ਨੀਵਾਰ ਤੜਕੇ ਉਸ ਤੇ ਉਸ ਦੇ ਪਤੀ ਦੀ ਹਾਜਰੀ ਵਿੱਚ ਆਖਰੀ ਸਾਹ ਲਿਆ। ਇਸ ਹਮਲੇ ਵਿੱਚ 2400 ਅਮਰੀਕੀ ਸੈਨਿਕ ਮਾਰੇ ਗਏ ਸਨ ਤੇ ਇਕ ਦਰਜਨ ਦੇ ਕਰੀਬ ਹੀ ਸੈਨਿਕ ਬਚੇ ਸਨ ਜਿਨ੍ਹਾਂ ਵਿਚ ਸ਼ਾਬ ਵੀ ਸ਼ਾਮਿਲ ਸੀ। ਸ਼ਾਬ ਬੀਵਰਟਨ,ਓਰੇਗੋਨ ਦਾ ਵਸਨੀਕ ਸੀ।








ਸ੍ਰ. ਗੁਰਚਰਨਜੀਤ ਸਿੰਘ ਲਾਂਬਾ

ਸ੍ਰ. ਗੁਰਚਰਨਜੀਤ ਸਿੰਘ ਲਾਂਬਾ ਪੰਥਕ ਸਫ਼ਾਂ ਦੇ ਅੰਦਰ ਇਕ ਉਘੇ ਸਿੱਖ ਚਿੰਤਕ ਅਤੇ ਵਿਦਵਾਨ ਵਜੋਂ ਜਾਣੇ ਜਾਂਦੇ ਹਨ। ਆਪ ਨੇ ਪੰਥਕ ਤੇ ਧਾਰਮਿਕ ਸੂਝ-ਸਮਝ ਆਪਣੇ ਮਾਤਾ ਪਿਤਾ ਤੋਂ ਹੀ ਪ੍ਰਾਪਤ ਕੀਤੀ। ਸ੍ਰ. ਗੁਰਚਰਨਜੀਤ ਸਿੰਘ ਲਾਂਬਾ ਜੀ ਇੱਕ ਅੰਮ੍ਰਿਤਧਾਰੀ ਗੁਰੂ ਕੇ ਸਿੱਖ ਹਨ ਅਤੇ ਪੂਰੀ ਦੁਨੀਆ ਵਿੱਚ ਸਿੱਖ ਪੰਥ ਦੀ ਨਿਧੱੜਕ ਅਵਾਜ਼ ਹਨ। ਉਨ੍ਹਾਂ ਨੇ 1973 ਵਿਚ ਪਟਨਾ ਸਾਹਿਬ ਵਿਖੇ ਹੀ ਪਟਨਾ ਯੂਨੀਵਰਸਿਟੀ ਤੋਂ ਐਲ.ਐਲ.ਬੀ. ਦੀ ਡਿਗਰੀ ਹਾਸਲ ਕਰਕੇ ਵਕਾਲਤ ਦੇ ਨਾਲ ਨਾਲ ਟੀ.ਵੀ. ਪੱਤਰਕਾਰ ਦੇ ਪੇਸ਼ੇ ਨੂੰ ਅਪਨਾਇਆ। ਆਪ 2003 ਤੋਂ 2011 ਈ. ਤੱਕ ਸੰਤ ਸਿਪਾਹੀ ਰਸਾਲੇ ਦੇ ਐਡੀਟਰ ਰਹੇ। ਆਪ ਪੰਥਕ, ਧਾਰਮਿਕ ਤੇ ਕਾਨੂੰਨੀ ਮਸਲਿਆਂ, ਗੁਰਦੁਆਰਾ ਐਕਟ ਪੈਨਲ ਅਤੇ ਧਰਮਾਂ ਦੇ ਤੁਲਾਨਤਮਿਕ ਅਧਿਐਨ ਵਰਗੇ ਵਿਸ਼ਿਆਂ ਦੇ ਗਹਿਰ-ਗੰਭੀਰ ਖੋਜੀ ਬਣਕੇ ਪੰਥ ਦੇ ਵਡੇਰੇ ਹਿਤਾਂ ਲਈ ਯੋਗਦਾਨ ਪਾਉਂਦੇ ਰਹੇ। ਕਈ ਰਾਸ਼ਟਰੀ ਅਤੇ ਅੰਤਰਰਾਸ਼ਟਰੀ ਸੈਮੀਨਾਰਾਂ ਵਿਚ ਖੋਜ ਭਰਪੂਰ ਪਰਚੇ ਪੜ੍ਹੇ। "ਇਕ ਖਤ ਭਾਈ ਤਾਰੂ ਸਿੰਘ ਜੀ ਦੇ ਨਾਮ" ਅਤੇ "ਦਸਤਾਰ ਕਿ ਟੋਪੀ" ਆਪ ਦੀਆਂ ਇਨ੍ਹਾਂ ਪੁਸਤਕਾਂ ਨੂੰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਧਰਮ ਪ੍ਰਚਾਰ ਲਈ ਛਾਪਿਆ। ਆਪ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੁਆਰਾ ਪੰਥਕ ਮਸਲਿਆਂ ਦੇ ਹੱਲ ਲਈ ਬਣਾਈਆਂ ਕਈ ਸਬ ਕਮੇਟੀਆਂ ਦੇ ਮੈਂਬਰ ਵਜੋਂ ਵੀ ਕਾਰਜਸ਼ੀਲ ਰਹੇ। ਆਪ ਦੀ ਲਿਖੀ ਇਹ ਹੱਥੀ ਪੁਸਤਕ "ਸਾਖੀ ਸਿੱਖ ਰਹਿਤ ਮਰਯਾਦਾ ਜੀ ਕੀ" ਸਿੱਖ ਰਹਿਤ ਮਰਯਾਦਾ ਦੀ ਜਾਣਕਾਰੀ ਦੇਣ ਦੇ ਨਾਲ ਨਾਲ ਪੰਥ ਵਿਚ ਇਸ ਦੀ ਅਹਿਮੀਅਤ ਨੂੰ ਵੀ ਬਿਆਨ ਕਰਦੀ ਹੈ। ਆਪਜੀ ਦੀ ਕਿਤਾਬ ਪੰਥਕ ਨਜ਼ਰ ਇੱਕ ਇਤਿਹਾਸਕ ਦਸਤਾਵੇਜ਼ ਹੈ ਜੋ ਸਮੇਂ-ਸਮੇਂ ਵਰਤੇ ਇਤਿਹਾਸ ਦੀ ਗਵਾਹੀ ਭਰਦਾ ਹੈ। ਆਪ ਸ੍ਰੀ ਅਕਾਲ ਤਖਤ ਸਾਹਿਬ ਅਤੇ ਇਥੋਂ ਪੰਥ ਲਈ ਜਾਰੀ ਸਿੱਖ ਰਹਿਤ ਮਰਯਾਦਾ ਨੂੰ ਸਮਰਪਿਤ ਹਨ। ਸ੍ਰ. ਗੁਰਚਰਨਜੀਤ ਸਿੰਘ ਲਾਂਬਾ ਜੀ ਕੌਮ ਨੂੰ ਆ ਰਹੀਆਂ ਦਰਪੇਸ਼ ਖਤਰਿਆਂ ਉਪਰ ਬੇਬਾਕੀ ਦੇ ਨਾਲ ਬੋਲਦੇ ਅਤੇ ਕੌਮ ਨੂੰ ਅਗਾਹ ਕਰਦੇ ਹਨ। ਸ੍ਰ. ਗੁਰਚਰਨਜੀਤ ਸਿੰਘ ਲਾਂਬਾ ਜੀ ਪਿਛਲੇ ਲੰਬੇ ਸਮੇ ਤੋਂ 'ਸਾਡੇ ਲੋਕ' ਅਖਬਾਰ ਲਈ ਪੰਥ ਅਤੇ ਪੰਜਾਬ ਦੇ ਭਲੇ ਲਈ ਲਗਾਤਾਰ ਲਿਖ ਰਹੇ ਹਨ। ਅਸੀਂ ਉਨ੍ਹਾਂ ਦੀ ਇਤਿਹਾਸਕ ਕਿਤਾਬ ਪੰਥਕ ਨਜ਼ਰ ਨੂੰ ਲਗਾਤਰ ਹਫਤਾਵਾਰੀ ਛਾਪ ਰਹੇ ਹਾਂ। ਇਸ ਹਫਤੇ ਤੋਂ ਉਨ੍ਹਾਂ ਦੀ ਕੌਮ ਨੂੰ ਵੱਡੀ ਦੇਣ 'ਸਾਖੀ ਸਿੱਖ ਰਹਿਤ ਮਰਿਆਦਾ ਜੀ ਕੀ' ਸ਼ੁਰੂ ਕਰ ਰਹੇ ਹਾਂ। ਇਥੇ ਇਹ ਜ਼ਿਕਰਯੋਗ ਹੈ ਕੀ ਇਸ ਕਿਤਾਬ ਨੂੰ ਲਿਖਣ ਲਈ ਦਹਾਕਿਆਂ ਦਾ ਸਮਾਂ ਲੱਗਾ ਹੈ ਅਤੇ ਆਸ ਹੈ ਕੀ ਪਾਠਕ ਇਸ ਇਤਿਹਾਸਕ ਦਸਤਾਵੇਜ਼ ਤੋਂ ਜ਼ਰੂਰ ਲਾਭ ਉਠਾਉਣਗੇ। ਅਸੀਂ 'ਸਾਖੀ ਸਿੱਖ ਰਹਿਤ ਮਰਿਆਦਾ ਜੀ ਕੀ' ਛਾਪਕੇ ਖੁਸ਼ੀ ਮਹਿਸੂਸ ਕਰ ਰਹੇ ਹਾਂ :- ਧੰਨਵਾਦ ਸਾਹਿਤ ਸਤਨਾਮ ਸਿੰਘ ਖਾਲਸਾ

*ਇਤਿਹਾਸ ਦੇ ਝਰੋਖੇ ਵਿਚੋਂ*

# ਸਿੱਖ ਰਹਿਤ ਮਰਯਾਦਾ ਦਾ ਖਰੜੇ ਤੋਂ ਪੰਥ ਪ੍ਰਵਾਨਤ ਹੋਣ ਦਾ ਸਫ਼ਰ

## ਪਹਿਲਾ ਪੜਾਅ ਸ਼੍ਰੋਮਣੀ ਗੁਰਦਆਰਾ ਪ੍ਰਬੰਧਕ ਕਮੇਟੀ ਅਤੇ ਸ਼੍ਰੋਮਣੀ ਅਕਾਲੀ ਦੀ ਕਾਇਮੀ

**(ਲੜੀ ਜੋੜਨ ਲਈ ਪਿਛਲਾ ਅੰਕ ਦੇਖੋ)**

ਪਰ ਗੁਰਮਤਿ ਅਨੁਸਾਰ ਚਾਰ ਬੱਜਰ ਕੁਰਹਿਤਾਂ ਵਿਚ ਕਿਸੇ ਵੀ ਹਾਲਤ ਵਿਚ ਛੋਟ ਨਹੀਂ ਦਿੱਤੀ ਜਾ ਸਕਦੀ ਹੈ। ਇਸ ਦੀ ਅਵੱਗਿਆ ਸਿੱਖ ਨੂੰ ਸਿੱਖੀ ਤੋਂ ਪਤਿਤ ਕਰ ਦਿੰਦੀ ਹੈ। ਇਸ ਵਿਚ ਕਿਸੇ ਲਾਲਚ, ਡਰ ਜਾਂ ਦਬਾਅ ਦੀ ਕੋਈ ਥਾਂ ਨਹੀਂ ਹੈ। ਸਿੱਖ ਤਾਂ ਰੋਜ਼ ਅਰਦਾਸ ਕਰ ਕੇ ਉਨ੍ਹਾਂ ਦਾ ਜੈਕਾਰ ਕਰਦਾ ਹੈ ਜਿਨ੍ਹਾਂ ਨੇ ਸਿੱਖੀ ਕੇਸਾਂ ਸੁਆਸਾਂ ਸੰਗ ਨਿਬਾਹੀ।

ਇਹ ਵੀ ਕਹਿਣਾ ਸਹੀ ਨਹੀਂ ਹੈ ਕਿ ਇਹ ਮਸਲਾ ਕੇਵਲ ਗੁਰੂ ਸਾਹਿਬ ਵੇਲੇ ਸੀ ਹੁਣ ਨਹੀਂ ਹੈ। ਦੇਸ਼ ਦੀ ਵੰਡ ਤੋਂ ਪਹਿਲਾਂ ਵੀ ਪੰਜਾਬ ਸਰਕਾਰ ਨੇ ਝਟਕੇ 'ਤੇ ਪਾਬੰਦੀ ਲਗਾ ਦਿੱਤੀ ਸੀ। ਇਸ ਬਾਰੇ ਕੌਮ ਨੂੰ ਵੱਡੀ ਜੱਦੋ-ਜਹਿਦ ਕਰਨੀ ਪਈ ਅਤੇ ਆਖ਼ਿਰ ਸਿਕੰਦਰ-ਬਲਦੇਵ ਸਿੰਘ ਪੈਕਟ ਰਾਹੀਂ ਇਹ ਪਾਬੰਦੀ ਸਮਾਪਤ ਹੋਈ।


ਮੌਜੂਦਾ ਦੌਰ ਵਿਚ ਇਹ ਮਸਲਾ ਪਹਿਲੇ ਨਾਲੋਂ ਵੱਧ ਗੰਭੀਰ ਹੈ। ਹੁਣ ਤਾਂ ਦੇਸ਼ ਅਤੇ ਵਿਦੇਸ਼ ਵਿਚ ਤਕਰੀਬਨ ਤਕਰੀਬਨ ਹਰ ਹੋਟਲ, ਰੇਂਸਤਰਾਂ ਅਤੇ ਫਾਸਟ ਫੂਡ ਚੇਨਸ ਵਿਚ ਅਤੇ ਭਾਰਤ ਵਿਚ ਵੀ ਰੇਲਵੇ, ਹਵਾਈ ਸਫ਼ਰ, ਫੌਜੀ ਅਦਾਰੇ ਆਦਿ ਸਭ ਥਾਂ ਹਲਾਲ ਹੀ ਦਿੱਤਾ ਜਾਂਦਾ ਹੈ। ਇਸ ਲਈ ਮਾਸ ਖਾਣ ਵਾਲਿਆਂ ਵਿਚ ਕੋਈ ਵਿਰਲਾ ਹੀ ਹੈ ਜੋ ਇਸ ਬਾਰੇ ਚੇਤੰਨ ਹੋਵੇ ਜਾਂ ਆਵਾਜ਼ ਉਠਾਏ। ਅਮਲੀ ਤੌਰ 'ਤੇ ਜਿਹੜੇ ਮਾਸ ਨਹੀਂ ਖਾਂਦੇ ਉਨ੍ਹਾਂ ਨੂੰ ਇਸ ਨਾਲ ਕੋਈ ਫ਼ਰਕ ਨਹੀਂ ਪੈਂਦਾ ਅਤੇ ਜੋ ਖਾਂਦੇ ਹਨ ਉਨ੍ਹਾਂ ਨੂੰ ਵੀ ਕੋਈ ਫਰਕ ਨਹੀਂ ਪੈ ਰਿਹਾ। ਉਹ ਵੀ ਅੱਖਾਂ ਬੰਦ ਕਰਕੇ ਠੀਕ ਹੀ ਹੋਣਾ ਕਹਿ ਕੇ ਪਤਿਤਪੁਣੇ ਦੇ ਸ਼ਿਕਾਰ ਹੁੰਦੇ ਜਾ ਰਹੇ ਹਨ। ਪੰਥਕ ਤੌਰ 'ਤੇ ਇਸ ਨੂੰ ਗੰਭੀਰਤਾ ਨਾਲ ਲੈ ਕੇ ਕੋਈ ਹੱਲ ਲੱਭਣਾ ਚਾਹੀਦਾ ਹੈ। ਐਸਾ ਨਾ ਹੋਵੇ ਅਗਲੀ ਸਾਰੀ ਪੀੜ੍ਹੀ ਹੀ ਇਸ ਇਕ ਬੱਜਰ ਕੁਰਹਿਤ ਦੀ ਰੋਗੀ ਹੋ ਜਾਏ।

ਨਿਸਚਿਤ ਤੌਰ 'ਤੇ ਸਿੱਖ ਰਹਿਤ ਮਰਯਾਦਾ ਵਿਚ ਮਾਸ ਖਾਣ ਜਾਂ ਨਾ ਖਾਣ ਦੀ ਤਰਫ਼ਦਾਰੀ ਨਹੀਂ ਕੀਤੀ ਗਈ। ਅਲਬੱਤਾ 'ਕੁੱਠਾ' ਚਾਰ ਬੱਜਰ ਕੁਰਹਿਤਾਂ ਵਿਚੋਂ ਇਕ ਬੱਜਰ ਕੁਰਹਿਤ ਹੈ। ਇਸ ਬਾਰੇ ਬਾਬਾ ਇਕਬਾਲ ਸਿੰਘ ਜੀ ਨੇ ਆਪਣੀ ਪੁਸਤਕ 'ਸਿੱਖ ਸਿਧਾਂਤ' ਵਿਚ ਟਿੱਪਣੀ ਦਿੱਤੀ ਹੈ :

"1936 ਵਿਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੁਆਰਾ ਪ੍ਰਵਾਨਿਤ ਰਹਿਤ ਮਰਿਯਾਦਾ, ਨੂੰ 1945 ਵਿਚ ਸੋਧਣ ਸਮੇਂ ਧਾਰਮਿਕ ਸਲਾਹਕਾਰ ਕਮੇਟੀ ਨੇ ਕੁੱਠਾ ਸ਼ਬਦ ਲਈ ਫੁਟਨੋਟ (footnote) ਦੇ ਦਿੱਤਾ ਜਿਸ ਵਿਚ 'ਕੁੱਠਾ' ਦਾ ਅਰਥ 'ਹਲਾਲ' ਅਥਵਾ ਮੁਸਲਮਾਨੀ ਤਰੀਕੇ ਨਾਲ ਪਸ਼ੂ-ਪੰਥੀ ਦੇ ਮਾਰੇ ਹੋਏ ਮਾਸ ਨੂੰ ਕਿਹਾ ਗਿਆ। ਅਗਸਤ 1936 ਵਿਚ ਲਾਗੂ ਹੋਈ ਸਿੱਖ ਪੰਥ ਦੀ ਰਹਿਤ ਮਰਯਾਦਾ ਜੋ ਕਿ 12 ਅਕਤੂਬਰ 1936 ਈ. ਵਿਚ ਪ੍ਰਵਾਨਿਤ ਹੋਈ ਸੀ, ਦੇ ਖਰੜੇ ਵਿਚ ਕੇਵਲ ਕੁੱਠਾ ਸ਼ਬਦ ਹੀ ਲਿਖਿਆ ਸੀ ਅਤੇ ਇਸਦਾ ਕੋਈ ਸਪਸ਼ਟੀਕਰਨ ਨਹੀਂ ਸੀ ਕੀਤਾ ਗਿਆ ਜਿਸ ਦਾ ਮਤਲਬ ਹੈ ਕਿ ਕੁੱਠਾ ਮਾਸ ਨੂੰ ਹੀ ਕਿਹਾ ਗਿਆ ਸੀ...."

(ਸਿੱਖ ਸਿਧਾਂਤ, ਇਕਬਾਲ ਸਿੰਘ, ਬਾਬਾ, ਪੰਨਾ ੨੬੯)

ਉਕਤ ਟਿੱਪਣੀ ਦਰੁਸਤ ਨਹੀਂ ਹੈ। 1936 ਵਿਚ ਪ੍ਰਵਾਨ ਹੋਈ ਸਿੱਖ ਰਹਿਤ ਮਰਯਾਦਾ ਵਿਚੋਂ ਜੋ ਕਿ ਗੁਰਦੁਆਰਾ ਗਜ਼ਟ, ਅਕਤੂਬਰ 1936 ਦੇ ਪੰਨਾ 24 ਤੋਂ 41 'ਤੇ ਛਪੀ ਸੀ।




ਇਸ ਵਿਚ ਵੀ ਫ਼ੁਟਨੋਟ ਵਿਚ ਸਪਸ਼ਟ ਤੌਰ 'ਤੇ ਕੁੱਠਾ ਸ਼ਬਦ ਦੀ ਵਿਆਖਿਆ ਕੀਤੀ ਹੋਈ ਹੈ, "ਕੁੱਠਾ ਤੋਂ ਭਾਵ ਉਹ ਮਾਸ ਹੈ, ਜੋ ਮੁਸਲਮਾਨੀ ਤਰੀਕੇ ਨਾਲ ਤਿਆਰ ਕੀਤਾ ਹੋਵੇ।" ਇਸ ਦੀ ਫੋਟੋ ਹੇਠ ਦਿੱਤੀ ਗਈ ਹੈ, ਦਾਸ ਨੇ ਪਟਨਾ ਸਾਹਿਬ ਵਿਚ ਜਦੋਂ ਸੰਤ ਗਿਆਨੀ ਕਰਤਾਰ ਸਿੰਘ ਜੀ ਖ਼ਾਲਸਾ ਭਿੰਡਰਾਂਵਾਲਿਆਂ ਦੀ ਪ੍ਰੇਰਨਾ ਸਦਕਾ ਅੰਮ੍ਰਿਤ ਛਕਣਾ ਸੀ ਤਾਂ ਇਸ ਬਾਰੇ ਉਨਟ੍ਹਾਂ ਨੇ ਬਹੁਤ ਹੀ ਕੀਮਤੀ ਵਿਚਾਰ ਦਿੱਤੇ ਕਿ ਕੁੱਠਾ ਖਾਣ ਵਾਲਾ ਪਤਿਤ ਹੈ। ਇਹ ਬੱਜਰ ਕੁਰਹਿਤ ਅਤੇ ਬਹੁਤ ਵੱਡਾ ਗੁਨਾਹ ਹੈ। ਸ਼ੁਰੂ-ਸ਼ੁਰੂ ਵਿਚ ਤਾਂ ਇਸ ਬਾਰੇ ਬਹੁਤ ਜ਼ਿਆਦਾ ਚੇਤੰਨ ਰਹੇਂਗਾ ਪਰ ਬਾਅਦ ਵਿਚ ਹੌਲੇ ਹੌਲੇ ਇਥੇ ਪਹੁੰਚ ਜਾਏਂਗਾ ਕਿ ਇਹ ਠੀਕ ਹੀ ਹੋਏਗਾ। ਝਟਕੇ ਅਤੇ ਕੁੱਠਾ ਵਿਚ ਲਾਈਨ ਇਤਨੀ ਹੈ ਕਿ ਹਰ ਸਮੇਂ ਥਿੜਕਣ ਦਾ ਡਰ ਹੈ। ਇਸ ਲਈ ਨਾ ਖਾਧਾ ਜਾਏ ਤਾਂ ਚੰਗਾ ਹੈ ਪਰ ਜੇ ਕੁੱਠਾ ਨਹੀਂ ਖਾਧਾ ਤਾਂ ਨਾ ਤਾਂ ਪਤਿਤ ਹੀ ਹੈ ਅਤੇ ਨਾ ਹੀ ਤਨਖਾਹਆ। ਨਾਲ ਹੀ ਉਨ੍ਹਾਂ ਨੇ ਕਿਹਾ ਕਿ 'ਇਹ ਨਹੀਂ ਕਿ ਤੂੰ ਜਾ ਕੇ ਕਹਿੰਦਾ ਫਿਰੇਂ ਕਿ ਸੰਤਾਂ ਨੇ ਕਿਹਾ ਏ ਕਿ ਮਾਸ ਖਾ ਲਿਆ ਕਰੋ।'

ਇਸ ਬੱਜਰ ਕੁਰਹਿਤ ਦੀ ਵਿਚਾਰ ਦਾ ਤੱਤ ਸਾਰ ਇਹ ਹੈ ਕਿ ਗੁਰਮਤਿ ਅਤੇ ਸਿੱਖ ਰਹਿਤ ਮਰਯਾਦਾ ਮਾਸ ਖਾਣ ਜਾਂ ਨਾ ਖਾਣ ਦੀ ਵਕਾਲਤ ਨਹੀਂ ਕਰਦੀ ਬਲਕਿ ਮਾਸੁ ਮਾਸੁ ਕਰਿ ਮੂਰਖੁ ਝਗੜੇ ਗਿਆਨ ਧਿਆਨੁ ਨਹੀ ਜਾਣੈ ॥ ਕਹਿ ਕੇ ਇਸ ਵਿਚ ਉਲਝਣ ਵਾਲਿਆਂ ਨੂੰ ਮੂਰਖ ਦਾ ਲਕਬ ਦਿੰਦੀ ਹੈ। ਇਸ ਹੁਕਮ ਦੀ ਅਵੱਗਿਆ ਕਰਦਿਆਂ ਬੱਜਰ ਕੁਰਹਿਤ ਕੁੱਠਾ ਬਾਰੇ ਸੁਚੇਤ ਕਰਨ ਦੀ ਬਜਾਇ ਮਾਸ ਖਾਣ ਜਾਂ ਨਾ ਖਾਣ ਨੂੰ ਹੀ ਮੁੱਦਾ ਬਣਾਉਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਬਹੁਤੇ ਪ੍ਰਚਾਰਕ ਜੋ ਆਪ ਮਾਸ ਨਹੀਂ ਖਾਂਦੇ ਉਹ ਇਸ ਬੱਜਰ ਕੁਰਹਿਤ ਤੋਂ ਸੁਚੇਤ ਕਰਨ ਲਈ ਘੱਟ ਹੀ ਬੋਲਦੇ ਹਨ। ਇਸ ਦਾ ਨਕਾਰਾਤਮਕ ਅਸਰ ਇਹ ਹੋ ਰਿਹਾ ਹੈ ਕਿ ਮਾਸ ਨਾ ਖਾਣ ਵਾਲਿਆਂ ਲਈ ਇਹ ਕੋਈ ਵਿਸ਼ਾ ਹੀ ਨਹੀਂ ਹੈ ਅਤੇ ਜੋ ਮਾਸ ਖਾਂਦੇ ਹਨ ਉਹ ਇਹ ਵਿਚਾਰ ਹੀ ਨਹੀਂ ਕਰਦੇ ਕਿ ਇਹ ਕੁੱਠਾ ਹੈ ਜਾਂ ਨਹੀਂ। **(ਚਲਦਾ)**

# ਈ.ਡੀ. ਵਲੋਂ ਯੁਵਰਾਜ, ਸੋਨੂੰ ਸੂਦ ਤੇ ਹੋਰਾਂ ਦੀ 1000 ਕਰੋੜ ਤੋਂ ਵੱਧ ਦੀ ਜਾਇਦਾਦ ਜ਼ਬਤ



ਨਵੀਂ ਦਿੱਲੀ : ਇਨਫੋਰਸਮੈਂਟ ਡਾਇਰੈਕਟੋਰੇਟ (ਈ. ਡੀ.) ਵਲੋਂ ਗੈਰ-ਕਾਨੂੰਨੀ ਸੱਟੇਬਾਜ਼ੀ ਐਪ ਨਾਲ ਜੁੜੇ ਹਵਾਲਾ ਰਾਸ਼ੀ ਮਾਮਲੇ 'ਚ ਸਾਬਕਾ ਭਾਰਤੀ ਕ੍ਰਿਕਟਰ ਯੁਵਰਾਜ ਸਿੰਘ, ਰੌਬਿਨ ਉਥੱਪਾ, ਬਾਲੀਵੁੱਡ ਅਦਾਕਾਰ ਸੋਨੂੰ ਸੂਦ, ਅਦਾਕਾਰਾ ਤੇ ਤ੍ਰਿਣਮੂਲ ਕਾਂਗਰਸ ਦੀ ਸਾਬਕਾ ਸੰਸਦ ਮੈਂਬਰ ਮਿਮੀ ਚੱਕਰਵਰਤੀ ਤੇ ਹੋਰਾਂ ਦੀਆਂ ਜਾਇਦਾਦਾਂ ਜ਼ਬਤ ਕੀਤੀਆਂ ਗਈਆਂ ਹਨ, ਜਿਸ ਦੀ ਕੀਮਤ 1,000 ਕਰੋੜ ਰੁਪਏ ਤੋਂ ਵੱਧ ਹੋਣ ਦਾ ਅੰਦਾਜ਼ਾ ਹੈ। ਸੂਤਰਾਂ ਅਨੁਸਾਰ ਸੰਘੀ ਜਾਂਚ ਏਜੰਸੀ ਵਲੋਂ ਹਵਾਲਾ ਰਾਸ਼ੀ ਰੋਕਥਾਮ ਐਕਟ (ਪੀ.ਐਮ.ਐਲ.ਏ.) ਦੇ ਆਰਜ਼ੀ ਆਦੇਸ਼ ਜਾਰੀ ਕਰਨ ਤੋਂ ਬਾਅਦ ਅਦਾਕਾਰਾ ਤੇ ਮਾਡਲ ਉਰਵਸ਼ੀ ਰੌਟੇਲਾ ਦੀ ਮਾਂ, ਅਦਾਕਾਰਾ ਨੇਹਾ ਸ਼ਰਮਾ ਅਤੇ ਬੰਗਾਲੀ ਅਦਾਕਾਰ ਅੰਕੁਸ਼ ਹਾਜ਼ਰਾ ਦੀਆਂ ਜਾਇਦਾਦਾਂ ਵੀ ਜ਼ਬਤ ਕੀਤੀਆਂ ਗਈਆਂ ਹਨ। ਸੂਤਰਾਂ ਨੇ ਦੱਸਿਆ ਕਿ ਇਨ੍ਹਾਂ 'ਚ ਯੁਵਰਾਜ ਸਿੰਘ ਦੀ 2.5 ਕਰੋੜ ਰੁਪਏ, ਰੌਟੇਲਾ ਦੀ ਮਾਂ ਦੀ 2.02 ਕਰੋੜ ਰੁਪਏ, ਨੇਹਾ ਸ਼ਰਮਾ ਦੀ 1.26 ਕਰੋੜ ਰੁਪਏ, ਸੋਨੂੰ ਸੂਦ ਦੀ ਲਗਭਗ 1 ਕਰੋੜ ਰੁਪਏ, ਚੱਕਰਵਰਤੀ ਦੀ 59 ਲੱਖ ਰੁਪਏ, ਹਾਜ਼ਰਾ ਦੀ 47 ਲੱਖ ਰੁਪਏ ਤੇ ਉਥੱਪਾ ਦੀ 8.26 ਲੱਖ ਰੁਪਏ ਦੀ ਜਾਇਦਾਦ ਸ਼ਾਮਿਲ ਹੈ। ਇਨ੍ਹਾਂ ਸਾਰੀਆਂ ਮਸ਼ਹੂਰ ਹਸਤੀਆਂ ਤੋਂ ਈ. ਡੀ. ਨੇ ਪਹਿਲਾਂ ਵੀ ਪੁੱਛਗਿੱਛ ਕੀਤੀ ਸੀ ਅਤੇ ਇਨ੍ਹਾਂ ਜਾਇਦਾਦਾਂ ਨੂੰ ਕੁਰਕਾਓ 'ਚ ਰਜਿਸਟਰਡ 1*ਬੈਟ ਨਾਮਕ ਕਥਿਤ ਗੈਰ-ਕਾਨੂੰਨੀ ਸੱਟੇਬਾਜ਼ੀ ਐਪ ਦੀ ਅਪਰਾਧ ਦੀ ਕਮਾਈ (ਪੀ.ਐਮ.ਐਲ.ਏ. ਅਧੀਨ ਗੈਰ-ਕਾਨੂੰਨੀ ਪੈਸਾ) ਵਜੋਂ ਸ਼੍ਰੇਣੀਬੱਧ ਕੀਤਾ ਗਿਆ ਸੀ।

**ਡੰਕੀ ਰੂਟ ਮਾਮਲਾ**

# ਈ.ਡੀ. ਵਲੋਂ 4 ਕਰੋੜ ਦੀ ਨਕਦੀ, 300 ਕਿੱਲੋ ਤੋਂ ਵੱਧ ਚਾਂਦੀ ਤੇ 6 ਕਿੱਲੋ ਸੋਨਾ ਬਰਾਮਦ

ਨਵੀਂ ਦਿੱਲੀ : ਗੈਰ-ਕਾਨੂੰਨੀ ਤਰੀਕੇ (ਡੰਕੀ) ਰਾਹੀਂ ਅਮਰੀਕਾ ਭੇਜਣ ਦੇ ਮਾਮਲੇ ਵਿਚ ਇਨਫੋਰਸਮੈਂਟ ਡਾਇਰੈਕਟੋਰੇਟ (ਈ.ਡੀ.) ਨੇ ਵੱਡੀ ਕਾਰਵਾਈ ਕੀਤੀ ਹੈ । ਈ.ਡੀ. ਨੇ ਡੰਕੀ ਰੂਟ ਰਾਹੀਂ ਭਾਰਤੀ ਨੌਜਵਾਨਾਂ ਦੇ ਅਮਰੀਕਾ ਵਿਚ ਕਥਿਤ ਗੈਰ-ਕਾਨੂੰਨੀ ਪ੍ਰਵਾਸ ਦੇ ਸੰਬੰਧ ਵਿਚ ਕਾਰਵਾਈ ਕਰਦੇ ਹੋਏ ਦਿੱਲੀ ਅਤੇ ਪੰਜਾਬ ਸਮੇਤ ਕਈ ਰਾਜਾਂ ਵਿਚ ਇਕ ਦਰਜ਼ਨ ਤੋਂ ਵੱਧ ਥਾਵਾਂ 'ਤੇ ਛਾਪੇਮਾਰੀ ਕੀਤੀ । ਇਨ੍ਹਾਂ ਛਾਪਿਆਂ ਦੌਰਾਨ ਈ.ਡੀ. ਨੇ 4 ਕਰੋੜ ਰੁਪਏ ਤੋਂ ਵੱਧ ਨਕਦੀ, 300 ਕਿੱਲੋ ਤੋਂ ਵੱਧ ਚਾਂਦੀ ਅਤੇ 6 ਕਿੱਲੋ ਸੋਨੇ ਦੇ ਬਿਸਕੁਟ ਜ਼ਬਤ ਕੀਤੇ ਹਨ। ਜਾਣਕਾਰੀ ਮੁਤਾਬਿਕ ਦਿੱਲੀ, ਪੰਜਾਬ (ਜਲੰਧਰ) ਅਤੇ ਹਰਿਆਣਾ (ਪਾਣੀਪਤ) ਵਿਚ ਇਕ ਦਰਜ਼ਨ ਤੋਂ ਵੱਧ ਥਾਵਾਂ 'ਤੇ ਛਾਪੇਮਾਰੀ ਕੀਤੀ ਗਈ । ਅਧਿਕਾਰੀਆਂ ਨੇ ਦਿੱਲੀ ਦੇ ਇਕ ਟਰੈਵਲ ਏਜੰਟ ਦੇ ਟਿਕਾਣੇ ਤੋਂ 4.62 ਕਰੋੜ ਰੁਪਏ ਨਕਦੀ, 313 ਕਿੱਲੋ ਚਾਂਦੀ ਅਤੇ 6 ਕਿੱਲੋ ਸੋਨੇ ਦੇ ਬਿਸਕੁਟ ਜ਼ਬਤ ਕਰਨ ਦਾ ਦਾਅਵਾ ਕੀਤਾ ਹੈ। ਈ.ਡੀ. ਅਧਿਕਾਰੀਆਂ ਮੁਤਾਬਿਕ ਸ਼ੁਰੂਆਤੀ ਜਾਂਚ ਵਿਚ ਇਹ ਸਾਫ਼ ਸੰਕੇਤ ਮਿਲੇ ਹਨ ਕਿ ਇਹ ਨੈੱਟਵਰਕ ਕਈ ਸੂਬਿਆਂ ਵਿਚ ਫੈਲਿਆ ਹੋਇਆ ਹੈ ਅਤੇ ਇਸ ਦੇ ਤਾਰ ਕੌਮਾਂਤਰੀ ਗੈਰ'ਕਾਨੂੰਨੀ ਮਨੁੱਖੀ ਤਸਕਰੀ ਨਾਲ ਜੁੜੇ ਹੋਏ ਹਨ । ਈ.ਡੀ. ਨੇ ਛਾਪਿਆਂ ਦੌਰਾਨ ਜ਼ਬਤ ਕੀਤੇ ਗਏ ਫੋਨਾਂ ਅਤੇ ਇਲੈਕਟ੍ਰਾਨਿਕ ਉਪਕਰਨਾਂ ਤੋਂ ਅਪਰਾਧਿਕ ਚੈਟ ਵੀ ਬਰਾਮਦ ਕੀਤੀ ਹੈ। ਅਧਿਕਾਰੀਆਂ ਨੇ ਇਹ ਵੀ ਦੱਸਿਆ ਕਿ ਹਰਿਆਣਾ ਵਿਚ ਇਕ ਮੁੱਖ ਦੋਸ਼ੀ ਦੇ ਘਰ ਤੋਂ ਡੰਕੀ ਕਾਰੋਬਾਰ ਨਾਲ ਸੰਬੰਧਿਤ ਰਿਕਾਰਡ ਅਤੇ ਦਸਤਾਵੇਜ਼ ਬਰਾਮਦ ਕੀਤੇ ਗਏ ਹਨ । ਇਹ ਦੋਸ਼ ਹੈ ਕਿ ਏਜੰਟ ਆਪਣੇ ਕਮਿਸ਼ਨ ਲਈ ਸੁਰੱਖਿਆ ਵਜੋਂ ਅਮਰੀਕਾ ਗੈਰ-ਕਾਨੂੰਨੀ ਤੌਰ 'ਤੇ ਯਾਤਰਾ ਕਰਨ ਵਾਲਿਆਂ ਦੀ ਜਾਇਦਾਦ ਦੇ ਦਸਤਾਵੇਜ਼ ਰੱਖਦੇ ਸਨ।



# BASRA

## Heating & Air Conditioning

### ਗਰਮੀਆਂ ਵਿੱਚ ਠੰਡ ਤੇ ਸਰਦੀਆ ਵਿੱਚ ਨਿੱਘ ਦਾ ਦੂਜਾ ਨਾਮ ਹੈ

# ਬਸਰਾ ਹੀਟਿੰਗ ਅਤੇ ਏਅਰ ਕੰਡੀਸ਼ਨਿੰਗ

ਤੁਸੀ ਆਪਣੇ ਸੁਪਨਿਆ ਦੇ ਮਹਿਲ ਆਪਣੇ ਘਰ ਜਾ ਆਪਣੇ ਕਾਰੋਬਾਰ ਉਪਰ ਨਵਾਂ ਹੀਟਿੰਗ ਜਾ ਏਅਰ ਕੰਡੀਸ਼ਨਿੰਗ ਜਾ ਦੋਵੇ ਤਾ ਬਸ ਇਕੋ ਨਾਮ ਯਾਦ ਰੱਖੋ

ਤੁਸੀਂ ਸਾਨੂੰ ਇੱਕ ਕਾਲ ਕਰੋ ਇੱਕ ਕਾਲ ਹੀ ਬਚਾ ਸਕਦੀ ਹੈ

**ਤੁਹਾਡੇ ਢੇਰ ਸਾਰੇ ਪੈਸੇ**




**Reasonable price first class work ਅਤੇ**

**100% ਗਰੰਟੀ**

**Basra Heating & Air Conditioning has trained technicians and the right equipment to solve the problem fast and at a reasonable price.**

## AC REPAIR

**Common Air Conditioner Problems Requiring Repair**
**Low or Leaking Refrigerant**
**Broken Belt**
**Compressor Failure**
**Coil Issues**



### Thermostat Concerns

- Repair leaks
- Clean dirty coils or drain lines
- Replace filters
- Refresh refrigerant
- Seal ductwork
- Replace faulty belts, coils, or compressors
- •Secure electrical connections
- Provide general maintenance
- And more

### From Basra Heating & Air Conditioning

"Basra Heating and Air Conditioning have been providing, installing and servicing home and commercial heat systems, air conditioners & ducting and repair for both residential and commercial customers in the Bay Area since 2012. Our team of trained service professionals has extensive experience installing and servicing home and commercial heat systems, air conditioners, & ducting. Regardless of the project, Basra Heating and Air Conditioning have quickly and professionally served the needs of Bay Area & Central Valley. We pride ourselves in offering a unique combination of skilled service technicians and great customer service. Our team is ready to help you with your heating, air conditioning needs."

### ਹੋਰ ਜਾਣਕਾਰੀ ਲਈ ਕਾਲ ਕਰੋ

## ਸ. ਰਜਿੰਦਰ ਸਿੰਘ ਬਸਰਾ (209) 834-6188

## Address: 231 Portico Ln, Tracy, CA 95377



ਸੰਤ ਸੇਵਾ ਸਿੰਘ ਜੀ

ਸਿੱਖ ਪੰਥ ਦੀ ਮਹਾਨ ਸ਼ਖ਼ਸੀਅਤ ਸੱਚਖੰਡਵਾਸੀ, ਬ੍ਰਹਮਗਿਆਨੀ ਮਹਾਂਪੁਰਖ ਸ੍ਰੀਮਾਨ ਸੰਤ ਬਾਬਾ ਹਰਨਾਮ ਸਿੰਘ ਜੀ ਰਾਮਪੁਰ ਖੇੜੇ ਵਾਲੇ, ਜਿਨ੍ਹਾਂ ਨੇ ਸ਼ਬਦ ਗੁਰੂ ਦੇ ਨਾਲ ਆਪਣੀ ਸੁਰਤ ਨੂੰ ਜੋੜ ਕੇ ਜਿੱਥੇ ਆਪ ਪਰਮੇਸ਼ਰ ਜੀ ਵਿੱਚ ਅਭੇਦਤਾ ਪ੍ਰਾਪਤ ਕੀਤੀ; ਉਥੇ ਗੁਰਮਤਿ ਮਾਰਗ ਤੋਂ ਦੁਰੇਡੇ ਜਾ ਚੁੱਕਿਆਂ ਨੂੰ ਖੰਡੇ ਬਾਟੇ ਦੀ ਪਾਹੁਲ ਛਕਾ ਕੇ 'ਸ਼ਬਦ ਗੁਰੂ' ਦੇ ਲੜ ਲਾ ਉਹਨਾਂ ਦਾ ਮਾਰਗ ਦਰਸ਼ਨ ਕੀਤਾ। ਮਹਾਂਪੁਰਖਾਂ ਦੇ ਉੱਤਰਾਧਿਕਾਰੀ ਸੰਤ ਬਾਬਾ ਸੇਵਾ ਸਿੰਘ ਜੀ 'ਰਾਮਪੁਰ ਖੇੜੇ ਵਾਲਿਆਂ' ਨੇ 'ਸੇ ਕਿਨੇਹਿਆ ?' ਪੁਸਤਕ ਵਿੱਚ ਸੱਚਖੰਡਵਾਸੀ ਸੰਤ ਬਾਬਾ ਹਰਨਾਮ ਸਿੰਘ ਜੀ ਦੇ ਜੀਵਨ ਦਾ ਬਾਖ਼ੂਬੀ ਚਿਤਰਨ ਕੀਤਾ ਹੈ। ਇਹ ਪੁਸਤਕ ਸਿੱਖ ਜਗਤ ਵਿੱਚ ਬਹੁਤ ਹੀ ਮਕਬੂਲੀਅਤ ਹਾਸਲ ਕਰ ਚੁੱਕੀ ਹੈ ਅਤੇ ਲੱਖਾਂ ਦੀ ਗਿਣਤੀ ਵਿੱਚ ਛਾਪ ਕੇ ਸੰਗਤਾਂ ਤੱਕ ਪਹੁੰਚਾਈ ਗਈ ਹੈ। ਸੰਤ ਬਾਬਾ ਸੇਵਾ ਸਿੰਘ ਜੀ ਦੀ ਕਲਮ ਰਾਹੀਂ ਲਿਖੀਆਂ ਗਈਆਂ ਅਨੇਕਾਂ ਪੁਸਤਕਾਂ ਵਿੱਚੋਂ ਉਨ੍ਹਾਂ ਦੀ ਇਹ ਸ਼ਾਹਕਾਰ ਰਚਨਾ 'ਸੇ ਕਿਨੇਹਿਆ ?' ਆਪਣੇ ਪਾਠਕਾਂ ਦੀ ਮੰਗ 'ਤੇ ਅਸੀਂ ਆਪਣੇ ਅਖ਼ਬਾਰ ਰਾਹੀਂ ਲੜੀਵਾਰ ਛਾਪ ਰਹੇ ਹਾਂ। ਆਸ ਹੈ ਕਿ ਇਸ ਯਤਨ ਤੋਂ ਸਾਡੇ ਪਾਠਕ ਲਾਭ ਪ੍ਰਾਪਤ ਕਰਨਗੇ। – ਧੰਨਵਾਦ ਸਹਿਤ ਸਤਨਾਮ ਸਿੰਘ ਖ਼ਾਲਸਾ

# ਜੋ ਜਨ ਲੂਝਹਿ ਮਨੈ ਸਿਉ ਸੇ ਸੂਰੇ ਪਰਧਾਨਾ

(ਲੜੀ ਜੋੜਨ ਲਈ ਪਿਛਲਾ ਅੰਕ ਦੇਖੋ)

ਆਪ ਜੀ ਦੇ ਜੀਵਨ ਦੀਆਂ ਕਈ ਘਟਨਾਵਾਂ ਵੇਖਣ ਜਾਂ ਸੁਨਣ ਨੂੰ ਤਾਂ ਭਾਵੇਂ ਛੋਟੀਆਂ ਲਗਦੀਆਂ ਹਨ ਪਰ ਇਹਨਾਂ ਛੋਟੀਆਂ-ਛੋਟੀਆਂ ਘਟਨਾਵਾਂ ਪਿੱਛੇ ਜਗਿਆਸੂ ਜਨਾਂ ਲਈ ਮਹਾਨ ਪ੍ਰੇਰਨਾ ਸ੍ਰੋਤ ਛੁਪੇ ਪਏ ਹਨ। ਜੋ ਪ੍ਰੇਮੀ ਇਹਨਾਂ ਪ੍ਰੇਰਨਾ ਸ੍ਰੋਤਾਂ ਤੋਂ ਸਿੱਖਿਆ ਪ੍ਰਾਪਤ ਕਰਨ ਦਾ ਯਤਨ ਕਰੇਗਾ ਉਸ ਦੇ ਜੀਵਨ ਪੰਧ ਵਿੱਚੋਂ ਅਨੇਕਾਂ ਠੇਡੇ-ਪੱਥਰ ਦੂਰ ਹੋ ਜਾਣਗੇ ਤੇ ਜੀਵਨ ਯਾਤਰਾ ਸਹਿਲੀ ਤੇ ਰਸਦਾਇਕ ਹੋ ਨਿੱਬੜੇਗੀ।

ਆਪ ਜੀ ਦਸਦੇ ਸਨ ਕਿ ਇਕੇਰਾਂ ਦੀ ਗੱਲ ਹੈ ਕਿ ਅਸੀਂ ਆਪਣੇ ਪਿੰਡ 119 ਚੱਕ ਤੋਂ ਦੂਸਰੇ ਚੱਕ ਵਿੱਚ ਇੱਕ ਬੀਮਾਰ ਪ੍ਰੇਮੀ ਦੀ ਖ਼ਬਰ ਸੁਰਤ ਲੈਣ ਵਾਸਤੇ ਅਕਸਰ ਦੂਜੇ-ਤੀਜੇ ਦਿਨ ਜਾਇਆ ਕਰਦੇ ਸਾਂ। ਰਸਤੇ ਵਿੱਚ ਤੁਰੇ ਜਾਂਦੇ ਇੱਕ ਕਮਾਦ ਦੇ ਖੇਤ ਕੋਲ ਦੀ ਲੰਘਣਾ ਸੀ। ਮਨ ਵਿੱਚ ਗੰਨੇ ਚੂਪਣ ਦੀ ਲਾਲਸਾ (ਚਾਹਨਾ) ਪੈਦਾ ਹੋਈ। ਇਸ ਚਾਹਨਾ ਦੀ ਪੂਰਤੀ ਲਈ ਮਨ ਵਿੱਚ ਫ਼ੁਰਨਾ ਬਣਿਆ ਕਿ ਅੱਗੇ ਜੋ ਕਮਾਦ ਦਾ ਖੇਤ ਆ ਰਿਹਾ ਹੈ, ਉਸ ਵਿੱਚੋਂ ਇੱਕ-ਦੋ ਗੰਨੇ ਭੰਨ ਕੇ ਚੂਪ ਲਈਏ। ਇੱਕ-ਦੋ ਗੰਨਿਆਂ ਦੇ ਭੰਨਣ ਨਾਲ ਕਿਹੜਾ ਖੇਤ ਵਿੱਚ ਘਾਟਾ ਪੈ ਚੱਲਿਆ ਹੈ? ਏਨਾ ਫ਼ੁਰਨਾ ਆਉਂਦੇ ਹੀ ਮਨ ਦੀ ਮਨ ਨਾਲ ਖਿਚੋਤਾਣ ਚੱਲ ਪਈ। ਆਤਮਾ ਦੀ ਅਵਾਜ਼ ਆਵੇ ਕਿ ਭਾਵੇਂ ਕਮਾਦ ਦੇ ਖੇਤ ਵਿੱਚੋਂ ਇੱਕ-ਦੋ ਗੰਨੇ ਭੰਨਣ ਨਾਲ ਫ਼ਰਕ ਤਾਂ ਕੁੱਝ ਨਹੀਂ ਪਵੇਗਾ ਪਰ ਇਹ ਹੈ ਤਾਂ ਚੋਰੀ ਹੀ, ਚੋਰੀ ਕੱਖ ਦੀ ਵੀ ਤੇ ਚੋਰੀ ਲੱਖ ਦੀ ਵੀ, ਚੋਰੀ ਤਾਂ ਚੋਰੀ ਹੀ ਹੈ। ਚੋਰੀ ਕਰਨ ਵਾਲੇ ਲਈ ਸਤਿਗੁਰਾਂ ਨੇ ਸਖ਼ਤ ਸ਼ਬਦਾਂ ਵਿੱਚ ਤਾੜਨਾ ਕੀਤੀ ਹੈ ਕਿ

ਚੋਰ ਕੀ ਹਾਮਾ ਭਰੇ ਨ ਕੋਇ॥ ਚੋਰੁ ਕੀਆ ਚੰਗਾ ਕਿਉ ਹੋਇ॥੧॥

(ਅੰਗ ੬੬੨)

ਦੂਸਰੇ, ਮਨ ਨੇ ਅੰਦਰੋਂ ਹੀ ਉੱਤਰ ਦਿੱਤਾ ਕਿ ਅਸੀਂ ਵੀ ਤਾਂ ਜ਼ਿੰਮੀਂਦਾਰਾ ਕਰਦੇ ਹਾਂ। ਸਾਡੇ ਖੇਤਾਂ ਵਿੱਚੋਂ ਵੀ ਕਈ ਲੋੜਵੰਦ ਵੇਲੇ-ਕੁਵੇਲੇ ਆਪਣੀ ਲੋੜ ਪੂਰੀ ਕਰ ਲੈਂਦੇ ਹਨ। ਉਹ ਕਿਹੜਾ ਸਾਨੂੰ ਪੁੱਛ ਕੇ ਕਰਦੇ ਹਨ? ਨਾਲ ਹੀ ਅੰਦਰੋਂ ਅਵਾਜ਼ ਆਈ ਕਿ ਭਾਵੇਂ ਉਹ ਚੋਰੀ-ਛੁਪੇ ਆਪਣੀ ਲੋੜ ਪੂਰੀ ਕਰ ਲੈਂਦੇ ਹਨ ਪਰ ਉਹਨਾਂ ਪ੍ਰਤੀ ਸਾਡੇ ਮਨ ਵਿੱਚ ਕੋਈ ਚੰਗੀ ਭਾਵਨਾ ਤਾਂ ਨਹੀਂ ਹੁੰਦੀ। ਉਹਨਾਂ ਪ੍ਰਤੀ ਅਸੀਂ ਸ਼ਬਦ ਚੋਰ ਹੀ ਵਰਤਦੇ ਹਾਂ, ਕਿ ਵੇਲੇ-ਕੁਵੇਲੇ ਪਤਾ ਨਹੀਂ ਕਿਹੜਾ ਭਲਾਮਾਣਸ ਚੋਰੀ ਕਰ ਕੇ ਫ਼ਸਲ ਦਾ ਉਜਾੜਾ ਕਰ ਗਿਆ ਹੈ ਅਤੇ ਉਸ ਨੂੰ ਫੜਨ ਦਾ ਯਤਨ ਵੀ ਕਰੀਦਾ ਹੈ। ਅੰਦਰੋਂ ਆਤਮਾ ਨੇ ਅਵਾਜ਼ ਦਿੱਤੀ ਕਿ ਹੇ ਮਨ! ਜੇ ਮੈਂ ਤੇਰੇ ਪ੍ਰੇਰਨਾ ਦੇਣ ਤੇ ਗੰਨੇ ਭੰਨ ਲਵਾਂ, ਜੇ ਕਿਸੇ




ਨੂੰ ਪਤਾ ਲੱਗ ਗਿਆ ਕਿ ਹਰਨਾਮ ਸਿੰਘ ਨੇ ਇਸ ਖੇਤ ਵਿੱਚੋਂ ਗੰਨੇ ਭੰਨੇ ਹਨ, ਉਹ ਤੇਰੇ ਪ੍ਰਤੀ ਕੀ ਅੰਦਾਜਾ ਲਗਾਉਣਗੇ ਤੇ ਥਾਂ-ਥਾਂ ਤੇ ਤੇਰੇ ਚੋਰੀ ਕਰਨ ਦੀ ਚਰਚਾ ਚੱਲੇਗੀ ਕਿ ਹਰਨਾਮ ਸਿੰਘ ਵੇਖਣ ਨੂੰ ਤਾਂ ਗੁਰਮੁਖੀ ਲਿਬਾਸ ਅਤੇ ਗੁਰਸਿੱਖੀ ਦਾ ਧਾਰਨੀ ਹੈ ਪਰ ਨਾਲ ਹੀ ਆਮ ਆਦਮੀਆਂ ਦੀ ਤਰ੍ਹਾਂ ਚੋਰੀ ਵੀ ਕਰ ਲੈਂਦਾ ਹੈ। ਜਿੱਥੇ ਤੇਰੀ ਬਦਨਾਮੀ ਹੋਵੇਗੀ, ਉਥੇ ਗੁਰਸਿੱਖੀ ਤੇ ਗੁਰੂ ਨੂੰ ਵੀ ਉਲਾਂਭਾ ਲੱਗੇਗਾ ਸੋ ਇਹ ਕੰਮ ਕਿਸੇ ਕੀਮਤ ਤੇ ਵੀ ਨਹੀਂ ਕਰਨਾ।

ਇਹਨਾਂ ਵੀਚਾਰਾਂ ਦੀ ਉਧੇੜ-ਬੁਣ ਵਿੱਚ ਕਮਾਦ ਦਾ ਖੇਤ ਵੀ ਨੇੜੇ ਆ ਗਿਆ। ਤ੍ਰੇਹ ਅਤੇ ਗੰਨਾ ਚੂਪਣ ਦੇ ਸੰਕਲਪ ਨੇ ਫਿਰ ਜ਼ੋਰ ਪਾਇਆ। ਭੈੜੇ ਮਨ ਨੇ ਇੱਕ ਵਿਉਂਤ ਘੜ੍ਹ ਕੇ ਗੰਨਾ ਭੰਨਣ ਤੋਂ ਹੋੜਨ ਵਾਲੇ ਸ੍ਰੇਸ਼ਟ ਮਨ ਦੇ ਅੱਗੇ ਲਿਆ ਖੜ੍ਹੀ ਕੀਤੀ ਕਿ ਕਮਾਦ ਦੇ ਖੇਤ ਕੋਲ ਜਾ ਕੇ, ਉਸ ਕਮਾਦ ਦੇ ਖੇਤ ਦੇ ਮਾਲਕ ਉੱਤਮ ਸਿੰਘ ਦਾ ਨਾਉਂ ਲੈ ਕੇ ਉੱਚੀ ਅਵਾਜ਼ ਮਾਰ ਦੇਵਾਂਗਾ ਕਿ ਭਾਈਆ ਉੱਤਮ ਸਿਹਾਂ! ਮੇਰਾ ਚਿੱਤ ਗੰਨਾ ਚੂਪਣ ਨੂੰ ਕਰਦਾ ਹੈ ਸੋ ਮੈਂ ਤੁਹਾਡੇ ਖੇਤ ਵਿੱਚੋਂ ਦੋ ਗੰਨੇ ਭੰਨਣ ਲੱਗਾ ਹਾਂ। ਇਸ ਤਰ੍ਹਾਂ ਕਰਨ ਨਾਲ ਤਾਂ ਕੋਈ ਚੋਰੀ ਨਹੀਂ ਹੋਵੇਗੀ ਕਿਉਂਕਿ ਮੈਂ ਕਮਾਦ ਦੇ ਮਾਲਕ ਨੂੰ ਪੁੱਛ ਕੇ ਗੰਨਾ ਭੰਨਣਾ ਹੈ। ਅੰਦਰੋਂ ਦੂਸਰਾ ਮਨ ਕਹਿਣ ਲਗਾ ਹੇ ਮਨ!

ਕਵਨੁ ਕਵਨੁ ਨਹੀ ਪਤਰਿਆ ਤੁਮ੍ਰੀ ਪਰਤੀਤਿ॥

ਮਹਾ ਮੋਹਨੀ ਮੋਹਿਆ ਨਰਕ ਕੀ ਰੀਤਿ॥੧॥

ਮਨ ਖੁਟਹਰ ਤੇਰਾ ਨਹੀ ਬਿਸਾਸੁ ਤੂ ਮਹਾ ਉਦਮਾਦਾ॥

ਖਰ ਕਾ ਪੈਖਰੁ ਤਉ ਛੁਟੈ ਜਉ ਊਪਰਿ ਲਾਦਾ॥੧॥ ਰਹਾਉ॥

ਜਪ ਤਪ ਸੰਜਮ ਤੁਮ੍ ਖੰਡੇ ਜਮ ਕੇ ਦੁਖ ਡਾਂਡ॥

ਸਿਮਰਹਿ ਨਾਹੀ ਜੋਨਿ ਦੁਖ ਨਿਰਲਜੇ ਭਾਂਡ॥੨॥

(ਬਿਲਾਵਲ ਮ: ੫, ਅੰਗ ੮੧੫)

ਤੂੰ ਆਪਣੀ ਹਵਸ ਦੀ ਪੂਰਤੀ ਲਈ ਅਨੇਕ ਤਰ੍ਹਾਂ ਦੀਆਂ ਦਲੀਲਾਂ ਘੜ ਘੜ ਕੇ ਅੱਗੇ ਰੱਖਦਾ ਹੈਂ। ਹੇ ਮਨ! ਭਲਾ ਇਹ ਦੱਸ ਕਿ ਜੇ ਇਸ ਕਮਾਦ ਵਿੱਚ ਤੇਰੇ ਭਾਗਾਂ ਦੀ ਪ੍ਰਾਲਬਧ ਦਾ ਗੰਨਾ ਹੋਇਆ, ਉਹ ਤੈਂ ਹੀ ਚੂਪਣਾ ਹੈ, ਉਸ ਨੂੰ ਹੋਰ ਕੋਈ ਨਹੀਂ ਲੈ ਸਕਦਾ, ਉਹ ਤੈਨੂੰ ਹੀ ਮਿਲੇਗਾ। ਹੇ ਮਨ! ਸਬਰ ਅਤੇ ਸੰਤੋਖ ਤੋਂ ਕੰਮ ਲੈ। ਗੁਰੂ-ਬਚਨਾਂ ਅਤੇ ਆਪਣੀ ਪ੍ਰਾਲਬਧ ਤੇ ਯਕੀਨ ਰੱਖ ਤੇ ਤਕੜਾ ਹੋ। ਇੱਕ ਜ਼ਬਾਨ ਦੇ ਰਸ ਨੂੰ ਪੂਰਾ ਕਰਨ ਦੀ ਖ਼ਾਤਰ ਤੂੰ ਮੈਨੂੰ ਚੋਰ ਨਾ ਬਣਾ। ਮੈਂ ਤੇਰੇ ਆਖੇ ਨਹੀਂ ਲੱਗਣਾ। ਇਸ ਮਨ ਦੇ ਝਗੜੇ ਵਿੱਚ ਸ੍ਰੇਸ਼ਟ ਮਨ ਨੇ ਭੈੜੇ ਮਨ ਦੇ ਫ਼ੁਰਨੇ ਨੂੰ ਲਿਤਾੜ ਦਿੱਤਾ ਤੇ ਅੰਦਰੋਂ ਅਵਾਜ਼ ਆਈ :

ਏ ਮਨ ਮੇਰਿਆ ਤੂ ਥਿਰੁ ਰਹੁ ਚੋਟ ਨ ਖਾਵਹੀ ਰਾਮ॥ (ਅੰਗ ੧੧੧੩)

(ਚਲਦਾ)

## ਡਰਬੀ ਵਿਖੇ ਕਬੱਡੀ ਮੈਚ ਦੌਰਾਨ ਹਥਿਆਰਬੰਦ ਹਿੰਸਾ ਮਾਮਲੇ 'ਚ ਤਿੰਨ ਹੋਰ ਪੰਜਾਬੀਆਂ ਨੂੰ 11 ਸਾਲ ਜੇਲ੍ਹ

ਲੰਡਨ : ਅਗਸਤ 2023 ਵਿਚ ਡਰਬੀ ਦੇ ਅਲਵਾਸਟਨ ਇਲਾਕੇ ਵਿਚ ਇੱਕ ਖੇਡ ਟੂਰਨਾਮੈਂਟ ਦੌਰਾਨ ਦੋ ਬਾਹਰੀ ਗਰੁਪਾਂ ਵਿਚ ਹੋਈ ਹਿੰਸਕ ਝੜਪ ਦੇ ਮਾਮਲੇ ਵਿਚ ਤਿੰਨ ਹੋਰ ਪੰਜਾਬੀ ਮੂਲ ਦੇ ਵਿਅਕਤੀਆਂ ਨੂੰ ਜੇਲ੍ਹ ਭੇਜ ਦਿੱਤਾ ਗਿਆ ਹੈ। ਚੱਲ ਰਹੇ ਕਬੱਡੀ ਟੂਰਨਾਮੈਂਟ ਦੀ ਕਾਰ ਪਾਰਕ ਵਿਚ ਅਚਾਨਕ ਕੁੱਝ ਲੋਕਾਂ ਨੇ ਆ ਕੇ ਝਗੜਾ ਸ਼ੁਰੂ ਕਰ ਦਿੱਤਾ। ਇਸ ਮੌਕੇ ਗੋਲੀ ਵੀ ਚੱਲੀ ਅਤੇ ਕਈ




ਜ਼ਖ਼ਮੀ ਹੋਏ। ਪੁਲਿਸ ਮੁਤਾਬਕ ਇਹ ਯੋਜਨਾਬੱਧ ਲੜਾਈ ਜਿਸ ਵਿਚ ਚਾਕੂ, ਤਲਵਾਰਾਂ ਅਤੇ ਬੱਲੇ ਵਰਤੇ ਗਏ, ਘਟਨਾ ਸਥਾਨ 'ਤੇ ਬੱਚੇ ਵੀ ਮੌਜੂਦ ਸਨ। ਡਰਬੀ ਅਦਾਲਤ ਵਿਚ ਹੋਈ ਸੁਣਵਾਈ ਵਿਚ ਦਮਨਜੀਤ ਸਿੰਘ, ਬੂਟਾ ਸਿੰਘ ਅਤੇ ਰਾਜ ਟੀ ਸਿੰਘ ਨੂੰ ਸਜ਼ਾ ਸੁਣਾਈ ਗਈ। ਇਸ ਤੋਂ ਪਹਿਲਾਂ 2024 ਵਿਚ ਸੱਤ ਲੋਕ ਪਹਿਲਾਂ ਹੀ ਕੈਦ ਦੀ ਸਜ਼ਾ ਭੁਗਤ ਰਹੇ ਹਨ। ਡਰਬੀ ਸ਼ਾਇਰ ਪੁਲਿਸ ਨੇ ਕਿਹਾ ਕਿ ਬੂਟਾ ਸਿੰਘ ਨੂੰ ਵਿਰੋਧੀ ਸਮੂਹ ਦੇ ਪਿੱਛੇ ਭੱਜਦੇ ਹੋਏ ਵੀਡੀਓ ਫੁਟੇਜ ਵਿਚ ਦੇਖਿਆ ਗਿਆ ਸੀ। ਹਿੰਸਾ ਦੇ ਸਮੇਂ ਉਸ ਕੋਲ ਕੋਈ ਹਥਿਆਰ ਨਹੀਂ ਸੀ, ਜਦੋਂ ਪੁਲਿਸ ਨੇ ਦੋ ਦਿਨ ਬਾਅਦ ਉਸਦੀ ਕਾਰ ਰੋਕੀ, ਤਾਂ ਅਧਿਕਾਰੀਆਂ ਨੂੰ ਦੋ ਚਾਕੂ ਮਿਲੇ। ਅਧਿਕਾਰੀਆਂ ਨੇ ਦੱਸਿਆ ਕਿ ਫੁਟੇਜ ਵਿਚ ਦਮਨਜੀਤ ਸਿੰਘ ਅਤੇ ਰਾਜ ਟੀ ਸਿੰਘ ਨੂੰ ਵੀ ਗੜਬੜ ਦੌਰਾਨ ਵੱਡੇ ਚਾਕੂਆਂ ਨਾਲ ਦੇਖਿਆ ਗਿਆ ਸੀ। ਨਵੰਬਰ ਵਿਚ ਡਰਬੀ ਕਰਾਊਨ ਕੋਰਟ ਵਿਚ ਮੁਕੱਦਮੇ ਦੀ ਸੁਣਵਾਈ ਦੌਰਾਨ ਵਿਥਮ ਡਰਾਈਵ, ਡਰਬੀ ਦੇ ਰਹਿਣ ਵਾਲੇ 35 ਸਾਲਾ ਬੂਟਾ ਸਿੰਘ ਨੂੰ ਹਿੰਸਕ ਗੜਬੜ ਦਾ ਦੋਸ਼ੀ ਪਾਇਆ ਗਿਆ। ਉਸਨੇ ਮੁਕੱਦਮੇ ਦੀ ਸ਼ੁਰੂਆਤ 'ਚ ਇੱਕ ਹਥਿਆਰ ਰੱਖਣ ਦੀ ਗੱਲ ਵੀ ਸਵੀਕਾਰ ਕੀਤੀ। ਪਾਵੇਲ ਪਲੇਸ, ਟਿਪਟਨ ਦੇ ਰਹਿਣ ਵਾਲੇ 35 ਸਾਲਾ ਦਮਨਜੀਤ ਸਿੰਘ ਨੂੰ ਹਿੰਸਕ ਗੜਬੜ ਅਤੇ ਇੱਕ ਤੇਜ਼ਧਾਰ ਹਥਿਆਰ ਰੱਖਣ ਦਾ ਦੋਸ਼ੀ ਪਾਇਆ ਗਿਆ। ਪੈਟਰਡੇਲ ਡਰਾਈਵ, ਹਡਰਸਫੀਲਡ ਦੇ ਰਹਿਣ ਵਾਲੇ 42 ਸਾਲਾ ਰਾਜ ਟੀ ਸਿੰਘ ਨੂੰ ਹਿੰਸਕ ਗੜਬੜ ਅਤੇ ਇੱਕ ਹਥਿਆਰ ਰੱਖਣ ਦਾ ਦੋਸ਼ੀ ਪਾਇਆ ਗਿਆ। ਉਕਤ ਦੋਸ਼ਾਂ ਤਹਿਤ ਅਦਾਲਤ ਨੇ ਬੂਟਾ ਸਿੰਘ ਨੂੰ ਚਾਰ ਸਾਲ ਕੈਦ ਦੀ ਸਜ਼ਾ ਸੁਣਾਈ ਗਈ ਅਤੇ ਦਮਨਜੀਤ ਸਿੰਘ ਨੂੰ ਤਿੰਨ ਸਾਲ ਅਤੇ ਚਾਰ ਮਹੀਨੇ ਦੀ ਕੈਦ ਦੀ ਸਜ਼ਾ ਸੁਣਾਈ ਗਈ, ਉਪਰੰਤ ਦੇਸ਼ ਨਿਕਾਲੇ ਦਾ ਸਾਹਮਣਾ ਕਰੇਗਾ। ਉਸੇ ਸੁਣਵਾਈ ਵਿਚ, ਰਾਜ ਟੀ ਸਿੰਘ ਨੂੰ ਤਿੰਨ ਸਾਲ ਅਤੇ 10 ਮਹੀਨੇ ਦੀ ਕੈਦ ਦੀ ਸਜ਼ਾ ਸੁਣਾਈ ਗਈ ਹੈ।

## ਇਮਰਾਨ ਖ਼ਾਨ ਤੇ ਬੁਸ਼ਰਾ ਬੀਬੀ ਨੂੰ ਤੋਸ਼ਾਖ਼ਾਨਾ-2 ਮਾਮਲੇ 'ਚ 17 ਸਾਲ ਕੈਦ

### ਕਾਨੂੰਨੀ ਟੀਮਾਂ ਫ਼ੈਸਲੇ ਨੂੰ ਹਾਈ ਕੋਰਟ 'ਚ ਦੇਣਗੀਆਂ ਚੁਣੌਤੀ

ਅੰਮ੍ਰਿਤਸਰ : ਪਾਕਿਸਤਾਨ ਦੀ ਇਕ ਵਿਸ਼ੇਸ਼ ਅਦਾਲਤ ਨੇ ਰਾਵਲਪਿੰਡੀ ਦੀ ਜੇਲ੍ਹ 'ਚ ਬੰਦ ਪਾਕਿਸਤਾਨ ਤਹਿਰੀਕ-ਏ-ਇਨਸਾਫ਼ ਪਾਰਟੀ ਦੇ ਸੰਸਥਾਪਕ ਅਤੇ ਸਾਬਕਾ ਪ੍ਰਧਾਨ ਮੰਤਰੀ ਇਮਰਾਨ ਖ਼ਾਨ ਅਤੇ ਉਨ੍ਹਾਂ ਦੀ ਪਤਨੀ ਬੁਸ਼ਰਾ ਬੀਬੀ ਨੂੰ ਤੋਸ਼ਾਖ਼ਾਨਾ-2 ਮਾਮਲੇ 'ਚ 17 ਸਾਲ ਦੀ ਕੈਦ ਦੀ ਸਜ਼ਾ ਸੁਣਾਈ। ਇਹ ਮਾਮਲਾ ਸਾਊਦੀ ਕਰਾਊਨ ਪ੍ਰਿੰਸ ਮੁਹੰਮਦ ਬਿਨ ਸਲਮਾਨ ਵਲੋਂ ਪਾਕਿ ਦੇ ਤਤਕਾਲੀ ਪ੍ਰਧਾਨ ਮੰਤਰੀ ਇਮਰਾਨ ਖ਼ਾਨ ਨੂੰ ਦਿੱਤੇ ਗਏ ਮਹਿੰਗੇ ਬੁਲਗਾਰੀ ਗਹਿਣਿਆਂ ਦੇ ਤੋਹਫ਼ੇ ਨਾਲ ਸੰਬੰਧਿਤ ਹੈ। ਦੋਸ਼ ਹੈ ਕਿ ਖ਼ਾਨ ਨੇ ਸਰਕਾਰੀ ਖ਼ਜ਼ਾਨੇ ਤੋਂ ਗਹਿਣੇ ਬਹੁਤ ਘੱਟ ਕੀਮਤ 'ਤੇ ਖ਼ਰੀਦੇ ਸਨ, ਜਿਸ ਨਾਲ ਸਰਕਾਰੀ ਖ਼ਜ਼ਾਨੇ ਨੂੰ 3 ਕਰੋੜ 28 ਲੱਖ 50 ਹਜ਼ਾਰ ਦਾ ਨੁਕਸਾਨ ਪਹੁੰਚਿਆ। ਹਾਲਾਂਕਿ, ਇਮਰਾਨ ਖ਼ਾਨ ਨੇ ਤੋਸ਼ਾਖ਼ਾਨਾ ਮਾਮਲਾ ਸਾਹਮਣੇ ਆਉਣ ਤੋਂ ਬਾਅਦ ਬਿਆਨ ਜਾਰੀ ਕਰਕੇ ਕਿਹਾ ਸੀ ਕਿ ਉਨ੍ਹਾਂ ਨੂੰ ਇਹ ਤੋਹਫ਼ੇ ਨਿੱਜੀ ਤੌਰ 'ਤੇ ਮਿਲੇ ਸਨ ਅਤੇ ਇਸ ਲਈ ਉਨ੍ਹਾਂ ਨੂੰ ਇਹ ਰੱਖਣ ਦਾ ਅਧਿਕਾਰ ਸੀ। ਦੱਸਣਯੋਗ ਹੈ ਕਿ ਇਮਰਾਨ ਖ਼ਾਨ ਨੂੰ ਤੋਸ਼ਾਖ਼ਾਨਾ-1 ਨਾਲ ਸੰਬੰਧਿਤ ਵੱਖ-ਵੱਖ ਮਾਮਲਿਆਂ 'ਚ ਤਿੰਨ ਤੋਂ 14 ਸਾਲ ਤੱਕ ਦੀ ਕੈਦ ਦੀ ਸਜ਼ਾ ਸੁਣਾਈ ਜਾ ਚੁੱਕੀ ਹੈ, ਜਦੋਂ ਕਿ ਉਨ੍ਹਾਂ ਦੇ ਵਿਰੁੱਧ ਕਈ ਹੋਰ ਮਾਮਲੇ ਅਜੇ ਵੀ ਵਿਚਾਰ ਅਧੀਨ ਹਨ। ਜਾਣਕਾਰੀ ਅਨੁਸਾਰ ਰਾਵਲਪਿੰਡੀ ਦੀ ਅਡਿਆਲਾ ਜੇਲ੍ਹ 'ਚ ਸੁਣਵਾਈ ਦੌਰਾਨ ਸੰਘੀ ਜਾਂਚ ਏਜੰਸੀ (ਐੱਫ.ਆਈ.ਏ.) ਦੀ ਵਿਸ਼ੇਸ਼ ਅਦਾਲਤ ਦੇ ਜੱਜ ਸ਼ਾਹਰੁਖ਼ ਅਰਜ਼ੁਮੰਦ



ਦੁਆਰਾ ਉਕਤ ਫ਼ੈਸਲਾ ਸੁਣਾਇਆ ਗਿਆ। ਇਮਰਾਨ ਖ਼ਾਨ ਨੂੰ ਇਸ ਮਾਮਲੇ 'ਚ ਵੱਖ-ਵੱਖ ਅਪਰਾਧਿਕ ਅਤੇ ਭ੍ਰਿਸ਼ਟਾਚਾਰ ਦੇ ਦੋਸ਼ਾਂ ਲਈ ਅਪਰਾਧਿਕ ਉਲੰਘਣਾ ਐਕਟ (ਧਾਰਾ 409) ਦੀ ਧਾਰਾ 409 ਦੇ ਤਹਿਤ 10 ਸਾਲ ਦੀ ਸਖ਼ਤ ਕੈਦ ਅਤੇ ਭ੍ਰਿਸ਼ਟਾਚਾਰ ਰੋਕਥਾਮ ਐਕਟ ਦੀ ਧਾਰਾ 5(2)47 ਦੇ ਤਹਿਤ 7 ਸਾਲ ਦੀ ਸਜ਼ਾ ਸੁਣਾਈ ਗਈ ਹੈ, ਜਿਸ ਨਾਲ ਉਨ੍ਹਾਂ ਨੂੰ ਕੁੱਲ 17 ਸਾਲ ਦੀ ਕੈਦ ਸੁਣਾਈ ਗਈ। ਉਨ੍ਹਾਂ ਦੀ ਪਤਨੀ ਬੁਸ਼ਰਾ ਬੀਬੀ ਨੂੰ ਵੀ ਇਨ੍ਹਾਂ ਹੀ ਧਾਰਾਵਾਂ ਤਹਿਤ 17 ਸਾਲ ਦੀ ਸਜ਼ਾ ਸੁਣਾਈ ਗਈ। ਇਸ ਤੋਂ ਇਲਾਵਾ ਦੋਵਾਂ ਨੂੰ ਵੱਖਰੇ-ਵੱਖਰੇ ਤੌਰ 'ਤੇ 1.64 ਕਰੋੜ ਰੁਪਇਆਂ ਦਾ ਜੁਰਮਾਨਾ ਵੀ ਲਗਾਇਆ ਗਿਆ ਹੈ। ਫ਼ੈਸਲੇ ਤੋਂ ਬਾਅਦ ਇਮਰਾਨ ਖ਼ਾਨ ਅਤੇ ਬੁਸ਼ਰਾ ਬੀਬੀ ਦੀਆਂ ਕਾਨੂੰਨੀ ਟੀਮਾਂ ਨੇ ਕਿਹਾ ਹੈ ਕਿ ਉਹ ਇਸ ਫ਼ੈਸਲੇ ਨੂੰ ਹਾਈ ਕੋਰਟ 'ਚ ਚੁਣੌਤੀ ਦੇਣਗੇ।

**ਕਿਵੇਂ ਆਇਆ ਮਾਮਲਾ ਸਾਹਮਣੇ ?**

ਸਾਲ 2018 'ਚ ਪ੍ਰਧਾਨ ਮੰਤਰੀ ਬਣਨ ਤੋਂ ਬਾਅਦ ਇਮਰਾਨ ਖ਼ਾਨ ਸਾਊਦੀ ਅਰਬ ਗਏ ਤਾਂ ਸਾਊਦੀ ਪ੍ਰਿੰਸ ਮੁਹੰਮਦ ਬਿਨ ਸਲਮਾਨ ਨੇ ਉਨ੍ਹਾਂ ਨੂੰ ਸੋਨੇ ਅਤੇ ਹੀਰਿਆਂ ਨਾਲ ਬਣੀ ਮਹਿੰਗੀ ਬੁਲਗਾਰੀ ਘੜੀ ਦਾ ਸੈੱਟ ਤੋਹਫ਼ੇ ਵਜੋਂ ਦਿੱਤਾ। ਸੈੱਟ ਦੀ ਅਸਲ ਕੀਮਤ 7 ਕਰੋੜ 16 ਲੱਖ 60 ਹਜ਼ਾਰ ਰੁਪਏ ਦੱਸੀ ਜਾ ਰਹੀ ਹੈ। ਸਾਊਦੀ ਅਰਬ ਤੋਂ ਵਾਪਸ ਆਉਣ ਤੋਂ ਬਾਅਦ ਇਮਰਾਨ ਖ਼ਾਨ ਨੇ ਘੜੀ ਆਪਣੀ ਪਤਨੀ ਬੁਸ਼ਰਾ ਨੂੰ ਰੱਖਣ ਲਈ ਦਿੱਤੀ। ਉਨ੍ਹਾਂ ਨੇ ਤੋਹਫ਼ੇ ਨੂੰ ਸਰਕਾਰੀ ਖ਼ਜ਼ਾਨੇ 'ਚ ਜਮ੍ਹਾਂ ਕਰਵਾਉਣ ਤੋਂ ਬਚਣ ਲਈ ਪਾਕਿ ਆਰਕਾਈਵਜ਼ ਸਾਹਮਣੇ ਇਸ ਤੋਹਫ਼ੇ ਦੀ ਕੀਮਤ ਬਹੁਤ ਘੱਟ ਦੱਸੀ। ਕੁਝ ਦਿਨਾਂ ਬਾਅਦ ਬੁਸ਼ਰਾ ਬੀਬੀ ਨੇ ਘੜੀ ਉਸ ਸਮੇਂ ਦੇ ਮੰਤਰੀ ਜ਼ੁਲਫੀ ਬੁਖਾਰੀ ਨੂੰ ਦੇ ਕੇ ਇਸ ਨੂੰ ਵੇਚਣ ਲਈ ਕਿਹਾ। ਇਸ ਤੋਂ ਬਾਅਦ ਬੁਸ਼ਰਾ ਬੀਬੀ ਦੀ ਦੋਸਤ ਫ਼ਰਾਹ ਖ਼ਾਨ ਉਰਫ਼ ਫ਼ਰਾਹ ਗੋਗੀ ਅਤੇ ਮੰਤਰੀ ਬੁਖਾਰੀ ਘੜੀ ਵੇਚਣ ਲਈ ਇਕ ਸ਼ੋਅਰੂਮ 'ਚ ਗਏ, ਜਿਸ ਨੇ ਨਿਰਮਾਣ ਕੰਪਨੀ ਨੂੰ ਫ਼ੋਨ ਕੀਤਾ। ਜਿਵੇਂ ਹੀ ਘੜੀ ਬਣਾਉਣ ਵਾਲੀ ਕੰਪਨੀ ਨੂੰ ਇਸ ਬਾਰੇ ਪਤਾ ਲੱਗਾ ਤਾਂ ਉਨ੍ਹਾਂ ਨੇ ਸਿੱਧੇ ਸਾਊਦੀ ਪ੍ਰਿੰਸ ਦੇ ਦਫ਼ਤਰ ਨਾਲ ਸੰਪਰਕ ਕੀਤਾ ਅਤੇ ਪੁੱਛਿਆ ਕਿ ਤੁਹਾਡੇ ਵਲੋਂ ਖ਼ਰੀਦੀਆਂ ਗਈਆਂ ਦੋ ਘੜੀਆਂ 'ਚੋਂ ਇਕ ਵਿੱਕਰੀ ਲਈ ਆਈ ਹੈ। ਕੀ ਤੁਸੀਂ ਇਸ ਨੂੰ ਭੇਜਿਆ ਹੈ ਜਾਂ ਇਹ ਚੋਰੀ ਹੋ ਗਈ ਹੈ? ਇਸ 'ਤੇ ਜਦੋਂ ਸਾਊਦੀ ਪ੍ਰਿੰਸ ਦੇ ਦਫ਼ਤਰ ਨੇ ਇਸ ਮਾਮਲੇ ਬਾਰੇ ਪੁੱਛਗਿੱਛ ਕਰਨ ਲਈ ਪਾਕਿਸਤਾਨੀ ਸਰਕਾਰ ਨਾਲ ਸੰਪਰਕ ਕੀਤਾ ਤਾਂ ਸਾਰਾ ਮਾਮਲਾ ਸਾਹਮਣੇ ਆ ਗਿਆ। ਜਲਦੀ ਬਾਅਦ ਬੁਸ਼ਰਾ, ਫ਼ਰਾਹ ਗੋਗੀ ਅਤੇ ਮੰਤਰੀ ਜ਼ੁਲਫੀ ਬੁਖਾਰੀ ਦੀ ਇਕ ਆਡੀਓ ਰਿਕਾਰਡਿੰਗ ਲੀਕ ਹੋ ਗਈ।

# ਬੀਸੀ ਗੁਰਦੁਆਰਾ ਸੁਸਾਇਟੀਆਂ ਵੱਲੋਂ ਮਨੁੱਖੀ ਅਧਿਕਾਰ ਸੰਸਥਾਵਾਂ ਦੇ ਸਹਿਯੋਗ ਨਾਲ ਸ਼ਹੀਦ ਭਾਈ ਜਸਵੰਤ ਸਿੰਘ ਖਾਲੜਾ ਦੀ ਸ਼ਹਾਦਤ ਦੇ 30ਵੇਂ ਸਾਲ ਨੂੰ ਸਮਰਪਿਤ ਸੈਮੀਨਾਰ

## ਬੀਬੀ ਪਰਮਜੀਤ ਕੌਰ ਖਾਲੜਾ ਵੱਲੋਂ ਸਿੱਖਾਂ ਨੂੰ ਆਪਣੇ ਬੱਚੇ ਐਕਟਵਿਸਟ ਬਣਾਉਣ ਦਾ ਸੰਦੇਸ਼






ਸਰੀ (ਡਾ. ਗੁਰਵਿੰਦਰ ਸਿੰਘ) ਹਜ਼ਾਰਾਂ ਸਿੱਖ ਨੌਜਵਾਨਾ ਦੇ ਝੂਠੇ ਪੁਲਿਸ ਮੁਕਾਬਲੇ ਬਣਾਉਣ ਮਗਰੋਂ, ਉਨ੍ਹਾਂ ਦੀਆਂ ਲਾਸ਼ਾਂ ਨੂੰ ਲਾਵਾਰਸ ਕਹਿ ਕੇ ਸਮੂਹਿਕ ਤੌਰ ਤੇ ਖਪਾ ਦੇਣ ਦੇ ਸੱਚ ਨੂੰ ਸੰਸਾਰ ਦੇ ਮੰਚ ’ਤੇ ਲਿਆਉਣ ਵਾਲੇ ਸ਼ਹੀਦ ਜਸਵੰਤ ਸਿੰਘ ਖਾਲੜਾ ਦੀ 30ਵੀਂ ਵਰ੍ਹੇਗੰਢ ’ਤੇ, ਉਨ੍ਹਾਂ ਦੀ ਵਿਰਾਸਤ ਤੇ ਮਨੁੱਖੀ ਅਧਿਕਾਰਾਂ ਦੀ ਲਗਾਤਾਰ ਲੜਾਈ ਦੇ ਸਬੰਧ ਵਿੱਚ ਵਿਸ਼ੇਸ਼ ਸੈਮੀਨਾਰ, ਬੀਸੀ ਦੀਆਂ ਗੁਰਦੁਆਰਾ ਸੁਸਾਇਟੀਆਂ ਨੇ ਮਨੁੱਖੀ ਅਧਿਕਾਰ ਸੰਸਥਾਵਾਂ ਦੇ ਸਹਿਯੋਗ ਨਾਲ, 21 ਦਸੰਬਰ ਦਿਨ ਐਤਵਾਰ ਨੂੰ ਗਰੈਂਡ ਅੰਪਾਇਰ ਬੈਂਕੁਟ ਹਾਲ ਸਰੀ ਵਿਖੇ ਕਰਵਾਇਆ। ਇਸ ਮੌਕੇ ’ਤੇ ਸੰਗਤਾਂ ਨੇ ਭਾਰੀ ਉਤਸ਼ਾਹ ਨਾਲ ਸ਼ਮੂਲੀਅਤ ਕੀਤੀ ਤੇ ਮਨੁੱਖੀ ਅਧਿਕਾਰ ਸੰਸਥਾਵਾਂ ਤੇ ਬੀਸੀ ਦੀਆਂ ਸਿੱਖ ਸੰਸਥਾਵਾਂ ਨੇ ਸ਼ਹੀਦ ਜਸਵੰਤ ਸਿੰਘ ਖਾਲੜਾ ਦੀ ਵਿਰਾਸਤ, ਯਾਦ ਅਤੇ ਮਨੁੱਖੀ ਅਧਿਕਾਰਾਂ ਦੇ ਸੰਘਰਸ਼ ਤੋਂ ਲੈ ਕੇ ਮੌਜੂਦਾ ਸਮੇਂ ਤੱਕ, ਦਰਪੇਸ਼ ਚੁਣੌਤੀਆਂ ਬਾਰੇ ਇੱਕ-ਮਨ, ਇੱਕ-ਚਿੱਤ ਹੋ ਕੇ ਵਿਸ਼ਲੇਸ਼ਣ ਕੀਤਾ।

ਸ਼ਹੀਦ ਭਾਈ ਜਸਵੰਤ ਸਿੰਘ ਖਾਲੜਾ ਦੀ ਪਤਨੀ ਬੀਬੀ ਪਰਮਜੀਤ ਕੌਰ ਖਾਲੜਾ ਇਸ ਸੈਮੀਨਾਰ ਦੌਰਾਨ ਵਿਸ਼ੇਸ਼ ਤੌਰ ’ਤੇ ਸ਼ਾਮਿਲ ਹੋਏ। ਬੀਬੀ ਖਾਲੜਾ ਨੇ ਵਿਸਥਾਰ ਵਿੱਚ ਸ਼ਹੀਦ ਖਾਲੜਾ ਦੀ ਸ਼ਹਾਦਤ ਦੇ ਇਤਿਹਾਸ ਨੂੰ ਬਿਆਨ ਕਰਦਿਆਂ ਦੱਸਿਆ ਕਿ ਭਾਈ ਖਾਲੜਾ ਨੂੰ 1995 ਵਿੱਚ ਪੰਜਾਬ ਵਿੱਚ ਸਿੱਖ ਖਾੜਕੂਵਾਦ ਦੌਰਾਨ ਜ਼ਬਰਦਸਤੀ ਲਾਪਤਾ ਕੀਤੇ ਹਜ਼ਾਰਾਂ ਸਿੱਖ ਨੌਜਵਾਨਾਂ ਦੀਆਂ ਹੱਤਿਆਵਾਂ ਅਤੇ ਝੂਠੇ ਪੁਲਿਸ ਮੁਕਾਬਲਿਆਂ ਦੀ ਜਾਂਚ ਲਈ ਆਵਾਜ਼ ਬੁਲੰਦ ਕਰਨ ਬਦਲੇ, ਭਾਰਤੀ ਪੁਲਿਸ ਨੇ ਸ਼ਹੀਦ ਕਰ ਦਿੱਤਾ ਸੀ। ਉਨ੍ਹਾਂ ਕਿਹਾ ਕਿ ਅੱਜ ਤੋਂ 30 ਸਾਲ ਪਹਿਲਾਂ, ਜਦ ਮਨੁੱਖੀ ਅਧਿਕਾਰਾਂ ਦੀ ਆਵਾਜ਼ ਬੁਲੰਦ ਕਰਨ ਵਾਲਾ ਯੋਧਾ ਭਾਈ ਜਸਵੰਤ ਸਿੰਘ ਮਾਨਵਤਾ ਦੇ ਕਾਤਲਾਂ ਨੂੰ ਬੇਨਕਾਬ ਕਰਦਾ ਹੈ, ਤਾਂ ਉਸ ਨੂੰ 6 ਸਤੰਬਰ 1995 ਨੂੰ ਅਗਵਾ ਕਰਨ ਮਗਰੋਂ, ਅਨੇਕਾਂ ਤਸੀਹੇ ਦੇ ਕੇ ਸ਼ਹੀਦ ਕਰ ਦਿੱਤਾ ਜਾਂਦਾ ਹੈ। ਉਨ੍ਹਾਂ ਬੇਹੱਦ ਨਿਮਰਤਾ ਨਾਲ ਕਿਹਾ ਕਿ ਸਿੱਖ ਕੌਮ ਨੇ ਸਾਨੂੰ ਬਹੁਤ ਸਤਿਕਾਰ ਦਿੱਤਾ, ਜਿਸ ਦੇ ਅਸੀਂ ਸਦਾ ਰਿਣੀ ਰਹਾਂਗੇ। ਬੀਬੀ ਖਾਲੜਾ ਨੇ ਬਾਹਰਲੇ ਸਿੱਖਾਂ ਨੂੰ ਪ੍ਰੇਰਿਆ ਕਿ ਅਸੀਂ ਇੱਥੇ ਆਰਥਿਕ ਤੌਰ ‘ਤੇ ਸਥਾਪਤ ਹੋ ਗਏ ਹਾਂ, ਹੁਣ ਆਪਣੇ ਬੱਚਿਆਂ ਨੂੰ ਉਤਸਾਹਤ ਕਰੀਏ ਕਿ ਉਹ ਦੁਨਿਆਵੀ ਕੰਮਾਂ ਦੇ ਨਾਲ-ਨਾਲ ਕੌਮ ਪ੍ਰਤੀ ਸਰਗਰਮ ਹੋਣ, ਐਕਟੀਵਿਸਟ ਬਣਨ ਤੇ ਸਿਸਟਮ ਵਿੱਚ ਸ਼ਾਮਿਲ ਹੋ ਕੇ ਗੱਲ ਅੱਗੇ ਵਧਾਉਣ।



ਇਸ ਮੌਕੇ ’ਤੇ ਸਮੂਹ ਗੁਰਦੁਆਰਾ ਸੰਸਥਾਵਾਂ ਅਤੇ ਮਨੁੱਖੀ ਹੱਕਾਂ ਦੀਆਂ ਜਥੇਬੰਦੀਆਂ, ਤਰਨਤਾਰਨ ਦੀਆਂ ਸਿੱਖ ਸੰਸਥਾਵਾਂ ਅਤੇ ਭਾਈ ਖਾਲੜਾ ਸਾਹਿਬ ਦੀ ਸ਼ਹਾਦਤ ਬਾਰੇ ਕੈਨੇਡਾ ਦੀ ਪਾਰਲੀਮੈਂਟ ਵਿੱਚ ਬੋਲਣ ਵਾਲੇ ਐਮਪੀ ਸੁਖ ਧਾਲੀਵਾਲ ਵੱਲੋਂ ਬੀਬੀ ਪਰਮਜੀਤ ਕੌਰ ਖਾਲੜਾ ਨੂੰ ਸਨਮਾਨਿਤ ਕੀਤਾ ਗਿਆ। ਸੈਮੀਨਾਰ ਦੇ ਪਹਿਲੇ ਬੁਲਾਰੇ ਵਿਸ਼ਵ ਸਿੱਖ ਸੰਸਥਾ ਦੇ ਮੁੱਖ ਸੇਵਾਦਾਰ ਭਾਈ ਦਾਨਸ਼ ਸਿੰਘ ਨੇ ਸੰਗਤਾਂ ਨੂੰ ‘ਜੀ ਆਇਆਂ ਨੂੰ’ ਆਖਦਿਆਂ, ਵਰਤਮਾਨ ਸਮੇਂ ਕੌਮੀ ਚੁਣੌਤੀਆਂ ਅਤੇ ਪੰਥਕ ਮਸਲਿਆਂ ਦੇ ਹੱਲ ਬਾਰੇ, ਗਰੁੱਪਾਂ ਦੀ ਖਿੱਚੋਤਾਣ ਨੂੰ ਇੱਕ ਪਾਸੇ ਛੱਡ ਕੇ, ਸਾਂਝੇ ਉਪਰਾਲੇ ਕਰਨ ਲਈ ਅਪੀਲ ਕੀਤੀ।

ਯੂਨਾਈਟਡ ਸਿੱਖਸ ਦੇ ਬੁਲਾਰੇ ਭਾਈ ਗੁਰਿੰਦਰ ਸਿੰਘ ਨੇ ਜੋਸ਼ੀਲੇ ਭਾਸ਼ਣ ਵਿੱਚ ਕਿਹਾ ਕਿ ਖਾਲੜਾ ਸਾਹਿਬ ਨੇ ਮਨੁੱਖੀ ਹੱਕਾਂ ਲਈ ਸੱਚ ਦੀ ਦੁਹਾਈ ਦਿੱਤੀ ਤੇ ਉਸ ਨੂੰ ਸਰਕਾਰੀ ਝੂਠ ਦਾ ਹਨੇਰਾ ਬਰਦਾਸ਼ਤ ਨਹੀਂ ਕਰ ਸਕਿਆ। ਉਹਨਾਂ ਵਿਸ਼ਵਾਸ ਪ੍ਰਗਟਾਇਆ ਕਿ ਜਦੋਂ ਤੱਕ ਇਨਸਾਨੀਅਤ ਦੀ ਆਵਾਜ਼ ਬਚੀ ਰਹੇਗੀ, ਸਰਦਾਰ ਜਸਵੰਤ ਸਿੰਘ ਖਾਲੜਾ ਦੀ ਕੁਰਬਾਨੀ ਅਜਾਈ ਨਹੀਂ ਜਾਏਗੀ।

ਸਿੱਖ ਰਿਸਰਚ ਇੰਸਟੀਟਿਊਟ ਦੇ ਸੇਵਾਦਾਰ ਭਾਈ ਹਰਿੰਦਰ ਸਿੰਘ ਨੇ ਇਸ ਮੌਕੇ ’ਤੇ ਬੋਲਦਿਆਂ ਦੱਸਿਆ ਕਿ ਗੁਰੂ ਨਾਨਕ ਜਹਾਜ਼ ਦੀ ਅਗਵਾਈ ਕਰਨ ਵਾਲੀ ਪੰਜ ਮੈਂਬਰੀ ਕਮੇਟੀ ਵਿੱਚ ਖਾਲੜਾ ਸਾਹਿਬ ਦੇ ਦਾਦਾ ਜੀ ਭਾਈ ਹਰਨਾਮ ਸਿੰਘ ਖਾਲੜਾ ਦੀ ਵਿਸ਼ੇਸ਼ ਭੂਮਿਕਾ ਸੀ, ਜੋ ਕਿ ਖਾਲੜਾ ਸਾਹਿਬ ਲਈ ਵਿਰਾਸਤੀ ਪ੍ਰੇਰਨਾ ਬਣੀ। ਉਹਨਾਂ ਉਦਾਹਰਣਾਂ ਸਹਿਤ ਦੱਸਿਆ ਕਿ ਦੁਨੀਆਂ ਦੇ ਸਭ ਤੋਂ ਵੱਡੇ ਲੋਕਰਾਜ ਅਖਵਾਉਣ ਵਾਲੇ ਦੇਸ ਭਾਰਤ ਵਿਚ ਹਜ਼ਾਰਾਂ ਸਿੱਖ ਨੌਜਵਾਨਾਂ ਨੂੰ ਝੂਠੇ ਪੁਲਿਸ ਮੁਕਾਬਲਿਆਂ ‘ਚ ਮਾਰ ਮੁਕਾਉਣਾ ਤੇ ਉਹਨਾਂ ਦੀਆਂ ਲਾਸ਼ਾਂ ਨੂੰ ਲਵਾਰਿਸ ਕਰਾਰ ਦੇ ਕੇ ਸਾੜ ਦੇਣਾ, ਸ਼ੈਤਾਨੀਅਤ ਦਾ ਨੰਗਾ ਨਾਚ ਸੀ। ਉਹਨਾਂ ਖਾਲੜਾ ਸਾਹਿਬ ਦੇ ਆਰੰਭੇ ਸੰਘਰਸ਼ ਨੂੰ ਅੱਗੇ ਲਿਜਾਣ ਲਈ ਪ੍ਰੇਰਿਆ।

ਬੀਸੀ ਸਿੱਖ ਗੁਰਦੁਆਰਾ ਸੁਸਾਇਟੀਆਂ ਅਤੇ ਸਿੱਖ ਫੈਡਰੇਸ਼ਨ ਦੇ ਬੁਲਾਰੇ ਭਾਈ ਮਨਿੰਦਰ ਸਿੰਘ ਬੋਇਲ ਨੇ ਭਾਵਪੂਰਤ ਸ਼ਬਦਾਂ ਵਿੱਚ ਮੌਜੂਦਾ ਪੰਥਕ ਚੁਣੌਤੀਆਂ ਬਾਰੇ ਗੱਲਬਾਤ ਕੀਤੀ। ਉਨ੍ਹਾਂ ਕਿਹਾ ਕਿ ਸ਼ਹੀਦ ਖਾਲੜਾ ਦਾ ਕਥਨ ਗੌਰ ਕਰਨ ਵਾਲਾ ਹੈ ਕਿ ਸਿੱਖ ਨੂੰ ਗੁਰੂ ਸਾਹਿਬ ਨੇ ਦੁਨੀਆ ਦੇ ਮਨੁੱਖੀ ਹੱਕ ਬਚਾਉਣ ਦੀ ਤਾਕਤ ਦਿੱਤੀ ਹੈ, ਪਰ ਜੇਕਰ ਉਹ ਆਪਣੇ ਹੱਕ ਵੀ ਨਾ ਬਚਾ ਸਕਿਆ, ਤਾਂ ਫਿਰ ਦੁਨੀਆਂ ਦੇ ਹੱਕਾਂ ਦੀ ਰਾਖੀ ਕੀ ਕਰੇਗਾ ? ਉਹਨਾਂ ਕਿਹਾ ਕਿ ਮਨੁੱਖੀ ਅਧਿਕਾਰਾਂ ਦੇ ਸੰਘਰਸ਼ ਅਤੇ ਗੁਲਾਮੀ ਦੀ ਲੜਾਈ ਨੂੰ ਵੱਖ ਕਰਕੇ ਨਹੀਂ ਦੇਖਿਆ ਜਾ ਸਕਦਾ ਤੇ ਖਾਲੜਾ ਸਾਹਿਬ ਦਾ ਸੰਘਰਸ਼ ਮਨੁੱਖੀ ਹੱਕਾਂ ਦੇ ਨਾਲ ਆਜ਼ਾਦ ਸਿੱਖ ਰਾਜ ਖ਼ਾਲਿਸਤਾਨ ਦਾ ਸੰਘਰਸ਼ ਵੀ ਸੀ, ਜਿਸ ਲਈ ਆਵਾਜ਼ ਅੱਜ ਬੁਲੰਦ ਕਰਨ ਦੀ ਲੋੜ ਹੈ।

ਪ੍ਰੋਗਰਾਮ ਦਾ ਸੰਚਾਲਨ ਕਰਦਿਆਂ ਭਾਈ ਸੁਨੀਲ ਕੁਮਾਰ ਨੇ ਸਾਰੀਆਂ ਸੰਸਥਾਵਾਂ ਦਾ ਧੰਨਵਾਦ ਕੀਤਾ। ਉਹਨਾਂ ਵਿਸ਼ੇਸ਼ ਤੌਰ ਤੇ ਪ੍ਰਸਿੱਧ ਕਿਤਾਬ ‘ਰਿਡਿਊਸ ਟੂ ਐਸ਼ਜ’ ‘ਜੋ ਰਾਖ ਹੋ ਗਏ ਪੰਜਾਬ ਵਿੱਚ ਬਗ਼ਾਵਤ ਅਤੇ ਮਨੁੱਖੀ ਅਧਿਕਾਰ’ ਦਾ ਵਿਸ਼ੇਸ਼ ਹਵਾਲਾ ਦਿੰਦਿਆਂ ਜਾਗਰੂਕਤਾ ਪੈਦਾ ਕੀਤੀ, ਜਿਸ ਵਿੱਚ ਸ਼ਹੀਦ ਭਾਈ ਖਾਲੜਾ ਦੀਆਂ ਗਵਾਹੀਆਂ ਸਮੇਤ, ਪੀੜਤ ਵਰਗ ਦੇ ਅਣ-ਸੁਣੇ ਦਰਦ ਨੂੰ, ਸ਼ਬਦਾਂ ਦਾ ਜਾਮਾ ਪਹਿਨਾਉਣ ਵਾਲੇ ਲਿਖਾਰੀ ਰਾਮ ਨਰਾਇਣ ਕੁਮਾਰ ਅਤੇ ਅਮਰੀਕ ਸਿੰਘ ਮੁਕਤਸਰ, ਅਸ਼ੋਕ ਅਗਰਵਾਲ ਅਤੇ ਜਸਕਰਨ ਕੌਰ ਧੰਨਵਾਦ ਦੇ ਪਾਤਰ ਹਨ।

ਇਸ ਯਾਦਗਾਰੀ ਸਮਾਗਮ ਦੇ ਆਖਰੀ ਪੜਾਓ ’ਤੇ ਮਨੁੱਖੀ ਹੱਕਾਂ ਦੇ ਅਲੰਬਰਦਾਰ ਸ਼ਹੀਦ ਭਾਈ ਜਸਵੰਤ ਸਿੰਘ ਖਾਲੜਾ ਦੀ ਸ਼ਹਾਦਤ ਦੇ 30ਵੇਂ ਸਾਲ ਨੂੰ ਸਮਰਪਿਤ ਰੈਡੀਕਲ ਦੇਸੀ ਵੱਲੋਂ, ਯਾਦਗਾਰੀ ਕੈਲੰਡਰ 2026 ਜਾਰੀ ਕੀਤਾ ਗਿਆ। ਕੈਲੰਡਰ ’ਤੇ ਸ਼ਹੀਦ ਖਾਲੜਾ ਦੀ ਪੇਂਟਿੰਗ ਸ. ਜਰਨੈਲ ਸਿੰਘ ਆਰਟਿਸਟ ਦੁਆਰਾ ਬਣਾਈ ਗਈ ਹੈ, ਜਿਨ੍ਹਾਂ ਦਾ ਇਸ ਸਾਲ ਦੇ ਸ਼ੁਰੂ ਵਿੱਚ ਦੇਹਾਂਤ ਹੋ ਗਿਆ ਸੀ। ਕਿਸੇ ਇੱਕ ਵਿਅਕਤੀ ਜਾਂ ਜਥੇਬੰਦੀ ਦੀ ਥਾਂ, ਸਮੂਹਿਕ ਪੰਥਕ ਜਥੇਬੰਦੀਆਂ ਦੇ ਸਹਿਯੋਗ ਨਾਲ ਹੋਇਆ ਇਹ ਸੈਮੀਨਾਰ, ਨਿਰਵਿਘਨਤਾ ਸਹਿਤ ਯਾਦਗਾਰੀ ਹੋ ਨਿਬੜਿਆ।



CALL US: 209-637-0210 | 612-578-8078
925-495-0207

SAN RAMON
Lathrop & Main Street Manteca
URGENT CARE & CLINIC

# CITIZENSHIP ELIGIBILITY AND GREEN CARD APPLICATION

DR. RAJESH MAHESHWARI, MD

VISIT US NOW!

SAN RAMON
San Ramon
URGENT CARE & CLINIC
9140 Alcosta Boulevard Ste D
San Ramon, CA 94583
(925) 361-5959

LATHROP
Lathrop
URGENT CARE
15810 Harlan Road #A
Lathrop, CA 95330
(209) 983-9000

MAIN STREET
Main Street
URGENT CARE
1040 North Main Street
Manteca, CA 95336
(209) 825-5155

https://www.sanramonurgentcare.com/

Email us at info@sanramonucc.com



ਸਰਦਾਰ ਮੱਲ ਸਿੰਘ ਜੀ ਸਿੱਖ ਪੰਥ ਵਿੱਚ ਇੱਕ ਜਾਣਿਆ ਪਹਿਚਾਣਿਆ ਨਾਮ ਹੈ। ਜਿਨ੍ਹਾਂ ਨੇ ਬਚਪਨ ਤੋਂ ਲੈਕੇ ਅੱਜ ਤੱਕ ਜਿਥੇ ਘਰਾਂ ਦੀ ਗਰੀਬੀ ਨਾਲ ਮੁਕਾਬਲਾ ਕੀਤਾ, ਉਥੇ ਸ਼ੁਰੂ ਤੋਂ ਹੀ ਸਿੱਖੀ ਜੀਵਨ ਅਤੇ ਸਿੱਖੀ ਕਦਰਾਂ ਕੀਮਤਾਂ ਲਈ ਲੜਾਈ ਜਾਰੀ ਰੱਖੀ। ਕਈ ਵਾਰ ਰਸਤੇ 'ਚ ਆਰਥਿਕ ਅਤੇ ਹੋਰ ਅੜਚਨਾਂ ਰੁਕਾਵਟਾਂ ਆਈਆਂ ਪਰ ਗੁਰੂ ਦੇ ਨਿਮਾਣੇ ਸਿੱਖ ਵਾਂਗ ਹੱਸਕੇ ਮੁਕਾਬਲਾ ਕੀਤਾ। ਭਾਵੇਂ ਬਚਪਨ 'ਚ ਅਤਿ ਗਰੀਬੀ ਕਾਰਨ ਸਤਵੀਂ ਦੀ ਪੜ੍ਹਾਈ ਵਿੱਚੇ ਛੱਡਕੇ ਕਾਰਖਾਨਿਆਂ 'ਚ ਮਜ਼ਦੂਰੀ ਕਰਨੀ ਪਈ ਪਰ ਹੌਸਲਾ ਨਾ ਛੱਡਿਆ। ਕਾਰਖਾਨੇ 'ਚ ਕੰਮ ਕਰਕੇ ਮੁੜ ਸਕੂਲ 'ਚ ਦਾਖਲਾ ਲੈ ਲਿਆ ਅਤੇ ਕੰਮਕਾਰ ਦੇ ਨਾਲ-ਨਾਲ ਪੜ੍ਹਾਈ ਜਾਰੀ ਰੱਖੀ ਅਤੇ ਸਿੱਖ ਇਤਿਹਾਸ ਦੀਆਂ ਕਿਤਾਬਾਂ ਪੜ੍ਹ ਪੜ੍ਹ ਕੇ ਸਿੱਖ ਇਤਿਹਾਸ ਤੋਂ ਹੋਰ ਜਾਣੂ ਅਤੇ ਸ਼ਰਧਾਲੂ ਹੁੰਦੇ ਗਏ। ਪਿਤਾ ਸ੍ਰੀ ਕਿਸ਼ਨ ਚੰਦ ਅਤੇ ਮਾਤਾ ਨਾਮ ਕੌਰ ਜੀ ਦੀ ਸਿੱਖੀ ਨਾਲ ਅਤਿ ਲਗਾਉ ਅਤੇ ਧਾਰਮਿਕ ਦ੍ਰਿੜਤਾ ਨੇ ਸਰਦਾਰ ਮੱਲ ਸਿੰਘ ਉਪਰ ਗਹਿਰਾ ਪ੍ਰਭਾਵ ਛੱਡਿਆ। ਡੀ.ਏ.ਵੀ. ਕਾਲਜ ਜਲੰਧਰ ਪ੍ਰੀ-ਯੂਨੀਵਰਸਿਟੀ ਪਾਸ ਕਰਨ ਉਪਰੰਤ 1970 ਵਿਚ Indian Posts And Telegraph Department ਜਲੰਧਰ ਉਨਾ ਨੂੰ ਸਰਕਾਰੀ ਨੌਕਰੀ ਮਿਲ ਗਈ ਅਤੇ 40 ਸਾਲ ਨੌਕਰੀ ਕਰਨ ਬਾਅਦ ਸ੍ਰ. ਮੱਲ ਸਿੰਘ ਜੀ 2010 'ਚ ਰਿਟਾਇਰ ਹੋ ਗਏ ਅਤੇ ਉਨ੍ਹਾਂ ਨੇ ਸਿੱਖੀ ਅਤੇ ਸਿੱਖ ਇਤਿਹਾਸ ਲਈ ਪੂਰਾ ਸਮਾਂ ਕੰਮ ਕਰਨਾ ਸ਼ੁਰੂ ਕਰ ਦਿੱਤਾ। ਸਰਦਾਰ ਸਾਹਿਬ ਵੱਖ-ਵੱਖ ਧਾਰਮਿਕ ਅਤੇ ਸਿਆਸੀ ਸੰਸਥਾਵਾਂ ਦੇ ਮੁੱਖ ਸੇਵਾਦਾਰਾਂ ਵਜੋਂ ਕੰਮ ਕਰਦੇ ਰਹੇ ਉਨ੍ਹਾਂ ਦੀ ਸ਼ਾਦੀ 1974 ਵਿੱਚ ਹੋਈ। ਹੁਣ ਤਿੰਨ ਪੁੱਤਰਾਂ ਦੇ ਬਾਪ ਹਨ ਉਨ੍ਹਾਂ ਨੇ ਸਿੱਖ ਇਤਿਹਾਸ ਉਪਰ ਡੂੰਘਾ ਅਧਿਐਨ ਕੀਤਾ ਅਤੇ ਉਨ੍ਹਾਂ ਨੇ ਇਤਿਹਾਸਕ ਕਿਤਾਬਾਂ ਲਿਖੀਆਂ। ਸਾਲ 2015-16 ਤੋਂ ਲੈ ਕੇ ਹੁਣ ਤੱਕ ਉਨ੍ਹਾ ਦੀਆਂ ਚਾਰ ਪੁਸਤਕਾਂ ਛਪ ਚੁੱਕੀਆਂ ਹਨ। ਜਿਨ੍ਹਾਂ ਵਿੱਚ 1. ਗੁਰੂ ਗੋਬਿੰਦ ਸਿੰਘ ਜੀ ਦਾ ਨਾਦੀ ਪੁੱਤਰ ਬਾਬਾ ਬੰਦਾ ਸਿੰਘ ਬਹਾਦਰ - ਪੰਨੇ 200, 2. 'ਮਨ ਕੀ ਕਟੀਐ ਮੈਲ' ਪੰਨੇ 80, 3. ਡਾ. ਭੀਮ ਰਾਓ ਅੰਬੇਡਕਰ ਸਿੱਖ ਕਿਉਂ ਨਾ ਬਣ ਸਕੇ (ਦੋਸ਼ੀ ਕੌਣ) ਪੰਨੇ 558, 4. ਸਿੱਖ ਮਿਸ਼ਨ ਤੇ ਡਾ. ਭੀਮ ਰਾਓ ਅੰਬੇਡਕਰ - ਪੰਨੇ 392, 5. ਇਸ ਤੋਂ ਇਲਾਵਾ ਪੰਜਵੀਂ ਪੁਸਤਕ 'ਪੰਥ ਪ੍ਰਕਾਸ਼' ਭਾਈ ਰਤਨ ਸਿੰਘ ਭੰਗੂ ਕਵਿਤਾ ਤੋਂ ਵਾਰਤਕ ਵਿਚ ਹੱਥ ਲਿਖਤ ਪਈ ਹੋਈ ਹੈ। ਉਪਰੋਕਤ ਪੁਸਤਕ ਜੋ ਲੜੀ ਨੰ. 3 ਅਤੇ 4 'ਤੇ ਹੈ, ਇਨ੍ਹਾਂ ਦੋਹਾਂ ਪੁਸਤਕਾਂ ਦਾ ਅੰਗਰੇਜ਼ੀ ਅਨੁਵਾਦ ਇਕੱਠੇ ਹੀ ਤਿਆਰ ਹੋ ਚੁੱਕਾ ਹੈ। ਉਨ੍ਹਾਂ ਨੇ ਇਹ ਸਿੱਧ ਕਰਕੇ ਕੀ ਸਿੱਖਾਂ ਨੇ ਡਾਕਟਰ ਅੰਬੇਦਕਰ ਨੂੰ ਸਿੱਖ ਨਹੀਂ ਬਣਨ ਦਿੱਤਾ। ਝੂਠ ਸਿੱਧ ਕਰਕੇ ਸਿੱਖਾਂ ਦੇ ਮੱਥੇ ਤੋਂ ਕਲੰਕ ਧੋਇਆ ਹੈ। ਉਨ੍ਹਾਂ ਨੇ ਸਬੂਤਾਂ ਸਾਹਿਤ ਦੱਸਿਆ ਕਿ ਕਿਵੇਂ ਗਾਂਧੀ ਨਹਿਰੂ ਅਤੇ ਉਸ ਸਮੇਂ ਦੇ ਹੋਰ ਹਿੰਦੂ ਲੀਡਰ ਨਹੀਂ ਸੀ ਚਹੁੰਦੇ ਕਿ ਡਾਕਟਰ ਅੰਬੇਕਰ ਸਿੱਖ ਅਤੇ ਉਸ ਨਾਲ ਉਸਦੇ ਪੈਰੋਕਾਰ ਸਿੱਖ ਬਣਨ ਤੇ ਸਿੱਖਾਂ ਦੀ ਗਿਣਤੀ ਵਧ ਜਾਵੇ ਜਿਸਨੂੰ ਉਸ ਸਮੇਂ ਦੇ ਹਾਕਮਾਂ ਨੇ ਬਹੁਤ ਚਤੁਰਾਈ ਨਾਲ ਖੇਡਿਆ। ਕਿਉਂਕਿ ਡਾਕਟਰ ਅੰਬੇਦਕਰ ਨੇ ਕਿਹਾ ਸੀ ਕਿ ਮੈਂ ਹਿੰਦੂ ਪੈਦਾ ਹੋਇਆ ਪਰ ਹਿੰਦੂ ਮਰਾਂਗਾ ਨਹੀਂ। ਇਸ ਲਈ ਡਾਕਟਰ ਅੰਬੇਦਕਰ ਨੇ ਕਈ ਕਾਰਨਾਂ ਕਰਕੇ ਬੁੱਧ ਧਰਮ ਗ੍ਰਹਿਣ ਕਰ ਲਿਆ ਪਰ ਸਰਦਾਰ ਮੱਲ ਸਿੰਘ ਨੇ ਸਿੱਖਾਂ ਖਿਲਾਫ ਸਾਜਿਸ਼ ਤਹਿਤ ਸਿਰਜੀ ਮਿੱਥ ਤੋੜਕੇ ਇਤਿਹਾਸ ਦੇ ਸੁਨਹਿਰੀ ਪੰਨਿਆਂ 'ਚ ਆਪਣਾ ਨਾਲ ਜੋੜ ਦਿੱਤਾ। ਇਹ ਇਤਿਹਾਸਕ ਦਸਤਾਵੇਜ਼ ਅਸੀਂ 'ਸਾਡੇ ਲੋਕ' ਦੇ ਪਾਠਕਾਂ ਲਈ ਸ਼ੁਰੂ ਕਰ ਰਹੇ ਹਾਂ। ਜਿਥੇ ਅਸੀਂ ਸਿੱਖ ਸਕਾਲਰ ਸ. ਮੱਲ ਸਿੰਘ ਜੀ ਦਾ ਤਹਿ ਦਿਲ ਤੋਂ ਧੰਨਵਾਦ ਕਰਦੇ ਹਾਂ ਉਥੇ ਸਾਨੂੰ ਆਸ ਹੈ ਕਿ ਪਾਠਕ ਪੜ੍ਹਕੇ ਜ਼ਰੂਰ ਲਾਭ ਲੈਣਗੇ -ਧੰਨਵਾਦ ਸਾਹਿਤ ਸਤਨਾਮ ਸਿੰਘ ਖਾਲਸਾ

# ਸਿੱਖ ਮਿਸ਼ਨ ਅਤੇ ਤੇ ਡਾ. ਭੀਮ ਰਾਓ ਅੰਬੇਡਕਰ

**(ਪਿਛਲੇ ਅੰਕ ਦੀ ਬਾਕੀ)**

ਦੀਵਾਨ ਵਲੋਂ ਹੇਠ ਲਿਖੇ ਗੁਰਮਤੇ ਸਰਬ ਸੰਮਤੀ ਨਾਲ ਪਾਸ ਹੋਏ :

1. ਅੱਜ ਦਾ ਖ਼ਾਲਸਾ ਜੀ ਦਾ ਜੰਮੂ ਗੁਰਦੁਆਰਾ ਬ੍ਰਹਮ ਬੂਟਾ ਵਿਖੇ ਸਜਿਆ ਹੋਇਆ ਭਾਰੀ ਦੀਵਾਨ ਰਿਆਸਤ ਜੰਮੂ ਦੇ ਬਾਲਾ ਅਫ਼ਸਰਾਂ ਪਾਸ ਬੜੇ ਜ਼ੋਰ ਨਾਲ ਬੇਨਤੀ ਕਰਦਾ ਹੈ ਕਿ ਅਖੌਤੀ ਅਛੂਤਾਂ ਵਿਚੋਂ ਨਵੇਂ ਸਜੇ ਸਿੰਘਾਂ ਨੂੰ ਦੂਸਰੀਆਂ ਕੌਮਾਂ ਵਲੋਂ ਜਿਹੜੀਆਂ ਔਕੜਾਂ ਅਤੇ ਤਕਲੀਫ਼ਾਂ ਹੋ ਰਹੀਆਂ ਤੇ ਹੋਈਆਂ ਅਤੇ ਹੋਣਗੀਆਂ ਉਨ੍ਹਾਂ ਦਾ ਭਲੀ ਪ੍ਰਕਾਰ ਪ੍ਰਬੰਧ ਕਰਕੇ ਜੰਮੂ ਨਿਵਾਸੀ ਖ਼ਾਲਸਾ ਅਤੇ ਅਕਾਲੀ ਜਥਾ ਜੰਮੂ ਨੂੰ ਧੰਨਵਾਦੀ ਬਣਾਉਣ

(ਅ) ਕਈ ਸਾਲ ਹੋਏ ਹਨ ਮਹਾਰਾਜਾ ਬਹਾਦਰ ਜੰਮੂ ਕਸ਼ਮੀਰ ਵਲੋਂ ਅਖੌਤੀ ਅਛੂਤਾਂ ਨੂੰ ਮੰਦਰਾਂ ਤੇ ਖੂਹਾਂ ਦੀ ਪੂਰਨ ਅਜ਼ਾਦੀ ਦਾ ਹੱਕ ਦਿੱਤਾ ਗਿਆ ਸੀ। ਜੰਮੂ ਨਿਵਾਸੀ ਖ਼ਾਲਸਾ ਜੀ ਨੇ ਅਛੂਤਾਂ ਨੂੰ ਨਾਲ ਮਿਲਾਉਣ ਦਾ ਕੰਮ ਪਹਿਲਾਂ ਤੋਂ ਹੀ ਸ਼ੁਰੂ ਕੀਤਾ ਹੋਇਆ ਹੈ। ਪਰ ਹੁਣ ਪੂਰੇ ਤੌਰ 'ਤੇ ਅਮਲ ਕਰਨ ਦਾ ਫੈਸਲਾ ਕੀਤਾ ਹੈ।

2. ਅੱਜ ਦਾ ਖ਼ਾਲਸਾ ਜੀ ਦਾ ਭਾਰੀ ਦੀਵਾਨ ਸ਼੍ਰੋਮਣੀ ਅਕਾਲੀ ਦਲ ਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਪੂਰਨ ਭਰੋਸਾ ਦਿਵਾਉਂਦਾ ਹੈ ਕਿ ਆਪ ਜੀ ਦੇ ਹੁਕਮ ਅਨੁਸਾਰ ਜੰਮੂ ਨਿਵਾਸੀ ਖ਼ਾਲਸਾ ਆਪ ਜੀ ਦੇ ਹੁਕਮ ਦੀ ਪਾਲਣਾ ਕਰਦਾ ਹੋਇਆ ਆਪ ਜੀ ਦੀ ਬਣਾਈ ਹੋਈ ਸਕੀਮ ਅਨੁਸਾਰ ਕੰਮ ਕਰੇਗਾ।

3. ਅੱਜ ਦਾ ਖ਼ਾਲਸਾ ਜੀ ਦਾ ਇਹ ਭਾਰੀ ਦੀਵਾਨ ਖੋਜੀਪੁਰ ਦੇ ਉਨ੍ਹਾਂ ਸਿੰਘਾਂ ਜਿਨ੍ਹਾਂ ਨੇ ਪਿੰਡ ਰਹਿ ਕੇ ਦੀਵਾਨ ਵਿਚ ਅੰਮ੍ਰਿਤਪਾਨ ਕੀਤਾ ਸੀ ਤੇ ਪਿੰਡ ਦੇ ਬ੍ਰਾਹਮਣ ਜ਼ਿਮੀਂਦਾਰਾਂ ਨੇ ਤੰਗ ਕੀਤਾ ਤੇ ਨਵੇਂ ਸਿੰਘਾਂ ਦੀਆਂ ਫਸਲਾਂ ਖੋਹ ਲਈਆਂ ਤੇ ਅੱਜ ਬੇਇੱਜ਼ਤੀ ਹੋ ਰਹੀ ਹੈ, ਅੰਮ੍ਰਿਤਧਾਰੀ ਸਿਘਾਂ ਨੂੰ ਪੂਰਨ ਭਰੋਸਾ ਦਿੰਦੇ ਹਾਂ ਕਿ ਹਰ ਇਕ ਸਿੱਖ ਬੱਚਾ ਉਨ੍ਹਾਂ ਦੀ ਹਰ ਤਰ੍ਹਾਂ ਦੀ ਮਦਦ ਕਰੇਗਾ।

ਗੁਰਦੁਆਰਾ ਗਜ਼ਟ ਅੰਮ੍ਰਿਤਸਰ (22) ਫਰਵਰੀ 1937

(ਅ) ਪਿੰਡ ਦੇ ਜ਼ਿਮੀਂਦਾਰ ਬਾਹਮਣਾਂ ਉਤੇ ਸਖ਼ਤ ਘ੍ਰਿਣਾ ਪ੍ਰਗਟ ਕੀਤੀ ਜਾਂਦੀ ਹੈ ਤੇ ਤਹਿਸੀਲਦਾਰ ਸਾਹਿਬ ਨਵਾਂ ਸ਼ਹਿਰ ਨੂੰ ਚਿਤਾਵਨੀ ਕਰਾਈ ਜਾਂਦੀ ਹੈ ਕਿ ਖੋਜ਼ੀਪੁਰ ਵਾਲੇ ਨਵੇਂ ਸਜੇ ਸਿੰਘਾਂ ਦਾ ਪੂਰਾ




ਇਨਸਾ ਕੀਤਾ ਜਾਵੇ।

4. ਜੰਮੂ ਦੇ ਖ਼ਾਲਸਾ ਜੀ ਦਾ ਅੱਜ ਦਾ ਇਹ ਭਾਰੀ ਦੀਵਾਨ ਸ੍ਰੀ ਹਜ਼ੂਰ ਮਹਾਰਾਜਾ ਸਾਹਿਬ ਬਹਾਦਰ ਜੀ ਅਤੇ ਉਨ੍ਹਾਂ ਦੀ ਸਰਕਾਰ ਦੀ ਸੇਵਾ ਵਿਚ ਅਤਿ ਅਦਬ ਨਾਲ ਦਰਖਾਸਤ ਕਰਦਾ ਹੈ ਕਿ ਰਿਆਸਤ ਜੰਮੂ ਅਤੇ ਕਸ਼ਮੀਰ ਵਿਚ ਸਿੱਖ ਕੌਮ ਨੂੰ ਗਲੈਨਸੀ ਕਮਿਸ਼ਨ ਦੇ ਮੁਤਾਬਿਕ ਕੋਈ ਹਕੂਕ ਨਹੀਂ ਦਿੱਤੇ ਗਏ। ਮਹਿਕਮਾ ਮਾਲ ਵਿਚ ਸ੍ਰ. ਸੋਹਣ ਸਿੰਘ ਜੀ ਦੇ ਰਿਟਾਇਰ ਹੋਣ ਪਰ ਉਨ੍ਹਾਂ ਦੀ ਜਗ੍ਹਾ ਕਿਸੇ ਸਿੱਖ ਨੂੰ ਨਹੀਂ ਦਿੱਤੀ ਗਈ। ਸੈਕਟਰੀਏਟ ਵਿਚ ਕੋਈ ਭੀ ਸਿੱਖ ਸੈਕਟਰੀ ਜਾਂ ਅਸਿਸਟੈਂਟ ਸੈਕਟਰੀ ਨਹੀਂ ਹੈ। ਮਹਿਕਮਾ ਜੁਡੀਸ਼ਲ ਵਿਚ ਹਰ ਇਕ ਸੀਗੇ ਵਿਚ ਨਾ ਤੇ ਕੋਈ ਸਿੱਖ ਅਫ਼ਸਰ ਹੈ ਤੇ ਨਾ ਹੀ ਕੋਈ ਕਲਰਕ ਹੀ ਸਿੱਖ ਹੈ। ਪ੍ਰੈਸ ਵਿਚ ਵੀ ਸਿੱਖ ਕੌਮ ਦਾ ਬਿਲਕੁਲ ਖ਼ਿਆਲ ਤੱਕ ਹੀ ਨਹੀਂ ਕੀਤਾ ਗਿਆ।

5. ਅੱਜ ਦਾ ਖ਼ਾਲਸਾ ਜੀ ਦਾ ਇਹ ਭਾਰੀ ਦੀਵਾਨ ਸਰਬ-ਹਿੰਦ ਸਿੱਖ ਮਿਸ਼ਨ ਦਾ ਅਤਿ ਧੰਨਵਾਦ ਕਰਦਾ ਹੈ ਕਿ ਜੰਮੂ ਦੇ ਇਲਾਕੇ ਵਿਚ ਅਛੂਤ ਉਧਾਰ ਦੇ ਮਹਾਂ ਕਾਰਜ ਨੂੰ ਸਿਰੇ ਚਾੜ੍ਹਨ ਲਈ ਇਥੇ ਪ੍ਰਚਾਰ ਦੀ ਕਮੀ ਨੂੰ ਮਹਿਸੂਸ ਕਰਦਿਆਂ ਹੋਇਆਂ ਗਿਆਨੀ ਗੁਰਦਿੱਤ ਸਿੰਘ ਜੀ ਜਿਹੇ ਗੁਰਮੁਖ ਤੇ ਲਾਇਕ ਪ੍ਰਚਾਰਕ ਨੂੰ ਭੇਜਿਆ ਹੈ। ਸਰਬ*ਹਿੰਦ ਸਿੱਖ ਮਿਸ਼ਨ ਦਾ ਇਹ ਪ੍ਰਚਾਰ ਦਾ ਕੰਮ ਸ਼ਲਾਘਾਯੋਗ ਹੈ। ਸਾਡੇ ਪਾਸ ਉਹ ਲਫ਼ਜ਼ ਨਹੀਂ ਜਿਨ੍ਹਾਂ ਨਾਲ ਕਿ ਸਰਬ-ਹਿੰਦ ਸਿੱਖ ਮਿਸ਼ਨ ਦੀ ਉਪਮਾ ਕਰ ਸਕੀਏ। ਮਿਸ਼ਨ ਪਾਸੋਂ ਮੰਗ ਕੀਤੀ ਜਾਂਦੀ ਹੈ ਕਿ ਬਾਹਰੋਂ ਆਏ ਅਛੂਤਾਂ ਦੇ ਮੁਖੀਆਂ ਲਈ ਖੁੱਲ੍ਹੇ ਮਕਾਨ ਦੀ ਜ਼ਰੂਰਤ ਹੈ, ਆਸ ਹੈ ਕਿ ਇਸ ਜ਼ਰੂਰਤ ਨੂੰ ਛੇਤੀ ਪੂਰਾ ਕਰਕੇ ਧੰਨਵਾਦੀ ਬਣਾਉਣਗੇ।

ਬਰੇਲੀ : ਭਾਈ ਜੰਗ ਸਿੰਘ ਜੀ ਪ੍ਰਚਾਰਕ ਮਿਸ਼ਨ, ਬਰੇਲੀ ਤੋਂ ਖ਼ਬਰ ਦਿੰਦੇ ਹਨ ਕਿ ਪੋਹ ਸੁਦੀ ਸਪਤਮੀ ਦੇ ਗੁਰਪੁਰਬ ਤੇ ਗੁਰਦੁਆਰਾ ਸਿੱਖ ਸੰਗਤ ਬਰੇਲੀ ਦੇ ਪ੍ਰਬੰਧ ਹੇਠ ਬੜਾ ਭਾਰੀ ਦੀਵਾਨੀ ਸਜਿਆ ਤੇ ਅੰਮ੍ਰਿਤ ਪ੍ਰਚਾਰ ਭੀ ਹੋਇਆ। 9 ਪ੍ਰਾਣੀ ਅੰਮ੍ਰਿਤਪਾਨ ਕਰਕੇ ਸ੍ਰੀ ਗੁਰੂ ਕਲਗੀਧਰ ਜੀ ਦੇ ਝੰਡੇ ਥੱਲੇ ਆਏ।

ਅੰਮ੍ਰਿਤਸਰ : ਭਾਈ ਵੱਸਣ ਸਿੰਘ ਜੀ ਪ੍ਰਚਾਰਕ ਮਿਸ਼ਨ ਇਤਲਾਹ ਦਿੰਦੇ ਹਨ ਕਿ 27,28 ਅਤੇ 29 ਜਨਵਰੀ ਨੂੰ ਪਿੰਡ ਚੋਹਲਾ, ਜ਼ਿਲ੍ਹਾ ਅੰਮ੍ਰਿਤਸਰ ਵਿਚ ਬਾਲਮੀਕੀਆਂ ਦੁਆਰਾ ਜਲਸਾ ਰੱਖਿਆ ਹੋਇਆ ਸੀ।

**(ਚਲਦਾ)**

## ਰਾਜਾ ਚਾਰਲਸ ਦੀ ਵਫਾਦਾਰੀ ਦੀ ਸਹੁੰ ਕੈਨੇਡੀਅਨ ਸਿੱਖ ਵਕੀਲ ਸ੍ਰ. ਪ੍ਰਭਜੋਤ ਸਿੰਘ ਵੜਿੰਗ ਨੇ ਚੁੱਕਣ ਤੋਂ ਕੀਤਾ ਇਨਕਾਰ

### ਅਦਾਲਤ 'ਚ ਅਪੀਲ ਕਰਕੇ ਬਦਲਵਾ ਲਿਆ ਕਾਨੂੰਨ

ਅਲਬਰਟਾ : ਕੈਨੇਡਾ ਦੇ ਅਲਬਰਟਾ ਸੂਬੇ ਵਿੱਚ ਰਹਿਣ ਵਾਲੇ ਇੱਕ ਅੰਮ੍ਰਿਤਧਾਰੀ ਸਿੱਖ ਵਕੀਲ, ਪ੍ਰਭਜੋਤ ਸਿੰਘ ਵੜਿੰਗ ਨੇ ਇੱਕ ਵੱਡੀ ਕਾਨੂੰਨੀ ਲੜਾਈ 'ਚ ਜਿੱਤ ਹਾਸਲ ਕੀਤੀ ਹੈ, ਜਿਸ ਕਾਰਨ ਸੂਬੇ ਨੂੰ ਵਕੀਲਾਂ



ਲਈ ਲਾਜ਼ਮੀ ਸਹੁੰ ਦੇ ਨਿਯਮਾਂ ਨੂੰ ਬਦਲਣਾ ਪਵੇਗਾ। ਪ੍ਰਭਜੋਤ ਸਿੰਘ ਨੇ ਵਕਾਲਤ ਸ਼ੁਰੂ ਕਰਨ ਲਈ ਮੌਜੂਦਾ ਸਮਰਾਟ ਕਿੰਗ ਚਾਰਲਸ-III ਪ੍ਰਤੀ ਵਫ਼ਾਦਾਰੀ ਦੀ ਸਹੁੰ ਚੁੱਕਣ ਤੋਂ ਇਨਕਾਰ ਕਰ ਦਿੱਤਾ ਸੀ ਤੇ ਸਾਲ 2022 ਵਿੱਚ ਇਸ ਨਿਯਮ ਨੂੰ ਅਦਾਲਤ ਵਿੱਚ ਚੁਣੌਤੀ ਦਿੱਤੀ ਸੀ। ਉਨ੍ਹਾਂ ਦੀ ਦਲੀਲ ਸੀ ਕਿ ਇੱਕ ਅੰਮ੍ਰਿਤਧਾਰੀ ਸਿੱਖ ਹੋਣ ਦੇ ਨਾਤੇ ਉਹ ਸਿਰਫ਼ 'ਅਕਾਲ ਪੁਰਖ' ਪ੍ਰਤੀ ਹੀ ਆਪਣੀ ਵਫ਼ਾਦਾਰੀ ਦਾ ਪ੍ਰਣ ਲੈ ਸਕਦੇ ਹਨ ਅਤੇ ਕਿਸੇ ਦੁਨਿਆਵੀ ਸ਼ਾਸਕ ਪ੍ਰਤੀ ਸੱਚੀ ਵਫ਼ਾਦਾਰੀ ਦੀ ਸਹੁੰ ਚੁੱਕਣਾ ਉਨ੍ਹਾਂ ਦੇ ਧਰਮ ਦੇ ਖ਼ਿਲਾਫ਼ ਹੈ।

16 ਦਸੰਬਰ 2025 ਨੂੰ ਅਲਬਰਟਾ ਕੋਰਟ ਆਫ਼ ਅਪੀਲਜ਼ ਨੇ ਆਪਣੇ ਫੈਸਲੇ ਵਿੱਚ ਕਿਹਾ ਕਿ ਇਹ ਲਾਜ਼ਮੀ ਸਹੁੰ ਕੈਨੇਡੀਅਨ ਚਾਰਟਰ ਆਫ਼ ਰਾਈਟਸ ਐਂਡ ਫਰੀਡਮਜ਼ ਦੇ ਤਹਿਤ ਧਾਰਮਿਕ ਆਜ਼ਾਦੀ ਦਾ ਉਲੰਘਣ ਕਰਦੀ ਹੈ। ਅਦਾਲਤ ਨੇ ਸੂਬਾ ਸਰਕਾਰ ਨੂੰ 60 ਦਿਨਾਂ ਦੇ ਅੰਦਰ ਇਸ ਨਿਯਮ ਵਿੱਚ ਸੋਧ ਕਰਨ ਦਾ ਹੁਕਮ ਦਿੱਤਾ ਹੈ। ਜੱਜਾਂ ਨੇ ਸੁਝਾਅ ਦਿੱਤਾ ਕਿ ਇਸ ਸਹੁੰ ਨੂੰ ਪੂਰੀ ਤਰ੍ਹਾਂ ਖ਼ਤਮ ਕੀਤਾ ਜਾ ਸਕਦਾ ਹੈ, ਇਸ ਨੂੰ ਸਵੈ-ਇੱਛਤ ਬਣਾਇਆ ਜਾ ਸਕਦਾ ਹੈ ਜਾਂ ਇਸ ਦੇ ਸ਼ਬਦਾਂ ਵਿੱਚ ਬਦਲਾਅ ਕਰਕੇ ਰਾਜੇ ਪ੍ਰਤੀ ਲਾਜ਼ਮੀ ਵਫ਼ਾਦਾਰੀ ਦੀ ਸ਼ਰਤ ਹਟਾਈ ਜਾ ਸਕਦੀ ਹੈ।

ਜ਼ਿਕਰਯੋਗ ਹੈ ਕਿ ਪ੍ਰਭਜੋਤ ਸਿੰਘ, ਜੋ ਕਿ ਮੂਲ ਰੂਪ ਵਿੱਚ ਪੰਜਾਬ ਦੇ ਮੁਕਤਸਰ ਜ਼ਿਲ੍ਹੇ ਦੇ ਪਿੰਡ ਵੜਿੰਗ ਨਾਲ ਸਬੰਧਤ ਹਨ, ਐਡਮੰਟਨ ਵਿੱਚ ਰਹਿ ਰਹੇ ਹਨ ਅਤੇ ਉਨ੍ਹਾਂ ਨੇ ਡਲਹੌਜੀ ਯੂਨੀਵਰਸਿਟੀ ਤੋਂ ਕਾਨੂੰਨ ਦੀ ਪੜ੍ਹਾਈ ਕੀਤੀ ਹੈ। 2023 ਵਿੱਚ ਇੱਕ ਹੇਠਲੀ ਅਦਾਲਤ ਨੇ ਉਨ੍ਹਾਂ ਦੀ ਪਟੀਸ਼ਨ ਖਾਰਜ ਕਰਦਿਆਂ ਸਹੁੰ ਨੂੰ ਮਹਿਜ਼ 'ਪ੍ਰਤੀਕਾਤਮਕ' ਦੱਸਿਆ ਸੀ, ਪਰ ਹਾਈ ਕੋਰਟ ਨੇ ਇਸ ਨੂੰ ਪੇਸ਼ੇਵਰ ਭਵਿੱਖ ਅਤੇ ਆਸਥਾ ਵਿਚਕਾਰ ਇੱਕ ਗੰਭੀਰ ਟਕਰਾਅ ਮੰਨਿਆ। ਇਸ ਫੈਸਲੇ ਦਾ ਮਨੁੱਖੀ ਅਧਿਕਾਰ ਸੰਗਠਨਾਂ ਨੇ ਸਵਾਗਤ ਕੀਤਾ ਹੈ, ਜਦਕਿ ਕੁਝ ਆਲੋਚਕ ਇਸ ਨੂੰ ਕੈਨੇਡਾ ਦੀਆਂ ਸੰਵਿਧਾਨਕ ਪਰੰਪਰਾਵਾਂ ਲਈ ਚੁਣੌਤੀ ਮੰਨ ਰਹੇ ਹਨ।

### ਦੁਖਦਾਇਕ ਖਬਰ

## ਸ੍ਰ ਰਾਜਿੰਦਰ ਸਿੰਘ ਰਾਜ ਗੁਰਦੁਆਰਾ ਸਾਹਿਬ ਫਰੀਮੌਂਟ ਵਿਖੇ ਲੰਗਰਾਂ 'ਚ ਅਣਥੱਕ ਸੇਵਾ ਕਰਨ ਵਾਲਾ ਅਚਾਨਕ ਸਦੀਵੀ ਵਿਛੋੜਾ ਦੇ ਗਿਆ





ਫਰੀਮਾਂਟ, (ਸਾਡੇ ਲੋਕ) : ਦੁਖਦਾਇਕ ਖਬਰ ਰਾਜਿੰਦਰ ਸਿੰਘ ਰਾਜ ਗੁਰਦੁਆਰਾ ਸਾਹਿਬ ਫਰੀਮੌਂਟ ਵਿਖੇ ਲੰਗਰਾਂ ਵਿੱਚ ਅਣਥੱਕ ਸੇਵਾ ਕਰਨ ਵਾਲਾ ਅਚਾਨਕ ਸਦੀਵੀ ਵਿਛੋੜਾ ਦੇ ਗਿਆ।

ਸੰਸਕਾਰ ਅਤੇ ਪ੍ਰੀਵਾਰਕ ਮੱਦਦ ਲਈ Fundraising ਆਉਣ ਵਾਲੇ ਐਤਵਾਰ ਗੁਰੂਘਰ ਫਰੀਮੌਂਟ ਵਿਖੇ।

ਸੇਵਾ ਲਈ ਹਮੇਸ਼ਾ ਤਤਪਰ ਰਹਿਣ ਵਾਲੇ ਇਨਸਾਨ ਦੇ ਅਚਨਚੇਤ ਤੁਰ ਜਾਣ ਨਾਲ ਪੰਜਾਬੀ ਭਾਈਚਾਰੇ ਵਿੱਚ ਸੋਗ ਦੀ ਲਹਿਰ ਫੈਲ ਗਈ। ਪਰਿਵਾਰ ਵਿੱਚ ਦੋ ਛੋਟੀਆਂ ਬੇਟੀਆਂ 6 ਸਾਲ, 4 ਮਹੀਨੇ ਦੀਆਂ ਹਨ।

ਅਕਾਲ ਪੁਰਖ ਵਿਛੜੀ ਰੂਹ ਨੂੰ ਅਪਣੇ ਚਰਨਾਂ ਵਿਚ ਨਿਵਾਸ ਅਤੇ ਪਰਿਵਾਰ ਨੂੰ ਭਾਣਾ ਮੰਨਣ ਦਾ ਬਲ ਬਖ਼ਸ਼ੇ ।

ਫਿਊਨਲ 3rd Jan 2026 12:00 AM - 2:00PM, Chapel of Chimes, 32992 Mission Blvd, Hayward

ਅੰਤਿਮ ਅਰਦਾਸ

2:00 PM - 4:00PM.

Gurdwara Sahib Fremont

## ਕੈਨੇਡਾ 'ਚ ਨਕਲੀ ਨੋਟਾਂ ਦਾ ਆਇਆ ਹੜ੍ਹ, ਕ੍ਰਿਸਮਸ ਦੀ ਖਰੀਦਦਾਰੀ ਦੌਰਾਨ ਦੁਕਾਨਦਾਰਾਂ 'ਤੇ ਸੰਕਟ

ਓਟਾਵਾ : ਕੈਨੇਡਾ ਵਿਚ ਛੁੱਟੀਆਂ ਦੌਰਾਨ ਖਰੀਦਦਾਰੀ ਦਾ ਸੀਜ਼ਨ ਚੱਲ ਰਿਹਾ ਹੈ ਪਰ ਇਹ ਪ੍ਰਚੂਨ ਵਿਕਰੇਤਾਵਾਂ ਲਈ ਇਕ ਖ਼ੌਫਨਾਕ ਸੀਜ਼ਨ ਬਣ ਗਿਆ ਹੈ। ਰਿਟੇਲ ਕੌਂਸਲ ਆਫ ਕੈਨੇਡਾ (ਆਰ. ਸੀ. ਸੀ.) ਨੇ ਚਿਤਾਵਨੀ ਜਾਰੀ ਕੀਤੀ ਹੈ ਕਿ ਦੇਸ਼ 'ਚ ਨਵੰਬਰ ਤੋਂ ਹੀ 20, 50, ਅਤੇ 100 ਡਾਲਰ ਦੇ ਨਕਲੀ ਨੋਟਾਂ ਦਾ ਹੜ੍ਹ ਆ ਗਿਆ ਹੈ। ਸਿਰਫ਼ ਇਕ ਮਹੀਨੇ 'ਚ ਜ਼ਬਤ ਕੀਤੇ ਗਏ ਨਕਲੀ ਨੋਟਾਂ ਦੀ ਗਿਣਤੀ ਪਿਛਲੇ ਸਾਲ ਫੜੇ ਗਏ ਨੋਟਾਂ ਦੀ ਕੁੱਲ ਗਿਣਤੀ ਤੋਂ ਵੱਧ ਹੈ। ਆਰ. ਸੀ. ਸੀ. ਦੇ ਕਿਊਬੈਕ ਡਿਵੀਜ਼ਨ ਦੇ ਪ੍ਰਧਾਨ



ਮਿਸ਼ੇਲ ਰੋਸ਼ੇਟ ਨੇ ਕਿਹਾ ਕਿ ਇਹ ਨਕਲੀ ਨੋਟ ਇੰਨੇ ਸ਼ਾਨਦਾਰ ਢੰਗ ਨਾਲ ਤਿਆਰ ਕੀਤੇ ਗਏ ਹਨ ਕਿ ਬਿਲਕੁਲ ਅਸਲੀ ਲੱਗਦੇ ਹਨ। ਉਨ੍ਹਾਂ ਦੱਸਿਆ ਕਿ ਸਿਖਲਾਈ ਪ੍ਰਾਪਤ ਸਟਾਫ ਵੀ ਹੁਣ ਇਨ੍ਹਾਂ ਦਾ ਪਤਾ ਲਾਉਣ ਵਿਚ ਅਸਮਰੱਥ ਹੈ। ਪੀਕ ਕ੍ਰਿਸਮਸ ਖਰੀਦਦਾਰੀ ਸੀਜ਼ਨ ਦੌਰਾਨ ਦੁਕਾਨਾਂ 'ਚ ਭੀੜ ਹੁੰਦੀ ਹੈ ਅਤੇ ਸਾਰਿਆਂ ਨੂੰ ਚੈੱਕ ਕਰਨ 'ਚ ਮੁਸ਼ਕਲ ਪੇਸ਼ ਆਉਂਦੀ ਹੈ। ਇਸ ਦਾ ਫਾਇਦਾ ਉਠਾਉਂਦੇ ਹੋਏ ਇਹ ਨਕਲੀ ਨੋਟ ਬਾਜ਼ਾਰ ਵਿਚ ਭੇਜੇ ਜਾ ਰਹੇ ਹਨ। ਰਿਟੇਲ ਕੌਂਸਲ ਨੇ ਦੁਕਾਨਦਾਰਾਂ ਅਤੇ ਕੈਸ਼ੀਅਰਾਂ ਨੂੰ ਅਪੀਲ ਕੀਤੀ ਹੈ ਕਿ ਉਹ ਭੁਗਤਾਨ ਲੈਂਦੇ ਸਮੇਂ ਨੋਟਾਂ ਦੀ ਬਾਰੀਕੀ ਨਾਲ ਜਾਂਚ ਕਰਨ। ਖ਼ਾਸ ਕਰਕੇ ਵੱਡੇ ਨੋਟਾਂ ਨੂੰ ਲੈਂਦੇ ਸਮੇਂ ਵਧੇਰੇ ਚੌਕਸ ਰਹਿਣ ਦੀ ਲੋੜ ਹੈ ਤਾਂ ਜੋ ਕਿਸੇ ਵੀ ਤਰ੍ਹਾਂ ਦੇ ਵਿੱਤੀ ਨੁਕਸਾਨ ਤੋਂ ਬਚਿਆ ਜਾ ਸਕੇ।



ਡਾ. ਗੁਰਪ੍ਰੀਤ ਸਿੰਘ ਧੁੱਗਾ M.D., C.M.D. ਸਟਰ ਹਸਪਤਾਲ (ਫੇਅਰ ਫੀਲਡ-ਵਲੇਹੋ) ਵਿਚ ਮੈਡੀਕਲ ਡਾਇਰੈਕਟਰ ਹਨ। ਅਮੈਰੀਕਨ ਮੈਡੀਕਲ ਬੋਰਡ ਵਲੋਂ ਡਬਲ ਬੋਰਡ ਸਰਟੀਫਾਈਡ ਹਨ। ਉਨ੍ਹਾਂ ਨੂੰ ਸਾਲ 2006 ਵਿਚ 'ਸੀਨੀਅਰ ਹੈਲਥ ਹੀਰੋ' ਦਾ ਪੁਰਸਕਾਰ ਵੀ ਦਿੱਤਾ ਗਿਆ। ਡਾ. ਧੁੱਗਾ ਨੇ ਸਰਕਾਰੀ ਮੈਡੀਕਲ ਕਾਲਜ, ਪਟਿਆਲਾ ਤੋਂ ਆਪਣੀ ਮੁਢਲੀ ਮੈਡੀਕਲ ਸਿੱਖਿਆ ਪੂਰੀ ਕੀਤੀ। ਡਾ. ਧੁੱਗਾ ਕੈਲੀਫੋਰਨੀਆ ਦੇ ਫੇਅਰਫੀਲਡ ਸ਼ਹਿਰ ਵਿਚ ਬਤੌਰ ਚੇਅਰਮੈਨ, ਪਲੈਨਿੰਗ ਕਮਿਸ਼ਨ ਸੇਵਾਵਾਂ ਨਿਭਾਅ ਚੁੱਕੇ ਹਨ। ਉਹ ਪੰਜਾਬੀ ਅਮੈਰੀਕਨ ਕਲਚਰਲ ਐਸੋਸੀਏਸ਼ਨ ਦੇ ਫਾਉਂਡਰ ਮੈਂਬਰ ਹਨ, ਜੋ ਕਿ ਕੈਲੀਫੋਰਨੀਆ ਵਿਚ ਇਕ ਸਮਾਜਿਕ ਕੰਮ ਕਰਨ ਵਾਲੀ ਸੰਸਥਾ ਹੈ। ਡਾ. ਗੁਰਪ੍ਰੀਤ ਸਿੰਘ ਧੁੱਗਾ ਵਲੋਂ ਸਿਹਤ ਸੰਬੰਧੀ ਲਿਖੀ ਆਪਣੀ ਕਿਤਾਬ 'ਹੈਲਥ ਗਾਈਡ' ਬਿਮਾਰੀਆਂ ਦੀ ਜਾਣਕਾਰੀ ਅਤੇ ਰੋਕਥਾਮ, ਬਚਾਅ, ਘਰੇਲੂ ਇਲਾਜ ਅਤੇ ਡਾਕਟਰਾਂ ਨੂੰ ਕਦੋਂ ਵਿਖਾਈਏ ਬਾਰੇ ਵਿਸਥਾਰ ਨਾਲ ਦੱਸਦੀ ਹੈ। ਸਿਹਤ ਸੰਬੰਧੀ ਜ਼ਿਆਦਾਤਰ ਕਿਤਾਬਾਂ ਮੈਡੀਕਲ ਨਾਲ ਸੰਬੰਧਤ ਵਿਅਕਤੀਆਂ ਦੇ ਲਈ ਹੀ ਲਿਖੀਆਂ ਗਈਆਂ ਹਨ। ਇਸ ਕਰਕੇ ਅਜਿਹੀ ਸਿਹਤ ਸੰਬੰਧੀ 'ਹੈਲਥ ਗਾਈਡ' ਵਰਗੀ ਕਿਤਾਬ ਦੀ ਬੇਹੱਦ ਜ਼ਰੂਰਤ ਸੀ ਜੋ ਆਮ ਵਿਅਕਤੀ ਪੜ੍ਹ ਸਕੇ, ਸਮਝ ਸਕੇ ਅਤੇ ਆਪਣੀ ਰੋਜ਼ਮਰਾਂ ਦੀ ਜ਼ਿੰਦਗੀ 'ਚ ਵਰਤ ਸਕੇ। ਇਹ ਕਿਤਾਬ 'ਹੈਲਥ ਗਾਈਡ' ਸਭ ਜ਼ਰੂਰਤਾਂ ਨੂੰ ਪੂਰਾ ਕਰਦੀ ਹੈ। ਇਸ ਕਿਤਾਬ ਸੰਬੰਧੀ ਜਾਣਕਾਰੀ ਅਸੀਂ 'ਸਾਡੇ ਲੋਕ' 'ਚ ਪਾਠਕਾਂ ਦੀ ਮੰਗ 'ਤੇ ਦੁਆਰਾ ਲੜੀਵਾਰ ਛਾਪ ਕੇ ਮਾਣ ਹਾਸਲ ਕਰ ਰਹੇ ਹਾਂ। ਜੇਕਰ ਕਿਸੇ ਵਿਅਕਤੀ ਨੂੰ ਇਹ ਕਿਤਾਬ ਚਾਹੀਦੀ ਹੈ ਤਾਂ ਉਹ ਡਾ. ਧੁੱਗਾ ਨਾਲ gpdhugga@gmail.com 'ਤੇ ਸੰਪਰਕ ਕਰ ਸਕਦੇ ਹਨ।

**ਹੈਲਥ ਗਾਈਡ**

# ਸਿਹਤਮੰਦ ਜੀਵਨ ਦੇ ਨੁਕਤੇ

(ਲੜੀ ਜੋੜਨ ਲਈ ਪਿਛਲਾ ਅੰਕ ਦੇਖੋ)

**ਸ਼ਿਐਟੀਕਾ (ਰੀਂਹ ਦਾ ਦਰਦ) ਕੀ ਹੈ?**

ਸ਼ਿਐਟੀਕਾ ਦੀ ਨਸ 'ਤੇ ਦਬਾਓ ਪੈਣ ਕਾਰਨ ਦਰਦ, ਸੁੰਨਾਪਣ ਅਤੇ ਕਮਜ਼ੋਰੀ ਹੋ ਜਾਂਦੀ ਹੈ, ਇਸਨੂੰ ਰੀਂਹ ਦਾ ਦਰਦ ਜਾਂ ਸ਼ਿਐਟੀਕਾ ਕਿਹਾ ਜਾਂਦਾ ਹੈ। ਪਿੱਠ ਦਾ ਦਰਦ ਹੋਣ ਦੇ ਹੋਰ ਕਾਰਨਾਂ ਦੀ ਤਰ੍ਹਾਂ ਸ਼ਿਐਟੀਕਾ ਦੀ ਰੋਕਥਾਮ/ਬਚਾਅ ਅਤੇ ਇਲਾਜ ਵੀ ਉਸੇ ਤਰ੍ਹਾਂ ਹਨ।

**ਪਿੱਠ ਦਾ ਅਪ੍ਰੇਸ਼ਨ :**

ਅਪ੍ਰੇਸ਼ਨ ਨਾਲ ਬਹੁਤ ਘੱਟ ਲੋਕਾਂ ਨੂੰ ਪਿੱਠ ਦੇ ਦਰਦ ਤੋਂ ਆਰਾਮ ਮਿਲਦਾ ਹੈ। ਤੁਹਾਡਾ ਡਾਕਟਰ ਜਾਂ ਰੀੜ੍ਹ ਦੀ ਹੱਡੀ ਦਾ ਮਾਹਿਰ ਹੀ ਫ਼ੈਸਲਾ ਕਰਨਗੇ ਕਿ ਤੁਹਾਨੂੰ ਅਪ੍ਰੇਸ਼ਨ ਦੀ ਜ਼ਰੂਰਤ ਹੈ ਜਾਂ ਨਹੀਂ।

**ਗਰਦਨ ਦਾ ਦਰਦ**

**ਕਾਰਨ :**

1. ਬੈਠਣ ਵੇਲੇ ਸਰੀਰ ਨੂੰ ਸਿੱਧੇ ਨਾ ਰੱਖਣਾ।
2. ਮਾਨਸਿਕ ਤਣਾਓ।
3. ਗਰਦਨ ਦੀਆਂ ਮਾਸਪੇਸ਼ੀਆਂ ਦੀ ਸੱਟ ਜਾਂ ਖਿਚਾਅ।
4. ਗਰਦਨ ਦੇ ਜੋੜਾਂ ਦਾ ਗਠੀਆ।
5. ਨਸਾਂ ਦਾ ਦਬਾਓ।
6. ਸਰਵਾਈਕਲ ਡਿਸਕ (ਰੀੜ੍ਹ ਦੀ ਹੱਡੀ ਦੇ ਮਣਕਿਆਂ ਦੇ ਵਿਚਕਾਰ ਨਰਮ ਪਦਾਰਥ) ਦਾ ਖ਼ਰਾਬ ਹੋਣਾ।
7. ਗਰਦਨ ਦੀ ਸੱਟ।

**ਲੱਛਣ :**

ਗਰਦਨ ਦੀ ਦਰਦ ਦੇ ਨਾਲ ਨਾਲ ਸਿਰ ਦਰਦ ਅਤੇ ਮੋਢਿਆਂ ਦੀ ਕਮਜ਼ੋਰੀ ਵੀ ਹੋ ਸਕਦੀ ਹੈ। ਗਰਦਨ ਨੂੰ ਘੁਮਾਉਣ ਵਿਚ ਤਕਲੀਫ਼ ਹੋ ਸਕਦੀ ਹੈ।

**ਰੋਕਥਾਮ/ਬਚਾਅ :**

1. ਬੈਠਣ ਵੇਲੇ ਸਿੱਧੇ ਬੈਠੋ।




2. ਇੱਕੋ ਸਥਿਤੀ ਵਿੱਚ ਬਹੁਤ ਜ਼ਿਆਦਾ ਦੇਰ ਤਕ ਨਾ ਬੈਠੋ। ਸਰੀਰ ਤੇ ਉੱਠਣ ਬੈਠਣ ਦੀ ਸਥਿਤੀ ਵਿੱਚ ਅਦਲਾ ਬਦਲੀ ਕਰਨ ਦੀ ਆਦਤ ਪਾਓ।
3. ਜਦੋਂ ਕੰਪਿਊਟਰ 'ਤੇ ਕੰਮ ਕਰੋ, ਤਾਂ ਇਸਦਾ ਮੌਨੀਟਰ ਤੁਹਾਡੀਆਂ ਅੱਖਾਂ ਦੇ ਬਰਾਬਰ ਹੋਣਾ ਚਾਹੀਦਾ ਹੈ।
4. ਸੌਣ ਵੇਲੇ ਬਹੁਤਾ ਉੱਚਾ ਜਾਂ ਫ਼ਲੈਟ ਸਿਰਹਾਣਾ ਨਾ ਵਰਤੋ।
5. ਆਪਣੀਆਂ ਮਾਸਪੇਸ਼ੀਆਂ ਨੂੰ ਸਿਰ ਤੋਂ ਲੈ ਕੇ ਪੈਰ ਦੇ ਅੰਗੂਠੇ ਤੱਕ ਹੌਲੀ ਹੌਲੀ ਢਿੱਲੇ ਛੱਡ ਕੇ ਆਰਾਮ ਦੀ ਸਥਿਤੀ ਵਿੱਚ ਲਿਆਓ।
6. ਗਰਦਨ ਅਤੇ ਉੱਪਰਲੀ ਪਿੱਠ ਦੀ ਰੋਜ਼ਾਨਾ ਕਸਰਤ ਕਰੋ।

**ਘਰੇਲੂ ਇਲਾਜ :**

1. ਹਰ ਦੋ ਘੰਟਿਆਂ ਤੋਂ ਬਾਅਦ 10-20 ਮਿੰਟਾਂ ਲਈ ਦਰਦ ਹੋ ਰਹੇ ਮਾਸਪੇਸ਼ੀਆਂ ਤੇ ਠੰਡੀ ਬਰਫ਼ ਜਾਂ ਗਿੱਲਾ ਸੇਕ (ਗਿੱਲਾ ਗਰਮ ਕੱਪੜਾ) ਰੱਖੋ।
2. ਆਈਬੂਪ੍ਰੋਫ਼ਿਨ ਜਾਂ ਐਸਪੀਰਿਨ ਦੀ ਦਵਾਈ ਦਰਦ ਤੇ ਸੋਜ਼ਿਸ਼ ਲਈ ਵਰਤੋ।
3. ਪੈਦਲ ਚੱਲਣ ਨਾਲ ਗਰਦਨ ਦਾ ਦਰਦ ਠੀਕ ਹੋਣ ਵਿੱਚ ਮੱਦਦ ਮਿਲਦੀ ਹੈ।

ਡਾਕਟਰ ਨੂੰ ਕਦੋਂ ਦਿਖਾਈਏ :

1. ਜੇ ਗਰਦਨ ਦਾ ਦਰਦ, ਬੁਖ਼ਾਰ ਜਾਂ ਸਿਰ ਦਰਦ ਤੋਂ ਬਾਅਦ ਸ਼ੁਰੂ ਹੋਵੇ।
2. ਜਦੋਂ ਦਰਦ ਅਤੇ ਸੁੰਨਾਪਣ ਇੱਕ ਬਾਂਹ ਵਿੱਚ ਹੋਵੇ।
3. ਜੇ ਬਾਹਾਂ ਅਤੇ ਲੱਤਾਂ ਵਿੱਚ ਜ਼ਿਆਦਾ ਕਮਜ਼ੋਰੀ ਆ ਜਾਵੇ।
4. ਜਦੋਂ ਗਰਦਨ ਦਾ ਦਰਦ ਕਿਸੇ ਵੀ ਸੱਟ ਲੱਗਣ ਕਰਕੇ ਹੋਵੇ (ਜਿਵੇਂ ਕਿ ਗੱਡੀ ਦੇ ਐਕਸੀਡੈਂਟ ਵਿੱਚ)।
5. ਜਦੋਂ ਘਰੇਲੂ ਇਲਾਜ ਨਾਲ ਵੀ ਦਰਦ ਠੀਕ ਨਾ ਹੋਵੇ।

ਗਠੀਆ

(ਆਰਥਰਾਈਟਸ)

ਗਠੀਆ ਇੱਕ ਜੋੜਾਂ ਦੀ ਬਿਮਾਰੀ ਹੈ, ਜਿਸ ਕਾਰਨ ਜੋੜਾਂ ਵਿੱਚ ਦਰਦ, ਸੋਜ਼ਿਸ਼ ਅਤੇ ਜੋੜਾਂ ਦਾ ਸਖ਼ਤ ਹੋਣਾ ਜਿਹੇ ਲੱਛਣ ਪਾਏ ਜਾਂਦੇ ਹਨ। ਗਠੀਆ ਆਮ ਤੌਰ 'ਤੇ ਬੁਢਾਪੇ ਵਿੱਚ ਹੁੰਦਾ ਹੈ ਪਰ ਕੁਝ ਕਿਸਮਾਂ ਦਾ ਗਠੀਆ ਜਵਾਨ ਲੋਕਾਂ ਨੂੰ ਵੀ ਹੋ ਸਕਦਾ ਹੈ।

**ਗਠੀਏ ਦੀਆਂ ਤਿੰਨ ਮੁੱਖ ਕਿਸਮਾਂ :**

1. ਹੱਡੀਆਂ ਦਾ ਗਠੀਆ (ਔਸਟੀਓ ਆਰਥਰਾਈਟਸ) : ਉਮਰ ਦੇ ਵਧਣ ਨਾਲ ਜਾਂ ਜੋੜਾਂ ਦੀ ਲਗਾਤਾਰ ਜ਼ਿਆਦਾ ਵਰਤੋਂ ਕਰਨ ਕਰਕੇ, ਜੋੜਾਂ ਦੀ ਟੁੱਟ-ਭੱਜ ਹੋ ਜਾਂਦੀ ਹੈ, ਜਿਸਨੂੰ ਔਸਟੀਓ ਆਰਥਰਾਈਟਸ ਕਿਹਾ ਜਾਂਦਾ ਹੈ। ਆਮ ਤੌਰ 'ਤੇ ਬੁਢਾਪੇ ਵਿੱਚ ਹੁੰਦਾ ਹੈ।

**ਲੱਛਣ** : ਜੋੜਾਂ ਵਿੱਚ ਦਰਦ, ਸੋਜ਼ਿਸ਼ ਅਤੇ ਸਖ਼ਤ ਹੋਣਾ।

2. ਰੀਉਮੇਟੌਇਡ ਆਰਥਰਾਈਟਸ (ਜੋੜਾਂ ਦੀ ਅੰਦਰਲੀ ਪਰਤ ਵਿੱਚ ਸੋਜ਼ਿਸ਼ ਆਉਣਾ) : ਇਹ ਪਰਿਵਾਰਿਕ ਪਿਛੋਕੜ ਵਾਲੀ ਬਿਮਾਰੀ ਹੈ ਅਤੇ ਆਮ ਤੌਰ 'ਤੇ ਜਵਾਨ ਲੋਕਾਂ ਨੂੰ ਹੁੰਦੀ ਹੈ, ਪਰ ਬੁਢਾਪੇ ਵਿੱਚ ਵੀ ਸ਼ੁਰੂ ਹੋ ਸਕਦੀ ਹੈ।

**ਲੱਛਣ** : ਛੋਟੇ ਜੋੜਾਂ ਵਿੱਚ ਦਰਦ ਅਤੇ ਸੋਜ਼ਿਸ਼ ਹੋਣਾ ਤੇ ਜੋੜਾਂ ਦਾ ਸਖ਼ਤ ਹੋਣਾ। ਜੋੜ ਗਰਮ ਮਹਿਸੂਸ ਹੋਣੇ ਅਤੇ ਜੋੜਾਂ ਦਾ ਲਾਲ ਹੋਣਾ।

3. **ਗਾਊਟ ਦਾ ਗਠੀਆ** : ਖ਼ੂਨ ਵਿੱਚ ਯੁਰਿਕ ਐਸਿਡ ਦੀ ਮਾਤਰਾ ਦਾ ਵੱਧ ਹੋਣਾ। ਜੋੜਾਂ ਦੇ ਤਰਲ ਪਦਾਰਥ ਵਿੱਚ ਕ੍ਰਿਸਟਲ (ਛੋਟੇ ਛੋਟੇ ਸਖ਼ਤ ਕਣ) ਬਣ ਜਾਂਦੇ ਹਨ। ਸ਼ਰਾਬ, ਮੀਟ (ਮੱਛੀ, ਕੈਂਕੜੇ ਆਦਿ ਸਮੁੰਦਰੀ ਖਾਣਾ) ਇਸ ਗਠੀਏ ਨੂੰ ਹੋਰ ਜ਼ਿਆਦਾ ਵਧਾ ਦਿੰਦੇ ਹਨ।

**ਲੱਛਣ** : ਤੜਕਸਾਰ ਅਚਾਨਕ ਕਿਸੇ ਜੋੜ ਵਿੱਚ ਬਹੁਤ ਜ਼ਿਆਦਾ ਦਰਦ ਹੋਣਾ, ਖ਼ਾਸ ਤੌਰ 'ਤੇ ਪੈਰ ਦੇ ਅੰਗੂਠੇ ਵਿੱਚ।

(ਚਲਦਾ)

ਇਹ ਕਾਲਮ ਤੁਹਾਡੀ ਜਾਣਕਾਰੀ ਲਈ ਹੈ, ਜੇ ਬਿਮਾਰੀ ਉਚਿਤ ਸਮੇਂ ਵਿਚ ਠੀਕ ਨਹੀਂ ਹੁੰਦੀ ਤਾਂ ਡਾਕਟਰ ਨੂੰ ਦਿਖਾਓ।

## 328 ਪਾਵਨ ਸਰੂਪ ਮਾਮਲੇ 'ਚ ਨਾਮਜ਼ਦ ਸ਼੍ਰੋਮਣੀ ਕਮੇਟੀ ਦੇ 10 ਸਾਬਕਾ ਕਰਮਚਾਰੀਆਂ ਦੀਆਂ ਅਗਾਊਂ ਜ਼ਮਾਨਤਾਂ ਦੀ ਪਟੀਸ਼ਨ ਰੱਦ

ਅੰਮ੍ਰਿਤਸਰ : ਕੁਝ ਵਰ੍ਹੇ ਪਹਿਲਾਂ ਸ਼੍ਰੋਮਣੀ ਕਮੇਟੀ ਦੇ ਪ੍ਰਕਾਸ਼ਨ ਵਿਭਾਗ ਵਿਚੋਂ 328 ਪਾਵਨ ਸਰੂਪ ਰਿਕਾਰਡ ਵਿਚ ਘੱਟ ਪਾਏ ਜਾਣ ਦੇ ਮਾਮਲੇ ਵਿਚ ਬੀਤੇ ਦਿਨੀਂ ਪੁਲਿਸ ਵਲੋਂ ਸ਼੍ਰੋਮਣੀ ਕਮੇਟੀ ਦੇ ਤਤਕਾਲੀ ਸੀ. ਏ. ਸਮੇਤ ਨਾਮਜ਼ਦ 16 ਸਾਬਕਾ ਅਧਿਕਾਰੀਆਂ ਤੇ ਕਰਮਚਾਰੀਆਂ ਅਤੇ ਕਈ ਹੋਰਨਾ ਵਿਰੁੱਧ ਕਾਨੂੰਨ ਦੀਆਂ ਵੱਖ-ਵੱਖ ਧਾਰਾਵਾਂ ਤਹਿਤ ਦਰਜ ਕੀਤੀ ਐੱਫ. ਆਈ. ਆਰ. ਤੋਂ ਬਾਅਦ ਨਾਮਜ਼ਦ ਕੀਤੇ ਵਿਅਕਤੀਆਂ 'ਚੋਂ 10 ਸਾਬਕਾ ਕਰਮਚਾਰੀਆਂ ਵਲੋਂ ਸਥਾਨਕ ਜ਼ਿਲ੍ਹਾ ਸੈਸ਼ਨ ਅਦਾਲਤ ਵਿਚ ਅਗਾਊਂ ਜ਼ਮਾਨਤਾਂ ਲਈ ਦਾਇਰ ਕੀਤੀ ਪਟੀਸ਼ਨ ਰੱਦ ਹੋਣ ਦੀ ਸੂਚਨਾ ਮਿਲੀ ਹੈ। ਜ਼ਿਕਰਯੋਗ ਹੈ ਕਿ ਸ਼੍ਰੋਮਣੀ ਕਮੇਟੀ ਦੇ ਤਤਕਾਲੀ ਸੀ. ਏ. ਸਤਿੰਦਰ ਸਿੰਘ ਕੋਹਲੀ ਅਤੇ ਪਬਲੀਕੇਸ਼ਨ ਵਿਭਾਗ ਦੇ ਤਤਕਾਲੀ ਮੀਤ ਸਕੱਤਰ ਗੁਰਬਚਨ ਸਿੰਘ ਸਮੇਤ ਪਬਲੀਕੇਸ਼ਨ ਵਿਭਾਗ ਦੇ ਤਤਕਾਲੀ ਸੁਪਰਵਾਈਜ਼ਰ ਗੁਰਮੁਖ ਸਿੰਘ, ਇੰਚਾਰਜ ਪਰਮਜੀਤ ਸਿੰਘ, ਕਲਰਕ ਬਾਜ ਸਿੰਘ ਅਤੇ ਹੈਲਪਰ ਦਲਬੀਰ ਸਿੰਘ ਸਮੇਤ ਹੋਰਨਾਂ ਵਿਰੁੱਧ ਸਿੱਖ ਜਥੇਬੰਦੀ ਦੇ ਆਗੂਆਂ ਭਾਈ ਬਲਦੇਵ ਸਿੰਘ ਵਡਾਲਾ ਤੇ ਭਾਈ ਬਲਦੇਵ ਸਿੰਘ ਸਿਰਸਾ ਦੀ ਸ਼ਿਕਾਇਤ 'ਤੇ ਦਰਜ ਐੱਫ. ਆਈ. ਆਰ. ਵਿਚ ਨਾਮਜ਼ਦ 10 ਵਿਅਕਤੀਆਂ ਵਲੋਂ ਆਪਣੇ ਵਕੀਲ ਰਾਹੀਂ ਸਥਾਨਕ ਵਧੀਕ ਜ਼ਿਲ੍ਹਾ ਸੈਸ਼ਨ ਜੱਜ ਸ. ਗੁਰਬੀਰ ਸਿੰਘ ਦੀ ਅਦਾਲਤ ਵਿਚ ਬੀਤੇ ਦਿਨੀਂ ਅਗਾਊਂ ਜ਼ਮਾਨਤ ਲਈ ਅਰਜ਼ੀਆਂ ਦਾਇਰ ਕੀਤੀਆਂ ਸਨ ਜਿਸ 'ਤੇ 18 ਦਸੰਬਰ ਤੱਕ ਲਈ ਅੰਤ੍ਰਿਮ ਅਗਾਊਂ ਜ਼ਮਾਨਤ ਮਿਲੀ ਸੀ।

ਐਡਵੋਕੇਟ ਸਰਬਜੀਤ ਸਿੰਘ ਵੇਰਕਾ ਨੇ ਦੱਸਿਆ ਕਿ ਪ੍ਰਾਪਤ ਵੇਰਵਿਆਂ ਅਨੁਸਾਰ ਅਦਾਲਤ ਵਲੋਂ ਮਾਮਲੇ ਦੀ ਸੁਣਵਾਈ ਉਪਰੰਤ ਉਕਤ ਵਿਅਕਤੀਆਂ ਦੀ ਅਗਾਊਂ ਜ਼ਮਾਨਤ ਦੀ ਅਰਜ਼ੀ ਰੱਦ ਕਰ ਦਿੱਤੀ ਗਈ ਹੈ। ਇਸੇ ਦੌਰਾਨ ਸਾਬਕਾ ਮੀਤ ਸਕੱਤਰ ਗੁਰਬਚਨ ਸਿੰਘ ਨੇ ਸੰਪਰਕ ਕੀਤੇ ਜਾਣ 'ਤੇ ਕਿਹਾ ਕਿ ਉਹ ਹੁਣ ਮਾਣਯੋਗ ਹਾਈਕੋਰਟ ਵਿਚ ਅਗਾਊਂ ਜ਼ਮਾਨਤ ਲਈ ਅਪੀਲ ਦਾਇਰ ਕਰਨਗੇ। ਇਸੇ ਦੌਰਾਨ ਭਾਈ ਵਡਾਲਾ ਤੇ ਭਾਈ ਸਿਰਸਾ ਨੇ ਅਗਾਊਂ ਜ਼ਮਾਨਤਾਂ ਦੀ ਅਰਜ਼ੀ ਰੱਦ ਹੋਣ 'ਤੇ ਕਿਹਾ ਕਿ ਪੁਲਿਸ ਪ੍ਰਸ਼ਾਸਨ ਨੂੰ ਨਾਮਜ਼ਦ ਵਿਅਕਤੀਆਂ ਨੂੰ ਗ੍ਰਿਫਤਾਰ ਕਰਨਾ ਚਾਹੀਦਾ ਹੈ। ਇਥੇ ਇਹ ਵੀ ਜ਼ਿਕਰਯੋਗ ਹੈ ਕਿ 328 ਪਾਵਨ ਸਰੂਪ ਮਾਮਲੇ ਵਿਚ ਨਾਮਜ਼ਦ 16 ਵਿਅਕਤੀਆਂ ਵਿਚੋਂ ਸਾਬਕਾ ਮੁੱਖ ਸਕੱਤਰ ਹਰਚਰਨ ਸਿੰਘ, ਨਿਸ਼ਾਨ ਸਿੰਘ ਤੇ ਅਮਰਜੀਤ ਸਿੰਘ ਅਕਾਲ ਚਲਾਣਾ ਕਰ ਚੁੱਕੇ ਹਨ ਤੇ ਡਾ: ਰੂਪ ਸਿੰਘ ਤੇ ਕੰਵਲਜੀਤ ਸਿੰਘ ਅੱਜ ਕੱਲ ਵਿਦੇਸ਼ ਗਏ ਹੋਏ ਹਨ।

## 123 ਸਾਲ ਪੁਰਾਣੀ ਕਰਜ਼ਨ ਘੜੀ ਸੱਚਖੰਡ ਸ੍ਰੀ ਹਰਮੰਦਿਰ ਸਾਹਿਬ ਵਿਖੇ ਫਿਰ ਤੋਂ ਕਰੇਗੀ ਟਿਕ-ਟਿਕ

- ਇਤਿਹਾਸਕ ਘੜੀ ਨੂੰ UK 'ਚ ਕਰਵਾਇਆ ਗਿਆ ਠੀਕ
- ਘੜੀ ਨੂੰ ਠੀਕ ਕਰਨ 'ਤੇ ਖ਼ਰਚ ਆਏ 96 ਲੱਖ ਰੁਪਏ

ਅੰਮ੍ਰਿਤਸਰ : ਦਹਾਕਿਆਂ ਤੋਂ 10.08 'ਤੇ ਖੜ੍ਹੀ ਘੜੀ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਵਿਖੇ ਆਉਣ ਵਾਲੇ ਲੱਖਾਂ ਸ਼ਰਧਾਲੂਆਂ ਨੂੰ ਇਕ ਹੀ ਸਮਾਂ ਦੱਸਦੀ ਰਹਿੰਦੀ ਸੀ ਪਰ ਹੁਣ 123 ਸਾਲ ਪੁਰਾਣੀ ਇਹ ਕਰਜ਼ਨ ਘੜੀ ਫਿਰ ਤੋਂ ਸ੍ਰੀ ਹਰਿਮੰਦਰ ਸਾਹਿਬ ਵਿਖੇ ਟਿਕ-ਟਿਕ ਕਰਦੀ ਹੋਈ ਦਿਖਾਈ ਦੇਵੇਗੀ। ਬਰਮਿੰਘਮ 'ਚ ਦੋ ਸਾਲ ਦੀ ਮੁਰੰਮਤ ਮਗਰੋਂ ਇਹ ਘੜੀ ਜਨਵਰੀ 2026 'ਚ ਮੁੜ ਤੋਂ ਸ੍ਰੀ ਹਰਿਮੰਦਰ ਸਾਹਿਬ ਵਿਖੇ ਸਜ਼ੇਗੀ।





ਬਰਮਿੰਘਮ ਸਥਿਤ ਗੁਰੂ ਨਾਨਕ ਨਿਸ਼ਕਾਮ ਸੇਵਕ ਜਥਾ ਦੇ ਪ੍ਰਤੀਨਿਧੀ ਇੰਦਰਜੀਤ ਸਿੰਘ ਨੇ ਦੱਸਿਆ ਕਿ ਘੜੀ ਨੂੰ ਠੀਕ ਕਰਨ 'ਤੇ ਲਗਭਗ 96 ਲੱਖ ਰੁਪਏ ਦੀ ਲਾਗਤ ਆਈ ਹੈ ਅਤੇ ਇਹ ਜਨਵਰੀ ਵਿੱਚ ਸ੍ਰੀ ਦਰਬਾਰ ਸਾਹਿਬ ਵਿਖੇ ਮੁੜ ਸਥਾਪਤ ਹੋਣ ਲਈ ਤਿਆਰ ਹੈ।

ਲਾਰਡ ਕਰਜ਼ਨ ਜੋ 1899 ਤੋਂ 1905 ਤੱਕ ਭਾਰਤ ਦੇ ਵਾਇਸਰਾਏ ਸਨ ਅਤੇ ਉਨ੍ਹਾਂ ਦੀ ਪਤਨੀ 9 ਅਪ੍ਰੈਲ, 1900 ਨੂੰ ਹਰਿਮੰਦਰ ਸਾਹਿਬ ਵਿਖੇ ਆਏ ਸਨ। ਸਮਕਾਲੀ ਰਿਕਾਰਡ ਦੱਸਦੇ ਹਨ ਕਿ ਉਹ ਅਤੇ ਉਨ੍ਹਾਂ ਦੀ ਪਤਨੀ ਸ੍ਰੀ ਦਰਬਾਰ ਸਾਹਿਬ ਦੇ ਅੰਦਰ ਲਟਕਦੀ ਇੱਕ ਆਮ ਕੰਧ ਘੜੀ ਦੀ ਸਾਧਾਰਨ ਦਿੱਖ ਤੋਂ ਹੈਰਾਨ ਸਨ। ਕਰਜ਼ਨ ਨੇ ਇਸ ਨੂੰ ਇੱਕ ਹੋਰ 'ਢੁਕਵੀਂ ਘੜੀ' ਨਾਲ ਬਦਲਣ ਦੀ ਇੱਛਾ ਪ੍ਰਗਟ ਕੀਤੀ, ਜੋ ਵਿਸ਼ੇਸ਼ ਤੌਰ 'ਤੇ ਸਿੱਖ ਧਾਰਮਿਕ ਸਥਾਨ ਦੀ ਪਵਿੱਤਰਤਾ ਨਾਲ ਮੇਲ ਖਾਂਦੀ ਹੋਵੇ। ਬਰਮਿੰਘਮ ਸਥਿਤ ਐਲਕਿੰਗਟਨ ਐਂਡ ਕੰਪਨੀ ਲਿਮਟਿਡ ਨੂੰ ਵਿਸ਼ੇਸ਼ ਤੌਰ 'ਤੇ ਘੜੀ ਬਣਾਉਣ ਲਈ ਕਿਹਾ ਅਤੇ ਇਸ ਨੂੰ ਭਾਰਤ ਭੇਜਣ ਵਿੱਚ ਦੋ ਸਾਲਾਂ ਤੋਂ ਵੱਧ ਦ ਸਮਾਂ ਲੱਗਿਆ।

ਚਮਕਦਾਰ ਪਿੱਤਲ ਦੀ ਇਹ ਘੜੀ 31 ਅਕਤੂਬਰ 1902 ਨੂੰ ਦੀਵਾਲੀ ਅਤੇ ਬੰਦੀ ਛੋੜ ਦਿਵਸ 'ਤੇ ਸ੍ਰੀ ਦਰਬਾਰ ਸਾਹਿਬ ਵਿਖੇ ਉਸ ਸਮੇਂ ਦੇ ਲਾਹੌਰ ਕਮਿਸ਼ਨਰ ਰਾਹੀਂ ਭੇਟ ਕੀਤੀ ਗਈ ਸੀ। ਇਸ ਉੱਤੇ ਲਿਖਿਆ ਸੀ ਕਿ ਇਹ ਘੜੀ ਅਪ੍ਰੈਲ 1900 ਵਿੱਚ ਭਾਰਤ ਦੇ ਵਾਇਸਰਾਏ ਅਤੇ ਗਵਰਨਰ ਜਨਰਲ ਲਾਰਡ ਕਰਜ਼ਨ ਦੁਆਰਾ ਆਪਣੀ ਪਹਿਲੀ ਸਰਕਾਰੀ ਫੇਰੀ ਦੇ ਮੌਕੇ 'ਤੇ ਅੰਮ੍ਰਿਤਸਰ ਦੇ ਸੁਨਹਿਰੀ ਮੰਦਿਰ (ਹਰਿਮੰਦਰ ਸਾਹਿਬ) ਨੂੰ ਭੇਟ ਕੀਤੀ ਗਈ ਸੀ।

2023 ਵਿੱਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਹਰਿਮੰਦਰ ਸਾਹਿਬ ਦੇ ਕੰਧ-ਚਿੱਤਰਾਂ ਅਤੇ ਸੁਨਹਿਰੀ ਪਲੇਟਾਂ ਦੀ ਬਹਾਲੀ ਅਤੇ ਸੰਭਾਲ ਭਾਈ ਮਹਿੰਦਰ ਸਿੰਘ ਨੂੰ ਸੌਂਪੀ ਗਈ। 2023 ਦੇ ਅਖੀਰ ਵਿੱਚ ਸੰਭਾਲ ਦੇ ਕੰਮ ਦੌਰਾਨ ਉੱਤਰ-ਪੂਰਬੀ ਪਾਸੇ ਦੇ ਪ੍ਰਵੇਸ਼ ਦੁਆਰ 'ਤੇ ਇੱਕ ਆਧੁਨਿਕ ਘੜੀ ਦੇ ਹੇਠਾਂ ਛੁਪੀ ਹੋਈ ਇਤਿਹਾਸਕ ਘੜੀ ਮਿਲੀ। ਐਸ.ਜੀ.ਪੀ.ਸੀ. ਦੀ ਪ੍ਰਵਾਨਗੀ ਨਾਲ ਇਸ ਘੜੀ ਨੂੰ ਯੂ.ਕੇ. ਲਿਜਾਇਆ ਗਿਆ ਅਤੇ ਬਰਮਿੰਘਮ ਦੇ ਭੁਪਿੰਦਰ ਸਿੰਘ ਮਿਨਹਾਸ ਨੇ ਇਸ ਨੂੰ ਠੀਕ ਕਰਨ ਦਾ ਕੰਮ ਸੰਭਾਲਿਆ।

ਭਾਈ ਮਹਿੰਦਰ ਸਿੰਘ ਨਵੰਬਰ ਵਿੱਚ ਮੁਰੰਮਤ ਤੋਂ ਬਾਅਦ ਇਸ ਨੂੰ ਭਾਰਤ ਵਾਪਸ ਲੈ ਆਏ ਸਨ। ਇਹ ਹੁਣ ਪੂਰੀ ਤਰ੍ਹਾਂ ਕਾਰਜਸ਼ੀਲ ਹੈ। ਅਸੀਂ ਇਸ ਨੂੰ ਉਸੇ ਥਾਂ 'ਤੇ ਦੁਬਾਰਾ ਸਥਾਪਿਤ ਕਰਾਂਗੇ। ਫਰਮ ਨੇ ਇਸ ਦੀ ਸਫਾਈ ਲਈ ਵਿਸ਼ੇਸ਼ ਬੁਰਸ਼ ਸਪਲਾਈ ਕੀਤੇ ਹਨ। ਇੰਦਰਜੀਤ ਸਿੰਘ ਨੇ ਦੱਸਿਆ ਕਿ ਹੱਥ ਨਾਲ ਪੇਂਟ ਕੀਤੇ ਪੰਜਾਬੀ ਅੰਕਾਂ ਵਾਲੇ ਐਲੂਮੀਨੀਅਮ ਦੇ ਚਿਹਰੇ ਨੂੰ ਪਿੱਤਲ ਦੇ ਚਿਹਰੇ ਅਤੇ ਰੋਮਨ ਅੰਕਾਂ ਨਾਲ ਬਦਲ ਦਿੱਤਾ ਗਿਆ ਹੈ, ਬਿਲਕੁਲ ਉਸੇ ਤਰ੍ਹਾਂ ਜਿਵੇਂ ਇਹ ਲਾਰਡ ਕਰਜ਼ਨ ਵੱਲੋਂ ਇਸ ਨੂੰ ਸੌਂਪੇ ਜਾਣ ਵੇਲੇ ਸਨ।

# ਨਿਊਜ਼ੀਲੈਂਡ 'ਚ ਸ਼ਰਾਰਤੀ ਅਨਸਰਾਂ ਨੇ ਨਗਰ ਕੀਰਤਨ ਦਾ ਰੋਕਿਆ ਰਾਹ

## ਨ.ਫਰਤ ਭਰੇ ਨਾਅਰੇ ਵਿਖਾ ਕੇ ਨਗਰ ਕੀਰਤਨ ਦਾ ਕੀਤਾ ਸਖ਼ਤ ਵਿਰੋਧ







ਆਕਲੈਂਡ: ਨਿਊਜ਼ੀਲੈਂਡ ਦੇ ਮੇਨੁਰੇਵਾ ਇਲਾਕੇ ਵਿਚ ਅੱਜ ਉਸ ਵੇਲੇ ਮਾਹੌਲ ਕਾਫੀ ਤਣਾਅਪੂਰਨ ਹੋ ਗਿਆ, ਜਦੋਂ ਗੁਰਦੁਆਰਾ ਨਾਨਾਕਸਰ ਠਾਠ ਈਸ਼ਰ ਦਰਬਾਰ ਵਲੋਂ ਸ਼ਹੀਦੀ ਪੰਦਰਵਾੜੇ ਨੂੰ ਸਮਰਪਤ ਸਜਾਏ ਗਏ ਨਗਰ ਕੀਰਤਨ ਦੇ ਰਸਤੇ ਵਿਚ ਕੁੱਝ ਸ਼ਰਾਰਤੀ ਅਨਸਰਾਂ ਨੇ ਵਿਘਨ ਪਾਉਣ ਦੀ ਕੋਸ਼ਿਸ਼ ਕੀਤੀ। ਸਰੋਤਾਂ ਅਨੁਸਾਰ ਪੋਹ ਦੇ ਮਹੀਨੇ ਦੇ ਸਿੱਖ ਸ਼ਹੀਦਾਂ ਦੀ ਯਾਦ ਵਿਚ ਇਹ ਵਿਸ਼ਾਲ ਨਗਰ ਕੀਰਤਨ ਮੇਨੁਰੇਵਾ ਦੀਆਂ ਸੜਕਾਂ 'ਤੇ ਸਜਾਇਆ ਗਿਆ ਸੀ, ਜਿਸ ਵਿਚ ਵੱਡੀ ਗਿਣਤੀ ਵਿਚ ਸਿੱਖ ਸੰਗਤ ਨੇ ਸ਼ਰਧਾ ਨਾਲ ਹਿੱਸਾ ਲਿਆ। ਨਗਰ ਕੀਰਤਨ ਦੇ ਸਾਰੇ ਪ੍ਰਬੰਧ ਬਹੁਤ ਸੁਚਾਰੂ ਸਨ ਅਤੇ ਇਹ ਨਿਰਵਿਘਨ ਅੱਗੇ ਵੱਧ ਰਿਹਾ ਸੀ ਪਰ ਜਦੋਂ ਨਗਰ ਕੀਰਤਨ ਵਾਪਸੀ ਦੇ ਰਸਤੇ 'ਤੇ ਸੀ ਤਾਂ ਗੁਰਦੁਆਰਾ ਸਾਹਿਬ ਤੋਂ ਕੁੱਝ ਦੂਰੀ 'ਤੇ ਗਰੇਟ ਸਾਊਥ ਰੋਡ 'ਤੇ 30 ਤੋਂ 35 ਨੌਜਵਾਨਾਂ ਦੇ ਇਕ ਸਮੂਹ ਨੇ ਰਸਤਾ ਰੋਕ ਲਿਆ।

ਇਨ੍ਹਾਂ ਨੌਜਵਾਨਾਂ ਨੇ ਨਾ ਸਿਰਫ ਨਗਰ ਕੀਰਤਨ ਦਾ ਰਸਤਾ ਰੋਕਿਆ ਬਲਕਿ ਹਾਕਾ ਨਾਚ ਕਰ ਕੇ ਅਤੇ ਨ.ਫਰਤ ਭਰੇ ਸਲੋਗਨ ਦਿਖਾ ਕੇ ਨਗਰ ਕੀਰਤਨ ਦਾ ਸਖ਼ਤ ਵਿਰੋਧ ਕੀਤਾ। ਜਾਣਕਾਰੀ ਮੁਤਾਬਕ ਇਹ ਨੌਜਵਾਨ ਇਕ ਵਿਸ਼ੇਸ਼ ਭਾਈਚਾਰੇ ਨਾਲ ਸਬੰਧਤ ਹਨ ਜੋ ਪਿਛਲੇ ਕੁੱਝ ਸਮੇਂ ਤੋਂ ਨਿਊਜ਼ੀਲੈਂਡ ਵਿਚ ਹਰ ਧਰਮ ਅਤੇ ਹੋਰ ਵਰਗਾਂ ਦੇ ਲੋਕਾਂ ਦਾ ਵਿਰੋਧ ਕਰ ਰਹੇ ਹਨ। ਪ੍ਰਦਰਸ਼ਨਕਾਰੀ ਨੌਜਵਾਨਾਂ ਦਾ ਦਾਅਵਾ ਹੈ ਕਿ ਨਿਊਜ਼ੀਲੈਂਡ ਸਿਰ.ਫ ਉਨ੍ਹਾਂ ਦਾ ਹੈ। ਦਸਣਯੋਗ ਹੈ ਕਿ ਕੁੱਝ ਮਹੀਨੇ ਪਹਿਲਾਂ ਇਨ੍ਹਾਂ ਲੋਕਾਂ ਵਲੋਂ ਵੱਖ-ਵੱਖ ਧਰਮਾਂ ਦੇ ਝੰਡੇ ਸਾੜਨ ਦੀਆਂ ਘਟਨਾਵਾਂ ਨੂੰ ਵੀ ਅੰਜਾਮ ਦਿਤਾ ਗਿਆ ਸੀ।

ਜਾਣਕਾਰੀ ਮਿਲੀ ਹੈ ਕਿ ਲਗਾਤਾਰ ਪ੍ਰਦਰਸ਼ਨਕਾਰੀ ਨੌਜਵਾਨਾਂ ਦੇ ਉਕਸਾਵੇ ਦੇ ਬਾਵਜੂਦ ਨਗਰ ਕੀਰਤਨ ਦਾ ਸੰਚਾਲਨ ਕਰ ਰਹੇ ਸਿੱਖ ਨੌਜਵਾਨਾਂ ਨੇ ਬਹੁਤ ਸਹਿਣਸ਼ੀਲਤਾ ਦਿਖਾਈ ਅਤੇ ਕਿਸੇ ਵੀ ਟਕਰਾਅ ਤੋਂ ਬਚਣ ਲਈ ਨਗਰ ਕੀਰਤਨ ਨੂੰ ਮੌਕੇ 'ਤੇ ਹੀ ਰੋਕ ਦਿਤਾ। ਘਟਨਾ ਦੀ ਸੂਚਨਾ ਮਿਲਦੇ ਹੀ ਪੁਲਿਸ ਫ਼ੋਰਸ ਮੌਕੇ 'ਤੇ ਪਹੁੰਚੀ ਅਤੇ ਸਥਿਤੀ ਨੂੰ ਸੰਭਾਲਿਆ। ਪੁਲਿਸ ਮੁਲਾਜ਼ਮਾਂ ਨੇ ਇਕ ਮਨੁੱਖੀ ਚੈਨ ਬਣਾਈ ਤਾਂ ਜੋ ਨਗਰ ਕੀਰਤਨ ਲਈ ਸੁਰੱਖਿਅਤ ਰਸਤਾ ਤਿਆਰ ਕੀਤਾ ਜਾ ਸਕੇ।



ਪੁਲਿਸ ਦੀ ਇਸ ਕਾਰਵਾਈ ਸਦਕਾ ਨਗਰ ਕੀਰਤਨ ਬਿਨਾਂ ਕਿਸੇ ਹੋਰ ਵੱਡੀ ਅਣਸੁਖਾਵੀਂ ਘਟਨਾ ਦੇ ਸੁਰੱਖਿਅਤ ਢੰਗ ਨਾਲ ਗੁਰਦੁਆਰਾ ਸਾਹਿਬ ਵਾਪਸ ਪਹੁੰਚ ਗਿਆ।

# ਨਿਊਜੀਲੈਂਡ ਵਿਚ ਨਗਰ ਕੀਰਤਨ ਦਾ ਵਿਰੋਧ ਵਿਸ਼ਵ ਭਾਈਚਾਰੇ ਲਈ ਦੁਖਦਾਈ ਅਤੇ ਚਿੰਤਾਜਨਕ: ਬਾਬਾ ਬਲਬੀਰ ਸਿੰਘ

ਅੰਮ੍ਰਿਤਸਰ : ਨਿਹੰਗ ਸਿੰਘਾਂ ਦੀ ਸਿਰਮੌਰ ਸੰਸਥਾ ਸ਼ ?ਰੋਮਣੀ ਪੰਥ ਅਕਾਲੀ ਬੁੱਢਾ ਦਲ ਪੰਜਵਾਂ ਤਖ਼ਤ ਦੇ 14ਵੇਂ ਮੁਖੀ ਸਿੰਘ ਸਾਹਿਬ ਜਥੇਦਾਰ ਬਾਬਾ ਬਲਬੀਰ ਸਿੰਘ ਅਕਾਲੀ 96 ਕਰੋੜੀ ਨੇ ਨਿਊਜੀਲੈਂਡ ਵਿਚ ਹੋਏ ਸਿੱਖਾਂ ਵੱਲੋਂ ਕੱਢੇ ਨਗਰ ਕੀਰਤਨ ਦਾ ਕੁਝ ਸਥਾਨਕ ਲੋਕਾਂ ਵੱਲੋਂ ਵਿਰੋਧ ਕਰਨਾ ਬੇਹੱਦ ਦੁਖਦਾਈ ਅਤੇ ਚਿੰਤਾਜਨਕ ਹੈ।



ਉਨ੍ਹਾਂ ਕਿਹਾ ਕਿ ਨਗਰ ਕੀਰਤਨ ਸਿੱਖ ਧਰਮ ਦੀ ਇੱਕ ਪਵਿੱਤਰ ਧਾਰਮਿਕ ਪਰੰਪਰਾ ਹੈ ਜੋ ਸਮਾਜ ਵਿਚ ਆਪਸੀ ਸਾਂਝ, ਪਿਆਰ ਅਤੇ ਏਕਤਾ ਦਾ ਸੰਦੇਸ਼ ਦਿੰਦੀ ਹੈ।ਅਜਿਹੇ ਧਾਰਮਿਕ ਸਮਾਗਮਾਂ ਦਾ ਵਿਰੋਧ ਕਰਨਾ ਗੁਰੂ ਸਾਹਿਬਾਨ ਦੇ ਸਰਬ-ਸਾਂਝੇ ਸੰਦੇਸ਼ 'ਤੇ ਸਿੱਧੀ ਸੱਟ ਹੈ। ਸਿੱਖ ਭਾਈਚਾਰਾ ਸਦਾ ਤੋਂ ਹੀ ਵਿਸ਼ਵ ਭਾਈਚਾਰੇ ਦੀ ਭਲਾਈ, ਸ਼ਾਂਤੀ, ਸਹਿਣਸ਼ੀਲਤਾ ਅਤੇ ਤਰੱਕੀ ਲਈ ਆਪਣਾ ਮਿਸਾਲੀ ਯੋਗਦਾਨ ਪਾਉਂਦਾ ਆ ਰਿਹਾ ਹੈ, ਪਰ ਇਸ ਦੇ ਬਾਵਜੂਦ ਸਿੱਖਾਂ ਦੀਆਂ ਧਾਰਮਿਕ ਰਵਾਇਤਾਂ ਨੂੰ ਨ.ਫਰਤੀ ਨਜ਼ਰੀਏ ਨਾਲ ਦੇਖਿਆ ਜਾਣਾ ਅਤਿ ਨਿੰਦਣਯੋਗ ਹੈ।

ਉਨ੍ਹਾਂ ਕਿਹਾ ਕਿ ਕੁਦਰਤੀ ਆਫਤਾਂ ਸਮੇਂ ਸਿੱਖ ਭਾਈਚਾਰਾ ਹੀ ਵਿਸ਼ਵ ਪੱਧਰ ਤੇ ਲੋਕ ਭਲਾਈ ਦੇ ਕੰਮ ਕਰਦਾ ਆ ਰਿਹਾ ਹੈ ਅਤੇ ਕਰਦਾ ਰਹੇਗਾ। ਸਿੱਖ ਨਿਊਜੀਲੈਂਡ ਅਤੇ ਭਾਰਤ ਦੀ ਸਰਕਾਰ ਨੂੰ ਅਪੀਲ ਕੀਤੀ ਕਿ ਉਹ ਇਸ ਮਾਮਲੇ ਦਾ ਗੰਭੀਰਤਾ ਨਾਲ ਨੋਟਿਸ ਲੈਣ ਅਤੇ ਸਿੱਖ ਭਾਈਚਾਰੇ ਨੂੰ ਆਪਣੇ ਧਾਰਮਿਕ ਅਧਿਕਾਰਾਂ ਦੇ ਅਨੁਸਾਰ ਸਮਾਗਮ ਕਰਨ ਲਈ ਸੁਰੱਖਿਅਤ ਅਤੇ ਸਹਿਯੋਗੀ ਮਾਹੌਲ ਮੁਹੱਈਆ ਕਰਵਾਉਣ।

# ਅਮਰੀਕਾ 'ਚ ਇਕ ਨਰਸਿੰਗ ਹੋਮ 'ਚ ਧਮਾਕਾ- 2 ਦੀ ਮੌਤ

ਸੈਕਰਾਮੈਂਟੋ, (ਹੁਸਨ ਲੜੋਆ ਬੰਗਾ) : ਅਮਰੀਕਾ ਦੇ ਪੈਨਸਿਲਵਾਨੀਆ 'ਚ ਫਿਲਾਡੈਲਫੀਆ ਦੇ ਬਾਹਰਵਾਰ ਇਕ ਨਰਸਿੰਗ ਹੋਮ 'ਚ ਜ਼ਬਰਦਸਤ ਧਮਾਕਾ ਹੋਣ ਉਪਰੰਤ ਅੱਗ ਲੱਗ ਗਈ। ਇਸ ਘਟਨਾ 'ਚ 2 ਦੀ ਮੌਤ ਤੇ ਕਈ ਹੋਰ ਲੋਕਾਂ ਦੇ ਜ਼ਖਮੀ ਹੋਣ ਦੀ ਖ਼ਬਰ ਹੈ। ਧਮਾਕੇ ਉਪਰੰਤ ਹਫੜਾ ਦਫੜੀ ਮਚ ਗਈ। ਬ੍ਰਿਸਟਲ ਟਾਊਨਸ਼ਿੱਪ ਪੁਲਿਸ ਲੈਫਟੀਨੈਂਟ ਸੀਨ ਗੋਰਗਰੋਵ ਨੇ ਇਸਦੀ ਜਾਣਕਾਰੀ ਸਾਂਝੀ ਕੀਤੀ। ਮੁਢਲੀਆਂ ਰਿਪੋਰਟਾਂ ਅਨੁਸਾਰ ਕੁਝ ਲੋਕ ਅੰਦਰ ਫਸੇ ਹੋ ਸਕਦੇ ਹਨ। ਪੈਨਸਿਲਵਾਨੀਆ ਐਮਰਜੈਂਸੀ ਮੈਨਜਮੈਂਟ ਏਜੰਸੀ ਦੇ ਬੁਲਾਰੇ ਰੂਥ ਮਿਲਰ ਨੇ ਕਿਹਾ ਹੈ ਕਿ ਧਮਾਕੇ ਕਾਰਨ ਇਮਾਰਤ ਦਾ ਇਕ ਹਿੱਸਾ ਢਹਿ ਗਿਆ ਹੈ। ਮੁਢਲੀ ਜਾਂਚ 'ਚ ਪਤਾ ਲੱਗਾ ਕਿ ਧਮਾਕਾ ਗੈਸ ਰਿਸਣ ਕਾਰਨ ਹੋਇਆ ਹੋ ਸਕਦਾ ਹੈ। ਅਸਿਸਟੈਂਟ ਸੁਪਰਡੈਂਟ ਬ੍ਰਿਸਟਲ ਟਾਊਨਸ਼ਿੱਪ



ਸਕੂਲ ਡਿਸਟ੍ਰਿਕਟ ਕ੍ਰਿਸਟੋਫਰ ਪੋਲਜ਼ਰ ਨੇ ਦੱਸਿਆ ਕਿ ਘਟਨਾ ਕਾਰਨ ਜ਼ਖਮੀ ਹੋਏ ਲੋਕਾਂ ਨੂੰ ਹੈਰੀ ਐਸ ਟਰਿਊਮੈਨ ਹਾਈ ਸਕੂਲ 'ਚ ਰਖਿਆ ਗਿਆ ਹੈ।

# ਨਿਊਜ਼ੀਲੈਂਡ 'ਚ ਨਗਰ ਕੀਰਤਨ ਦਾ ਰਾਹ ਰੋਕਣਾ ਮੰਦਭਾਗਾ : ਜਥੇਦਾਰ ਕੁਲਦੀਪ ਸਿੰਘ ਗੜਗੱਜ

## ਕਿਹਾ ਨਿਊਜ਼ੀਲੈਂਡ ਦੀ ਸਰਕਾਰ ਨੂੰ ਸ਼ਰਾਰਤੀ ਅਨਸਰਾਂ ਨੂੰ ਕਾਬੂ ਕਰਨਾ ਚਾਹੀਦਾ ਹੈ

ਸ੍ਰੀ ਅੰਮ੍ਰਿਤਸਰ : ਸ੍ਰੀ ਅਕਾਲ ਤਖ਼ਤ ਸਾਹਿਬ ਦੇ ਕਾਰਜਕਾਰੀ ਜਥੇਦਾਰ ਸਿੰਘ ਸਾਹਿਬ ਗਿਆਨੀ ਕੁਲਦੀਪ ਸਿੰਘ ਗੜਗੱਜ ਨੇ ਨਿਊਜ਼ੀਲੈਂਡ ਦੇ ਸਾਊਥ ਔਕਲੈਂਡ ਦੇ ਮਾਨੂਰੇਵਾ ਕਸਬੇ ਵਿਖੇ ਕੁਝ ਸ਼ਰਾਰਤੀ ਲੋਕਾਂ ਵੱਲੋਂ ਸਿੱਖ ਸੰਗਤ ਦੀ ਤਰਫ਼ੋਂ ਸਜਾਏ ਜਾ ਰਹੇ ਨਗਰ ਕੀਰਤਨ ਦੇ ਵਿਰੋਧ ਵਾਲੀ ਘਟਨਾ ਦੀ ਸਖ਼ਤ ਸ਼ਬਦਾਂ ਵਿੱਚ ਨਿੰਦਾ ਕਰਦਿਆਂ ਇਸ ਨੂੰ ਸਿੱਖਾਂ ਅਤੇ ਸਮਾਜਕ ਭਾਈਚਾਰਕ ਸਾਂਝ ਲਈ ਚੁਣੌਤੀ ਕਰਾਰ ਦਿੱਤਾ ਹੈ। ਉਨ੍ਹਾਂ ਆਖਿਆ ਕਿ ਕੁਝ ਲੋਕਾਂ ਜਿਨ੍ਹਾਂ ਦੀ ਅਗਵਾਈ ਬ੍ਰਾਇਨ ਤਾਮਾਕੀ ਨਾਮ ਦੇ ਵਿਅਕਤੀ ਵੱਲੋਂ ਕੀਤੀ ਦੱਸੀ ਜਾ ਰਹੀ ਹੈ ਜੋ ਕਿ ਇੱਕ ਸਮੂਹ ਦਾ ਵਿਵਾਦਤ ਆਗੂ ਹੈ, ਵੱਲੋਂ ਜਾਣਬੁੱਝ ਕੇ ਨਿਊਜ਼ੀਲੈਂਡ ਦੀਆਂ ਸਥਾਨਕ ਰਵਾਇਤਾਂ ਦੀ ਦੁਰਵਰਤੋਂ ਕਰਦਿਆਂ ਨ.ਫਰਤੀ ਭਾਵਨਾ ਨਾਲ ਸਿੱਖਾਂ ਨੂੰ ਇਹ ਚੁਣੌਤੀ ਦਿੱਤੀ ਗਈ ਹੈ, ਜਿਸ ਪ੍ਰਤੀ ਨਿਊਜ਼ੀਲੈਂਡ ਦੀ ਸਰਕਾਰ ਨੂੰ ਵਿਸ਼ੇਸ਼ ਧਿਆਨ ਦੇ ਕੇ ਅਜਿਹੇ ਅਨਸਰਾਂ ਨੂੰ ਰੋਕਣ ਦੀ ਲੋੜ ਹੈ ਜੋ ਸਮਾਜਕ ਭਾਈਚਾਰਕ ਸਾਂਝ ਵਿੱਚ ਕੁੜੱਤਣ ਪੈਦਾ ਕਰਨ ਦੀ ਕੋਸ਼ਿਸ਼ ਕਰ ਰਹੇ ਹਨ।

ਜਥੇਦਾਰ ਗੜਗੱਜ ਨੇ ਕਿਹਾ ਕਿ ਸਿੱਖ ਹਰ ਧਰਮ ਅਤੇ ਫਿਰਕੇ ਦਾ ਸਤਿਕਾਰ ਕਰਦੇ ਹਨ ਅਤੇ ਇਸੇ ਤਰ੍ਹਾਂ ਬਾਕੀਆਂ ਦਾ ਵੀ ਇਹ ਫ਼ਰਜ਼ ਹੈ ਕਿ ਸਿੱਖਾਂ ਦੀ ਧਾਰਮਿਕ ਅਜ਼ਾਦੀ ਦਾ ਵੀ ਸਤਿਕਾਰ ਕੀਤਾ ਜਾਵੇ। ਉਨ੍ਹਾਂ ਕਿਹਾ ਕਿ ਨਗਰ ਕੀਰਤਨ ਸਰਕਾਰੀ ਪ੍ਰਵਾਨਗੀਆਂ ਤੋਂ ਬਾਅਦ ਹੀ ਸਜਾਏ ਜਾਂਦੇ ਹਨ, ਇਸ ਲਈ ਸੁਰੱਖਿਅਤ ਮਾਹੌਲ ਮੁਹੱਈਆ ਕਰਵਾਉਣਾ ਸਥਾਨਕ ਸਰਕਾਰ ਦੀ ਜ਼ਿੰਮੇਵਾਰੀ ਹੈ। ਉਨ੍ਹਾਂ ਕਿਹਾ ਕਿ ਨਿਊਜ਼ੀਲੈਂਡ ਦੇ ਸਿੱਖਾਂ ਵੱਲੋਂ ਪ੍ਰਾਪਤ ਹੋਈ ਜਾਣਕਾਰੀ ਅਨੁਸਾਰ ਉੱਥੋਂ ਦੇ ਸਥਾਨਕ ਲੋਕ ਸਿੱਖਾਂ ਨਾਲ ਰਲ-ਮਿਲ ਕੇ ਰਹਿੰਦੇ ਹਨ ਅਤੇ ਤਾਜ਼ਾ ਘਟਨਾ ਪਿੱਛੇ ਸਿਰ.ਫ ਇੱਕ ਸ਼ਰਾਰਤੀ ਸਮੂਹ ਦਾ ਹੱਥ ਹੈ। ਇਸ ਘਟਨਾ ਤੋਂ ਬਾਅਦ ਨਿਊਜ਼ੀਲੈਂਡ ਦੇ 25 ਗੁਰਦੁਆਰਾ ਸਾਹਿਬਾਨ ਦੀਆਂ ਪ੍ਰਬੰਧਕੀ



ਕਮੇਟੀਆਂ ਲਗਾਤਾਰ ਸਥਾਨਕ ਸਰਕਾਰ ਤੇ ਪੁਲਿਸ ਪ੍ਰਸ਼ਾਸਨ ਨਾਲ ਰਾਬਤੇ ਵਿੱਚ ਹਨ, ਜਿਨ੍ਹਾਂ ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਨੇ ਪੂਰਨ ਸਮਰਥਨ ਦਾ ਭਰੋਸਾ ਦਿੱਤਾ।

ਜਥੇਦਾਰ ਗੜਗੱਜ ਨੇ ਕਿਹਾ ਕਿ ਆਪਣੀ ਕਰੜੀ ਮਿਹਨਤ ਤੇ ਲਿਆਕਤ ਸਦਕਾ ਸਿੱਖ ਅੱਜ ਦੁਨੀਆ ਦੇ ਵੱਖ-ਵੱਖ ਦੇਸ਼ਾਂ ਵਿੱਚ ਵੱਸਦੇ ਹਨ ਅਤੇ ਉਨ੍ਹਾਂ ਨੇ ਉੱਥੇ ਚੰਗੇ ਰੁਤਬੇ ਹਾਸਲ ਕੀਤੇ ਹਨ। ਉਨ੍ਹਾਂ ਕਿਹਾ ਕਿ ਸਿੱਖਾਂ ਨੇ ਨਿਊਜ਼ੀਲੈਂਡ ਜਾਂ ਕਿਸੇ ਵੀ ਹੋਰ ਦੇਸ਼ ਜਿੱਥੇ ਉਹ ਵੱਸਦੇ ਹਨ, ਉੱਥੇ ਸਥਾਨਕ ਕਾਨੂੰਨਾਂ ਅਤੇ ਨਿਯਮਾਂ ਦੀ ਪਾਲਣਾ ਕਰਦਿਆਂ ਕਰੜੀ ਮਿਹਨਤ ਨਾਲ ਆਪਣਾ ਸਥਾਨ ਕਾਇਮ ਕਰਦਿਆਂ ਨਾਗਰਿਕਤਾ ਜਾਂ ਕੰਮ ਕਰਨ ਦੀਆਂ ਪ੍ਰਵਾਨਗੀਆਂ ਹਾਸਲ ਕੀਤੀਆਂ ਹਨ। ਉਨ੍ਹਾਂ ਕਿਹਾ ਕਿ ਸਿੱਖ ਜਿੱਥੇ ਵੀ ਵੱਸਦੇ ਹਨ ਉੱਥੋਂ ਦੀ ਤਰੱਕੀ ਅਤੇ ਵਿਕਾਸ ਵਿੱਚ ਅਹਿਮ ਯੋਗਦਾਨ ਪਾਉਂਦੇ ਹਨ। ਇਸੇ ਤਰ੍ਹਾਂ ਸਿੱਖਾਂ ਨੇ ਨਿਊਜ਼ੀਲੈਂਡ ਦੀ ਤਰੱਕੀ ਅਤੇ ਵਿਕਾਸ ਵਿੱਚ ਵੀ ਚੰਗਾ ਯੋਗਦਾਨ ਪਾਇਆ ਹੈ।

ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਨੇ ਕਿਹਾ ਕਿ ਸਿੱਖ ਕੌਮ ਰੋਜ਼ਾਨਾ ਅਰਦਾਸ ਵਿੱਚ ਸਰਬੱਤ ਦਾ ਭਲਾ ਮੰਗਦੀ ਹੈ ਅਤੇ ਅਮਨ ਸ਼ਾਂਤੀ ਨੂੰ ਪਸੰਦ ਕਰਨ ਵਾਲੀ ਕੌਮ ਹੈ। ਉਨ੍ਹਾਂ ਨਿਊਜ਼ੀਲੈਂਡ ਦੀ ਸਿੱਖ ਸੰਗਤ ਦੀ ਸ਼ਲਾਘਾ ਕੀਤੀ ਕਿ ਸਥਾਨਕ ਲੋਕਾਂ ਵੱਲੋਂ ਕੀਤੇ ਗਏ ਵਿਰੋਧ ਦੇ ਬਾਵਜੂਦ ਵੀ ਉਨ੍ਹਾਂ ਜਾਬਤਾ ਬਣਾਈ ਰੱਖਿਆ ਅਤੇ ਕਿਸੇ ਤਰ੍ਹਾਂ ਦੀ ਭੜਕਾਹਟ ਨਹੀਂ ਦਿਖਾਈ। ਉਨ੍ਹਾਂ ਕਿਹਾ ਕਿ ਸਿੱਖੀ ਵਿੱਚ ਅਨੁਸ਼ਾਸਨ ਅਤੇ ਸਮਰਪਣ ਭਾਵ ਬਹੁਤ ਅਹਿਮੀਅਤ ਰੱਖਦੇ ਹਨ, ਇਸ ਲਈ ਨਿਊਜ਼ੀਲੈਂਡ ਦੀ ਸਿੱਖ ਸੰਗਤ ਅਜਿਹੇ ਘਟਨਾਕ੍ਰਮ ਪ੍ਰਤੀ ਸੁਚੇਤ ਰਹੇ ਅਤੇ ਅਮਨ ਕਾਨੂੰਨ ਨਾਲ ਹੀ ਸਥਿਤੀ ਨੂੰ ਨਜਿੱਠਿਆ ਜਾਵੇ।

ਜਥੇਦਾਰ ਗੜਗੱਜ ਨੇ ਨਿਊਜ਼ੀਲੈਂਡ ਦੇ ਆਗੂ ਸਿੱਖਾਂ ਨੂੰ ਆਦੇਸ਼ ਕੀਤਾ ਕਿ ਉਹ ਨਿਊਜ਼ੀਲੈਂਡ ਦੇ ਪ੍ਰਧਾਨ ਮੰਤਰੀ, ਸਥਾਨਕ ਸਰਕਾਰ ਦੇ ਆਗੂਆਂ ਅਤੇ ਮਾਓਰੀ ਭਾਈਚਾਰੇ ਦੇ ਵੱਡੇ ਆਗੂਆਂ ਨਾਲ ਮਿਲ ਬੈਠ ਕੇ ਇਹ ਮਾਮਲਾ ਵਿਚਾਰਨ ਅਤੇ ਉਨ੍ਹਾਂ ਨੂੰ ਸਿੱਖੀ ਕਦਰਾਂ ਕੀਮਤਾਂ ਤੇ ਰਵਾਇਤਾਂ ਦੀ ਜਾਣਕਾਰੀ ਦੇਣ। ਉਨ੍ਹਾਂ ਆਖਿਆ ਕਿ ਨਿਊਜ਼ੀਲੈਂਡ ਦੇ ਸਿੱਖ ਇਸ ਮਾਮਲੇ ਸਬੰਧੀ ਉੱਥੋਂ ਦੀ ਸਰਕਾਰ ਨਾਲ ਵਿਚਾਰ ਚਰਚਾ ਕਰਕੇ ਇਹ ਯਕੀਨੀ ਬਣਾਉਣ ਕਿ ਨਗਰ ਕੀਰਤਨ ਸਜਾਉਣ ਜਾਂ ਹੋਰ ਸਿੱਖ ਸਮਾਗਮਾਂ ਨੂੰ ਕਰਵਾਉਣ ਲਈ ਉਨ੍ਹਾਂ ਨੂੰ ਸੁਰੱਖਿਅਤ ਮਾਹੌਲ ਮੁਹੱਈਆ ਕਰਵਾਇਆ ਜਾਵੇ ਤਾਂ ਜੋ ਅਗਾਂਹ ਤੋਂ ਅਜਿਹੀ ਸਥਿਤੀ ਨਾ ਬਣੇ।

ਜਥੇਦਾਰ ਗੜਗੱਜ ਨੇ ਨਿਊਜ਼ੀਲੈਂਡ ਦੇ ਪ੍ਰਧਾਨ ਮੰਤਰੀ ਕ੍ਰਿਸਟੋਫਰ ਲਕਸਨ ਤੇ ਵਿਦੇਸ਼ ਮੰਤਰੀ ਵਿੰਸਟਨ ਪੀਟਰਜ਼ ਅਤੇ ਭਾਰਤ ਦੇ ਵਿਦੇਸ਼ ਮੰਤਰੀ ਡਾ. ਐੱਸ ਜੈਸ਼ੰਕਰ ਨੂੰ ਆਖਿਆ ਕਿ ਉਹ ਇਸ ਮਾਮਲੇ ਵੱਲ ਵਿਸ਼ੇਸ਼ ਧਿਆਨ ਦੇ ਕੇ ਇਹ ਯਕੀਨੀ ਬਣਾਉਣ ਕਿ ਸ਼ਰਾਰਤੀ ਲੋਕ ਦੋਵੇਂ ਦੇਸ਼ਾਂ ਅਤੇ ਭਾਈਚਾਰਿਆਂ ਵਿਚਕਾਰ ਸਾਂਝ ਨੂੰ ਸੱਟ ਨਾ ਮਾਰ ਸਕਣ।

# ਬੰਗਲਾਦੇਸ਼ 'ਚ ਵਿਦਰੋਹੀ ਵਿਦਿਆਰਥੀ ਨੇਤਾ ਦੀ ਮੌਤ ਤੋਂ ਬਾਅਦ ਭੜਕੀ ਹਿੰਸਾ

## • ਦੋ ਪ੍ਰਮੁੱਖ ਅਖ਼ਬਾਰਾਂ ਦੇ ਦਫ਼ਤਰਾਂ ਨੂੰ ਲਾਈ ਅੱਗ, ਸਹਾਇਕ ਭਾਰਤੀ ਹਾਈ ਕਮਿਸ਼ਨਰ ਦੇ ਨਿਵਾਸ 'ਤੇ ਪੱਥਰਬਾਜ਼ੀ • ਹਿੰਦੂ ਨੌਜਵਾਨ ਦੀ ਕੁੱਟ-ਕੁੱਟ ਕੇ ਹੱਤਿਆ





ਢਾਕਾ/ਨਵੀਂ ਦਿੱਲੀ : ਬੀਤੇ ਸਾਲ ਜੁਲਾਈ 'ਚ ਸ਼ੇਖ ਹਸੀਨਾ ਖ਼ਿਲਾਫ਼ ਛਿੜੇ ਵਿਦਰੋਹ ਦੇ ਮੁੱਖ ਚਿਹਰਿਆਂ 'ਚੋਂ ਇਕ ਸ਼ਰੀਫ ਉਸਮਾਨ ਹਾਦੀ (32) ਦੀ ਮੌਤ ਤੋਂ ਬਾਅਦ ਬੰਗਲਾਦੇਸ਼ ਦੇ ਵੱਖ-ਵੱਖ ਹਿੱਸਿਆਂ 'ਚ ਵੱਡੇ ਪੱਧਰ 'ਤੇ ਹਿੰਸਾ ਭੜਕ ਉਠੀ।ਵੀਰਵਾਰ ਰਾਤ ਨੂੰ ਜਿਵੇਂ ਹੀ ਉਕਤ ਵਿਦਰੋਹੀ ਵਿਦਿਆਰਥੀ ਨੇਤਾ ਦੀ ਮੌਤ ਦੀ ਖ਼ਬਰ ਟੈਲੀਵਿਜ਼ਨ 'ਤੇ ਨਸ਼ਰ ਹੋਈ ਤਾਂ ਪੂਰੇ ਬੰਗਲਾਦੇਸ਼ 'ਚ ਹਮਲਿਆਂ, ਭੰਨਤੋੜ ਤੇ ਅੱਗਜ਼ਨੀ ਦਾ ਦੌਰ ਸ਼ੁਰੂ ਹੋ ਗਿਆ। ਇਹ ਸਭ ਕੁਝ ਉਸ ਸਮੇਂ ਸ਼ੁਰੂ ਹੋਇਆ ਜਦੋਂ ਬੰਗਲਾਦੇਸ਼ ਦੀ ਅੰਤਰਿਮ ਸਰਕਰ ਦੇ ਮੁੱਖ ਸਲਾਹਕਾਰ ਮੁਹੰਮਦ ਯੂਨਸ ਨੇ ਰਾਸ਼ਟਰ ਨੂੰ ਟੈਲੀਵਿਜ਼ਨ 'ਤੇ ਸੰਬੋਧਨ ਕਰਦਿਆਂ ਇਨਕਲਾਬ ਮੰਚ ਦੇ ਨੇਤਾ ਹਾਦੀ ਦੀ ਮੌਤ ਦੀ ਪੁਸ਼ਟੀ ਕੀਤੀ। 12 ਫਰਵਰੀ ਨੂੰ ਹੋਣ ਵਾਲੀਆਂ ਆਮ ਚੋਣਾਂ 'ਚ ਉਮੀਦਵਾਰ ਹਾਦੀ ਦੀ ਛੇ ਦਿਨਾਂ ਤੱਕ ਜ਼ਿੰਦਗੀ ਦੀ ਲੜਾਈ ਲੜਨ ਤੋਂ ਬਾਅਦ ਵੀਰਵਾਰ ਰਾਤ ਨੂੰ ਸਿੰਗਾਪੁਰ ਦੇ ਇਕ ਹਸਪਤਾਲ 'ਚ ਇਲਾਜ ਦੌਰਾਨ ਮੌਤ ਹੋ ਗਈ ਸੀ।ਪਿਛਲੇ ਹਫ਼ਤੇ ਕੇਂਦਰੀ ਢਾਕਾ ਦੇ ਬਿਜੌਏਨਗਰ ਇਲਾਕੇ 'ਚ ਆਪਣੀ ਚੋਣ ਮੁਹਿੰਮ ਦੀ ਸ਼ੁਰੂਆਤ ਕਰਦੇ ਸਮੇਂ ਨਕਾਬਪੋਸ਼ ਬੰਦੂਕਧਾਰੀਆਂ ਨੇ ਹਾਦੀ ਦੇ ਸਿਰ 'ਚ ਗੋਲੀ ਮਾਰ ਦਿੱਤੀ ਸੀ। ਪ੍ਰਦਰਸ਼ਨਕਾਰੀਆਂ ਵਲੋਂ ਪ੍ਰਮੁੱਖ ਅਖ਼ਬਾਰਾਂ ਦੇ ਦਫ਼ਤਰਾਂ ਨੂੰ ਅੱਗ ਦੇ ਹਵਾਲੇ ਕਰਨ ਦੇ ਨਾਲ ਹੀ ਚਟੋਗ੍ਰਾਮ 'ਚ





ਸਹਾਇਕ ਭਾਰਤੀ ਹਾਈ ਕਮਿਸ਼ਨਰ ਦੇ ਨਿਵਾਸ ਸਥਾਨ 'ਤੇ ਪੱਥਰਬਾਜ਼ੀ ਵੀ ਕੀਤੀ ਗਈ। ਇਸ ਤੋਂ ਇਲਾਵਾ ਕਥਿਤ ਈਸ਼ਨਿੰਦਾ ਦੇ ਦੋਸ਼ 'ਚ ਇਕ ਹਿੰਦੂ ਨੌਜਵਾਨ ਨੂੰ ਕੁੱਟ-ਕੁੱਟ ਕੇ ਮਾਰ ਦਿੱਤਾ ਗਿਆ ਅਤੇ ਉਸ ਦੀ ਲਾਸ਼ ਨੂੰ ਅੱਗ ਲਗਾ ਦਿੱਤੀ ਗਈ ਮ੍ਰਿਤਕ, ਜਿਸ ਦੀ ਪਛਾਣ 25 ਸਾਲਾ ਦੀਪੂ ਚੰਦਰ ਦਾਸ ਵਜੋਂ ਹੋਈ ਹੈ, ਮੈਮਨਸਿੰਘ ਸ਼ਹਿਰ 'ਚ ਇਕ ਫੈਕਟਰੀ ਵਰਕਰ ਸੀ। ਪ੍ਰਦਰਸ਼ਨਕਾਰੀਆਂ ਨੇ ਸ਼ਾਹਬਾਗ ਚੌਕ ਦੇ ਨੇੜੇ ਰਾਜਧਾਨੀ ਦੇ ਕਾਰਵਾਂ ਬਾਜ਼ਾਰ 'ਚ ਬੰਗਲਾ ਅਖ਼ਬਾਰ ਪ੍ਰੋਥਮ ਆਲੋ ਦੇ ਦਫ਼ਤਰ ਅਤੇ ਨੇੜਲੇ ਡੇਲੀ ਸਟਾਰ ਦੇ ਦਫ਼ਤਰਾਂ ਨੂੰ ਅੱਗ ਹਵਾਲੇ ਕਰ ਦਿੱਤਾ ਗਿਆ, ਜਿਸ ਕਾਰਨ ਪ੍ਰੋਥਮ ਆਲੋ ਦੀ 4 ਮੰਜ਼ਿਲਾ ਇਮਾਰਤ ਪੂਰੀ ਤਰ੍ਹਾਂ ਸੜ ਕੇ ਰਾਖ ਬਣ ਗਈ, ਜਦੋਂਕਿ ਡੇਲੀ ਸਟਾਰ ਦੇ ਦਫ਼ਤਰ ਦੀਆਂ ਦੋ ਮੰਜ਼ਿਲਾ ਵੀ ਪੂਰੀ ਤਰ੍ਹਾਂ ਸੜ ਚੁੱਕੀਆਂ ਹਨ, ਜਿਸ ਕਾਰਨ ਦੋਵੇਂ ਹੀ ਅਖ਼ਬਾਰਾਂ ਪ੍ਰਕਾਸ਼ਿਤ ਨਹੀਂ ਹੋ ਸਕੀਆਂ। ਪ੍ਰਦਰਸ਼ਨਕਾਰੀਆਂ ਨੇ ਇਸ ਤੋਂ ਇਲਾਵਾ ਬੰਗਲਾਦੇਸ਼ ਦੇ ਸੰਸਥਾਪਕ ਸ਼ੇਖ ਮੁਜੀਬੁਰ ਰਹਿਮਾਨ ਦੇ ਘਰ (32 ਧਨਮੰਡੀ) ਦੇ ਪਹਿਲਾਂ ਹੀ ਢਹਿ-ਢੇਰੀ ਹੋਏ ਢਾਂਚੇ ਦੀ ਭੰਨਤੋੜ ਕੀਤੀ ਗਈ, ਜਦੋਂਕਿ ਬਰਖ਼ਾਸਤ ਪ੍ਰਧਾਨ ਮੰਤਰੀ ਸ਼ੇਖ ਹਸੀਨਾ ਦੀ ਭੰਗ ਕੀਤੀ ਗਈ ਅਵਾਮੀ ਲੀਗ ਪਾਰਟੀ ਦੇ ਇਕ ਦਫ਼ਤਰ ਨੂੰ ਵੀ ਢਾਹ ਦਿੱਤਾ ਗਿਆ।

ਨੈਸ਼ਨਲ ਸਿਟੀਜ਼ਨ ਪਾਰਟੀ (ਐਨ.ਸੀ.ਪੀ.), ਜੋ ਕਿ ਸਟੂਡੈਂਟਸ ਅਗੇਂਸਟ ਡਿਸਕ੍ਰਿਮੀਨੇਸ਼ਨ (ਐਸ.ਏ.ਡੀ.) ਦੀ ਇਕ ਵੱਡੀ ਸ਼ਾਖਾ ਹੈ, ਜਿਸ ਨੇ ਪਿਛਲੇ ਸਾਲ ਦੇ ਹਿੰਸਕ ਵਿਰੋਧ ਪ੍ਰਦਰਸ਼ਨ, ਜਿਸ ਨੂੰ 'ਜੁਲਾਈ ਵਿਦਰੋਹ' ਵੀ ਕਿਹਾ ਜਾਂਦਾ ਹੈ, ਜਿਸ ਨੇ ਹਸੀਨਾ ਦੀ ਅਗਵਾਈ ਵਾਲੀ ਸਰਕਾਰ ਨੂੰ ਬੇਦਖਲ ਕਰ ਦਿੱਤਾ ਸੀ, ਦੇ ਸਮਰਥਕਾਂ ਨੇ ਭਾਰਤ ਵਿਰੋਧੀ ਨਾਅਰੇ ਲਗਾਏ ਅਤੇ ਦੋਸ਼ ਲਗਾਇਆ ਕਿ ਹਾਦੀ ਦੇ ਹਮਲਾਵਰ ਹੱਤਿਆ ਕਰਨ ਤੋਂ ਬਾਅਦ ਭਾਰਤ ਭੱਜ ਗਏ। ਉਨ੍ਹਾਂ ਨੇ ਅੰਤਰਿਮ ਸਰਕਾਰ ਨੂੰ ਭਾਰਤੀ ਹਾਈ ਕਮਿਸ਼ਨ ਨੂੰ ਉਦੋਂ ਤੱਕ ਬੰਦ ਕਰਨ ਦੀ ਮੰਗ ਕੀਤੀ, ਜਦੋਂ ਤੱਕ ਉਨ੍ਹਾਂ ਨੂੰ ਵਾਪਸ ਨਹੀਂ ਕੀਤਾ ਜਾਂਦਾ।

# ਬੰਗਲਾਦੇਸ਼ ਹਾਈ ਕਮਿਸ਼ਨ ਦੇ ਬਾਹਰ ਹੰਗਾਮਾ: VHP ਅਤੇ ਬਜਰੰਗ ਦਲ ਦੇ ਕਾਰਕੁਨਾਂ ਦੀ ਪੁਲਿਸ ਨਾਲ ਝੜਪ, ਬੈਰੀਕੇਡ ਤੋੜੇ

## ਹਿੰਦੂ ਜਥੇਬੰਦੀਆਂ ਵੱਲੋਂ ਬੰਗਲਾਦੇਸ਼ ਹਾਈ ਕਮਿਸ਼ਨ ਅੱਗੇ ਪ੍ਰਦਰਸ਼ਨ; ਭੀੜ ਵੱਲੋਂ ਕੀਤੀ ਲਿੰਚਿੰਗ ਵਿਰੁੱਧ ਰੋਸ

ਨਵੀਂ ਦਿੱਲੀ : ਨਵੀਂ ਦਿੱਲੀ ਵਿੱਚ ਮੰਗਲਵਾਰ ਨੂੰ ਬੰਗਲਾਦੇਸ਼ ਹਾਈ ਕਮਿਸ਼ਨ ਦੇ ਬਾਹਰ ਉਸ ਸਮੇਂ ਸਥਿਤੀ ਤਣਾਅਪੂਰਨ ਹੋ ਗਈ ਜਦੋਂ ਵਿਸ਼ਵ ਹਿੰਦੂ ਪਰਿਸ਼ਦ (VHP) ਅਤੇ ਬਜਰੰਗ ਦਲ ਦੇ ਸੈਂਕੜੇ ਸਮਰਥਕਾਂ ਨੇ ਬੰਗਲਾਦੇਸ਼ ਵਿੱਚ ਇੱਕ ਹਿੰਦੂ ਨੌਜਵਾਨ ਦੀ ਹੱਤਿਆ (ਲਿੰਚਿੰਗ) ਵਿਰੁੱਧ ਜ਼ਬਰਦਸਤ ਪ੍ਰਦਰਸ਼ਨ ਕੀਤਾ।

ਹੱਥਾਂ ਵਿੱਚ ਕੇਸਰੀ ਝੰਡੇ ਅਤੇ ਬੈਨਰ ਫੜੇ ਪ੍ਰਦਰਸ਼ਨਕਾਰੀਆਂ ਨੇ ਬੈਰੀਕੇਡ ਤੋੜ ਦਿੱਤੇ ਅਤੇ ਪੁਲੀਸ ਨਾਲ ਹੱਥੋਪਾਈ ਹੋਏ।

ਦੂਤਾਵਾਸ ਦੀ ਸੁਰੱਖਿਆ ਲਈ ਤਾਇਨਾਤ 15,000 ਪੁਲੀਸ ਮੁਲਾਜ਼ਮਾਂ ਨੇ ਪ੍ਰਦਰਸ਼ਨਕਾਰੀਆਂ ਨੂੰ ਹਾਈ ਕਮਿਸ਼ਨ ਤੋਂ ਲਗਭਗ 800 ਮੀਟਰ ਦੂਰ ਰੋਕਣ ਲਈ ਡੀ.ਟੀ.ਸੀ. ਬੱਸਾਂ ਅਤੇ ਤਿੰਨ ਪਰਤਾਂ ਵਾਲੀ ਬੈਰੀਕੇਡਿੰਗ ਦੀ ਵਰਤੋਂ ਕੀਤੀ।

ਪ੍ਰਦਰਸ਼ਨਕਾਰੀਆਂ ਨੇ ਬੰਗਲਾਦੇਸ਼ ਸਰਕਾਰ ਵਿਰੁੱਧ ਨਾਅਰੇਬਾਜ਼ੀ ਕਰਦਿਆਂ ਹਿੰਦੂਆਂ 'ਤੇ ਹੋ ਰਹੇ ਅੱਤਿਆਚਾਰਾਂ ਲਈ ਇਨਸਾਫ਼ ਦੀ ਮੰਗ ਕੀਤੀ ਅਤੇ 'ਹਿੰਦੂ ਖ਼ੂਨ ਦੀ ਹਰ ਬੂੰਦ ਦਾ ਹਿਸਾਬ' ਮੰਗਣ ਵਾਲੀਆਂ ਤਖ਼ਤੀਆਂ ਲਹਿਰਾਈਆਂ।

ਇਹ ਰੋਸ ਪ੍ਰਦਰਸ਼ਨ 18 ਦਸੰਬਰ ਨੂੰ ਬੰਗਲਾਦੇਸ਼ ਦੇ ਮੈਮਨਸਿੰਘ ਵਿੱਚ 25 ਸਾਲਾ ਗਾਰਮੈਂਟ ਫੈਕਟਰੀ ਵਰਕਰ ਦੀਪੂ ਚੰਦਰ ਦਾਸ ਦੀ ਬੇਅਦਬੀ ਦੇ ਦੋਸ਼ ਹੇਠ ਭੀੜ ਵੱਲੋਂ ਕੀਤੀ ਗਈ ਬੇਰਹਿਮ ਹੱਤਿਆ ਦੇ ਵਿਰੋਧ ਵਿੱਚ ਕੀਤਾ ਗਿਆ ਸੀ।

ਜਾਣਕਾਰੀ ਅਨੁਸਾਰ ਭੀੜ ਨੇ ਦਾਸ ਨੂੰ ਬੁਰੀ ਤਰ੍ਹਾਂ ਕੁੱਟਣ ਤੋਂ ਬਾਅਦ ਦਰੱਖਤ ਨਾਲ ਲਟਕਾ ਦਿੱਤਾ ਸੀ ਅਤੇ ਬਾਅਦ ਵਿੱਚ ਉਸ ਦੀ ਲਾਸ਼ ਨੂੰ ਅੱਗ ਲਗਾ ਦਿੱਤੀ ਸੀ। ਪ੍ਰਦਰਸ਼ਨਕਾਰੀਆਂ ਨੇ ਭਾਰਤ ਸਰਕਾਰ ਨੂੰ ਇਸ ਮਾਮਲੇ ਵਿੱਚ ਦਖ਼ਲ ਦੇਣ ਅਤੇ ਬੰਗਲਾਦੇਸ਼ ਸਰਕਾਰ 'ਤੇ ਦੋਸ਼ੀਆਂ ਖ਼ ?ਲਾਫ਼ ਸਖ਼ਤ ਕਾਰਵਾਈ ਕਰਨ ਲਈ ਦਬਾਅ ਪਾਉਣ ਦੀ ਮੰਗ ਕੀਤੀ।

ਉਨ੍ਹਾਂ ਕਿਹਾ ਕਿ ਹਰ ਦੇਸ਼ ਵਿੱਚ ਹਿੰਦੂਆਂ ਨਾਲ ਸਨਮਾਨਜਨਕ ਵਿਵਹਾਰ ਹੋਣਾ ਚਾਹੀਦਾ ਹੈ ਅਤੇ ਇਸ ਘਿਨਾਉਣੇ ਕਾਰੇ ਪਿੱਛੇ ਸ਼ਾਮਲ ਲੋਕਾਂ ਨੂੰ ਸਖ਼ਤ ਸਜ਼ਾਵਾਂ ਮਿਲਣੀਆਂ ਚਾਹੀਦੀਆਂ ਹਨ।

ਪ੍ਰਦਰਸ਼ਨਕਾਰੀਆਂ ਨੇ ਬੰਗਲਾਦੇਸ਼ ਸਰਕਾਰ ਵਿਰੁੱਧ ਜੰਮ ਕੇ ਨਾਅਰੇਬਾਜ਼ੀ ਕੀਤੀ ਅਤੇ ਹੱਥਾਂ ਵਿੱਚ ਬੈਨਰ ਤੇ ਤਖ਼ਤੀਆਂ ਫੜ ਕੇ ਆਪਣਾ ਰੋਸ ਪ੍ਰਗਟਾਇਆ। ਇੱਕ ਤਖ਼ਤੀ 'ਤੇ ਲਿਖਿਆ ਸੀ, "ਹਿੰਦੂ ਰਕਤ ਕੀ ਏਕ-ਏਕ ਬੂੰਦ ਕਾ ਹਿਸਾਬ ਚਾਹੀਏ" (ਹਿੰਦੂ ਦੇ ਖ਼ੂਨ ਦੀ ਇੱਕ-ਇੱਕ ਬੂੰਦ ਦਾ ਹਿਸਾਬ ਚਾਹੀਦਾ ਹੈ)।



# ਬੰਗਲਾਦੇਸ਼ ਵਿੱਚ ਦਿਲ ਦਹਿਲਾਉਣ ਵਾਲੀ ਘਟਨਾ

## ਬੰਗਲਾਦੇਸ਼ 'ਚ ਅਸਹਿਣਸ਼ੀਲਤਾ ਦਾ ਨੰਗਾ ਨਾਚ: ਬੇਅਦਬੀ ਦੇ ਸ਼ੱਕ 'ਚ ਹਿੰਦੂ ਨੌਜਵਾਨ ਦੀ ਬੇਰਹਿਮੀ ਨਾਲ 'ਲਿੰਚਿੰਗ'

ਢਾਕਾ/ਬੰਗਲਾਦੇਸ਼: ਬੰਗਲਾਦੇਸ਼ ਵਿੱਚ ਘੱਟ ਗਿਣਤੀਆਂ ਵਿਰੁੱਧ ਵੱਧ ਰਹੀ ਨਫ਼ਰਤ ਅਤੇ ਹਿੰਸਾ ਦਾ ਇੱਕ ਹੋਰ ਖੌਫਨਾਕ ਮਾਮਲਾ ਸਾਹਮਣੇ ਆਇਆ ਹੈ। ਇੱਕ ਹਿੰਦੂ ਗਾਰਮੈਂਟ ਵਰਕਰ (ਕੱਪੜੇ ਦੀ ਫੈਕਟਰੀ ਵਿੱਚ ਕੰਮ ਕਰਨ ਵਾਲਾ) ਨੂੰ ਉਸਦੇ ਹੀ ਮੁਸਲਿਮ ਸਾਥੀਆਂ ਅਤੇ ਭੀੜ ਨੇ ਬੇਅਦਬੀ (Blasphemy) ਦੇ ਦੋਸ਼ ਹੇਠ ਕੁੱਟ-ਕੁੱਟ ਕੇ ਮਾਰ ਦਿੱਤਾ।

ਰਿਪੋਰਟਾਂ ਮੁਤਾਬਕ, ਇਹ ਨੌਜਵਾਨ ਇੱਕ ਫੈਕਟਰੀ ਵਿੱਚ ਕੰਮ ਕਰ ਰਿਹਾ ਸੀ। ਉਸਦੇ ਨਾਲ ਕੰਮ ਕਰਨ ਵਾਲੇ ਕੁਝ ਮੁਸਲਿਮ ਕਰਮਚਾਰੀਆਂ ਨੇ ਉਸ 'ਤੇ ਦੋਸ਼ ਲਾਇਆ ਕਿ ਉਸਨੇ ਧਾਰਮਿਕ ਭਾਵਨਾਵਾਂ ਨੂੰ ਠੇਸ ਪਹੁੰਚਾਈ ਹੈ।

ਸੜਕ 'ਤੇ ਧੂਹਿਆ: ਦੋਸ਼ ਲੱਗਦਿਆਂ ਹੀ ਮਾਹੌਲ ਤਣਾਅਪੂਰਨ ਹੋ ਗਿਆ। ਗੁੱਸੇ ਵਿੱਚ ਆਈ ਭੀੜ ਅਤੇ ਸਹਿ-ਕਰਮਚਾਰੀਆਂ ਨੇ ਉਸਨੂੰ ਫੈਕਟਰੀ ਤੋਂ ਬਾਹਰ ਧੂਹ ਲਿਆ।




ਭੀੜ ਦਾ ਕਹਿਰ: ਸੜਕ 'ਤੇ ਲਿਆ ਕੇ ਹਿੰਸਕ ਭੀੜ ਨੇ ਕਾਨੂੰਨ ਨੂੰ ਆਪਣੇ ਹੱਥ ਵਿੱਚ ਲੈ ਲਿਆ। ਉਸ ਨੌਜਵਾਨ ਦੀ ਇੰਨੀ ਬੇਰਹਿਮੀ ਨਾਲ ਕੁੱਟਮਾਰ ਕੀਤੀ ਗਈ ਕਿ ਉਸਦੀ ਮੌਤ ਹੋ ਗਈ। ਪੁਲਿਸ ਜਾਂ ਪ੍ਰਸ਼ਾਸਨ ਦੇ ਪਹੁੰਚਣ ਤੋਂ ਪਹਿਲਾਂ ਹੀ ਭੀੜ ਆਪਣਾ ਕੰਮ ਕਰ ਚੁੱਕੀ ਸੀ।

ਵਧ ਰਿਹਾ ਡਰ ਅਤੇ ਅਸਹਿਣਸ਼ੀਲਤਾ: ਇਸ ਘਟਨਾ ਨੇ ਬੰਗਲਾਦੇਸ਼ ਵਿੱਚ ਰਹਿ ਰਹੇ ਹਿੰਦੂ ਭਾਈਚਾਰੇ ਅਤੇ ਹੋਰ ਘੱਟ ਗਿਣਤੀਆਂ ਵਿੱਚ ਦਹਿਸ਼ਤ ਪੈਦਾ ਕਰ ਦਿੱਤੀ ਹੈ। ਇਹ ਮਾਮਲਾ ਸਿਰਫ਼ ਇੱਕ ਕਤਲ ਦਾ ਨਹੀਂ, ਸਗੋਂ ਦੇਸ਼ ਵਿੱਚ ਤੇਜ਼ੀ ਨਾਲ ਵਧ ਰਹੀ 'ਧਾਰਮਿਕ ਅਸਹਿਣਸ਼ੀਲਤਾ' (Rising Intolerance) ਦਾ ਪ੍ਰਤੀਕ ਹੈ। ਮਾਹਿਰਾਂ ਦਾ ਕਹਿਣਾ ਹੈ ਕਿ ਬੰਗਲਾਦੇਸ਼ ਵਿੱਚ ਹੁਣ ਕਾਨੂੰਨ ਦੀ ਬਜਾਏ 'ਭੀੜ ਤੰਤਰ' (Mob Justice) ਹਾਵੀ ਹੋ ਰਿਹਾ ਹੈ, ਜਿੱਥੇ ਬਿਨਾਂ ਕਿਸੇ ਜਾਂਚ ਦੇ ਭੀੜ ਖ਼ੁਦ ਹੀ ਸਜ਼ਾ ਦੇ ਰਹੀ ਹੈ।

ਸਿੱਟਾ: ਇਸ ਘਟਨਾ ਨੇ ਕੌਮਾਂਤਰੀ ਪੱਧਰ 'ਤੇ ਵੀ ਚਿੰਤਾ ਵਧਾ ਦਿੱਤੀ ਹੈ ਕਿ ਕੀ ਬੰਗਲਾਦੇਸ਼ ਹੁਣ ਕੱਟੜਪੰਥੀਆਂ ਦੇ ਹੱਥਾਂ ਵਿੱਚ ਖੇਡ ਰਿਹਾ ਹੈ, ਜਿੱਥੇ ਘੱਟ ਗਿਣਤੀਆਂ ਲਈ ਸਾਹ ਲੈਣਾ ਵੀ ਔਖਾ ਹੋ ਗਿਆ ਹੈ।

# ਆਸਾਮ ਦੇ ਕਰਬੀ ਆਂਗਲੌਂਗ 'ਚ ਹਿੰਸਕ ਪ੍ਰਦਰਸ਼ਨ

## ਸਰਕਾਰੀ ਜ਼ਮੀਨਾਂ ਤੋਂ ਕਬਜ਼ੇ ਹਟਾਉਣ ਦੀ ਮੰਗ ਨੂੰ ਲੈ ਕੇ ਭੜਕੀ ਹਿੰਸਾ







ਕਰਬੀ ਆਂਗਲੌਂਗ (ਆਸਾਮ) : ਆਸਾਮ ਦੇ ਪਹਾੜੀ ਜ਼ਿਲ੍ਹੇ ਕਰਬੀ ਆਂਗਲੌਂਗ ਵਿੱਚ ਸਥਿਤੀ ਉਸ ਵੇਲੇ ਬੇਕਾਬੂ ਹੋ ਗਈ ਜਦੋਂ ਸਰਕਾਰੀ ਜ਼ਮੀਨਾਂ ਤੋਂ ਨਾਜਾਇਜ਼ ਕਬਜ਼ੇ ਹਟਾਉਣ ਦੀ ਮੰਗ ਨੂੰ ਲੈ ਕੇ ਚੱਲ ਰਿਹਾ ਪ੍ਰਦਰਸ਼ਨ ਹਿੰਸਕ ਰੂਪ ਧਾਰਨ ਕਰ ਗਿਆ।

ਮਾਮਲਾ ਕੀ ਹੈ? (VGR ਅਤੇ PGR ਜ਼ਮੀਨ ਦਾ ਵਿਵਾਦ) ਇਹ ਸਾਰਾ ਵਿਵਾਦ 'ਪਿੰਡ ਚਰਾਗਾਹ ਰਿਜ਼ਰਵ' (VGR) ਅਤੇ 'ਪੇਸ਼ੇਵਰ ਚਰਾਗਾਹ ਰਿਜ਼ਰਵ' (PGR) ਦੀਆਂ ਜ਼ਮੀਨਾਂ ਨਾਲ ਜੁੜਿਆ ਹੋਇਆ ਹੈ।

ਸਥਾਨਕ ਲੋਕਾਂ ਅਤੇ ਸੰਗਠਨਾਂ ਦੀ ਮੰਗ ਹੈ ਕਿ ਇਨ੍ਹਾਂ ਰਾਖਵੀਆਂ ਜ਼ਮੀਨਾਂ ਉੱਤੇ ਜੋ ਗੈਰ-ਕਾਨੂੰਨੀ ਢੰਗ ਨਾਲ ਲੋਕ (Illegal Encroachers) ਵੱਸੇ ਹੋਏ ਹਨ, ਉਨ੍ਹਾਂ ਨੂੰ ਤੁਰੰਤ ਬਾਹਰ ਕੱਢਿਆ ਜਾਵੇ।

ਪ੍ਰਦਰਸ਼ਨਕਾਰੀਆਂ ਦਾ ਕਹਿਣਾ ਹੈ ਕਿ ਇਹ ਜ਼ਮੀਨਾਂ ਕਾਨੂੰਨੀ ਤੌਰ 'ਤੇ ਪਸ਼ੂਆਂ ਦੇ ਚਰਾਉਣ ਅਤੇ ਸਥਾਨਕ ਭਾਈਚਾਰੇ ਦੀ ਵਰਤੋਂ ਲਈ ਹਨ, ਪਰ ਬਾਹਰੀ ਲੋਕਾਂ ਨੇ ਇੱਥੇ ਕਬਜ਼ੇ ਕਰ ਲਏ ਹਨ।

ਰਿਪੋਰਟਾਂ ਮੁਤਾਬਕ, ਜਦੋਂ ਪ੍ਰਸ਼ਾਸਨ ਨੇ ਕਾਰਵਾਈ ਵਿੱਚ ਦੇਰੀ ਕੀਤੀ ਤਾਂ ਲੋਕ ਸੜਕਾਂ 'ਤੇ ਉਤਰ ਆਏ। ਪ੍ਰਦਰਸ਼ਨਕਾਰੀਆਂ ਨੇ ਹਿੰਸਕ ਰੂਪ ਅਖਤਿਆਰ ਕਰ ਲਿਆ, ਜਿਸ ਤੋਂ ਬਾਅਦ ਪੁਲਿਸ ਅਤੇ ਸੁਰੱਖਿਆ ਬਲਾਂ ਨੂੰ ਸਥਿਤੀ ਸੰਭਾਲਣ ਲਈ ਸਖ਼ਤ ਮੁਸ਼ੱਕਤ ਕਰਨੀ ਪਈ। ਸੁਰੱਖਿਆ ਕਰਮਚਾਰੀਆਂ ਨੇ ਭੀੜ ਨੂੰ ਖਿੰਡਾਉਣ ਅਤੇ ਅਮਨ-ਕਾਨੂੰਨ ਬਹਾਲ ਕਰਨ ਲਈ ਕਾਰਵਾਈ ਕੀਤੀ ਹੈ। ਇਲਾਕੇ ਵਿੱਚ ਫਿਲਹਾਲ ਤਣਾਅ ਬਣਿਆ ਹੋਇਆ ਹੈ ਅਤੇ ਭਾਰੀ ਪੁਲਿਸ ਬਲ ਤਾਇਨਾਤ ਕੀਤਾ ਗਿਆ ਹੈ।

# ਰਾਸ਼ਟਰਪਤੀ ਵੱਲੋਂ 24 ਵਿਗਿਆਨੀਆਂ ਦਾ ਸਨਮਾਨ



ਨਵੀਂ ਦਿੱਲੀ : ਰਾਸ਼ਟਰਪਤੀ ਦਰੋਪਦੀ ਮੁਰਮੂ ਨੇ ਪ੍ਰਸਿੱਧ ਵਿਗਿਆਨੀ ਮਰਹੂਮ ਜਯੰਤ ਨਾਰਲੀਕਰ ਨੂੰ ਵਿਗਿਆਨ ਦੇ ਪ੍ਰਚਾਰ ਵਿੱਚ ਉਨ੍ਹਾਂ ਦੇ ਯੋਗਦਾਨ ਲਈ 'ਵਿਗਿਆਨ ਰਤਨ ਪੁਰਸਕਾਰ' ਨਾਲ ਸਨਮਾਨਿਤ ਕੀਤਾ। ਪੁਰਸਕਾਰ ਪੁਣੇ ਦੇ 'ਇੰਟਰ ਯੂਨੀਵਰਸਿਟੀ ਸੈਂਟਰ ਫਾਰ ਐਸਟ੍ਰੋਨੋਮੀ ਐਂਡ ਐਸਟ੍ਰੋਫਿਜ਼ਿਕਸ' ਦੇ ਨਿਰਦੇਸ਼ਕ ਆਰ ਸ੍ਰੀਆਨੰਦ ਨੇ ਪ੍ਰਾਪਤ ਕੀਤਾ। ਕੌਮੀ ਵਿਗਿਆਨ ਪੁਰਸਕਾਰਾਂ ਦੇ ਦੂਜੇ ਐਡੀਸ਼ਨ ਵਿੱਚ ਚਾਰ ਸ਼੍ਰੇਣੀਆਂ; ਵਿਗਿਆਨ ਰਤਨ, ਵਿਗਿਆਨ ਸ਼੍ਰੀ, ਵਿਗਿਆਨ ਯੁਵਾ ਤੇ ਵਿਗਿਆਨ ਟੀਮ ਵਿੱਚ ਕੁੱਲ 24 ਪੁਰਸਕਾਰ ਵੰਡੇ ਗਏ। ਪ੍ਰਸਿੱਧ ਖੇਤੀ ਵਿਗਿਆਨੀ ਗਿਆਨੇਂਦਰ ਪ੍ਰਤਾਪ ਸਿੰਘ ਨੂੰ 'ਵਿਗਿਆਨ ਸ਼੍ਰੀ' ਨਾਲ ਸਨਮਾਨਿਤ ਕੀਤਾ ਗਿਆ। ਇਸ ਤੋਂ ਇਲਾਵਾ ਯੂਸਫ ਮੁਹੰਮਦ ਸ਼ੇਖ, ਕੇ. ਥੰਗਾਰਾਜ, ਪ੍ਰਦੀਪ ਥਲਾਪਿਲ, ਮਹਾਨ ਮਹਾਰਾਜ ਵਿਗਿਆਨੀਆਂ ਨੂੰ 'ਵਿਗਿਆਨ ਸ਼੍ਰੀ' ਤੇ ਵੱਖ-ਵੱਖ ਖੇਤਰਾਂ ਵਿੱਚ ਉੱਭਰਦੇ ਵਿਗਿਆਨੀਆਂ ਨੂੰ 'ਵਿਗਿਆਨ ਯੁਵਾ' ਪੁਰਸਕਾਰ ਦਿੱਤੇ ਗਏ।

# ਭਾਰਤ ਦਾ ਸਭ ਤੋਂ ਭਾਰੀ ਬਾਹੂਬਲੀ ਰਾਕੇਟ ਲਾਂਚ

## ਆਂਧਰਾ ਪ੍ਰਦੇਸ਼ ਦੇ ਸ੍ਰੀਹਰੀਕੋਟਾ ਦੇ ਸਤੀਸ਼ ਧਵਨ ਸਪੇਸ ਸੈਂਟਰ ਤੋਂ ਕੀਤਾ ਲਾਂਚ

ਸ੍ਰੀਹਰੀਕੋਟਾ : ਭਾਰਤ ਦਾ ਸਭ ਤੋਂ ਭਾਰੀ 'ਬਾਹੂਬਲੀ' ਰਾਕੇਟ ਐਲ.ਵੀ.ਐਮ. 3-ਐਮ. 6 ਆਂਧਰਾ ਪ੍ਰਦੇਸ਼ ਦੇ ਸ੍ਰੀਹਰੀਕੋਟਾ ਸਥਿਤ ਸਤੀਸ਼ ਧਵਨ ਪੁਲਾੜ ਕੇਂਦਰ ਤੋਂ ਬੁੱਧਵਾਰ ਨੂੰ ਸਵੇਰੇ 8:55:30 ਵਜੇ ਲਾਂਚ ਕੀਤਾ ਗਿਆ। ਇਸਰੋ ਦੇ ਅਨੁਸਾਰ ਹਜ਼ਾਰਾਂ ਸਰਗਰਮ ਉਪਗ੍ਰਹਿ ਸ੍ਰੀਹਰੀਕੋਟਾ ਪੁਲਾੜ ਖੇਤਰ ਦੇ ਉੱਪਰੋਂ ਲਗਾਤਾਰ ਲੰਘ ਰਹੇ ਹਨ ਤੇ ਉਡਾਣ ਦੇ ਰਸਤੇ 'ਤੇ ਮਲਬੇ ਜਾਂ ਹੋਰ ਉਪਗ੍ਰਹਿਆਂ ਨਾਲ ਟਕਰਾਉਣ ਦੇ ਖਤਰੇ ਕਾਰਨ ਮਿਸ਼ਨ ਦਾ ਲਾਂਚ ਸਮਾਂ 90 ਸਕਿੰਟ ਵਧਾ ਦਿੱਤਾ ਗਿਆ। ਇਹ ਮਿਸ਼ਨ ਇਸਰੋ ਅਤੇ ਅਮਰੀਕੀ ਕੰਪਨੀ ਸਪੇਸਮੋਬਾਈਲ ਵਿਚਕਾਰ ਇਕ ਵਪਾਰਕ ਸਮਝੌਤੇ ਦਾ ਹਿੱਸਾ ਹੈ। ਇਸ ਸਮਝੌਤੇ ਦੇ ਤਹਿਤ ਇਸਰੋ ਰਾਕੇਟ ਦੀ ਵਰਤੋਂ ਕਰਕੇ ਬਲੂਬਰਡ ਬਲਾਕ-2 ਸੈਟੇਲਾਈਟ ਨੂੰ ਲੋ-ਅਰਥ ਔਰਬਿਟ ਵਿਚ ਲਾਂਚ ਕਰੇਗਾ। ਇਹ ਇਕ ਅਗਲੀ ਪੀੜ੍ਹੀ ਦਾ ਸੰਚਾਰ ਉਪਗ੍ਰਹਿ ਹੈ ਜੋ ਦੁਨੀਆ ਭਰ ਦੇ ਸਮਾਰਟਫੋਨਾਂ ਨੂੰ ਸਿੱਧੇ ਹਾਈ-ਸਪੀਡ ਸੈਲੂਲਰ ਬ੍ਰਾਡਬੈਂਡ ਸੇਵਾ ਪ੍ਰਦਾਨ ਕਰਨ ਲਈ ਤਿਆਰ ਕੀਤਾ ਗਿਆ ਹੈ। ਇਸ ਨਾਲ 4ਜੀ ਅਤੇ 5ਜੀ ਵੌਇਸ ਕਾਲਾਂ, ਵੀਡੀਓ ਕਾਲਾਂ, ਮੈਸੇਜਿੰਗ ਅਤੇ ਡਾਟਾ ਸੇਵਾਵਾਂ ਦੁਨੀਆ ਵਿਚ ਕਿਤੇ ਵੀ ਉਪਲਬਧ ਕਰਵਾਈਆਂ ਜਾ ਸਕਣਗੀਆਂ। ਕਿਸੇ ਵੀ ਸਮਾਰਟਫੋਨ ਦੀ ਵਰਤੋਂ ਕਰਕੇ ਸਿੱਧੇ ਪੁਲਾੜ ਤੋਂ ਕਾਲਾਂ ਕੀਤੀਆਂ ਜਾ ਸਕਦੀਆਂ ਹਨ। ਹਾਲਾਂਕਿ ਵਰਤਮਾਨ ਵਿਚ ਜਹਾਜ਼ ਤੋਂ ਕਾਲਾਂ ਨਹੀਂ ਕੀਤੀਆਂ ਜਾ ਸਕਦੀਆਂ ਕਿਉਂਕਿ ਇਹ ਨੈਵੀਗੇਸ਼ਨ ਪ੍ਰਣਾਲੀਆਂ ਨੂੰ ਪ੍ਰਭਾਵਿਤ ਕਰਦਾ ਹੈ। 6100 ਕਿਲੋਗ੍ਰਾਮ ਦਾ ਬਲੂਬਰਡ ਬਲਾਕ-2, LVM3 ਰਾਕੇਟ ਦੇ ਜ਼ਰੀਏ ਲੋ ਅਰਥ ਔਰਬਿਟ ਵਿੱਚ ਭੇਜਿਆ ਜਾਣ ਵਾਲਾ ਹੁਣ ਤੱਕ ਦਾ ਸਭ ਤੋਂ ਭਾਰੀ ਪੇਲੋਡ ਹੋਵੇਗਾ। ਇਸ ਤੋਂ ਪਹਿਲਾਂ ਸਭ ਤੋਂ ਭਾਰੀ ਪੇਲੋਡ LVM3-M5 ਕਮਿਊਨੀਕੇਸ਼ਨ ਸੈਟੇਲਾਈਟ 03 ਸੀ, ਜਿਸ ਦਾ ਭਾਰ ਲਗਭਗ 4400 ਕਿਲੋਗ੍ਰਾਮ ਸੀ। ਇਸ ਨੂੰ ਨਵੰਬਰ 2024 ਵਿੱਚ GTO ਵਿੱਚ ਲਾਂਚ ਕੀਤਾ ਗਿਆ ਸੀ।



ਭਾਰੀ ਭਾਰ ਕਾਰਨ ਜਨਤਾ ਅਤੇ ਮੀਡੀਆ ਨੇ ਪ੍ਰਸਿੱਧ ਫਿਲਮ ਬਾਹੂਬਲੀ ਤੋਂ ਪ੍ਰੇਰਿਤ ਹੋ ਕੇ ਇਸਰੋ ਦੇ LVM3 ਨੂੰ 'ਬਾਹੂਬਲੀ ਰਾਕੇਟ' ਨਾਮ ਦਿੱਤਾ ਹੈ। LVM3 ਰਾਕੇਟ ਨੇ ਇਸ ਤੋਂ ਪਹਿਲਾਂ ਚੰਦਰਯਾਨ-2, ਚੰਦਰਯਾਨ-3 ਅਤੇ OneWeb ਦੇ ਦੋ ਮਿਸ਼ਨਾਂ ਨੂੰ ਸਫਲਤਾਪੂਰਵਕ ਲਾਂਚ ਕੀਤਾ ਹੈ, ਜਿਨ੍ਹਾਂ ਵਿੱਚ ਕੁੱਲ 72 ਸੈਟੇਲਾਈਟ ਔਰਬਿਟ ਵਿੱਚ ਸਥਾਪਿਤ ਕੀਤੇ ਗਏ ਸਨ।

ਇਸਰੋ ਅਨੁਸਾਰ 43.5 ਮੀਟਰ ਉੱਚਾ LVM3 ਰਾਕੇਟ ਤਿੰਨ ਚਰਨਾਂ ਵਾਲਾ ਹੈ ਅਤੇ ਇਸ ਵਿੱਚ ਕ੍ਰਾਇਓਜੈਨਿਕ ਇੰਜਣ ਦਾ ਵਰਤੋਂ ਕੀਤਾ ਗਿਆ ਹੈ। ਰਾਕੇਟ ਨੂੰ ਲਿਫਟ-ਆਫ ਲਈ ਦੋ S200 ਸਾਲਿਡ ਬੂਸਟਰ ਥ ?ਰਸਟ ਦਿੰਦੇ ਹਨ। ਲਾਂਚ ਤੋਂ ਲਗਭਗ 15 ਮਿੰਟ ਬਾਅਦ ਸੈਟੇਲਾਈਟ ਦੇ ਰਾਕੇਟ ਤੋਂ ਵੱਖ ਹੋਣ ਦੀ ਉਮੀਦ ਹੈ।

# RESIDENTIAL, COMMERCIAL AND SOLAR FARMS

**with Singhsloar High performance Bifacial Smart Panels**

## ਅਮਰੀਕਾ ਦੇ ਕਿਸੇ ਵੀ ਹਿੱਸੇ ਆਪਣੇ ਘਰ ਕਾਰੋਬਾਰ ਤੇ ਸੋਲਰ ਸਿਸਟਮ ਲਗਾਉਣ ਲਈ ਸਤਨਾਮ ਸਿੰਘ ਖਾਲਸਾ ਨਾਲ ਅੱਜ ਹੀ ਸੰਪਰਕ ਕਰੋ



## ਬਿਜਲੀ ਦੇ ਬਿੱਲ ਤੋਂ ਹਮੇਸ਼ਾ ਲਈ ਛੁਟਕਾਰਾ

**ਸਿਰ.ਫ ਇਕ ਕਾਲ - ਵੱਡੀ ਬੱਚਤ**

# 510-706-1300

**singhsolarusa@gmail.com**

# ਮਾਤਾ ਸਾਹਿਬ ਕੌਰ ਇੰਟਰਨੈਸ਼ਨਲ ਪਬਲਿਕ ਸਕੂਲ ਦੇ 10 ਵਿਦਿਆਰਥੀ ਪਹੁੰਚੇ ਫਾਈਨਲ ਮੁਕਾਬਲੇ ਵਿੱਚ

## ਪਿਛਲੇ 15 ਸਾਲਾਂ ਤੋਂ ਸਕੂਲ ਦੇ ਰਿਹਾ ਹੈ 100 ਫੀਸਦੀ ਨਤੀਜੇ : ਅਰੋੜਾ




ਫਾਈਨਲ ਮੁਕਾਬਲੇ ਵਿੱਚ ਪਹੁੰਚੇ 10 ਵਿਦਿਆਰਥੀ ਸਕੂਲ ਪ੍ਰਧਾਨ ਸੁਖਵਿੰਦਰ ਸਿੰਘ ਅਰੋੜਾ ਅਤੇ ਪ੍ਰਿੰਸੀਪਲ ਅੰਜੂ ਬਾਲਾ ਨਾਲ।

ਟਾਂਡਾ ਉੜਮੁੜ, (ਰਵਿੰਦਰ ਸਿੰਘ ਟਾਂਡਾ) : ਬੇਟ ਖੇਤਰ ਦੀ ਨਾਮਵਰ ਵਿਦਿਅਕ ਸੰਸਥਾ ਮਾਤਾ ਸਾਹਿਬ ਕੌਰ ਇੰਟਰਨੈਸ਼ਨਲ ਪਬਲਿਕ ਹਾਈ ਸਕੂਲ ਤਲਵੰਡੀ ਡੱਡੀਆਂ ਦੇ ਵਿਦਿਆਰਥੀਆਂ ਨੇ ਇੱਕ ਵਾਰ ਫਿਰ ਪੰਜਾਬ ਸਕੂਲ ਸਿੱਖਿਆ ਬੋਰਡ ਵੱਲੋਂ ਤੀਜੇ ਅੰਤਰਰਾਸ਼ਟਰੀ ਪੰਜਾਬੀ ਬੋਲੀ ਉਲੰਪਿਆਡ 2025 ਦੀਆਂ ਹੋਈਆਂ ਪ੍ਰੀਖਿਆਵਾਂ ਵਿੱਚ ਫਿਰ ਆਪਣਾ ਲੋਹਾ ਮਨਵਾਉਂਦੇ ਹੋਏ ਸਕੂਲ ਦੇ 10 ਬੱਚੇ ਫਾਈਨਲ ਵਿੱਚ ਪਹੁੰਚ ਗਏ ਹਨ। ਇਸ ਸਬੰਧੀ ਹੋਰ ਜਾਣਕਾਰੀ ਦਿੰਦੇ ਹੋਏ ਸਕੂਲ ਪ੍ਰਿੰਸੀਪਲ ਅੰਜੂ ਬਾਲਾ ਨੇ ਦੱਸਿਆ ਕਿ ਪੰਜਾਬ ਸਕੂਲ ਸਿੱਖਿਆ ਬੋਰਡ ਮਹਾਲੀ ਵੱਲੋਂ ਪੰਜਾਬ ਦੇ ਸਮੂਹ ਸਕੂਲਾਂ ਦੇ ਵਿਦਿਆਰਥੀਆਂ ਦੀ ਪੰਜਾਬੀ ਭਾਸ਼ਾ ਵਿੱਚ ਸੁਧਾਰ ਲਿਆਉਣ ਲਈ ਬੀਤੇ ਤਿੰਨ ਸਾਲਾਂ ਤੋਂ ਵਿਸ਼ੇਸ਼ ਪ੍ਰੀਖਿਆ ਮੁਕਾਬਲੇ ਕਰਾ ਕੇ ਬੱਚਿਆਂ ਨੂੰ ਪੰਜਾਬੀ ਪ੍ਰਤੀ ਉਤਸਾਹਿਤ ਕੀਤਾ ਜਾ ਰਿਹਾ ਹੈ ਇਸੇ ਲੜੀ ਵਿੱਚ ਇਸ ਸਾਲ ਕਰਵਾਏ ਜਾ ਰਹੇ ਤੀਜੇ ਅੰਤਰਰਾਸ਼ਟਰੀ ਪੰਜਾਬੀ ਭਾਸ਼ਾ ਦੇ ਮੁਕਾਬਲਿਆਂ ਦੌਰਾਨ ਪਹਿਲੇ ਤਿੰਨ ਪੜਾਵਾਂ ਨੂੰ ਪਾਰ ਕਰਦੇ ਹੋਏ ਜਿਲਾ ਹੁਸ਼ਿਆਰਪੁਰ ਦੇ ਨੌਵੀਂ ਤੋਂ ਬਾਰਵੀਂ ਕਲਾਸ ਦੇ ਕੁੱਲ 51 ਵਿਦਿਆਰਥੀ ਫਾਈਨਲ ਮੁਕਾਬਲੇ ਵਿੱਚ ਪਹੁੰਚੇ ਹਨ ਜਿਨਾਂ ਵਿੱਚ ਮਾਤਾ ਸਾਹਿਬ ਕੌਰ ਇੰਟਰਨੈਸ਼ਨਲ ਪਬਲਿਕ ਹਾਈ ਸਕੂਲ ਤਲਵੰਡੀ ਡੱਡੀਆਂ ਦੇ ਅੱਠ ਵਿਦਿਆਰਥੀ ਸ਼ਾਮਿਲ ਹਨ ਅਤੇ ਇਸੇ ਤਰ੍ਹਾਂ ਛੇਵੀਂ ਤੋਂ ਅੱਠਵੀਂ ਕਲਾਸ ਦੇ ਕੁਲ 19 ਵਿਦਿਆਰਥੀ ਜ਼ਿਲੇ ਵਿੱਚੋਂ ਫਾਈਨਲ ਟੈਸਟ ਲਈ ਚੁਣੇ ਗਏ ਹਨ ਜਿਨਾਂ ਵਿੱਚ ਦੋ ਵਿਦਿਆਰਥੀ ਇਸ ਸਕੂਲ ਦੇ ਹਨ। ਇਥੇ ਵਰਨ ਯੋਗ ਹੈ ਕਿ ਜਿਲੇ ਦੇ 250 ਸਕੂਲਾਂ ਤੋਂ ਵੱਧ ਵਿਦਿਆਰਥੀਆਂ ਨੇ ਇਸ ਮੁਕਾਬਲੇ ਵਿੱਚ ਭਾਗ ਲਿਆ ਹੈ ਤੇ ਇਕੱਲੇ ਇੱਕ ਸਕੂਲ ਦੇ 10 ਵਿਦਿਆਰਥੀਆਂ ਦਾ ਫਾਈਨਲ ਵਿੱਚ ਆਉਣਾ ਸਕੂਲ ਦੀ ਇੱਕ ਵੱਡੀ ਪ੍ਰਾਪਤੀ ਹੈ ਇਸ ਸਬੰਧੀ ਗੱਲਬਾਤ ਕਰਦੇ ਹੋਏ ਸਕੂਲ ਪ੍ਰਧਾਨ ਸੁਖਵਿੰਦਰ ਸਿੰਘ ਅਰੋੜਾ ਨੇ ਦੱਸਿਆ ਕਿ ਬੀਤੇ 15 ਸਾਲਾਂ ਤੋਂ ਸਕੂਲ ਬੋਰਡ ਕਲਾਸਾਂ ਦੇ ਰਿਜਲਟ 100 ਫੀਸਦੀ ਦੇ ਰਿਹਾ ਹੈ। ਇਸ ਤੋਂ ਇਲਾਵਾ ਸਕੂਲ ਵਿਦਿਆਰਥੀ ਖੇਡਾਂ, ਸਮਾਜਕ ਅਤੇ ਧਾਰਮਿਕ ਗਤੀਵਿਧੀਆਂ ਵਿੱਚ ਵੀ ਵੱਧ ਚੜ ਕੇ ਹਿੱਸਾ ਲੈਂਦੇ ਹਾਂ। ਫਾਈਨਲ ਵਿੱਚ ਪਹੁੰਚੇ 10 ਵਿਦਿਆਰਥੀਆਂ ਨੂੰ ਸਕੂਲ ਵੱਲੋਂ ਵਿਸ਼ੇਸ਼ ਤੌਰ 'ਤੇ ਸਨਮਾਨਿਤ ਵੀ ਕੀਤਾ ਗਿਆ।

# ਅੰਗ ਦਾਨ ਕਰਨਾ ਦੁਨੀਆਂ ਦੀ ਸਭ ਤੋਂ ਵੱਡੀ ਸੇਵਾ : ਆਸ਼ਿਕਾ ਜੈਨ

ਟਾਂਡਾ ਉੜਮੁੜ, (ਰਵਿੰਦਰ ਸਿੰਘ ਟਾਂਡਾ) : ਡਿਪਟੀ ਕਮਿਸ਼ਨਰ ਹੁਸ਼ਿਆਰਪੁਰ ਆਸ਼ਿਕਾ ਜੈਨ ਨੇ ਮਨੁੱਖਤਾ ਦੇ ਭਲੇ ਲਈ ਲੋਕਾਂ ਨੂੰ ਅੰਗ




ਦਾਨ,ਨੇਤਰਦਾਨ ਕਰਨ ਲਈ ਪ੍ਰੇਰਿਤ ਕਰਨ ਵਾਲੇ ਸਟੇਟ ਅਵਾਰਡੀ ਭਾਈ ਬਰਿੰਦਰ ਸਿੰਘ ਮਸੀਤੀ ਦੀ ਪ੍ਰਸ਼ੰਸ਼ਾ ਕੀਤੀ। ਇਸ ਮੌਕੇ ਉਹਨਾਂ ਆਖਿਆ ਕਿ ਅੰਗ ਦਾਨ ਕਰਨਾ ਦੁਨੀਆਂ ਦਾ ਸਭ ਤੋਂ ਵੱਡਾ ਦਾਨ ਹੈ, ਜਿਸ ਨਾਲ ਅਸੀਂ ਇਨਸਾਨੀਅਤ ਫਰਜ ਨਿਭਾ ਸਕਦੇ ਹਾਂ। ਇਸ ਸਬੰਧੀ ਜਾਣਕਾਰੀ ਦਿੰਦਿਆਂ ਸਟੇਟ ਅਵਾਰਡੀ ਸਮਾਜ ਸੇਵੀ ਆਈ ਡੋਨਰ ਇੰਚਾਰਜ ਟਾਂਡਾ ਭਾਈ ਬਰਿੰਦਰ ਸਿੰਘ ਮਸੀਤੀ ਨੇ ਦੱਸਿਆ ਕਿ ਡੋਨਰ ਵਿਅਕਤੀ ਦੇ ਮਰਨ ਤੋਂ ਬਾਅਦ ਨੇਤਰ, ਸਰੀਰ ਦੇ ਹੋਰ ਅੰਗ ਮਰਨ ਤੋਂ ਬਾਅਦ ਜਲੰਧਰ, ਪਟਿਆਲਾ, ਫਰੀਦਕੋਟ, ਪੀਜੀਆਈ ਚੰਡੀਗੜ੍ਹ ਵਿਖੇ ਲੋੜਵੰਦ ਵਿਅਕਤੀਆਂ ਦੇ ਮ੍ਰਿਤ ਵਿੱਚ ਲਗਾਏ ਜਾਂਦੇ ਹਨ। ਭਾਈ ਮਸੀਤੀ ਨੇ ਦੱਸਿਆ ਕਿ ਅੱਜ ਦੇ ਆਧੁਨਿਕ ਯੁਗ ਵਿੱਚ ਅੱਖ ਤਾਂ ਕਿਸੇ ਵੀ ਮੁਲਕ ਤੋਂ ਬਣਾਈ ਨਹੀਂ ਗਈ ਨਾ ਅਸੀਂ ਕੋਈ ਸਰੀਰ ਬਣਾ ਸਕੇ ਹਾਂ ਪਰ ਮੌਤ ਤੋਂ ਬਾਅਦ ਅਸੀਂ ਕਰੋੜਾਂ ਅੱਖਾਂ ਨੂੰ ਜਲਾ ਚੁੱਕੇ ਕਰੋੜਾਂ ਸਰੀਰ ਜਲਾ ਚੁੱਕੇ ਹਾਂ ਜੇਕਰ ਮਨੁੱਖਤਾ ਦੇ ਭਲੇ ਦੇ ਲਈ ਇਹਨਾਂ ਅੱਖਾਂ ਨੂੰ ਦਾਨ ਕਰਾ ਦਿੱਤਾ ਗਿਆ ਹੁੰਦਾ ਤਾਂ ਹੁਣ ਤੱਕ ਦੇਸ਼ ਵਿੱਚੋਂ ਆਨਾਪਣ ਦੂਰ ਹੋ ਜਾਣਾ ਸੀ, ਇਹਦੇ ਨਾਲ ਹੀ ਜੋ ਕਰੋੜਾਂ ਸਰੀਰ ਜਲਾਏ ਜਾ ਚੁੱਕੇ ਹਨ ਉਹਨਾਂ ਨਾਲ ਇਨਸਾਨੀ ਅੰਗਾਂ ਦੀ ਪੂਰਤੀ ਹੋ ਜਾਣੀ ਸੀ। ਭਾਈ ਮਸੀਤੀ ਨੇ ਅੱਗੇ ਆਖਿਆ ਜੇਕਰ ਅਸੀਂ ਹੁਣ ਵੀ ਮਰਨ ਤੋਂ ਉਪਰੰਤ ਸਰੀਰ ਦਾਨ ਕਰਨ ਲੱਗ ਜਾਈਏ ਤਾਂ ਕਰੋੜਾਂ ਵਿਅਕਤੀਆਂ ਦੀ ਜ਼ਿੰਦਗੀ ਨੂੰ ਬਚਾ ਸਕਦੇ ਹਾਂ, ਇਸ ਪ੍ਰਤੀ ਹਰ ਇਨਸਾਨ ਨੂੰ ਤੇ ਪੰਜਾਬ ਸਰਕਾਰ ਤੇ ਨੇਤਰਦਾਨ ਸੰਸਥਾਵਾਂ ਨੂੰ ਇੱਕਜੁੱਟ ਹੋ ਕੇ ਮਨੁੱਖਤਾ ਦੇ ਭਲੇ ਲਈ ਇਹ ਇੱਕ ਸ਼ਲਾਘਾਯੋਗ ਕਦਮ ਚੁੱਕਣਾ ਪਵੇਗਾ।

## ਸ਼ਹੀਦੀ ਦਿਹਾੜੇ ਤੇ ਵਿਸ਼ੇਸ਼

# ਸ਼੍ਰੋਮਣੀ ਸ਼ਹੀਦ ਭਾਈ ਸੰਗਤ ਸਿੰਘ



ਸਿੱਖ ਇਤਿਹਾਸ ਵਿੱਚ ਗੁਰੂ ਗੋਬਿੰਦ ਸਿੰਘ ਜੀ ਵੱਲੋਂ ਲੜੀਆਂ ਗਈਆਂ ਲੜਾਈਆਂ ਦਾ ਵਿਸ਼ੇਸ਼ ਸਥਾਨ ਹੈ ਪਰ ਚਮਕੌਰ ਦੀ ਜੰਗ ਇਤਿਹਾਸ ਵਿੱਚ ਇੱਕ ਵੱਖਰਾ ਮਹੱਤਵ ਰੱਖਦੀ ਹੈ। ਇਸ ਜੰਗ ਵਿਚ ਮੁਗ਼ਲਾਂ ਦੀਆਂ ਲੱਖਾਂ ਫ਼ੌਜਾਂ ਨਾਲ ਮੁਕਾਬਲਾ ਕਰਦੇ ਹੋਏ ਪੰਜਾਂ ਪਿਆਰਿਆਂ ਚੋਂ ਤਿੰਨ ਪਿਆਰੇ, ਵੱਡੇ ਸਾਹਿਬਜ਼ਾਦੇ ਬਾਬਾ ਅਜੀਤ ਸਿੰਘ ਅਤੇ ਬਾਬਾ ਜੁਝਾਰ ਸਿੰਘ, ਭਾਈ ਸੰਗਤ ਸਿੰਘ ਅਤੇ ਬਹੁਤ ਸਾਰੇ ਸਿੰਘ ਸ਼ਹੀਦ ਹੋ ਗਏ ਸਨ। ਗੜ੍ਹੀ ਚਮਕੌਰ ਦੀ ਜੰਗ ਦਾ ਜ਼ਿਕਰ ਗੁਰੂ ਗੋਬਿੰਦ ਸਿੰਘ ਜੀ ਵੱਲੋਂ ਔਰੰਗਜ਼ੇਬ ਨੂੰ ਲਿਖੇ 'ਜਫਰਨਾਮਾ' ਅਤੇ ਬਾਅਦ ਦੇ ਇਤਿਹਾਸਕਾਰਾਂ ਨੇ ਬਾਖੂਬੀ ਬਿਆਨ ਕੀਤਾ ਹੈ। ਕਵੀਸ਼ਰ ਬਰਕਤ ਸਿੰਘ ਅਨੰਦ, ਮੇਵਾ ਸਿੰਘ ਮੁਹਾਲੀ ਅਤੇ ਨਰਿੰਜਨ ਸਿੰਘ ਸਾਥੀ ਨੇ ਆਪਣੀਆਂ ਲਿਖਤਾਂ ਵਿੱਚ ਗੜ੍ਹੀ ਚਮਕੌਰ ਦੀ ਸ਼ਰਨ ਤੋਂ ਪਹਿਲਾਂ ਜਿਗ੍ਹਾ ਕਲਗੀ ਸਜਾਉਣ ਦਾ ਬੜੇ ਸੁਚੱਜੇ ਢੰਗ ਨਾਲ ਜ਼ਿਕਰ ਕੀਤਾ ਹੈ। ਇਸ ਜੰਗ ਵਿਚ ਗੁਰੂ ਗੋਬਿੰਦ ਸਿੰਘ ਜੀ ਵੱਲੋਂ ਅੰਮ੍ਰਿਤ ਛਕਾਉਣ ਵੇਲੇ ਕੀਤੇ ਬਚਨ 'ਖ਼ਾਲਸਾ ਮੇਰੋ ਰੂਪ ਹੈ ਖਾਸ ਖਾਲਸੇ ਮਹਿ ਹੌ ਕਰੌ ਨਿਵਾਸ' ਨੂੰ ਸਾਰਥਿਕ ਰੂਪ ਵਿਚ ਪੂਰਾ ਕੀਤਾ। ਬਾਈ ਧਾਰ ਦੇ ਰਾਜਿਆਂ ਨੇ ਕਸਮਾਂ ਤੋੜ ਕੇ ਗੁਰੂ ਗੋਬਿੰਦ ਸਿੰਘ ਜੀ ਨੇ ਸਰਸਾ ਕੰਢੇ ਭਾਰੀ ਹਮਲਾ ਕੀਤਾ। ਜਿਸ ਦੌਰਾਨ ਜਿੱਥੇ ਗੁਰੂ ਜੀ ਦਾ ਪਰਿਵਾਰ ਵਿੱਛੜ ਗਿਆ, ਉਥੇ ਬਹੁਤ ਸਾਰੇ ਸਿੰਘ ਸ਼ਹੀਦ ਹੋ ਗਏ।

ਵੱਡੇ ਸਾਹਿਬਜ਼ਾਦੇ ਅਤੇ ਗਿਣਤੀ ਦੇ ਸਿੰਘਾਂ ਸਮੇਤ ਗੁਰੂ ਜੀ ਚਮਕੌਰ ਦੀ ਗੜ੍ਹੀ ਵਿੱਚ ਪਹੁੰਚ ਗਏ। ਸਾਰਾ ਦਿਨ ਦੁਸ਼ਮਣ ਦੀਆਂ ਫੌਜਾਂ ਨਾਲ ਜੰਗ ਹੁੰਦੀ ਰਹੀ। ਇਸ ਜੰਗ ਵਿਚ ਵੱਡੇ ਸਾਹਿਬਜ਼ਾਦਿਆਂ ਅਤੇ ਗਿਣਤੀ ਦੇ ਕੁਝ ਸਿੰਘ ਸ਼ਹੀਦੀ ਦਾ ਜਾਮ ਪੀ ਗਏ। ਜਦੋਂ ਸ਼ਾਮ ਨੂੰ ਜੰਗ ਰੁਕੀ ਤਾਂ ਗੜ੍ਹੀ ਵਿਚ ਗੁਰੂ ਗੋਬਿੰਦ ਸਿੰਘ ਜੀ ਅਤੇ ਬਾਕੀ ਸਿੰਘ ਅਗਲੇ ਦਿਨ ਦੀ ਜੰਗ ਬਾਰੇ ਰਣਨੀਤੀ ਤੇ ਵਿਚਾਰ ਕਰ ਰਹੇ ਸਨ। ਗੁਰੂ ਜੀ ਨੇ ਅਗਲੇ ਦਿਨ ਦੀ ਜੰਗ ਵਿਚ ਖੁਦ ਕਮਾਂਡ ਸੰਭਾਲਦੇ ਹੋਏ ਸ਼ਹੀਦੀ ਪਾਉਣ ਦੀ ਗੱਲ ਆਖੀ। ਸਿੰਘਾਂ ਨੇ ਗੁਰਮਤਾ ਪਾਸ ਕਰਦਿਆਂ ਕਿਹਾ ਕਿ 'ਸਾਹਿਬ ਜੀ ਤੁਹਾਡਾ ਸਾਜਿਆ ਖਾਲਸਾ ਅੱਜ ਤੁਹਾਨੂੰ ਗੜ੍ਹੀ ਵਿਚੋਂ ਚਲੇ ਜਾਣ ਦਾ ਹੁਕਮ ਦਿੰਦਾ ਹੈ। ਤੁਸੀਂ ਦੁਸ਼ਮਣ ਦੇ ਘੇਰੇ 'ਚੋਂ ਨਿਕਲ ਜਾਓ'। ਗੁਰੂ ਗੋਬਿੰਦ ਸਿੰਘ ਜੀ ਨੇ ਜਾਣ ਤੋਂ ਪਹਿਲਾਂ ਰਣਭੂਮੀ ਵਿੱਚ ਅਜਮਾਏ, ਵੀਰਤਾ ਵਿੱਚ ਨਿਪੁੰਨ ਅਤੇ ਹਮਸ਼ਕਲ ਭਾਈ ਸੰਗਤ ਸਿੰਘ ਨੂੰ ਆਪਣੇ ਸ਼ਸਤਰ-ਬਸਤਰ ਅਤੇ ਆਪਣੀ ਜਿਗ੍ਹਾ ਕਲਗੀ ਸਜਾ ਕੇ ਅਤੇ

**ਲਖਵੀਰ ਸਿੰਘ ਖ਼ਾਲਸਾ**

ਆਪਣੀ ਜਗ੍ਹਾ ਬਿਠਾ ਕੇ ਅਗਲੇ ਦਿਨ ਸਾਹਵੇਂ ਮੱਥੇ ਜੂਝ ਕੇ ਸ਼ਹੀਦੀ ਪਾਉਣ ਲਈ ਕਿਹਾ ਅਤੇ ਇਹ ਵੀ ਹੁਕਮ ਕੀਤਾ ਕਿ ਜਿਉਂਦੇ ਜੀਅ ਦੁਸ਼ਮਣ ਦੇ ਹੱਥ ਨਹੀਂ ਆਉਣਾ। ਅਗਲੇ ਦਿਨ ਭਾਈ ਸੰਗਤ ਸਿੰਘ ਨੇ ਗੜ੍ਹੀ ਚੋਂ ਨਿਕਲ ਕੇ ਸੂਰਮਗਤੀ ਨਾਲ ਮੁਕਾਬਲਾ ਕੀਤਾ। ਇੱਕ ਇਤਿਹਾਸਕਾਰ ਨੇ ਭਾਈ ਸੰਗਤ ਸਿੰਘ ਜੀ ਦੀ ਸੂਰਮਗਤੀ ਦਾ ਜ਼ਿਕਰ ਕਰਦਿਆਂ ਕਿਹਾ ਕਿ ਵੈਰੀ ਟਿੱਡੀ ਦਲ ਫੌਜਾਂ ਨਾਲ ਜੂਝ ਰਹੇ ਸਨ ਜਿਵੇਂ ਇਹ ਸਮੁੰਦਰ ਵਿੱਚ ਉਛਲਦੀਆਂ ਤੁਫਾਨੀ ਲਹਿਰਾਂ ਨਾਲ ਕੋਈ ਛੋਟਾ ਜਹਾਜ਼ ਘਿਰਿਆ ਹੋਵੇ। ਅੰਤ ਵਿੱਚ ਹਜ਼ਾਰਾਂ ਫੱਟ ਖਾ ਕੇ ਭਾਈ ਸੰਗਤ ਸਿੰਘ ਜੀ ਚਮਕੌਰ ਦੀ ਰਣਭੂਮੀ ਵਿਚ ਸ਼ਹੀਦੀ ਦਾ ਜਾਮ ਪੀ ਗਏ। ਇੱਥੇ ਇਹ ਗੱਲ ਵਿਸ਼ੇਸ਼ ਤੌਰ ਤੇ ਦੱਸਣਯੋਗ ਹੈ ਕਿ ਜਿਵੇਂ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ ਸੀਸ ਦਾ ਸ੍ਰੀ ਅਨੰਦਪੁਰ ਸਾਹਿਬ ਦਿੱਲੀ ਵਿਖੇ ਸਸਕਾਰ ਹੋਇਆ ਅਤੇ ਧੜ ਦਾ ਦਿੱਲੀ ਵਿਖੇ ਸਸਕਾਰ ਹੋਇਆ, ਉਸੇ ਤਰ੍ਹਾਂ ਸ਼ਹੀਦ ਭਾਈ ਸੰਗਤ ਸਿੰਘ ਜੀ ਦੇ ਸੀਸ ਦਾ ਸਰਹੰਦ ਵਿਖੇ ਅਤੇ ਧੜ ਦਾ ਚਮਕੌਰ ਸਾਹਿਬ ਵਿਖੇ ਸਸਕਾਰ ਹੋਇਆ। ਸ਼ਹੀਦ ਭਾਈ ਸੰਗਤ ਸਿੰਘ ਜੀ ਦੀ ਲਾਸਾਨੀ ਕੁਰਬਾਨੀ ਨੂੰ ਯਾਦ ਕਰਦਿਆਂ ਵਿਸ਼ਵ ਰਾਮਦਾਸੀਆ ਸਿੱਖ ਵੈਲਫੇਅਰ ਕੌਂਸਲ ਹੁਸ਼ਿਆਰਪੁਰ, ਸ਼ਹੀਦ ਭਾਈ ਸੰਗਤ ਸਿੰਘ ਯਾਦਗਾਰੀ ਟਰੱਸਟ ਅਤੇ ਸ਼ਹੀਦ ਭਾਈ ਸੰਗਤ ਸਿੰਘ ਦਲ ਪੰਜਾਬ ਵੱਲੋਂ ਬੜੇ ਉਤਸ਼ਾਹ ਨਾਲ ਸਮੁੱਚੇ ਭਾਰਤ ਅਤੇ ਵਿਦੇਸ਼ਾਂ ਵਿੱਚ ਬੜੀ ਸ਼ਰਧਾ ਭਾਵਨਾ ਨਾਲ ਮਨਾਇਆ ਜਾਂਦਾ ਹੈ।

**ਕੌਮੀ ਪ੍ਰਧਾਨ ਵਿਸ਼ਵ ਰਾਮਦਾਸੀਆ ਸਿੱਖ ਵੈਲਫੇਅਰ ਕੌਂਸਲ (ਰਜਿ.)**
**ਮੋਬਾਈਲ :** +91-9814025430

# ਨੌਜਵਾਨਾਂ ਨੂੰ ਨਸ਼ਿਆਂ ਅਤੇ ਹੋਰਨਾਂ ਅਲਾਮਤਾਂ ਤੋਂ ਦੂਰ ਰਹਿਣ ਲਈ ਕੀਤਾ ਪ੍ਰੇਰਿਤ





ਹੁਸ਼ਿਆਰਪੁਰ, (ਰਵਿੰਦਰ ਸਿੰਘ ਟਾਂਡਾ) : ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਹੁਸ਼ਿਆਰਪੁਰ ਵੱਲੋਂ ਪੰਜਾਬ ਰਾਜ ਕਾਨੂੰਨੀ ਸੇਵਾਵਾਂ ਅਥਾਰਟੀ ਐਸ.ਏ.ਐਸ ਨਗਰ ਦੇ ਦਿਸ਼ਾ-ਨਿਰਦੇਸ਼ਾਂ ਅਤੇ ਜ਼ਿਲ੍ਹਾ ਤੇ ਸੈਸ਼ਨ ਜੱਜ ਰਜਿੰਦਰ ਅਗਰਵਾਲ ਦੇ ਹੁਕਮਾਂ ਦੀ ਪਾਲਣਾ ਕਰਦੇ ਹੋਏ ਸਕੱਤਰ, ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਨੀਰਜ ਗੋਇਲ ਵੱਲੋਂ ਜ਼ਿਲ੍ਹਾ ਹੁਸ਼ਿਆਰਪੁਰ ਅਤੇ ਸਬ-ਡਵੀਜ਼ਨਾਂ ਦੇ ਵੱਖ-ਵੱਖ ਪਿੰਡਾਂ ਵਿੱਚ ਜਾਗਰੂਕਤਾ ਮੁਹਿੰਮ ਚਲਾਈ ਜਾ ਰਹੀ ਹੈ। ਇਸੇ ਤਹਿਤ ਨੌਜਵਾਨਾਂ ਨੂੰ ਨਸ਼ਿਆਂ ਤੋਂ ਦੂਰ ਰੱਖਣ ਅਤੇ ਹੋਰਨਾਂ ਸਕੀਮਾਂ ਸਬੰਧੀ ਜਾਗਰੂਕ ਕਰਨ ਲਈ ਵੱਖ-ਵੱਖ ਪਿੰਡਾਂ ਅਤੇ ਸਕੂਲਾਂ, ਜਿਵੇਂ ਕਿ ਸਰਕਾਰੀ ਸੀ.ਸੈ. ਸਕੂਲ ਦੇਹਰੀਵਾਲ, ਗ੍ਰਾਮ ਪੰਚਾਇਤ ਖਨੌੜਾ, ਗ੍ਰਾਮ ਪੰਚਾਇਤ ਬੱਸੀ ਪੁਰਾਣੀ, ਗ੍ਰਾਮ ਪੰਚਾਇਤ ਬਾਦੋਵਾਲ, ਗ੍ਰਾਮ ਪੰਚਾਇਤ ਕਾਲਾ ਝਿੰਗੜ, ਗ੍ਰਾਮ ਪੰਚਾਇਤ ਬੁਦੂਪੁਰ, ਗ੍ਰਾਮ ਪੰਚਾਇਤ ਭੋਜਪੁਰ, ਸਰਕਾਰੀ ਸੀ.ਸੈ. ਸਕੂਲ ਝੱਜੀ, ਸਰਕਾਰੀ ਸੀ.ਸੈ. ਸਕੂਲ ਮਾਹਿਲਪੁਰ ਅਤੇ ਸਰਕਾਰੀ ਹਾਈ ਸਕੂਲ ਮਿਰਜ਼ਾਪੁਰ ਵਿਖੇ ਜਾਗਰੂਕਤਾ ਪ੍ਰੋਗਰਾਮਾਂ ਦਾ ਆਯੋਜਨ ਕੀਤਾ ਗਿਆ।

ਇਸ ਮੌਕੇ ਪੈਨਲ ਐਡਵੋਕੇਟਾਂ ਵੱਲੋਂ 'ਬਾਲ ਵਿਵਾਹ ਮੁਕਤ ਭਾਰਤ' ਮੁਹਿੰਮ ਸਬੰਧੀ ਕਾਨੂੰਨੀ ਹੱਕਾਂ ਬਾਰੇ ਜਾਣਕਾਰੀ ਦਿੰਦੇ ਹੋਏ ਧਿਆਨ ਵਿੱਚ ਲਿਆਂਦਾ ਗਿਆ ਕਿ ਲੜਕੀ ਦੀ ਵਿਆਹ ਦੀ ਉਮਰ 18 ਸਾਲ ਤੋਂ ਘੱਟ ਨਾ ਹੋਵੇ ਅਤੇ ਲੜਕੇ ਦੀ ਉਮਰ 21 ਸਾਲ ਤੋਂ ਘੱਟ ਨਹੀਂ ਹੋਣੀ ਚਾਹੀਦੀ। ਇਸ ਦੇ ਨਾਲ ਹੀ ਨਾਲਸਾ ਦੀ ਵਾਤਾਵਰਨ ਕਾਨੂੰਨੀ ਸਾਖਰਤਾ ਅਤੇ ਭਾਈਚਾਰਕ ਸੁਰੱਖਿਆ ਪਹਿਲਕਦਮੀ, ਜਿਸ ਦਾ ਸਿਰਲੇਖ 'ਅੱਜ ਦੀ ਰੱਖਿਆ ਕਰੋ, ਕੱਲ੍ਹ ਨੂੰ ਸੁਰੱਖਿਅਤ ਕਰੋ' ਬਾਰੇ ਦਸਦੇ ਹੋਏ ਲੋਕਾਂ ਨੂੰ ਜਾਣਕਾਰੀ ਦਿੱਤੀ ਕਿ ਪਿੰਡਾਂ ਵਿੱਚ ਪਰਾਲੀ ਨੂੰ ਨਾ ਸਾੜਿਆ ਜਾਵੇ, ਨਾ ਹੀ ਪਲਾਸਟਿਕ ਨੂੰ ਅੱਗ ਲਗਾਈ ਜਾਵੇ, ਕਿਉਂਕਿ ਇਸ ਦੇ ਧੂੰਏਂ ਤੋਂ ਪ੍ਰਦੂਸ਼ਣ ਹਵਾ ਵਿੱਚ ਫ਼ੈਲਦਾ ਹੈ, ਜਿਸ ਨਾਲ ਕਈ ਬਿਮਾਰੀਆਂ ਲਗਦੀਆ ਹਨ। ਇਸ ਤੋਂ ਇਲਾਵਾ ਐਚ.ਆਈ.ਵੀ ਏਡਜ਼ ਮੁਹਿੰਮ ਬਾਰੇ ਜਾਣਕਾਰੀ ਦਿੱਤੀ ਗਈ। ਨਸ਼ਿਆਂ ਖਿਲਾਫ ਮੁਹਿੰਮ ਸਬੰਧੀ ਉਨ੍ਹਾਂ ਦੱਸਿਆ ਕਿ ਇਸ ਮੁਹਿੰਮ ਦਾ ਉਦੇਸ਼ ਨੌਜਵਾਨ ਪੀੜ੍ਹੀ ਨੂੰ ਭਵਿੱਖ ਵਿਚ ਨਸ਼ੇ ਨੂੰ ਤਿਆਗ ਕੇ ਚੰਗੇ ਕੰਮ ਕਰਨ ਲਈ ਪ੍ਰੇਰਿਤ ਕਰਨਾ ਹੈ, ਤਾਂ ਜੋ ਚੰਗੇ ਸਮਾਜ ਦੀ ਰਚਨਾ ਕੀਤੀ ਜਾ ਸਕੇ। ਉਨ੍ਹਾਂ ਨੇ ਇਹ ਵੀ ਦੱਸਿਆ ਕਿ ਨਸ਼ੇ ਦੇ ਸੇਵਨ ਨਾਲ ਮਨੁੱਖੀ ਜੀਵਨ ਬਰਬਾਦ ਹੋ ਜਾਂਦਾ ਹੈ ਅਤੇ ਘਰ ਵਿੱਚ ਅਸ਼ਾਂਤੀ ਪੈਦਾ ਹੁੰਦੀ ਹੈ। ਨਾਲਸਾ (ਡਰੱਗ ਜਾਗਰੂਕਤਾ ਅਤੇ ਤੰਦਰੁਸਤੀ ਨੈਵੀਗੇਸ਼ਨ-ਡਰੱਗ ਮੁਕਤ ਭਾਰਤ ਲਈ), ਯੋਜਨਾ 2025 ਅਤੇ ਸਿਹਤ, ਪਰਿਵਾਰਕ ਅਤੇ ਸਮਾਜਿਕ ਜੀਵਨ ਤੇ ਨਸ਼ਿਆਂ ਦਾ ਪ੍ਰਭਾਵ ਅਤੇ ਐਨ.ਡੀ.ਪੀ.ਐਸ. ਐਕਟ ਦੇ ਕਾਨੂੰਨੀ ਉਪਬੰਦਾ ਬਾਰੇ ਵੀ ਜਾਣਕਾਰੀ ਦਿੱਤੀ ਗਈ। ਅਖੀਰ ਵਿੱਚ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ, ਹੁਸ਼ਿਆਰਪੁਰ ਵਿੱਚ ਕੰਮ ਕਰ ਰਹੇ ਪੈਰਾ ਲੀਗਲ ਵਲੰਟੀਅਰਾਂ ਵੱਲੋਂ ਪ੍ਰਚਾਰ ਸਮੱਗਰੀ ਵੰਡੀ ਗਈ।

# ਸ. ਗਗਨਦੀਪ ਸਿੰਘ ਤੱਤਲਾ ਦਾ ਸਿੱਖ ਸੈਂਟਰ ਆਫ਼ ਵਰਜੀਨੀਆ ਮਨਾਸਸ ਦੀ ਮੈਨੇਜਮੈਂਟ ਤੇ ਸੰਗਤ ਵਲੋਂ ਸਿਰੋਪਾਓ ਦੇ ਸਨਮਾਨਿਤ





ਅੱਜ ਸ. ਗਗਨਦੀਪ ਸਿੰਘ ਤੱਤਲਾ ਸਪੁੱਤਰ ਸ. ਬਲਵਿੰਦਰ ਸਿੰਘ ਤਤਲਾ ਤੇ ਬੀਬੀ ਸੁਖਵਿੰਦਰ ਕੌਰ ਜੀ ਨੂੰ ਫੇਅਰਫੈਕਸ ਕਾਊਂਟੀ (Fairfax County) ਪੁਲਿਸ ਵਿਚ ਅੰਮ੍ਰਿਤਧਾਰੀ ਗੁਰਸਿੱਖ ਦੇ ਤੌਰ 'ਤੇ ਭਰਤੀ ਹੋਣ 'ਤੇ ਸਿੱਖ ਸੈਂਟਰ ਆਫ਼ ਵਰਜੀਨੀਆ ਮਨਾਸਸ ਦੀ ਮੈਨੇਜਮੈਂਟ ਤੇ ਸੰਗਤ ਵਲੋਂ ਸਿਰੋਪਾਓ ਤੇ ਗੁਰਮਤਿ ਖਜ਼ਾਨਾ ਦੇ ਕੇ ਸਨਮਾਨਿਤ ਕੀਤਾ ਗਿਆ। ਇਸ ਉਪਰੰਤ ਸ. ਗਗਨਦੀਪ ਸਿੰਘ ਨੇ ਆਪਣੇ ਵਿਚਾਰ ਰੱਖੇ ਅਤੇ ਸੰਗਤ ਦਾ ਧੰਨਵਾਦ ਕੀਤਾ।

## ਵਾਰਾਣਸੀ ਵਿੱਚ ਵਿਦਿਆਰਥੀਆਂ ਨੇ ਮਹਾਮਨਾ ਪੰਡਿਤ ਮਦਨ ਮੋਹਨ ਮਾਲਵੀਆ ਨੂੰ ਕੀਤੀ ਸ਼ਰਧਾਂਜਲੀ ਭੇਟ




ਵਾਰਾਣਸੀ : ਵਿਦਿਆਰਥੀਆਂ ਨੇ ਵਾਰਾਣਸੀ ਵਿੱਚ ਇੱਕ ਸਿੱਖਿਆ ਸ਼ਾਸਤਰੀ, ਆਜ਼ਾਦੀ ਘੁਲਾਟੀਏ ਅਤੇ ਬਨਾਰਸ ਹਿੰਦੂ ਯੂਨੀਵਰਸਿਟੀ ਦੇ ਸੰਸਥਾਪਕ, ਮਹਾਮਨਾ ਪੰਡਿਤ ਮਦਨ ਮੋਹਨ ਮਾਲਵੀਆ ਨੂੰ ਉਨ੍ਹਾਂ ਦੀ ਜਨਮ ਵਰ੍ਹੇਗੰਢ ਤੋਂ ਪਹਿਲਾਂ ਇੱਕ ਵੱਡੀ ਰੰਗੋਲੀ ਬਣਾ ਕੇ ਸ਼ਰਧਾਂਜਲੀ ਭੇਟ ਕੀਤੀ।

## ਮਹਾਰਾਸ਼ਟਰ 'ਚ ਵੱਡਾ ਸਿਆਸੀ ਧਮਾਕਾ

## ਠਾਕਰੇ ਪਰਿਵਾਰ ਹੋਇਆ ਇੱਕ, ਊਧਵ ਅਤੇ ਰਾਜ ਠਾਕਰੇ ਨੇ ਕੀਤਾ ਗਠਜੋੜ ਦਾ ਐਲਾਨ

ਮੁੰਬਈ : ਮਹਾਰਾਸ਼ਟਰ ਦੀ ਰਾਜਨੀਤੀ ਵਿੱਚ ਅੱਜ ਇੱਕ ਇਤਿਹਾਸਕ ਮੋੜ ਆਇਆ ਹੈ। ਲੰਬੇ ਸਮੇਂ ਤੋਂ ਇੱਕ-ਦੂਜੇ ਦੇ ਵਿਰੋਧੀ ਰਹੇ ਠਾਕਰੇ ਭਰਾਵਾਂ ਨੇ ਆਖ਼ਰਕਾਰ ਹੱਥ ਮਿਲਾ ਲਏ ਹਨ। ਮਹਾਰਾਸ਼ਟਰ ਨਵਨਿਰਮਾਣ ਸੈਨਾ (MNS) ਦੇ ਮੁਖੀ ਰਾਜ ਠਾਕਰੇ ਅਤੇ ਸ਼ਿਵ ਸੈਨਾ (UBT) ਦੇ ਮੁਖੀ ਊਧਵ ਠਾਕਰੇ ਨੇ ਮੁੰਬਈ ਵਿੱਚ ਰਸਮੀ ਤੌਰ 'ਤੇ ਆਪਣੇ ਗਠਜੋੜ (Alliance) ਦਾ ਐਲਾਨ ਕਰ ਦਿੱਤਾ ਹੈ।

1. ਨਗਰ ਨਿਗਮ ਚੋਣਾਂ 'ਤੇ ਨਿਸ਼ਾਨਾ: ਇਹ ਗਠਜੋੜ ਆਉਣ ਵਾਲੀਆਂ ਮੁੰਬਈ ਮਹਾਨਗਰ ਪਾਲਿਕਾ (BMC) ਦੀਆਂ ਚੋਣਾਂ ਨੂੰ ਮੁੱਖ ਰੱਖ ਕੇ ਕੀਤਾ ਗਿਆ ਹੈ। ਦੋਵੇਂ ਨੇਤਾਵਾਂ ਨੇ ਬੁੱਧਵਾਰ ਨੂੰ ਸਾਂਝੇ ਤੌਰ 'ਤੇ ਇਸ ਗੱਲ ਦੀ ਪੁਸ਼ਟੀ ਕੀਤੀ ਕਿ ਉਹ ਆਉਣ ਵਾਲੀਆਂ ਚੋਣਾਂ ਮਿਲ ਕੇ ਲੜਨਗੇ।

2. ਠਾਕਰੇ ਵੋਟ ਬੈਂਕ ਨੂੰ ਇਕੱਠਾ ਕਰਨ ਦੀ ਕੋਸ਼ਿਸ਼: ਰਾਜਨੀਤਿਕ ਮਾਹਿਰਾਂ ਮੁਤਾਬਕ, ਸ਼ਿਵ ਸੈਨਾ ਦੇ ਦੋ ਫਾੜ ਹੋਣ ਤੋਂ ਬਾਅਦ ਊਧਵ ਠਾਕਰੇ ਕਮਜ਼ੋਰ ਪੈ ਰਹੇ ਸਨ। ਦੂਜੇ ਪਾਸੇ, ਰਾਜ ਠਾਕਰੇ ਕੋਲ ਵੀ ਇੱਕ ਮਜ਼ਬੂਤ ਜ਼ਮੀਨੀ ਆਧਾਰ ਹੈ। ਦੋਵਾਂ ਭਰਾਵਾਂ ਦੇ ਇਕੱਠੇ ਹੋਣ




ਨਾਲ 'ਮਰਾਠੀ ਵੋਟ ਬੈਂਕ' ਨੂੰ ਇੱਕ ਝੰਡੇ ਹੇਠ ਲਿਆਉਣ ਦੀ ਵੱਡੀ ਕੋਸ਼ਿਸ਼ ਕੀਤੀ ਗਈ ਹੈ।

3. ਭਾਜਪਾ ਲਈ ਖ਼ਤਰੇ ਦੀ ਘੰਟੀ? ਇਹ ਗਠਜੋੜ ਭਾਰਤੀ ਜਨਤਾ ਪਾਰਟੀ (BJP) ਅਤੇ ਏਕਨਾਥ ਸ਼ਿੰਦੇ ਵਾਲੀ ਸ਼ਿਵ ਸੈਨਾ ਲਈ ਵੱਡੀ ਚੁਣੌਤੀ ਬਣ ਸਕਦਾ ਹੈ। ਮੁੰਬਈ ਵਿੱਚ ਠਾਕਰੇ ਪਰਿਵਾਰ ਦਾ ਪ੍ਰਭਾਵ ਬਹੁਤ ਡੂੰਘਾ ਹੈ ਅਤੇ ਦੋਵਾਂ ਦੇ ਮਿਲਣ ਨਾਲ ਸਿਆਸੀ ਸਮੀਕਰਨ ਪੂਰੀ ਤਰ੍ਹਾਂ ਬਦਲ ਸਕਦੇ ਹਨ।

ਕਈ ਸਾਲਾਂ ਦੀ ਕੁੜੱਤਣ ਤੋਂ ਬਾਅਦ ਰਾਜ ਅਤੇ ਊਧਵ ਦਾ ਇਕੱਠੇ ਆਉਣਾ ਮਹਾਰਾਸ਼ਟਰ ਦੀ ਸਿਆਸਤ ਵਿੱਚ ÷ਗੇਮ ਚੇਂਜਰ÷ ਸਾਬਤ ਹੋ ਸਕਦਾ ਹੈ। ਹੁਣ ਦੇਖਣਾ ਇਹ ਹੋਵੇਗਾ ਕਿ ਕੀ ਇਹ ਜੋੜੀ BMC ਚੋਣਾਂ ਵਿੱਚ ਆਪਣਾ ਪੁਰਾਣਾ ਦਬਦਬਾ ਕਾਇਮ ਰੱਖ ਪਾਉਂਦੀ ਹੈ ਜਾਂ ਨਹੀਂ।

## ਆਮਦਨ ਤੋਂ ਵੱਧ ਜਾਇਦਾਦ ਦੇ ਮਾਮਲੇ 'ਚ ਮਜੀਠੀਆ 'ਤੇ ਤੈਅ ਨਹੀਂ ਹੋ ਸਕੇ ਦੋਸ਼, ਹੁਣ ਅਗਲੇ ਸਾਲ ਹੋਵੇਗੀ ਸੁਣਵਾਈ

ਐੱਸਏਐੱਸ ਨਗਰ : ਸ਼੍ਰੋਮਣੀ ਅਕਾਲੀ ਦਲ ਦੇ ਸੀਨੀਅਰ ਆਗੂ ਅਤੇ ਸਾਬਕਾ ਮੰਤਰੀ ਬਿਕਰਮ ਸਿੰਘ ਮਜੀਠੀਆ ਵਿਰੁੱਧ ਦਰਜ ਆਮਦਨ ਤੋਂ ਵੱਧ ਜਾਇਦਾਦ ਦੇ ਮਾਮਲੇ ਵਿਚ ਮੰਗਲਵਾਰ ਨੂੰ ਮੁਹਾਲੀ ਅਦਾਲਤ ਵਿਚ ਅਹਿਮ ਸੁਣਵਾਈ ਹੋਈ, ਹਾਲਾਂਕਿ ਕਾਰਵਾਈ ਦੌਰਾਨ ਮਜੀਠੀਆ ਵਿਰੁੱਧ ਦੋਸ਼ ਤੈਅ ਨਹੀਂ ਹੋ ਸਕੇ। ਅਦਾਲਤ ਨੇ ਹੁਣ ਇਸ ਪ੍ਰਕਿਰਿਆ ਲਈ ਅਗਲੇ ਸਾਲ 3 ਜਨਵਰੀ ਦੀ ਤਰੀਕ ਨਿਸ਼ਚਿਤ ਕੀਤੀ ਹੈ। ਜ਼ਿਕਰਯੋਗ ਹੈ ਕਿ ਵਿਜੀਲੈਂਸ ਬਿਊਰੋ ਨੇ 22 ਅਗਸਤ ਨੂੰ ਇਸ ਮਾਮਲੇ ਵਿਚ ਮੁਹਾਲੀ ਅਦਾਲਤ ਵਿਚ ਚਾਲਾਨ ਪੇਸ਼ ਕੀਤਾ ਸੀ। ਜਾਂਚ ਏਜੰਸੀ ਵੱਲੋਂ ਪੇਸ਼ ਕੀਤੀ ਗਈ ਚਾਰਜਸ਼ੀਟ ਇੰਨੀ ਵਿਸ਼ਾਲ ਹੈ ਕਿ ਇਸ ਨੂੰ 4 ਵੱਡੇ ਟਰੰਕਾਂ ਵਿਚ ਲੱਦ ਕੇ ਅਦਾਲਤ ਲਿਆਂਦਾ ਗਿਆ ਸੀ। ਇਸ ਕੇਸ ਵਿਚ ਵਿਜੀਲੈਂਸ ਨੇ 200 ਤੋਂ ਵੱਧ ਗਵਾਹ ਬਣਾਏ ਹਨ ਅਤੇ ਚਾਰਜਸ਼ੀਟ ਕੁੱਲ 40 ਹਜ਼ਾਰ ਤੋਂ ਵੱਧ ਪੰਨਿਆਂ ਦੀ ਹੈ। ਮਜੀਠੀਆ ਨੇ ਇਸ ਮਾਮਲੇ ਵਿਚ ਜ਼ਮਾਨਤ ਲਈ ਹਾਈ ਕੋਰਟ ਤੋਂ ਬਾਅਦ ਹੁਣ ਸੁਪਰੀਮ ਕੋਰਟ ਦਾ ਦਰਵਾਜ਼ਾ ਖੜਕਾਇਆ ਹੈ। ਸੁਪਰੀਮ ਕੋਰਟ ਵਿਚ ਇਸ ਮਾਮਲੇ ਦੀ ਸੁਣਵਾਈ 19 ਜਨਵਰੀ 2026 ਨੂੰ ਹੋਣੀ ਤੈਅ ਹੋਈ ਹੈ। ਦੱਸਣਯੋਗ ਹੈ ਕਿ ਵਿਜੀਲੈਂਸ ਬਿਊਰੋ ਨੇ ਮਜੀਠੀਆ ਨੂੰ 25 ਜੂਨ ਨੂੰ ਅੰਮ੍ਰਿਤਸਰ ਤੋਂ ਗ੍ਰਿਫ਼ਤਾਰ ਕੀਤਾ ਸੀ।



## ਨਗਰ ਕੌਂਸਲ ਦੀ ਕਾਰਗੁਜ਼ਾਰੀ ਤੋਂ ਤੱਤੇ ਹੋਏ ਲੋਕਾਂ ਨੇ ਘੇਰਿਆ ਦਫਤਰ, ਕਿਹਾ- ਅਫ਼ਸਰ ਇੱਥੇ ਆ ਕੇ ਰਾਤ ਗੁਜ਼ਾਰ ਕੇ ਦੇਖਣ

ਜਗਰਾਉਂ : ਨਗਰ ਕੌਂਸਲ ਦਫਤਰ ਜਗਰਾਉਂ 'ਚ ਹੀ ਸ਼ਹਿਰ ਦਾ ਕੂੜਾ ਇਕੱਠਾ ਕਰਕੇ ਸੁੱਟਣ ਕਾਰਨ ਉਠਦੀ ਬਦਬੂ ਤੋਂ ਪਰੇਸ਼ਾਨ ਲੋਕਾਂ ਨੇ ਧਰਨਾ ਦਿੰਦਿਆਂ ਨਗਰ ਕੌਂਸਲ ਦਫਤਰ ਅੱਗੇ ਜ਼ੋਰਦਾਰ ਵਿਰੋਧ ਜਤਾਇਆ। ਧਰਨੇ ਵਿੱਚ ਨਗਰ ਕੌਂਸਲ ਨੇੜੇ ਰਹਿੰਦੇ ਘਰਾਂ ਦੇ ਲੋਕ ਦੁਕਾਨਦਾਰ ਅਤੇ ਹਸਪਤਾਲਾਂ ਦੇ ਡਾਕਟਰ ਅਤੇ ਸਟਾਫ ਵੀ ਮੌਜੂਦ ਰਿਹਾ।

ਇਸ ਮੌਕੇ ਨਗਰ ਕੌਂਸਲ ਦੀ ਕਾਰਗੁਜ਼ਾਰੀ ਤੋਂ ਤੱਤੇ ਹੋਏ ਲੋਕਾਂ ਨੇ ਨਗਰ ਕੌਂਸਲ ਦੇ ਅਫਸਰਾਂ ਨੂੰ ਕੋਸਦਿਆਂ ਕਿਹਾ ਕਿ ਇਹ ਅਫਸਰ ਇੱਥੇ ਆ ਕੇ ਰਾਤ ਗੁਜ਼ਾਰ ਕੇ ਦੇਖਣ ਕਿਸ ਤਰ੍ਹਾਂ ਉਹ ਨਰਕ ਭਰੀ ਜ਼ਿੰਦਗੀ ਜੀਅ ਰਹੇ ਹਨ। ਉਹਨਾਂ ਕਿਹਾ ਕਿ



ਜਗਰਾਉਂ ਪੂਰੀ ਤਰ੍ਹਾਂ ਰੱਬ ਆਸਰੇ ਹੈ। ਇਥੋਂ ਦੇ ਵਿਧਾਇਕਾ, ਐੱਸ.ਡੀ.ਐੱਮ., ਏਡੀਸੀ, ਈਓ ਅਤੇ ਅਫਸਰ ਸ਼ਾਹੀ ਕੁੰਭ ਕਰਨੀ ਨੀਂਦ ਸੁੱਤੀ ਪਈ ਹੈ।

# ਟਾਂਡਾ 'ਚ ਦਿਨ-ਦਿਹਾੜੇ ਹੋਇਆ ਗੁੰਡਾ ਗਰਦੀ ਦਾ ਨਾਚ ਕਲੋਏ ਨੇੜੇ ਵਿਅਕਤੀ ਨੂੰ ਸ਼ਰੇਆਮ ਗੋਲੀਆਂ ਨਾਲ ਭੁੰਨ੍ਹਿਆ

ਟਾਂਡਾ ਉੜਮੁੜ, (ਰਵਿੰਦਰ ਸਿੰਘ ਟਾਂਡਾ) : ਜ਼ਿਲ੍ਹਾ ਹੁਸ਼ਿਆਰਪੁਰ ਦੇ ਪਿੰਡ ਕਲੋਏ ਨੇੜੇ ਵਿਚ ਵੱਡੀ ਵਾਰਦਾਤ ਹੋਣ ਦੀ ਖ਼ਬਰ ਸਾਹਮਣੇ ਆਈ ਹੈ। ਕੱਲ ਸ਼ਾਮ ਇਕ ਵਿਅਕਤੀ ਦਾ ਸ਼ਰੇਆਮ ਗੋਲ ੀਆਂ ਮਾਰ ਕੇ ਕਤਲ ਕਰ ਦਿੱਤਾ ਗਿਆ। ਮ੍ਰਿਤਕ ਦੀ ਪਛਾਣ ਬਲਜੀਤ ਸਿੰਘ ਵਾਸੀ ਪਿੰਡ ਕੰਧਾਂਲਾ ਵਜੋਂ ਹੋਈ ਹੈ। ਜ਼ਖ਼ਮੀ ਹਾਲਤ ਵਿਚ ਬਲਜੀਤ ਸਿੰਘ ਨੂੰ ਟਾਂਡਾ ਦੇ ਵੇਵਸ ਹਸਪਤਾਲ ਵਿੱਚ ਲਿਆਂਦਾ ਗਿਆ ਪਰ ਜ਼ਖ਼ਮਾਂ ਦੀ ਤਾਬ ਨਾਲ ਝਲਦਿਆਂ ਉਸ ਨੇ ਦਮ ਤੋੜ ਦਿੱਤਾ ਸੀ। ਇਸ ਤੋਂ ਪਹਿਲਾਂ ਕੁੱਝ ਕ ਦਿਨ ਪਹਿਲਾ ਮਾਈ ਕੰਗ ਪਿੰਡ ਦਾ ਨੌਜਵਾਨ ਵੀ ਜਿੰਮ ਨੂੰ ਜਾਂਦਾ ਹੋਇਆ ਗੋਲੀਆਂ ਨਾਲ ਮਾਰ ਦਿੱਤਾ ਸੀ ਉਹ ਵੀ ਹਮਲਾਵਰ ਫਰਾਰ ਹੋ ਗਏ ਸਨ ਇਹ ਜ਼ਿਲ੍ਹੇ ਵਿਚ ਦੂਜੀ ਘਟਨਾ ਸਾਹਮਣੇ ਆਈ ਹੈ ਜਿਸ ਤੋਂ ਪਤਾ ਲਗਦਾ ਹੈ ਕੀ ਹਮਲਾਵਰ ਬੇਖੌਫ ਵਾਰਦਾਤਾਂ ਨੂੰ ਅੰਜਾਮ ਦੇ ਰਹੇ ਹਨ।



ਮਿਲੀ ਜਾਣਕਾਰੀ ਮੁਤਾਬਕ ਬਾਈਕ ਸਵਾਰ ਦੋ ਹਮਲਾਵਰਾਂ ਵੱਲੋਂ ਵਾਰਦਾਤ ਨੂੰ ਅੰਜਾਮ ਦਿੱਤਾ ਗਿਆ ਹੈ। ਵਾਰਦਾਤ ਦੀ ਸੂਚਨਾ ਪਾ ਕੇ ਮੌਕੇ ਉਤੇ ਪਹੁੰਚੀ ਪੁਲਸ ਨੇ ਲਾਸ਼ ਨੂੰ ਕਬਜ਼ੇ ਵਿਚ ਲੈ ਕੇ ਅਗਲੇਰੀ ਜਾਂਚ ਸ਼ੁਰੂ ਕਰ ਦਿੱਤੀ ਹੈ। ਫਿਲਹਾਲ ਕਤਲ ਦੇ ਕਾਰਨਾਂ ਬਾਰੇ ਪਤਾ ਨਹੀਂ ਲੱਗ ਸਕਿਆ ਹੈ।

# ਦੂਜੇ ਵਿਸ਼ਵ ਯੁੱਧ ਦੇ 81ਵੇਂ ਸ਼ਹੀਦੀ ਦਿਹਾੜੇ ਮੌਕੇ ਸ਼ਰਧਾਂਜਲੀ ਸਮਾਗਮ



ਬਰੇਸ਼ੀਆ (ਇਟਲੀ) : ਇਟਲੀ ਦੇ ਸ਼ਹਿਰ ਫਾਈਸਾ ਵਿਖੇ ਵਰਲਡ ਸਿੱਖ ਸ਼ਹੀਦ ਮਿਲਟਰੀ ਯਾਦਗਾਰ ਕਮੇਟੀ, ਇਟਲੀ ਤੇ ਕਮੂਨੇ ਦੀ ਫਾਈਸਾ ਵਲੋਂ ਮਿਲ ਕੇ ਦੂਜੀ ਸੰਸਾਰ ਜੰਗ ਵਿਚ ਸ਼ਹੀਦ ਸਿੱਖ ਅਤੇ ਇਟਾਲੀਅਨ ਫੌਜੀਆਂ ਦਾ 81ਵਾਂ ਸ਼ਹੀਦੀ ਦਿਵਸ ਅਤੇ ਸ਼ਹਿਰ ਦਾ ਆਜਾਦੀ ਦਿਵਸ ਮਨਾਇਆ ਗਿਆ। ਇਸ ਸਮਾਗਮ ਦੀ ਸ਼ੁਰੂਆਤ ਵੇਲੇ ਚਰਚ ਵਿਚ ਜਾ ਕੇ ਇਟਾਲੀਅਨ ਲੋਕਾਂ ਨੇ ਆਪਣੇ ਪਾਦਰੀ ਤੋਂ ਪ੍ਰਾਰਥਨਾ ਕਰਵਾਈ, ਉਪਰੰਤ ਸਿੱਖ ਭਾਈਚਾਰੇ ਵਲੋਂ ਆਪਣੀ ਮਰਿਆਦਾ ਅਨੁਸਾਰ ਅਰਦਾਸ ਕੀਤੀ ਗਈ । ਇਸ ਸ਼ਹਿਰ ਵਿਚ ਵਰਲਡ ਸਿੱਖ ਸ਼ਹੀਦ ਕਮੇਟੀ (ਰਜਿ.) ਇਟਲੀ ਨੇ ਜੋ ਸ਼ਹੀਦਾਂ ਦੀ ਯਾਦ 'ਚ ਯਾਦਗਾਰ ਬਣਾਈ ਹੈ, ਉਥੇ ਸ਼ਹੀਦਾਂ ਨੂੰ ਸ਼ਹਿਰ ਦੇ ਮੇਅਰ ਮਾਸੀਮੋ ਲਾਸੋਲਾ ਤੇ ਕਮੇਟੀ ਦੇ ਪ੍ਰਧਾਨ ਪ੍ਰਿਥੀਪਾਲ ਸਿੰਘ ਨੇ ਸ਼ਰਧਾਂਜਲੀ ਭੇਟ ਕੀਤੀ। ਇਸ ਸਮਾਗਮ ਵਿਚ ਇਟਲੀ ਦੀ ਮਿਲਟਰੀ ਨੇ ਵੀ ਪਰੇਡ ਕਰਕੇ ਸ਼ਹੀਦਾਂ ਨੂੰ ਸਰਧਾਂਜਲੀ ਭੇਟ ਕੀਤੀ । ਇਸ ਮੌਕੇ ਫਾਈਸਾ ਸ਼ਹਿਰ ਦੇ ਮੇਅਰ ਨੇ ਦੱਸਿਆ ਕਿ ਇਸ ਸ਼ਹਿਰ ਵਿਚ 5 ਸਿੱਖ ਫੌਜੀਆਂ ਦੇ ਸ਼ਹੀਦ ਹੋਣ ਦੀ ਜਾਣਕਾਰੀ ਹੈ । ਉਨ੍ਹਾਂ ਦੱਸਿਆ ਕਿ ਸ਼ਹਿਰ ਦੇ ਲੋਕਾਂ ਨੇ ਆਜਾਦ ਹੋਣ ਤੋਂ ਬਾਅਦ ਸਰਦਾਰ ਮੋਹਣ ਸਿੰਘ, ਜੋਕਿ ਫੌਜ ਦੇ ਕਮਾਂਡਰ ਸਨ ਨੂੰ ਗੋਲਡ ਮੈਡਲ ਨਾਲ ਸਨਮਾਨਿਤ ਕੀਤਾ ਗਿਆ ਸੀ। ਅਖੀਰ ਵਿਚ ਸ਼ਹਿਰ ਦੇ ਮੇਅਰ ਮਾਸੀਮੋ ਲਾਸੋਲਾ ਨੇ ਸਿੱਖਾਂ ਦੀ ਸਰਾਹਨਾ ਕਰਦਿਆਂ ਕਿਹਾ ਸਿਖ ਕੌਮ ਬਹੁਤ ਇਮਾਨਦਾਰ ਅਤੇ ਮਿਹਨਤੀ ਕੌਮ ਹੈ। ਇਸ ਸ਼ਰਧਾਂਜਲੀ ਸਮਾਗਮ ਵਿਚ ਸ਼ਾਮਲ ਹੋਣ ਵਾਲੇ ਪ੍ਰਮੁੱਖ ਸਿੱਖ ਆਗੂਆਂ ਵਿਚ ਪ੍ਰਿਥੀਪਾਲ ਸਿੰਘ, ਮਨਜਿੰਦਰ ਸਿੰਘ, ਇਕਬਾਲ ਸਿੰਘ, ਗੁਰਮੇਲ ਸਿੰਘ ਭੱਟੀ ਤੇ ਹਰਜੀਤ ਸਿੰਘ ਦੇ ਨਾਮ ਪ੍ਰਮੁੱਖ ਹਨ।

### ਜੱਗੀ ਜੌਹਲ ਦੀ ਗ੍ਰਿਫ਼ਤਾਰੀ ਦਾ ਮਾਮਲਾ

# ਐਮ.ਪੀ. ਪ੍ਰੀਤ ਕੌਰ ਗਿੱਲ ਨੇ ਬਰਤਾਨਵੀ ਵਿਦੇਸ਼ ਮੰਤਰੀ ਨੂੰ ਲਿਖਿਆ ਪੱਤਰ

ਲੰਡਨ : ਬਰਤਾਨੀਆਂ ਦੀ ਪਹਿਲੀ ਮਹਿਲਾ ਸਿੱਖ ਸੰਸਦ ਮੈਂਬਰ ਪ੍ਰੀਤ ਕੌਰ ਗਿੱਲ ਨੇ ਬਰਤਾਨੀਆ ਦੀ ਵਿਦੇਸ਼ ਮੰਤਰੀ ਯੂਵਟ ਕੂਪਰ ਨੂੰ ਭਾਰਤ ਵਿਚ ਗ੍ਰਿਫ਼ਤਾਰ ਬਰਤਾਨਵੀ ਨਾਗਰਿਕ ਜਗਤਾਰ ਸਿੰਘ ਜੱਗੀ ਜੌਹਲ ਦੀ ਰਿਹਾਈ ਦੀ ਮੰਗ ਕਰ ਰਹੇ ਬਰਤਾਨਵੀ ਸਿੱਖਾਂ ਵੱਲੋਂ ਪੱਤਰ ਲਿਖਿਆ ਹੈ। ਉਨ੍ਹਾਂ ਕਿਹਾ ਕਿ ਜੱਗੀ ਜੌਹਲ ਦੀ ਗ੍ਰਿਫ਼ਤਾਰੀ ਬਾਰੇ ਚਿੰਤਾਵਾਂ ਉਠਾਉਣ ਵਾਲੇ ਲੋਕ ਉਸ ਦੇ ਕੇਸ ਵਿਚ ਹਾਲੀਆ ਅਤੇ ਮਹੱਤਵਪੂਰਨ ਘਟਨਾਵਾਂ ਤੋਂ ਬਾਅਦ ਸਰਕਾਰ ਦੀ ਪਹੁੰਚ ਬਾਰੇ ਸਪੱਸ਼ਟਤਾ ਦੀ ਮੰਗ ਕਰ ਰਹੇ ਹਨ। ਉਨ੍ਹਾਂ ਲਿਖਿਆ ਕਿ 4 ਮਾਰਚ ਨੂੰ ਜੱਗੀ ਜੌਹਲ ਨੂੰ ਇਕ ਕੇਸ ਵਿਚੋਂ ਬਰੀ ਕਰ ਦਿੱਤਾ ਗਿਆ ਸੀ, ਕਿਉਂਕਿ ਉਸ ਦੇ ਵਿਰੁੱਧ ਕੋਈ ਭਰੋਸੇਯੋਗ ਸਬੂਤ ਨਹੀਂ ਮਿਲਿਆ ਅਤੇ ਉਹੀ ਇਕ ਦੋਸ਼ ਬਾਕੀ ਮਾਮਲਿਆਂ ਨੂੰ ਆਧਾਰ ਬਣਾਉਂਦਾ ਸੀ। ਇਸ



ਐਮ ਪੀ ਪ੍ਰੀਤ ਕੌਰ ਗਿੱਲ



ਜਗਤਾਰ ਸਿੰਘ ਜੱਗੀ ਜੌਹਲ

ਮੌਕੇ ਜੱਗੀ ਜੌਹਲ ਨੂੰ ਜ਼ਮਾਨਤ ਦਿੱਤੀ ਜਾ ਸਕਦੀ ਸੀ। ਪੱਤਰ 'ਚ ਪ੍ਰਧਾਨ ਮੰਤਰੀ ਕੀਰ ਸਟਾਰਮਰ ਵੱਲੋਂ ਜਨਤਕ ਤੌਰ 'ਤੇ ਜੱਗੀ ਜੌਹਲ ਦੀ ਰਿਹਾਈ ਦੀ ਕੀਤੀ ਗਈ ਮੰਗ ਦਾ ਜ਼ਿਕਰ ਕਰਦਿਆਂ ਪੁੱਛਿਆ ਕਿ ਕੀ ਸਰਕਾਰ ਦੀ ਇਸ ਬਾਰੇ ਸਥਿਤੀ ਬਦਲ ਤਾਂ ਨਹੀਂ ਗਈ। ਹੁਣ ਵੇਖਣਾ ਇਹ ਹੋਵੇਗਾ ਕਿ ਜੱਗੀ ਜੌਹਲ ਬਾਰੇ ਸਰਕਾਰ ਕੀ ਕਰਦੀ ਹੈ।



ਮੈਡੀਕਲ ਇਤਿਹਾਸ ਵਿੱਚ ਵਿਗਿਆਨੀਆਂ ਨੇ ਖੋਜਿਆ ਇਨਸਾਨ ਦੇ ਮਰਨ ਸਮੇਂ ਦਾ ਸੱਚ : ਮਰਨ ਤੋਂ ਕੁਝ ਚਿਰ ਪਹਿਲਾ ਅੱਖਾਂ ਸਾਹਮਣੇ ਘੁੰਮਦੀ ਹੈ ਜ਼ਿੰਦਗੀ। 'ਜਾਂਦੇ ਸਮੇਂ ਇਨਸਾਨੀ ਦਿਮਾਗ ਸਭ ਤੋਂ ਪਿਆਰੀਆਂ ਯਾਦਾਂ ਨੂੰ ਦੁਹਰਾਉਂਦਾ ਹੈ।' ਅੰਤਿਮ ਪਲ ਸਮੇਂ ਦਿਮਾਗ ਪੂਰੀ ਜ਼ਿੰਦਗੀ ਨੂੰ ਸੁਪਨੇ ਵਾਂਗ 'ਰੀ-ਪਲੇਅ' (Replay) ਕਰਦਾ ਹੈ। ਮੌਤ ਤੋਂ 30 ਸੈਕਿੰਡ ਪਹਿਲਾਂ : ਦਿਮਾਗ ਦੀ ਉਹ ਅੰਤਿਮ ਹਲਚਲ ਜੋ ਅੱਜ ਤੱਕ ਦੁਨੀਆ ਨੇ ਨਹੀਂ ਸੀ ਦੇਖੀ। ਡਾਕਟਰਾਂ ਨੇ ਪਹਿਲੀ ਵਾਰ ਕੀਤੀ ਰਿਕਾਰਡ।

# ਸਾਹਿਬਜ਼ਾਦਿਆਂ ਦੀ ਲਾਸਾਨੀ ਸ਼ਹਾਦਤ ਨੂੰ ਸਮਰਪਿਤ ਭਾਈ ਰਵਿੰਦਰ ਸਿੰਘ ਯੂ.ਕੇ (ਲੀਡਜ਼) ਵਾਲਿਆਂ ਵਲੋਂ ਗਾਇਨ ਕੀਤਾ ਗਿਆ ਧਾਰਮਿਕ ਟਰੈਕ 'ਦਾਦੀ ਕਹਿੰਦੀ ਲਾਲਾਂ ਨੂੰ' ਕੀਤਾ ਰਿਲੀਜ਼

ਟਾਂਡਾ ਉੜਮੁੜ, (ਰਵਿੰਦਰ ਸਿੰਘ ਟਾਂਡਾ) : ਮਿਊਜ਼ਿਕ ਬੈਨਰ ਨੰਗਲ ਈਸ਼ਰ ਵਲੋਂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਸਤਿਕਾਰਯੋਗ ਮਾਤਾ ਗੁਜਰ ਕੌਰ ਜੀ, ਚਾਰੇ ਸਾਹਿਬਜ਼ਾਦੇ ਅਤੇ ਸਮੂਹ ਸ਼ਹੀਦਾਂ ਦੀ ਲਾਸਾਨੀ ਸ਼ਹਾਦਤ ਨੂੰ ਸਮਰਪਿਤ ਭਾਈ ਰਵਿੰਦਰ ਸਿੰਘ ਯੂ.ਕੇ (ਲੀਡਜ਼) ਵਾਲਿਆਂ ਵਲੋਂ ਗਾਇਨ ਕੀਤਾ ਗਿਆ ਧਾਰਮਿਕ ਟਰੈਕ 'ਦਾਦੀ ਕਹਿੰਦੀ ਲਾਲਾਂ ਨੂੰ' ਗੁਰਦੁਆਰਾ ਸਿੰਘ ਸਭਾ ਦੱਖਣ ਪੱਟੀ ਪਿੰਡ ਨੰਗਲ ਈਸ਼ਰ ਵਿਖੇ ਸਫ਼ਰ-ਏ-ਸ਼ਹਾਦਤ ਨੂੰ ਸਮਰਪਿਤ ਕਰਵਾਏ ਗਏ ਗੁਰਮਤਿ ਸਮਾਗਮ ਦੌਰਾਨ ਗਿਆਨੀ ਹਰਜੀਤ ਸਿੰਘ ਸੋਹਲਪੁਰ ਢਾਡੀ ਜਥਾ. ਭਾਈ ਸੁਖਵੀਰ ਸਿੰਘ ਗੜ੍ਹਦੀਵਾਲਾ, ਸਮੂਹ ਗੁਰਦੁਆਰਾ ਪ੍ਰਬੰਧਕ ਕਮੇਟੀਆਂ ਅਤੇ ਮਿਊਜ਼ਿਕ ਕੰਪਨੀ ਨੰਗਲ ਈਸ਼ਰ ਦੀ ਸਮੁੱਚੀ ਟੀਮ ਵਲੋਂ ਰਿਲੀਜ਼ ਕੀਤਾ ਗਿਆ। ਇਸ ਸਮੇਂ ਜਾਣਕਾਰੀ ਦਿੰਦਿਆਂ ਹਰਵਿੰਦਰ ਸਿੰਘ ਨੰਗਲ ਈਸ਼ਰ ਨੇ ਦੱਸਿਆ ਕਿ ਇਸ ਸ਼ਬਦ ਦੀ ਆਡੀਓ ਵਿਸ਼ਵ ਪੱਧਰ ਦੇ ਸਾਰੇ ਹੀ ਆਡੀਓ ਸਾਈਟ 'ਤੇ ਅਤੇ ਵੀਡੀਓ ਯੂਟਿਊਬ ਚੈਨਲ 'ਨੰਗਲ ਈਸ਼ਰ' ਤੇ ਰਿਲੀਜ਼ ਕੀਤਾ ਗਿਆ ਹੈ। ਉਨ੍ਹਾਂ ਦੱਸਿਆ ਕਿ ਮਿਊਜ਼ਿਕ ਬੈਨਰ ਨੰਗਲ ਈਸ਼ਰ ਵਲੋਂ ਭਾਈ ਰਵਿੰਦਰ ਸਿੰਘ ਯੂ.ਕੇ ਲੀਡਜ਼




ਵਾਲਿਆਂ ਵਲੋਂ ਗਾਇਨ ਇਸ ਧਾਰਮਿਕ ਟਰੈਕ 'ਦਾਦੀ ਕਹਿੰਦੀ ਲਾਲਾਂ ਨੂੰ' ਦੇ ਲੇਖਕ ਅਤੇ ਪੇਸ਼ ਕਰਤਾ ਜਸਪਾਲ ਸਿੰਘ ਪ੍ਰੀਤ ਨੰਗਲ ਹਨ, ਇਸ ਦੇ ਪ੍ਰੋਡਿਊਸਰ ਸ਼੍ਰੀਮਤੀ ਰਾਜਵਿੰਦਰ ਕੌਰ ਨੀਰੂ ਹਨ, ਇਸ ਦਾ ਸੰਗੀਤ ਅਮਰ (ਦਾ ਮਿਊਜ਼ਿਕ ਮਿਰਰ) ਅਤੇ ਵੀਡੀਓ ਮਨਦੀਪ ਕੇ.ਬੀ. ਵਲੋਂ ਤਿਆਰ ਕੀਤੀ ਗਈ ਹੈ ਅਤੇ ਇਸ ਦੇ ਪ੍ਰੋਜੈਕਟ ਮੈਨੇਜਰ ਸ਼੍ਰੀ ਨਰੇਸ਼ ਐੱਸ. ਗਰਗ ਹਨ। ਸਮਾਗਮ ਦੌਰਾਨ ਸਮੂਹ ਸੰਗਤਾਂ ਵਲੋਂ ਸ੍ਰੀ ਰਹਿਰਾਸ ਸਾਹਿਬ ਦੇ ਪਾਠ ਉਪਰੰਤ ਭਾਈ ਸੁਖਵੀਰ ਸਿੰਘ ਗੜ੍ਹਦੀਵਾਲਾ, ਗਿਆਨੀ ਹਰਜੀਤ ਸਿੰਘ ਸੋਹਲਪੁਰ ਢਾਡੀ ਜਥਾ, ਬੀਬੀ ਯਾਦਵਿੰਦਰ ਕੌਰ, ਬੀਬੀ ਸੁਖਮਨਪ੍ਰੀਤ ਕੌਰ, ਭਾਈ ਹਰਵਿੰਦਰ ਸਿੰਘ ਨੰਗਲ ਈਸ਼ਰ ਵਲੋਂ ਕਥਾ-ਕੀਰਤਨ ਰਾਹੀਂ ਸੰਗਤਾਂ ਨੂੰ ਗੁਰੂ ਚਰਨਾਂ ਨਾਲ ਜੋੜਿਆ ਗਿਆ। ਇਸ ਮੌਕੇ ਸਮੂਹ ਨਗਰ ਨਿਵਾਸੀ ਸੰਗਤਾਂ ਅਤੇ ਸਮੂਹ ਨੌਜਵਾਨ ਹਾਜ਼ਰ ਸਨ। ਸਮਾਗਮ ਦੀ ਸਮਾਪਤੀ ਉਪਰੰਤ ਗੁਰੂ ਕਾ ਲੰਗਰ ਅਤੁੱਟ ਵਰਤਾਇਆ ਗਿਆ।

# ਕੇਂਦਰੀ ਜੇਲ੍ਹ, ਲੀਗਲ ਏਡ ਕਲੀਨਿਕਾਂ ਅਤੇ ਸਕੂਲਾਂ 'ਚ ਕਰਵਾਏ ਜਾਗਰੂਕਤਾ ਸਮਾਗਮ

## ਪੈਨਲ ਐਡਵੋਕੇਟਾਂ ਵੱਲੋਂ ਨਸ਼ਿਆਂ, ਬਾਲ ਵਿਆਹ ਅਤੇ ਐਚ. ਆਈ. ਵੀ ਖ਼ਿਲਾਫ਼ ਕੀਤਾ ਗਿਆ ਜਾਗਰੂਕ





ਹੁਸ਼ਿਆਰਪੁਰ, (ਰਵਿੰਦਰ ਸਿੰਘ ਟਾਂਡਾ) : ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਹੁਸ਼ਿਆਰਪੁਰ ਵੱਲੋਂ ਪੰਜਾਬ ਰਾਜ ਕਾਨੂੰਨੀ ਸੇਵਾਵਾਂ ਅਥਾਰਟੀ ਐਸ.ਏ.ਐਸ ਨਗਰ ਦੇ ਦਿਸ਼ਾ-ਨਿਰਦੇਸ਼ਾਂ ਅਤੇ ਜ਼ਿਲ੍ਹਾ ਤੇ ਸੈਸ਼ਨ ਜੱਜ ਹੁਸ਼ਿਆਰਪੁਰ ਰਜਿੰਦਰ ਅਗਰਵਾਲ ਦੇ ਹੁਕਮਾਂ ਦੀ ਪਾਲਣਾ ਕਰਦੇ ਹੋਏ ਸਕੱਤਰ, ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ, ਹੁਸ਼ਿਆਰਪੁਰ ਨੀਰਜ ਗੋਇਲ ਦੀ ਅਗਵਾਈ ਹੇਠ ਜ਼ਿਲ੍ਹਾ ਹੁਸ਼ਿਆਰਪੁਰ ਅਤੇ ਸਬ-ਡਵੀਜ਼ਨਾਂ ਦੇ ਵੱਖ-ਵੱਖ ਪਿੰਡਾਂ ਵਿੱਚ ਜਾਗਰੂਕਤਾ ਮੁਹਿੰਮ ਚਲਾਈ ਜਾ ਰਹੀ ਹੈ।

ਇਸੇ ਤਹਿਤ ਅੱਜ ਸਰਕਾਰੀ ਹਾਈ ਸਕੂਲ ਕਮਾਲਪੁਰ, ਲੀਗਲ ਏਡ ਕਲੀਨਿਕ/ਸਾਂਝ ਕੇਂਦਰ ਮਾਡਲ ਟਾਊਨ ਹੁਸ਼ਿਆਰਪੁਰ, ਗੁਰੂ ਰਾਮਦਾਸ ਜੀ ਨਰਸਿੰਗ ਕਾਲਜ ਹੁਸ਼ਿਆਰਪੁਰ, ਸਰਕਾਰੀ ਹਾਈ ਸਕੂਲ ਮੁਰਾਦਪੁਰ ਗੁਰੂ ਕਾ, ਲੀਗਲ ਏਡ ਕਲੀਨਿਕ ਗੜ੍ਹਸ਼ੰਕਰ, ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਜੰਡੋਲੀ, ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਮੈਗੂੰਵਾਲ ਦੁਆਬਾ, ਸਰਕਾਰੀ ਸੀਨਿਅਰ ਸੈਕੰਡਰੀ ਸਕੂਲ ਵੈਬਲ ਮੰਝ ਅਤੇ ਕੇਂਦਰੀ ਜੇਲ੍ਹ ਹੁਸ਼ਿਆਰਪੁਰ ਵਿਖੇ ਜਾਗਰੂਕਤਾ ਪ੍ਰੋਗਰਾਮਾਂ ਦਾ ਆਯੋਜਨ ਕੀਤਾ ਗਿਆ। ਇਸ ਮੌਕੇ ਪੈਨਲ ਐਡਵੋਕੇਟਾਂ ਵੱਲੋਂ 'ਬਾਲ ਵਿਵਾਹ ਮੁਕਤ ਭਾਰਤ' ਮੁਹਿੰਮ ਸਬੰਧੀ ਵਿਦਿਆਰਥੀਆਂ ਨੂੰ ਕਾਨੂੰਨੀ ਹੱਕਾਂ ਬਾਰੇ ਜਾਣਕਾਰੀ ਦਿੰਦੇ ਹੋਏ ਦੱਸਿਆ ਗਿਆ ਕਿ ਲੜਕੀ ਦੀ ਵਿਆਹ ਦੀ ਉਮਰ 18 ਸਾਲ ਤੋਂ ਘੱਟ ਨਾ ਹੋਵੇ ਅਤੇ ਲੜਕੇ ਦੀ ਉਮਰ 21 ਸਾਲ ਤੋਂ ਘੱਟ ਨਹੀ ਹੋਣੀ ਚਾਹੀਦੀ। ਇਸ ਦੇ ਨਾਲ ਹੀ ਨਾਲਸਾ ਦੀ ਵਾਤਾਵਰਨ ਕਾਨੂੰਨੀ ਸਾਖ਼ਰਤਾ ਅਤੇ ਭਾਈਚਾਰਕ ਸੁਰੱਖਿਆ ਪਹਿਲਕਦਮੀ, ਜਿਸ ਦਾ ਸਿਰਲੇਖ 'ਅੱਜ ਦੀ ਰੱਖਿਆ ਕਰੋ, ਕੱਲ੍ਹ ਨੂੰ ਸੁਰੱਖਿਅਤ ਕਰੋ', ਬਾਰੇ ਦੱਸਦੇ ਹੋਏ ਲੋਕਾਂ ਨੂੰ ਜਾਣਕਾਰੀ ਦਿੱਤੀ ਕਿ ਪਿੰਡਾਂ ਵਿੱਚ ਪਰਾਲੀ ਨੂੰ ਨਾ ਸਾੜਿਆ ਜਾਵੇ ਨਾ ਹੀ ਪਲਾਸਟਿਕ ਨੂੰ ਅੱਗ ਲਗਾਈ ਜਾਵੇ, ਕਿਉਂਕਿ ਇਸ ਦੇ ਧੂੰਏਂ ਤੋਂ ਪ੍ਰਦੂਸ਼ਨ ਹਵਾ ਵਿੱਚ ਫ਼ੈਲਦਾ ਹੈ, ਜਿਸ ਨਾਲ ਕਈ ਬਿਮਾਰੀਆਂ ਲਗਦੀਆਂ ਹਨ। ਇਸ ਤੋ ਇਲਾਵਾ 'ਮਨੁੱਖੀ ਰੋਗ-ਪ੍ਰਤੀਰੋਧੀ ਪ੍ਰਣਾਲੀ ਦਾ ਰੋਗ' (ਐਚ. ਆਈ. ਵੀ ਏਡਸ) ਮੁਹਿੰਮ ਬਾਰੇ ਜਾਣਕਾਰੀ ਦਿੱਤੀ ਗਈ।

ਇਸ ਤੋਂ ਇਲਾਵਾ ਨਾਲਸਾ (ਡਰੱਗ ਜਾਗਰੂਕਤਾ ਅਤੇ ਤੰਦਰੁਸਤੀ ਨੈਵੀਗੇਸ਼ਨ— ਡਰੱਗ ਮੁਕਤ ਭਾਰਤ ਲਈ), ਯੋਜਨਾ 2025 ਅਤੇ ਸਿਹਤ, ਪਰਿਵਾਰਕ ਅਤੇ ਸਮਾਜਿਕ ਜੀਵਨ 'ਤੇ ਨਸ਼ਿਆਂ ਦਾ ਪ੍ਰਭਾਵ ਅਤੇ ਐਨ.ਡੀ.ਪੀ.ਐਸ. ਐਕਟ ਦੇ ਕਾਨੂੰਨੀ ਉਪਬੰਦਾ ਬਾਰੇ ਜਾਣਕਾਰੀ ਦਿੱਤੀ ਗਈ। ਅੰਤ ਵਿੱਚ ਜਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ, ਹੁਸ਼ਿਆਰਪੁਰ ਵਿੱਚ ਕੰਮ ਕਰ ਰਹੇ ਪੈਰਾ ਲੀਗਲ ਵਲੰਟੀਅਰਾਂ ਵੱਲੋ ਪ੍ਰਚਾਰ ਸਮੱਗਰੀ ਵੰਡੀ ਗਈ।

# ਸ੍ਰੀ ਚਮਕੌਰ ਸਾਹਿਬ ਦੇ ਸ਼ਹੀਦੀ ਜੋੜ ਮੇਲ ਦੌਰਾਨ ਨਗਰ ਕੀਰਤਨ ਸਜਾਇਆ











ਸ੍ਰੀ ਚਮਕੌਰ ਸਾਹਿਬ : ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਵੱਡੇ ਸਾਹਿਬਜ਼ਾਦਿਆਂ ਬਾਬਾ ਅਜੀਤ ਸਿੰਘ ਤੇ ਬਾਬਾ ਜੁਝਾਰ ਸਿੰਘ ਅਤੇ ਚਮਕੌਰ ਦੀ ਜੰਗ ਦੇ ਸ਼ਹੀਦਾਂ ਨੂੰ ਸਮਰਪਿਤ ਤਿੰਨ ਦਿਨਾ ਸ਼ਹੀਦੀ ਸਮਾਗਮ ਦੇ ਆਖ਼ਰੀ ਦਿਨ ਵੱਡੀ ਗਿਣਤੀ ’ਚ ਸੰਗਤ ਨੇ ਇਥੋਂ ਦੇ ਗੁਰਦੁਆਰਾ ਸਾਹਿਬਾਨ ’ਚ ਨਤਮਸਤਕ ਹੁੰਦਿਆਂ ਕੌਮ ਦੇ ਮਹਾਨ ਸ਼ਹੀਦਾਂ ਨੂੰ ਸ਼ਰਧਾ ਦੇ ਫੁੱਲ ਭੇਟ ਕੀਤੇ। ਅੰਤਲੇ ਦਿਨ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵਲੋਂ ਗੁਰਦੁਆਰਾ ਸ੍ਰੀ ਗੜ੍ਹੀ ਸਾਹਿਬ ਵਿਖੇ ਪਾਠ ਦੇ ਭੋਗ ਤੋਂ ਬਾਅਦ ਨਗਰ ਕੀਰਤਨ ਸਜਾਇਆ ਗਿਆ। ਨਗਰ ਕੀਰਤਨ ਦੀ ਆਰੰਭਤਾ ਦੀ ਅਰਦਾਸ ਸਿੰਘ ਸਾਹਿਬ ਗਿਆਨੀ ਕੁਲਦੀਪ ਸਿੰਘ ਗੜਗੱਜ ਕਾਰਜਕਾਰੀ ਜਥੇਦਾਰ ਸ੍ਰੀ ਅਕਾਲ ਤਖ਼ਤ ਸਾਹਿਬ ਵਲੋਂ ਕੀਤੀ ਗਈ। ਇਸ ਮੌਕੇ ਸਿੰਘ ਸਾਹਿਬ ਗਿਆਨੀ ਟੇਕ ਸਿੰਘ ਜਥੇਦਾਰ ਤਖ਼ਤ ਸ੍ਰੀ ਦਮਦਮਾ ਸਾਹਿਬ ਤਲਵੰਡੀ ਸਾਬੋ, ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ, ਸ਼੍ਰੋਮਣੀ ਕਮੇਟੀ ਮੈਂਬਰ ਜਥੇਦਾਰ ਪਰਮਜੀਤ ਸਿੰਘ ਲੱਖੇਵਾਲ ਤੇ ਜਥੇਦਾਰ ਅਜਮੇਰ ਸਿੰਘ ਖੇੜਾ ਵੀ ਮੌਜੂਦ ਸਨ। ਗਤਕਾ ਪਾਰਟੀਆਂ ਜੰਗਜੂ ਪ੍ਰਦਰਸ਼ਨ ਕਰਕੇ ਨਗਰ ਕੀਰਤਨ ਦੀ ਸ਼ੋਭਾ ਵਧਾ ਰਹੀਆਂ ਸਨ। ਉਨ੍ਹਾਂ ਪਿੱਛੇ ਅਕਾਲ ਅਕੈਡਮੀ ਕਮਾਲਪੁਰ ਅਤੇ ਅਕਾਲ ਅਕੈਡਮੀ ਬੜੂ ਸਾਹਿਬ ਦੇ ਵਿਦਿਆਰਥੀ ਅਤੇ ਕੀਰਤਨ ਕਰਦੀਆਂ ਸ਼ਬਦ ਚੌਂਕੀਆਂ ਸੇਵਕ ਜਥਾ ਗੁਰਦੁਆਰਾ ਸ੍ਰੀ ਦੂਖ ਨਿਵਾਰਨ ਸਾਹਿਬ ਪਟਿਆਲਾ ਅਤੇ ਸ੍ਰੀ ਫਤਹਿਗੜ੍ਹ ਸਾਹਿਬ, ਸੁਖਮਨੀ ਸਾਹਿਬ ਸੇਵਾ ਸੁਸਾਇਟੀ ਸ੍ਰੀ ਚਮਕੌਰ ਸਾਹਿਬ, ਸ੍ਰੀ ਫਤਹਿਗੜ੍ਹ ਸਾਹਿਬ, ਬਸੀ ਪਠਾਣਾ, ਪਟਿਆਲਾ ਦੀਆਂ ਸੰਗਤਾਂ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਸੁਸ਼ੋਭਿਤ ਸੁੰਦਰ ਪਾਲਕੀ ਅਲੌਕਿਕ ਨਜ਼ਾਰਾ ਪੇਸ਼ ਕਰ ਰਹੇ ਸਨ। ਨਗਰ ਕੀਰਤਨ ਗੁਰਦੁਆਰਾ ਸ੍ਰੀ ਗੜ੍ਹੀ ਸਾਹਿਬ ਤੋਂ ਆਰੰਭ ਹੋ ਕੇ ਗੁਰਦੁਆਰਾ ਸ਼ਹੀਦੀ ਬੁਰਜ ਭਾਈ ਜੈਤਾ ਜੀ, ਗੁਰਦੁਆਰਾ ਸ੍ਰੀ ਦਮਦਮਾ ਸਾਹਿਬ, ਗੁਰਦੁਆਰਾ ਸ੍ਰੀ ਤਾੜੀ ਸਾਹਿਬ, ਗੁਰਦੁਆਰਾ ਸ੍ਰੀ ਰਣਜੀਤਗੜ੍ਹ ਸਾਹਿਬ ਹੁੰਦਾ ਹੋਇਆ ਗੁਰਦੁਆਰਾ ਸ੍ਰੀ ਕਤਲਗੜ੍ਹ ਸਾਹਿਬ ਦੇ ਬਾਬਾ ਸੰਗਤ ਸਿੰਘ ਦੀਵਾਨ ਹਾਲ ’ਚ ਪੁੱਜਾ, ਜਿਥੇ ਕੀਰਤਨ ਸੋਹਿਲੇ ਦੇ ਪਾਠ ਉਪਰੰਤ ਸੰਪੂਰਨ ਹੋਇਆ। ਨਗਰ ਕੀਰਤਨ ਦੀ ਆਰੰਭਤਾ ਮੌਕੇ ਸ਼੍ਰੋਮਣੀ ਕਮੇਟੀ ਮੈਨੇਜਰ ਭਾਈ ਗੁਰਮੁੱਖ ਸਿੰਘ ਢੋਲੇਵਾਲ, ਹਲਕਾ ਇੰਚਾਰਜ ਹਰਮੋਹਣ ਸਿੰਘ ਸੰਧੂ, ਕੁਲਦੀਪ ਸਿੰਘ ਕੰਗ (ਰਿਵਰਲੈਂਡ), ਭਾਈ ਨੱਥਾ ਸਿੰਘ, ਸਮਾਜ ਸੇਵੀ ਅਮਨਦੀਪ ਸਿੰਘ ਮਾਂਗਟ, ਬਲਦੇਵ ਸਿੰਘ ਹਾਫ਼ਿਜ਼ਾਬਾਦ, ਜਥੇਦਾਰ ਗੁਰਮੀਤ ਸਿੰਘ ਮਕੜੌਨਾ, ਪਰਗਟ ਸਿੰਘ ਰੌਲੂਮਾਜਰਾ, ਗੁਰਜੋਤ ਸਿੰਘ ਦਿਓਲ ਰੌਲੂਮਾਜਰਾ, ਭਾਈ ਨਰਿੰਦਰ ਸਿੰਘ ਸੋਲਖੀਆਂ, ਗੁਰਪੁਰਬ ਸੇਵਾ ਸੁਸਾਇਟੀ ਚਮਕੌਰ ਸਾਹਿਬ ਦੇ ਪ੍ਰਧਾਨ ਮਨੋਹਰ ਸਿੰਘ ਮੱਕੜ, ਅਮਰਜੀਤ ਸਿੰਘ ਢਿੱਲੋਂ, ਤੇਜਪਾਲ ਸਿੰਘ ਸਿੱਧੂ, ਭਾਈ ਰਵਿੰਦਰ ਸਿੰਘ, ਜਸਪਾਲ ਸਿੰਘ ਦਿਓਲ ਸਮੇਤ ਵੱਡੀ ਗਿਣਤੀ ’ਚ ਸੰਗਤਾਂ ਹਾਜ਼ਰ ਸਨ। ਨਗਰ ਕੀਰਤਨ ਦੀ ਆਰੰਭਤਾ ਤੋਂ ਪਹਿਲਾਂ ਗੁਰਦੁਆਰਾ ਸ੍ਰੀ ਗੜ੍ਹੀ ਸਾਹਿਬ, ਗੁਰਦੁਆਰਾ ਸ੍ਰੀ ਕਤਲਗੜ੍ਹ ਸਾਹਿਬ, ਗੁਰਦੁਆਰਾ ਸ੍ਰੀ ਦਮਦਮਾ ਸਾਹਿਬ, ਸ੍ਰੀ ਤਾੜੀ ਸਾਹਿਬ, ਸ੍ਰੀ ਸ਼ਹੀਦੀ ਬੁਰਜ ਭਾਈ ਜੈਤਾ ਜੀ, ਸ਼੍ਰੋਮਣੀ ਸ਼ਹੀਦ ਬਾਬਾ ਸੰਗਤ ਸਿੰਘ, ਗੁਰਦੁਆਰਾ ਸ਼ਹੀਦੀ ਅਸਥਾਨ ਪਿਆਰੇ ਸਾਹਿਬ ਸਿੰਘ ਜੀ, ਸ੍ਰੀ ਹੇਮਕੁੰਟ ਸਾਹਿਬ ਲੰਗਰ ਅਸਥਾਨ ਯਾਦਗਾਰ ਸ਼ਹੀਦਾਂ ਮਾਣੇਮਾਜਰਾ (ਸ੍ਰੀ ਚਮਕੌਰ ਸਾਹਿਬ) ਵਿਖੇ ਪਾਠ ਦੇ ਭੋਗ ਪਾਏ ਗਏ ਅਤੇ ਦੀਵਾਨ ਸਜਾਏ ਗਏ। ਨਗਰ ਕੀਰਤਨ ਦੇ ਸਮੁੱਚੇ ਰਸਤੇ ਪੁਲਿਸ ਪ੍ਰਸ਼ਾਸਨ ਵਲੋਂ ਸਖ਼ਤ ਸੁਰੱਖਿਆ ਪ੍ਰਬੰਧ ਕੀਤੇ ਹੋਏ ਸਨ। ਸਮਾਗਮ ਦੇ ਅਮਨ ਪੂਰਵਕ ਨੇਪਰੇ ਚਾੜ੍ਹਨ ’ਤੇ ਮੇਲਾ ਇੰਚਾਰਜ ਐਸ. ਡੀ. ਐਮ. ਅਮਰੀਕ ਸਿੰਘ ਸਿੱਧੂ, ਡੀ. ਐਸ. ਪੀ. ਮਨਜੀਤ ਸਿੰਘ ਔਲਖ, ਥਾਣਾ ਮੁਖੀ ਇੰਸਪੈਕਟਰ ਗੁਰਪ੍ਰੀਤ ਸਿੰਘ ਨੇ ਸੰਗਤਾਂ ਦਾ ਧੰਨਵਾਦ ਕੀਤਾ।



# ਅਮਿਤ ਸ਼ਾਹ ਨੇ '84 ਸਿੱਖ ਕਤਲੇਆਮ ਦੇ ਪੀੜਤਾਂ ਨੂੰ ਨੌਕਰੀਆਂ ਪ੍ਰਦਾਨ ਕਰਨ ਲਈ ਨਾਇਬ ਸਿੰਘ ਸੈਣੀ ਦੀ ਕੀਤੀ ਪ੍ਰਸ਼ੰਸਾ

## ਕਿਹਾ, ਪ੍ਰਭਾਵਿਤ ਸਿੱਖ ਪਰਿਵਾਰਾਂ ਨੂੰ ਨਿਆਂ ਤੇ ਰੁਜ਼ਗਾਰ ਪ੍ਰਦਾਨ ਕਰਨਾ ਹਰਿਆਣਾ ਸਰਕਾਰ ਦੀ ਸੰਵੇਦਨਸ਼ੀਲਤਾ ਦਾ ਪ੍ਰਮਾਣ

ਚੰਡੀਗੜ੍ਹ/ਪੰਚਕੂਲਾ : ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਨੇ 1984 ਦੇ ਸਿੱਖ ਕਤਲੇਆਮ ਤੋਂ ਪ੍ਰਭਾਵਿਤ ਪਰਿਵਾਰਾਂ ਦੇ ਮੈਂਬਰਾਂ ਨੂੰ ਨੌਕਰੀਆਂ ਪ੍ਰਦਾਨ ਕਰਨ ਲਈ ਹਰਿਆਣਾ ਦੇ ਮੁੱਖ ਮੰਤਰੀ ਨਾਇਬ ਸਿੰਘ ਸੈਣੀ ਦੀ ਪ੍ਰਸ਼ੰਸਾ ਕੀਤੀ ̧ ਉਨ੍ਹਾਂ ਨੇ ਕਿਹਾ ਕਿ ਪ੍ਰਭਾਵਿਤ ਪਰਿਵਾਰਾਂ ਨੂੰ ਨਿਆਂ, ਮੁਆਵਜ਼ਾ ਅਤੇ ਸਨਮਾਨਜਨਕ ਰੁਜ਼ਗਾਰ ਪ੍ਰਦਾਨ ਕਰਨਾ ਰਾਜ ਸਰਕਾਰ ਦੀ ਸੰਵੇਦਨਸ਼ੀਲਤਾ ਅਤੇ ਮਜ਼ਬੂਤ ਰਾਜਨੀਤਕ ਇੱਛਾ ਸ਼ਕਤੀ ਨੂੰ ਦਰਸਾਉਂਦਾ ਹੈ। ਕੇਂਦਰੀ ਗ੍ਰਹਿ ਮੰਤਰੀ ਬੁੱਧਵਾਰ ਨੂੰ ਪੰਚਕੂਲਾ 'ਚ 'ਵੀਰ ਬਾਲ ਦਿਵਸ' ਮਨਾਉਣ ਲਈ ਕਰਵਾਏ ਸਮਾਗਮ 'ਚ ਮੁੱਖ ਮਹਿਮਾਨ ਵਜੋਂ ਸ਼ਾਮਿਲ ਹੋਣ ਤੋਂ ਬਾਅਦ ਇਕੱਠ ਨੂੰ ਸੰਬੋਧਨ ਕਰ ਰਹੇ ਸਨ। ਇਸ ਮੌਕੇ ਮੁੱਖ ਮੰਤਰੀ ਨਾਇਬ ਸਿੰਘ ਸੈਣੀ ਵੀ ਮੌਜੂਦ ਸਨ। ਇਸ ਮੌਕੇ ਅਮਿਤ ਸ਼ਾਹ ਨੇ ਸਾਹਿਬਜ਼ਾਦਿਆਂ ਦੀ ਕੁਰਬਾਨੀ ਦੀ ਗਾਥਾ ਅਤੇ ਹਰਿਆਣਾ ਸਰਕਾਰ ਦੁਆਰਾ ਤਿਆਰ ਕੀਤੇ ਗਏ 'ਵਿਜ਼ਨ ਦਸਤਾਵੇਜ਼ 2047' 'ਤੇ ਆਧਾਰਿਤ ਇਕ ਕੌਫੀ ਟੇਬਲ ਕਿਤਾਬ ਜਾਰੀ ਕੀਤੀ। ਇਸ ਤੋਂ ਇਲਾਵਾ ਉਨ੍ਹਾਂ ਨੇ 1984 ਦੇ ਸਿੱਖ ਕਤਲੇਆਮ 'ਚ ਮਾਰੇ ਗਏ ਲੋਕਾਂ ਦੇ






ਪਰਿਵਾਰਕ ਮੈਂਬਰਾਂ ਨੂੰ ਨੌਕਰੀ ਦੇ ਨਿਯੁਕਤੀ ਪੱਤਰ ਵੀ ਵੰਡੇ। ਅਮਿਤ ਸ਼ਾਹ ਨੇ ਕਿਹਾ ਕਿ ਹਰਿਆਣਾ ਸਰਕਾਰ ਨੇ ਦਹਾਕਿਆਂ ਤੋਂ ਅਣਗੌਲਿਆਂ ਕੀਤੇ ਗਏ ਸਿੱਖ ਪੀੜਤ ਪਰਿਵਾਰਾਂ ਨੂੰ ਸਨਮਾਨਜਨਕ ਰੁਜ਼ਗਾਰ ਪ੍ਰਦਾਨ ਕਰਕੇ ਉਨ੍ਹਾਂ ਦੇ ਜ਼ਖ਼ਮਾਂ ਨੂੰ ਭਰਿਆ ਹੈ। ਮੁੱਖ ਮੰਤਰੀ ਨਾਇਬ ਸਿੰਘ ਸੈਣੀ ਨੇ ਕਿਹਾ ਕਿ ਗੁਰੂ ਗੋਬਿੰਦ ਸਿੰਘ ਜੀ ਦੇ ਸਾਹਿਬਜ਼ਾਦਿਆਂ ਦੀ ਕੁਰਬਾਨੀ ਸਾਰੀ ਮਨੁੱਖਤਾ ਲਈ ਹਿੰਮਤ, ਵਿਸ਼ਵਾਸ ਅਤੇ ਸਵੈਮਾਣ ਦੀ ਅਮਰ ਮਿਸਾਲ ਹੈ। ਬਾਬਾ ਜ਼ੋਰਾਵਰ ਸਿੰਘ ਜੀ ਅਤੇ ਬਾਬਾ ਫ਼ਤਹਿ ਸਿੰਘ ਜੀ ਨੇ ਜਬਰ ਤੇ ਜ਼ੁਲਮ ਅੱਗੇ ਝੁਕਣ ਦੀ ਬਜਾਏ ਧਾਰਮਿਕਤਾ ਅਤੇ ਸੱਚ ਦਾ ਰਸਤਾ ਚੁਣਿਆ, ਇਸ ਤਰ੍ਹਾਂ ਸਾਬਤ ਕੀਤਾ ਕਿ ਭਾਰਤ ਦੀ ਆਤਮਾ ਕਦੇ ਵੀ ਡਰ ਤੋਂ ਹਾਰਦੀ ਨਹੀਂ। ਇਸ ਤੋਂ ਪਹਿਲਾਂ ਅਮਿਤ ਸ਼ਾਹ ਅਤੇ ਨਾਇਬ ਸਿੰਘ ਸੈਣੀ ਨੇ ਛੋਟੇ ਸਾਹਿਬਜ਼ਾਦਿਆਂ ਦੀਆਂ ਕੁਰਬਾਨੀਆਂ ਨੂੰ ਸਮਰਪਿਤ ਪ੍ਰਦਰਸ਼ਨੀ ਦਾ ਦੌਰਾ ਕੀਤਾ। ਨਾਇਬ ਸਿੰਘ ਸੈਣੀ ਨੇ ਕਿਹਾ ਕਿ ਅੱਜ ਇਹ ਪਵਿੱਤਰ ਧਰਤੀ ਇਤਿਹਾਸ, ਕੁਰਬਾਨੀ ਅਤੇ ਦੇਸ਼ ਭਗਤੀ ਦੀਆਂ ਸ਼ਾਨਦਾਰ ਗੂੰਜਾਂ ਨਾਲ ਗੂੰਜਦੀ ਹੈ। ਇਹ ਦਿਨ ਭਾਰਤ ਦੀ ਆਤਮਾ ਨੂੰ ਸ਼ਰਧਾਂਜਲੀ ਦੇਣ ਦਾ ਮੌਕਾ ਹੈ। ਵੀਰ ਬਾਲ ਦਿਵਸ ਮੌਕੇ ਅਸੀਂ ਉਨ੍ਹਾਂ ਅਮਰ ਆਤਮਾਵਾਂ ਨੂੰ ਸ਼ਰਧਾਂਜਲੀ ਭੇਟ ਕਰ ਰਹੇ ਹਾਂ ਜਿਨ੍ਹਾਂ ਨੇ ਬਚਪਨ 'ਚ ਹੀ ਧਰਮ, ਸੱਭਿਆਚਾਰ ਅਤੇ ਮਨੁੱਖਤਾ ਦੀ ਰੱਖਿਆ ਲਈ ਜਾਨਾਂ ਕੁਰਬਾਨ ਕਰ ਦਿੱਤੀਆਂ। ਮੁੱਖ ਮੰਤਰੀ ਨੇ ਕਿਹਾ ਕਿ 20 ਤੋਂ 27 ਦਸੰਬਰ ਤੱਕ ਦਾ ਹਫ਼ਤਾ ਭਾਰਤੀ ਇਤਿਹਾਸ ਦਾ ਸਭ ਤੋਂ ਸ਼ੋਕਪੂਰਨ, ਪਰ ਗੌਰਵਪੂਰਨ ਹਫ਼ਤਾ ਹੈ। ਇਸ ਸਮੇਂ ਦੌਰਾਨ ਗੁਰੂ ਗੋਬਿੰਦ ਸਿੰਘ ਜੀ ਦੇ ਪੂਰੇ ਪਰਿਵਾਰ ਨੇ ਧਰਮ ਅਤੇ ਨਿਆਂ ਦੀ ਰੱਖਿਆ ਲਈ ਆਪਣੀਆਂ ਜਾਨਾਂ ਕੁਰਬਾਨ ਕਰ ਦਿੱਤੀਆਂ। ਚਮਕੌਰ ਦੀ ਲੜਾਈ ਵਿਚ ਵੱਡੇ ਸਾਹਿਬਜ਼ਾਦਿਆਂ ਦੀ ਬਹਾਦਰੀ, ਛੋਟੇ ਸਾਹਿਬਜ਼ਾਦਿਆਂ ਦੀ ਅਦੁੱਤੀ ਸ਼ਰਧਾ ਅਤੇ ਮਾਤਾ ਗੁਜਰੀ ਜੀ ਦੀ ਕੁਰਬਾਨੀ ਭਾਰਤ ਦੀ ਅਧਿਆਤਮਿਕ ਤਾਕਤ ਦੇ ਪ੍ਰਤੀਕ ਹਨ। ਇਹ ਪਰੰਪਰਾ ਗੁਰੂ ਤੇਗ਼ ਬਹਾਦਰ ਜੀ ਦੀ ਕੁਰਬਾਨੀ ਨਾਲ ਜੁੜੀ ਹੋਈ ਹੈ, ਜਿਨ੍ਹਾਂ ਨੇ ਦੇਸ਼ ਅਤੇ ਧਰਮ ਦੀ ਰੱਖਿਆ ਲਈ ਆਪਣਾ ਜੀਵਨ ਕੁਰਬਾਨ ਕਰ ਦਿੱਤਾ।

# ਇਸਰੋ ਦੇ 'ਬਾਹੂਬਲੀ' ਰਾਕੇਟ ਵਲੋਂ 6100 ਕਿੱਲੋ ਦਾ ਅਮਰੀਕੀ ਸੰਚਾਰ ਉਪਗ੍ਰਹਿ ਸਫ਼ਲਤਾਪੂਰਵਕ ਸਥਾਪਿਤ

## ਭਾਰਤ ਦਾ ਪੁਲਾੜ ਯਾਤਰਾ 'ਚ ਮੀਲ ਪੱਥਰ : ਮੋਦੀ




ਸ੍ਰੀਹਰੀਕੋਟਾ : ਭਾਰਤੀ ਪੁਲਾੜ ਖੋਜ ਸੰਸਥਾ (ਇਸਰੋ) ਨੇ ਇੱਕ ਇਤਿਹਾਸਕ ਉਪਲਬਧੀ ਹਾਸਲ ਕਰਦੇ ਹੋਏ ਆਪਣੇ ਸਭ ਤੋਂ ਭਾਰੀ 'ਬਾਹੂਬਲੀ' ਰਾਕੇਟ ਐਲ.ਵੀ.ਐਮ3-ਐਮ6 ਰਾਹੀਂ ਅਮਰੀਕੀ ਕੰਪਨੀ ਏ.ਐਸ.ਟੀ ਸਪੇਸ ਮੋਬਾਈਲ ਦੇ 'ਬਲੂਬਰਡ ਬਲਾਕ-2' ਸੰਚਾਰ ਉਪਗ੍ਰਹਿ ਨੂੰ ਸਫਲਤਾਪੂਰਵਕ ਲੋਅ ਅਰਥ ਆਰਬਿਟ (ਐਲ. ਈ. ਓ.) ਵਿਚ ਸਥਾਪਿਤ ਕਰ ਦਿੱਤਾ। ਸ੍ਰੀਹਰੀਕੋਟਾ ਦੇ ਦੂਜੇ ਲਾਂਚ ਪੈਡ ਤੋਂ ਸਵੇਰੇ 8:54 ਵਜੇ ਉਡਾਣ ਭਰਨ ਵਾਲੇ 43.5 ਮੀਟਰ ਉੱਚੇ ਇਸ ਰਾਕੇਟ ਨੇ ਲਗਭਗ 15 ਮਿੰਟਾਂ ਦੀ ਯਾਤਰਾ ਤੋਂ ਬਾਅਦ 6,100 ਕਿਲੋਗ੍ਰਾਮ ਵਜ਼ਨੀ ਉਪਗ੍ਰਹਿ 'ਬਲੂਬਰਡ ਬਲਾਕ-2' ਨੂੰ ਨਿਰਧਾਰਿਤ ਪੰਧ ਵਿਚ ਪਹੁੰਚਾਇਆ, ਜੋ ਕਿ ਭਾਰਤੀ ਧਰਤੀ ਤੋਂ ਐਲ.ਵੀ.ਐਮ3 ਰਾਹੀਂ ਲਾਂਚ ਕੀਤਾ ਗਿਆ ਹੁਣ ਤੱਕ ਦਾ ਸਭ ਤੋਂ ਭਾਰੀ ਪੇਲੋਡ ਹੈ। ਨਿਊਸਪੇਸ ਇੰਡੀਆ ਲਿਮਟਿਡ (ਐਨ. ਐਸ. ਆਈ. ਐਲ.) ਦੇ ਵਪਾਰਕ ਸੌਦੇ ਤਹਿਤ ਭੇਜਿਆ ਗਿਆ ਇਹ ਉਪਗ੍ਰਹਿ ਸਿੱਧਾ ਸਮਾਰਟਫ਼ੋਨਾਂ 'ਤੇ ਹਾਈ-ਸਪੀਡ ਸੈਲੂਲਰ ਬਰਾਡਬੈਂਡ ਸੇਵਾਵਾਂ ਪ੍ਰਦਾਨ ਕਰਨ ਲਈ ਤਿਆਰ ਕੀਤਾ ਗਿਆ ਹੈ, ਜਿਸ ਵਿਚ 4ਜੀ ਅਤੇ 5ਜੀ ਵਾਇਸ, ਵੀਡੀਓ ਕਾਲਾਂ ਅਤੇ ਡੇਟਾ ਦੀ ਸਹੂਲਤ ਮਿਲੇਗੀ। ਇਸ ਸਫਲ ਲਾਂਚਿੰਗ ਦੇ ਨਾਲ ਹੀ ਐਲ.ਐਮ.ਵੀ3 ਰਾਕੇਟ ਨੇ ਚੰਦਰਯਾਨ-2 ਅਤੇ ਚੰਦਰਯਾਨ-3 ਸਮੇਤ ਲਗਾਤਾਰ ਅੱਠ ਸਫ਼ਲ ਮਿਸ਼ਨਾਂ ਦਾ ਆਪਣਾ ਸ਼ਾਨਦਾਰ ਰਿਕਾਰਡ ਬਰਕਰਾਰ ਰੱਖਿਆ ਹੈ। ਇਸਰੋ ਨੇ ਕਿਹਾ ਕਿ ਇਹ ਭਾਰਤ ਦੀ ਧਰਤੀ ਤੋਂ ਲਾਂਚ ਕੀਤਾ ਜਾਣ ਵਾਲਾ ਸਭ ਤੋਂ ਭਾਰੀ ਉਪਗ੍ਰਹਿ ਹੈ। ਇਸਰੋ ਨੇ ਕਿਹਾ ਕਿ ਰਾਕੇਟ ਐਲ.ਵੀ.ਐਮ3-ਐਮ6, ਨੂੰ ਇਸ ਦੀ ਬਹੁਤ ਜ਼ਿਆਦਾ ਭਾਰ ਲੈ ਕੇ ਜਾਣ ਦੀ ਸਮਰੱਥਾ ਕਾਰਨ 'ਬਾਹੂਬਲੀ' ਉਪਨਾਮ ਦਿੱਤਾ ਗਿਆ ਹੈ। ਇਸਰੋ ਦੇ ਚੇਅਰਮੈਨ ਵੀ. ਨਰਾਇਣਨ ਨੇ ਕਿਹਾ ਕਿ ਮੈਂ ਨਿਊਸਪੇਸ ਇੰਡੀਆ ਅਤੇ ਏ.ਐਸ.ਟੀ ਸਪੇਸ ਮੋਬਾਈਲ ਨੂੰ ਇਸ ਸ਼ਾਨਦਾਰ ਪ੍ਰਾਪਤੀ 'ਤੇ ਵਧਾਈ ਦਿੰਦਾ ਹਾਂ। ਉਨ੍ਹਾਂ ਕਿਹਾ ਕਿ ਐਲ.ਵੀ.ਐਮ3 ਰਾਕੇਟ ਨੇ ਆਪਣੀ 100 ਫ਼ੀਸਦੀ ਸਫਲਤਾ ਦਰ ਦਿਖਾਈ ਹੈ। ਉਨ੍ਹਾਂ ਇਸ ਮਿਸ਼ਨ ਦੀ ਪੂਰੀ ਟੀਮ ਨੂੰ ਵਧਾਈ ਦਿੰਦੇ ਹੋਏ ਕਿਹਾ ਕਿ ਇਸ ਮਿਸ਼ਨ ਦੀ ਸਫ਼ਲਤਾ ਨਾਲ ਭਾਰਤ ਵਲੋਂ 34 ਦੇਸ਼ਾਂ ਲਈ ਲਾਂਚ ਕੀਤੇ ਉਪਗ੍ਰਹਿਾਂ ਦੀ ਕੁੱਲ ਗਿਣਤੀ 434 ਹੋ ਗਈ ਹੈ। ਉਨ੍ਹਾਂ ਇਸ ਮਿਸ਼ਨ ਦੀ ਸਫ਼ਲਤਾ ਨੂੰ ਭਾਰਤੀ ਲਈ ਨਵੇਂ ਸਾਲ ਅਤੇ ਕ੍ਰਿਸਮਸ ਦਾ ਤੋਹਫ਼ਾ ਦੱਸਿਆ।

# ਪੰਜਾਬ ਸਰਕਾਰ ਵੱਲੋਂ ਅੰਮ੍ਰਿਤਸਰ 'ਪਵਿੱਤਰ ਸ਼ਹਿਰ' ਐਲਾਨਿਆ

## ਅੰਦਰੂਨ ਸ਼ਹਿਰ 'ਚ ਮੀਟ, ਸ਼ਰਾਬ ਅਤੇ ਤੰਬਾਕੂ 'ਤੇ ਮੁਕੰਮਲ ਪਾਬੰਦੀ

ਅੰਮ੍ਰਿਤਸਰ : ਪੰਜਾਬ ਸਰਕਾਰ ਨੇ ਸਿੱਖਾਂ ਦੇ ਧਾਰਮਿਕ ਕੇਂਦਰ ਅਤੇ ਗੁਰੂ ਨਗਰੀ ਅੰਮ੍ਰਿਤਸਰ ਨੂੰ ਅਧਿਕਾਰਤ ਤੌਰ 'ਤੇ 'ਪਵਿੱਤਰ ਸ਼ਹਿਰ' (Holy City) ਐਲਾਨ ਦਿੱਤਾ ਹੈ। ਇਸ ਇਤਿਹਾਸਕ ਫੈਸਲੇ ਦੇ ਨਾਲ ਹੀ ਸ਼ਹਿਰ ਦੇ ਪੁਰਾਣੇ ਹਿੱਸੇ ਭਾਵ 'ਚਾਰਦੀਵਾਰੀ ਦੇ ਅੰਦਰ' (Walled City) ਮੀਟ, ਸ਼ਰਾਬ, ਤੰਬਾਕੂ ਅਤੇ ਹੋਰ ਨਸ਼ੀਲੇ ਪਦਾਰਥਾਂ ਦੀ ਵਿਕਰੀ 'ਤੇ ਸਖ਼ਤ ਅਤੇ ਮੁਕੰਮਲ ਪਾਬੰਦੀ ਲਗਾ ਦਿੱਤੀ ਗਈ ਹੈ।

ਸਰਕਾਰੀ ਐਲਾਨ: ਜਾਰੀ ਕੀਤੇ ਗਏ ਨਵੇਂ ਹੁਕਮਾਂ ਤਹਿਤ, ਸ੍ਰੀ ਦਰਬਾਰ ਸਾਹਿਬ (ਗੋਲਡਨ ਟੈਂਪਲ) ਦੀ ਪਵਿੱਤਰਤਾ ਅਤੇ ਮਰਿਆਦਾ ਨੂੰ ਮੁੱਖ ਰੱਖਦਿਆਂ ਪੁਰਾਣੇ ਸ਼ਹਿਰ ਦੇ ਖੇਤਰ ਨੂੰ 'ਨਸ਼ਾ ਮੁਕਤ ਅਤੇ ਮਾਸ ਮੁਕਤ' ਖੇਤਰ ਘੋਸ਼ਿਤ ਕੀਤਾ ਗਿਆ ਹੈ। ਇਹ ਫੈਸਲਾ ਸ਼ਰਧਾਲੂਆਂ ਅਤੇ ਸਿੱਖ ਸੰਗਤਾਂ ਦੀ ਲੰਬੇ ਸਮੇਂ ਤੋਂ ਚੱਲੀ ਆ ਰਹੀ ਮੰਗ ਨੂੰ ਪੂਰਾ ਕਰਦਾ ਹੈ।

ਕਿਨ੍ਹਾਂ ਚੀਜ਼ਾਂ 'ਤੇ ਹੋਵੇਗੀ ਰੋਕ? ਹੁਣ ਪੁਰਾਣੇ ਸ਼ਹਿਰ ਦੇ ਬਾਜ਼ਾਰਾਂ, ਹੋਟਲਾਂ ਜਾਂ ਦੁਕਾਨਾਂ 'ਤੇ ਸ਼ਰਾਬ, ਅੰਡੇ, ਮੀਟ, ਸਿਗਰਟ-



ਬੀੜੀ ਅਤੇ ਹੋਰ ਤੰਬਾਕੂ ਉਤਪਾਦਾਂ ਦੀ ਵਿਕਰੀ ਪੂਰੀ ਤਰ੍ਹਾਂ ਵਰਜਿਤ ਹੋਵੇਗੀ। ਪ੍ਰਸ਼ਾਸਨ ਨੇ ਇਸ ਹੁਕਮ ਨੂੰ ਸਖ਼ਤੀ ਨਾਲ ਲਾਗੂ ਕਰਨ ਦੇ ਨਿਰਦੇਸ਼ ਦਿੱਤੇ ਹਨ।

ਵਿਰਾਸਤੀ ਮਾਰਗ ਦਾ ਨਜ਼ਾਰਾ: ਇਸ ਐਲਾਨ ਵਾਲੇ ਦਿਨ ਸ਼ਹਿਰ ਵਿੱਚ ਸ਼ਰਧਾਲੂਆਂ ਦੀ ਭਾਰੀ ਭੀੜ ਦੇਖਣ ਨੂੰ ਮਿਲੀ। ਵਿਰਾਸਤੀ ਮਾਰਗ (Heritage Street) 'ਤੇ ਸਥਿਤ ਮਹਾਰਾਜਾ ਰਣਜੀਤ ਸਿੰਘ ਦੇ ਬੁੱਤ ਦੇ ਆਲੇ-ਦੁਆਲੇ ਸੈਲਾਨੀ ਅਤੇ ਸੰਗਤਾਂ ਘੁੰਮਦੇ ਅਤੇ ਤਸਵੀਰਾਂ ਖਿਚਵਾਉਂਦੇ ਨਜ਼ਰ ਆਏ। ਸਰਕਾਰ ਦੇ ਇਸ ਫੈਸਲੇ ਦਾ ਸਥਾਨਕ ਲੋਕਾਂ ਅਤੇ ਧਾਰਮਿਕ ਜਥੇਬੰਦੀਆਂ ਨੇ ਭਰਪੂਰ ਸਵਾਗਤ ਕੀਤਾ ਹੈ।

ਮਹੱਤਤਾ: ਅੰਮ੍ਰਿਤਸਰ, ਜਿੱਥੇ ਰੋਜ਼ਾਨਾ ਲੱਖਾਂ ਸ਼ਰਧਾਲੂ ਸ੍ਰੀ ਹਰਿਮੰਦਰ ਸਾਹਿਬ ਨਤਮਸਤਕ ਹੋਣ ਆਉਂਦੇ ਹਨ, ਲਈ ਇਹ ਫੈਸਲਾ ਬਹੁਤ ਅਹਿਮੀਅਤ ਰੱਖਦਾ ਹੈ। ਇਸ ਨਾਲ ਨਾ ਸਿਰਫ਼ ਸ਼ਹਿਰ ਦਾ ਧਾਰਮਿਕ ਮਾਹੌਲ ਹੋਰ ਸ਼ੁੱਧ ਹੋਵੇਗਾ, ਸਗੋਂ ਇਹ 'ਪਵਿੱਤਰ ਸ਼ਹਿਰ' ਦੇ ਅਸਲ ਅਰਥਾਂ ਨੂੰ ਵੀ ਰੂਪਮਾਨ ਕਰੇਗਾ।

# ਸ੍ਰੀ ਚਮਕੌਰ ਸਾਹਿਬ ਜੋੜ ਮੇਲੇ ਦੌਰਾਨ ਲੋੜਵੰਦ ਮਰੀਜ਼ਾਂ ਦੀ ਸੇਵਾ ਲਈ ਅਮਰੀਕਾ ਤੋਂ ਪੁੱਜੇ 'ਵੰਨ-ਬੀਟ' ਦੇ ਸੰਸਥਾਪਕ ਬਹਾਦਰ ਸਿੰਘ

ਸਾਨ ਫਰਾਂਸਿਸਕੋ : ਅਮਰੀਕਾ ਦੀ ਔਰੀਗਨ ਸਟੇਟ ਦੇ ਸ਼ਹਿਰ ਸੇਲਮ ਵਿਚ ਵਸਦੇ ਪੰਜਾਬੀ ਦੇ ਨਾਮੀ ਕਾਰੋਬਾਰੀ, ਭਾਰਤ ਅੰਦਰ ਬਿਹਤਰੀਨ ਤੇ ਅਤਿ-ਆਧੁਨਿਕ ਸਿਹਤ ਸੇਵਾਵਾਂ ਦੇਣ ਵਾਲੇ ਬਹਾਦਰ ਸਿੰਘ ਸ਼ਹੀਦਾਂ ਦੀ ਧਰਤੀ ਸ੍ਰੀ ਚਮਕੌਰ ਸਾਹਿਬ ਵਿਖੇ ਪਿਛਲੇ ਕਰੀਬ ਇਕ ਸਾਲ ਤੋਂ 'ਵੰਨ-ਬੀਟ' ਅੱਖਾਂ ਦਾ ਮੁਫਤ ਹਸਪਤਾਲ ਲਾ ਰਹੇ ਹਨ ਜਿਸ ਵਿਚ ਹੁਣ ਤੱਕ ਇੱਕ ਲੱਖ ਤੋਂ ਵੱਧ ਨਜ਼ਰ ਤੋਂ ਪੀੜਤ ਲੋਕਾਂ ਨੇ ਇਸ ਸੇਵਾ ਦਾ ਲਾਭ ਉਠਾਇਆ ਹੈ। ਬਹਾਦਰ ਸਿੰਘ ਅਮਰੀਕਾ ਤੋਂ ਉਚੇਚਾ ਭਾਰਤ ਪਹੁੰਚੇ ਹੋਏ ਹਨ ਤੇ ਉਨ੍ਹਾਂ ਨੇ ਬਾਬਾ ਅਜੀਤ ਸਿੰਘ, ਬਾਬਾ ਜੁਝਾਰ ਸਿੰਘ ਤੇ ਚਮਕੌਰ ਦੇ ਸ਼ਹੀਦਾਂ ਨੂੰ ਸਮਰਪਿਤ ਤਿੰਨ ਰੋਜ਼ਾ ਸ਼ਹੀਦੀ ਸਮਾਗਮਾਂ ਵਿਚ ਸ਼ਿਰਕਤ ਕੀਤੀ ਤੇ ਆਪਣੀ ਸੰਸਥਾ 'ਵੰਨ-ਬੀਟ' ਵਲੋਂ ਇੱਥੇ



ਲੋੜਵੰਦਾਂ ਲਈ ਮੁਫਤ ਅੱਖਾਂ ਦਾ ਕੈਂਪ ਲਗਾਇਆ। ਬਹਾਦਰ ਸਿੰਘ ਨੇ ਕਿਹਾ ਕਿ ਉਨ੍ਹਾਂ ਦੀ ਹਮੇਸ਼ਾਂ ਇਹ ਇੱਛਾ ਰਹੀ ਹੈ ਕਿ ਜੇ ਵਾਹਿਗੁਰੂ ਨੇ ਤੁਹਾਨੂੰ ਕੋਈ ਸੇਵਾ ਕਰਨ ਦਾ ਮੌਕਾ ਦਿੱਤਾ ਹੈ, ਸਮਰਥਾ ਦਿੱਤੀ ਹੈ ਤਾਂ ਇੱਕ ਸਿੱਖ ਦਾ ਇਹ ਫਰਜ਼ ਹੈ ਕਿ ਆਪਣਾ ਦਸਵੰਧ ਸਮਾਜ ਤੇ ਕੌਮ ਦੇ ਲੇਖੇ ਲਾਵੇ ਤੇ ਇਹੀ ਫਰਜ਼ ਤੇ ਸੇਵਾ ਉਹ ਪਿਛਲੇ ਲੰਬੇ ਅਰਸੇ ਤੋਂ ਨਿਭਾਉਣ ਦਾ ਯਤਨ ਕਰ ਰਹੇ ਹਨ। ਉਨ੍ਹਾਂ ਕਿਹਾ ਕਿ ਉਹ ਆਪਣੇ ਜੱਦੀ ਸ਼ਹਿਰ ਉੱਤਰ ਪ੍ਰਦੇਸ਼ ਦੇ ਭੀਰਾ ਖੀਰੀ ਵਿਖੇ ਵੱਡੀਆਂ ਸਿਹਤ ਸੇਵਾਵਾਂ, ਮੈਡੀਕਲ ਕਾਲਜ ਤੇ ਰੋਜਾਨਾ ਹਜਾਰਾਂ ਮਰੀਜ਼ਾਂ ਲਈ ਮੁਫਤ ਇਲਾਜ ਦੀ ਸੇਵਾ ਲਗਾਤਾਰ ਨਿਭਾਅ ਰਹੇ ਹਨ। ਇਸ ਮੌਕੇ ਉਨ੍ਹਾਂ ਨਾਲ ਸਥਾਨਕ ਹਸਪਤਾਲ ਦੀ ਪ੍ਰਬੰਧਕੀ ਸੇਵਾ ਨਿਭਾਉਣ ਵਾਲ ਉਕਪਾਲ ਸਿੰਘ ਤੇ ਕਈ ਅਹਿਮ ਸਖਸ਼ੀਅਤਾਂ ਵੀ ਹਾਜਰ ਸਨ।

# ਨਿਊ ਜਰਸੀ ਵਿਧਾਨ ਸਭਾ ਵੱਲੋਂ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਸ਼ਹਾਦਤ ਨੂੰ ‘ਮਨੁੱਖੀ ਅਧਿਕਾਰ ਤੇ ਧਾਰਮਿਕ ਆਜ਼ਾਦੀ ਦਿਵਸ’ ਵਜੋਂ ਮਾਨਤਾ



Thank you Hon. Congressman and your wonderful staff, for helping and standing with the community.



Today I met with Pritpal Singh to discuss H.Res.841, recognizing the Sikh Genocide of 1984. As co-chair of the American Sikh Congressional Caucus, I'm proud to represent the Central Valley Sikh communi and work to combat anti-Sikh discrimination.



State of New Jersey

THE SENATE AND GENERAL ASSEMBLY

STATE HOUSE, TRENTON, N.J.

JOINT LEGISLATIVE RESOLUTION

By Senator BURZICHELLI, Assemblywoman SIMMONS, Assemblymen BAILEY and MOEN, Senator BEACH, Assemblyman GREENWALD, Assemblywoman KANE, Senators TIVER, AMATO, GOPAL, and HENRY, Assemblymen SCHARFENBERGER and DEANGELO, Assemblywoman MCCOY, Senators ZWICKER and SMITH, Assemblyman DANIELSEN, Senator DIEGNAN, Assembly Speaker COUGHLIN, Assemblywoman LOPEZ, Senators CRYAN and BRAMNICK, Assemblymen DIMAIO and PETERSON, Assemblywoman FANTASIA, Senator BUCCO, Assemblymen WEBBER and BERGEN, Senator MCKEON, Assemblywoman BAGOLIE, Senator BURGESS, Assemblywoman HALL, Assemblyman SAMPSON IV, Senator STACK, Assemblymen MARENCO, VENEZIA, ABDELAZIZ, and CALABRESE, Senators JOHNSON and LAGANA, Assemblywoman SWAIN, Assemblyman TULLY, Senator SCHEPISI, and Assemblyman AZZARITI JR.

WHEREAS, The Senate and General Assembly of the State of New Jersey are pleased to honor and salute the members of the Garden State's highly esteemed Sikh community as they commemorate Human Rights and Religious Freedom Day on November 24, 2025; and,

WHEREAS, Upon this auspicious occasion, Sikhs throughout the world will mark the Three Hundred Fiftieth Anniversary of the Martyrdom of Guru Tegh Bahadur, the venerated Ninth Guru of Sikhism, who confronted the Mughal Emperor Aurangzeb against the forced religious conversion of Hindus to Islam, an act for which he was publicly executed in 1675, thus earning the title of *Dhram Di Chadar*, or Shield of the Religions; and,

WHEREAS, Guru Tegh Bahadur's ultimate sacrifice resonates within New Jersey's Sikh community, whose members first immigrated to this nation more than one century ago and have since played a vital role in the growth and prosperity of this State and contributed to the vitality of our cities, towns, and boroughs; and,

WHEREAS, The world's fifth largest religion, with nearly 30 million followers across the globe—including one million devotees in the United States—Sikhism promotes a holistic understanding of peace through equality, fraternity, and respect while striving to conquer hatred and division through the application of honest work, charity, and generosity; and,

WHEREAS, The strength and success of the State of New Jersey and the effectiveness of our American society greatly depend upon the sterling qualities demonstrated by our various ethnic and religious groups, exemplified by the Sikh community, who share with us their time-honored values and traditions; and,

WHEREAS, It is altogether right and proper for this Legislature to pause in its deliberations to recognize Human Rights and Religious Freedom Day and affirm its importance to all who envision a more just and tolerant world replete with opportunity for all; now, therefore,

*Be It Resolved by the Senate and General Assembly of the State of New Jersey:*

That this Legislature hereby salutes this State's Sikh community, pays tribute to its meritorious record of service and commitment, and encourages all New Jerseyans to participate fittingly in the observance of Human Rights and Religious Freedom Day on November 24, 2025; and,

*Be It Further Resolved,* That a duly authenticated copy of this resolution be signed by the Senate President and the Assembly Speaker and attested by the Senate Secretary and the Assembly Clerk.

Attest:

Nicholas P. Scutari
*President of the Senate*

Craig J. Coughlin
*Speaker of the General Assembly*

Secretary of the Senate

Clerk of the General Assembly

ਟਰੈਂਟਨ, ਨਿਊ ਜਰਸੀ: ਅਮਰੀਕਾ ਦੇ ਸੂਬੇ ਨਿਊ ਜਰਸੀ ਦੀ ਸੈਨੇਟ ਅਤੇ ਜਨਰਲ ਅਸੈਂਬਲੀ (ਵਿਧਾਨ ਸਭਾ) ਨੇ ਸਿੱਖ ਕੌਮ ਲਈ ਇੱਕ ਇਤਿਹਾਸਕ ਅਤੇ ਮਾਣਮੱਤਾ ਕਦਮ ਚੁੱਕਦਿਆਂ ਇੱਕ ਸਾਂਝਾ ਮਤਾ (Joint Legislative Resolution) ਪਾਸ ਕੀਤਾ ਹੈ। ਇਸ ਮਤੇ ਰਾਹੀਂ ਨੌਵੇਂ ਪਾਤਸ਼ਾਹ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਲਾਸਾਨੀ ਸ਼ਹਾਦਤ ਨੂੰ ਯਾਦ ਕਰਦਿਆਂ 24 ਨਵੰਬਰ, 2025 ਨੂੰ ‘ਮਨੁੱਖੀ ਅਧਿਕਾਰ ਅਤੇ ਧਾਰਮਿਕ ਆਜ਼ਾਦੀ ਦਿਵਸ’ (Human Rights and Religious Freedom Day) ਵਜੋਂ ਮਨਾਉਣ ਦਾ ਐਲਾਨ ਕੀਤਾ ਗਿਆ ਹੈ।

ਮਤੇ ਦੀਆਂ ਮੁੱਖ ਵਿਸ਼ੇਸ਼ਤਾਵਾਂ ਅਤੇ ਗੁਰੂ ਸਾਹਿਬ ਨੂੰ ਸ਼ਰਧਾਂਜਲੀ:

ਸੈਨੇਟਰ ਬੁਰਜ਼ੀਚੇਲੀ (Senator Burzichelli), ਅਸੈਂਬਲੀ ਵੂਮੈਨ ਸਿਮੰਸ ਅਤੇ ਹੋਰ ਸਾਥੀਆਂ ਵੱਲੋਂ ਪੇਸ਼ ਕੀਤੇ ਗਏ ਇਸ ਮਤੇ ਵਿੱਚ ਗੁਰੂ ਸਾਹਿਬ ਦੀ ਕੁਰਬਾਨੀ ਨੂੰ ਬਹੁਤ ਹੀ ਸਤਿਕਾਰਤ ਸ਼ਬਦਾਂ ਵਿੱਚ ਬਿਆਨ ਕੀਤਾ ਗਿਆ ਹੈ:

1. 350ਵਾਂ ਸ਼ਹੀਦੀ ਦਿਹਾੜਾ: ਮਤੇ ਵਿੱਚ ਦਰਜ ਹੈ ਕਿ ਵਿਸ਼ਵ ਭਰ ਵਿੱਚ ਵੱਸਦੇ ਸਿੱਖ 2025 ਵਿੱਚ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦਾ 350ਵਾਂ ਸ਼ਹੀਦੀ ਦਿਹਾੜਾ ਮਨਾ ਰਹੇ ਹਨ।

2. ‘ਹਿੰਦ ਦੀ ਚਾਦਰ’: ਦਸਤਾਵੇਜ਼ ਵਿੱਚ ਵਿਸ਼ੇਸ਼ ਤੌਰ ’ਤੇ ਜ਼ਿਕਰ ਕੀਤਾ ਗਿਆ ਹੈ ਕਿ ਗੁਰੂ ਸਾਹਿਬ ਨੂੰ ‘ਹਿੰਦ ਦੀ ਚਾਦਰ’ (Shield of the Religions) ਵਜੋਂ ਜਾਣਿਆ ਜਾਂਦਾ ਹੈ। ਉਨ੍ਹਾਂ ਨੇ ਮੁਗਲ ਬਾਦਸ਼ਾਹ ਔਰੰਗਜ਼ੇਬ ਵੱਲੋਂ ਹਿੰਦੂਆਂ ਦੇ ਜਬਰਨ ਧਰਮ ਪਰਿਵਰਤਨ ਦੇ ਵਿਰੁੱਧ ਆਵਾਜ਼ ਬੁਲੰਦ ਕੀਤੀ ਸੀ ਅਤੇ ਧਾਰਮਿਕ ਆਜ਼ਾਦੀ ਦੀ ਰਾਖੀ ਲਈ 1675 ਵਿੱਚ ਆਪਣੀ ਸ਼ਹਾਦਤ ਦਿੱਤੀ ਸੀ।

3. ਸਿੱਖ ਕੌਮ ਦੀ ਸ਼ਲਾਘਾ: ਨਿਊ ਜਰਸੀ ਸਟੇਟ ਨੇ ਮੰਨਿਆ ਹੈ ਕਿ ਸਿੱਖ ਭਾਈਚਾਰਾ ਪਿਛਲੇ ਇੱਕ ਸਦੀ ਤੋਂ ਵੀ ਵੱਧ ਸਮੇਂ ਤੋਂ ਅਮਰੀਕਾ ਵਿੱਚ ਵੱਸ ਰਿਹਾ ਹੈ ਅਤੇ ਸੂਬੇ ਦੇ ਵਿਕਾਸ ਵਿੱਚ ਉਨ੍ਹਾਂ ਦਾ ਅਹਿਮ ਯੋਗਦਾਨ ਹੈ। ਮਤੇ ਮੁਤਾਬਕ, ਸਿੱਖ ਧਰਮ ਦੁਨੀਆ ਦਾ ਪੰਜਵਾਂ ਸਭ ਤੋਂ ਵੱਡਾ ਧਰਮ ਹੈ, ਜੋ ਸ਼ਾਂਤੀ, ਬਰਾਬਰੀ ਅਤੇ ਭਾਈਚਾਰੇ ਦਾ ਪ੍ਰਚਾਰ ਕਰਦਾ ਹੈ।

ਸਰਕਾਰੀ ਐਲਾਨ: ਇਸ ਮਤੇ ’ਤੇ ਸੈਨੇਟ ਦੇ ਪ੍ਰਧਾਨ ਨਿਕੋਲਸ ਪੀ. ਸਕੂਟਾਰੀ (Nicholas P. Scutari) ਅਤੇ ਜਨਰਲ ਅਸੈਂਬਲੀ ਦੇ ਸਪੀਕਰ ਕ੍ਰੇਗ ਜੇ. ਕੌਫਲਿਨ (Craig J. Coughlin) ਦੇ ਹਸਤਾਖਰ ਹਨ। ਸਰਕਾਰ ਨੇ ਸਮੂਹ ਨਿਊ ਜਰਸੀ ਵਾਸੀਆਂ ਨੂੰ ਅਪੀਲ ਕੀਤੀ ਹੈ ਕਿ ਉਹ 24 ਨਵੰਬਰ, 2025 ਨੂੰ ਮਨੁੱਖੀ ਅਧਿਕਾਰਾਂ ਅਤੇ ਧਾਰਮਿਕ ਆਜ਼ਾਦੀ ਦੇ ਇਸ ਦਿਹਾੜੇ ਵਿੱਚ ਸ਼ਾਮਲ ਹੋਣ।

ਇਹ ਮਤਾ ਅਮਰੀਕਾ ਵਿੱਚ ਸਿੱਖ ਪਛਾਣ ਅਤੇ ਗੁਰੂ ਸਾਹਿਬਾਨ ਦੇ ਇਤਿਹਾਸਕ ਯੋਗਦਾਨ ਨੂੰ ਮਿਲੀ ਇੱਕ ਵੱਡੀ ਮਾਨਤਾ ਹੈ।

ਜਿਥੇ ਅੱਜ, ਨਿਊ ਜਰਸੀ ਸਟੇਟ ਅਸੈਂਬਲੀ ਅਤੇ ਸੈਨੇਟ ਵੱਲੋਂ ਧਾਰਮਿਕ ਆਜ਼ਾਦੀ ਦੀ ਰਾਖੀ ਲਈ ਸਿੱਖ ਪਰੰਪਰਾ ਦੇ ਅਟੁੱਟ ਯੋਗਦਾਨ ਨੂੰ ਮਾਨਤਾ ਦਿੱਤੀ ਗਈ ਅਤੇ ਅਤੇ ਗੁਰੂ ਸਾਹਿਬ ਜੀ ਦੀ ਮਹਾਨ ਲਾਸਾਨੀ ਸ਼ਹਾਦਤ ਨੂੰ ਯਾਦ ਕੀਤਾ ਗਿਆ ਸਾਲ 1675 ਵਿੱਚ, ਨੌਵੇਂ ਪਾਤਸ਼ਾਹ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਨੇ ਦੂਜਿਆਂ ਦੇ ਧਰਮ ਅਤੇ ਪੂਜਾ ਕਰਨ ਦੇ ਹੱਕ ਦੀ ਰਾਖੀ ਲਈ ਆਪਣੀ ਸ਼ਹਾਦਤ ਦਿੱਤੀ ਸੀ। ਇਸ ਸਮੇ ਅਮਰੀਕਾ ਦੇ ਊਘੇ ਸਿੱਖ ਆਗੂ ਅਤੇ ਸਿੱਖ ਕਾਕਸ ਦੇ ਕੁਆਰਡੀਨੇਟਰ ਡਾਕਟਰ ਪ੍ਰਿਤਪਾਲ ਸਿੰਘ ਨੇ ਸਾਡੇ ਲੋਕ ਅਖਬਾਰ ਨਾਲ ਗਲਬਾਤ ਕਰਦਿਆ ਕਿਹਾ ਕੀ ਗੁਰੂ ਸਾਹਿਬ ਜਿਨ੍ਹਾਂ ਦੀ ਕੁਰਬਾਨੀ ਨੇ ਭਾਰਤ ਦਾ ਡੁਬਦਾ ਧਰਮ ਆਪਣਾ ਸੀਸ ਅਤੇ ਆਪਣੇ ਸਿੱਖਾਂ ਦੀਆਂ ਕੁਰਬਾਨੀਆਂ ਦੇ ਕੇ ਬਚਾਇਆ ਉਹਨਾ ਕਿਹਾ ਕੀ ਗੁਰੂ ਸਾਹਿਬ (Shield of the Religions) ‘ਹਿੰਦ ਦੀ ਚਾਦਰ’ ਸਨ।

ਤਿਲਕ ਜੰਞੂ ਰਾਖਾ ਪ੍ਰਭ ਤਾ ਕਾ॥ ਕੀਨੋ ਬਡੋ ਕਲੂ ਮਹਿ ਸਾਕਾ॥ ਸਾਧਨੁ ਹੇਤਿ ਇਤੀ ਜਿਨਿ ਕਰੀ॥ ਸੀਸੁ ਦੀਆ ਪਰ ਸੀ ਨ ਉਚਰੀ ਉਹਨਾ ਅੱਜ ਦੇ ਇਸ ਮਹਾਨ ਸਮਾਗਮ ਲਈ ਨਿਊ ਜਰਸੀ ਵਿਧਾਨ ਸਭਾ ਦਾ ਅਤੇ ਇਸ ਪਿਛੇ ਦਿੱਨ ਰਾਤ ਕੰਮ ਕਰਨ ਵਾਲਿਆ ਦਾ ਤਹਿ ਦਿਲ ਤੋਂ ਧੰਨਵਾਦ ਕੀਤਾ ਅਤੇ ਖਾਸ ਤੌਰ ਉਪਰ ਉਹਨਾਂ ਨੇ ਇਸ ਸਮਾਗਮ ਨੂੰ ਆਯੋਜਿਤ ਕਰਨ ਲਈ ਸ. ਹਰਜਿੰਦਰ ਸਿੰਘ, ਸ. ਜੁਗਰਾਜ ਸਿੰਘ ਅਤੇ ਨਿਊ ਜਰਸੀ ਦੀ ਸਟੇਟ ਲੀਡਰਸ਼ਿਪ ਦਾ ਵਿਸ਼ੇਸ਼ ਧੰਨਵਾਦ ਕੀਤਾ।



# 1984 ਸਿੱਖ ਕਤਲੇਆਮ ਪੀੜਤਾਂ ਲਈ ਵੱਡਾ ਕਦਮ
## ਮੁੱਖ ਮੰਤਰੀ ਰੇਖਾ ਗੁਪਤਾ ਨੇ 36 ਪਰਿਵਾਰਾਂ ਨੂੰ ਵੰਡੇ ਨੌਕਰੀ ਦੇ ਨਿਯੁਕਤੀ ਪੱਤਰ






ਨਵੀਂ ਦਿੱਲੀ: ਦਿੱਲੀ ਦੀ ਮੁੱਖ ਮੰਤਰੀ ਰੇਖਾ ਗੁਪਤਾ ਨੇ 1984 ਦੇ ਸਿੱਖ ਵਿਰੋਧੀ ਦੰਗਿਆਂ ਤੋਂ ਪ੍ਰਭਾਵਿਤ ਪਰਿਵਾਰਾਂ ਨੂੰ ਵੱਡੀ ਰਾਹਤ ਦਿੰਦਿਆਂ ਸਰਕਾਰੀ ਨੌਕਰੀ ਦੇ ਨਿਯੁਕਤੀ ਪੱਤਰ ਸੌਂਪੇ। ਇਹ ਸਮਾਗਮ ਦਿੱਲੀ ਸਕੱਤਰੇਤ (Delhi Secretariat) ਵਿਖੇ ਆਯੋਜਿਤ ਕੀਤਾ ਗਿਆ ਸੀ।

ਨਿਯੁਕਤੀਆਂ: ਮੁੱਖ ਮੰਤਰੀ ਨੇ ਦੰਗਾ ਪੀੜਤ 36 ਪਰਿਵਾਰਾਂ ਦੇ ਮੈਂਬਰਾਂ ਨੂੰ ਮਲਟੀ-ਟਾਸਕਿੰਗ ਸਟਾਫ (MTS) ਦੇ ਅਹੁਦਿਆਂ ਲਈ ਨਿਯੁਕਤੀ ਪੱਤਰ (Appointment Letters) ਦਿੱਤੇ।

ਇਸ ਸਮਾਗਮ ਦੌਰਾਨ ਦਿੱਲੀ ਸਰਕਾਰ ਦੇ ਮੰਤਰੀ ਸਰਦਾਰ ਮਨਜਿੰਦਰ ਸਿੰਘ ਸਿਰਸਾ ਵੀ ਵਿਸ਼ੇਸ਼ ਤੌਰ 'ਤੇ ਮੌਜੂਦ ਸਨ।

ਇਸ ਕਦਮ ਦਾ ਮਕਸਦ 1984 ਦੇ ਦੁਖਦਾਈ ਦੰਗਿਆਂ ਦਾ ਸ਼ਿਕਾਰ ਹੋਏ ਪਰਿਵਾਰਾਂ ਨੂੰ ਆਰਥਿਕ ਸੁਰੱਖਿਆ ਪ੍ਰਦਾਨ ਕਰਨਾ ਅਤੇ ਉਨ੍ਹਾਂ ਦੇ ਮੁੜ ਵਸੇਬੇ ਵਿੱਚ ਮਦਦ ਕਰਨਾ ਹੈ।

ਇਸ ਮੌਕੇ ਪੀੜਤ ਪਰਿਵਾਰਾਂ ਨੇ ਸਰਕਾਰ ਦੇ ਇਸ ਫੈਸਲੇ ਦਾ ਸਵਾਗਤ ਕੀਤਾ। ਸਰਦਾਰ ਮਨਜਿੰਦਰ ਸਿੰਘ ਸਿਰਸਾ ਨੇ ਕਿਹਾ ਕਿ ਪੀੜਤਾਂ ਨੂੰ ਇਨਸਾਫ ਅਤੇ ਸਹਾਇਤਾ ਦਿਵਾਉਣ ਲਈ ਸਰਕਾਰ ਵਚਨਬੱਧ ਹੈ।



# ਲੁਟੇਰਿਆਂ ਨੇ ਲੁੱਟ ਪਾਈ ਆ ਲੁੱਟ, ਡੌਂਕੀ ਰੂਟ ਮਾਮਲਾ
## ਦਿੱਲੀ ਦੇ ਟਰੈਵਲ ਏਜੰਟ ਕੋਲੋਂ 19 ਕਰੋੜ ਰੁਪਏ ਦੀ ਨਕਦੀ ਅਤੇ ਸੋਨਾ-ਚਾਂਦੀ ਬਰਾਮਦ

ਨਵੀਂ ਦਿੱਲੀ/ਜਲੰਧਰ: ਜਲੰਧਰ ਇਨਫੋਰਸਮੈਂਟ ਡਾਇਰੈਕਟੋਰੇਟ (ED) ਨੇ ਗੈਰ-ਕਾਨੂੰਨੀ ਢੰਗ ਨਾਲ ਵਿਦੇਸ਼ ਭੇਜਣ ਵਾਲੇ 'ਡੌਂਕੀ ਰੂਟ' (Donkey Route) ਮਾਮਲੇ ਵਿੱਚ ਇੱਕ ਵੱਡੀ ਕਾਰਵਾਈ ਨੂੰ ਅੰਜਾਮ ਦਿੱਤਾ ਹੈ। ਈਡੀ ਦੀ ਟੀਮ ਨੇ ਪੰਜਾਬ, ਹਰਿਆਣਾ ਅਤੇ ਦਿੱਲੀ ਸਮੇਤ ਕੁੱਲ 13 ਥਾਵਾਂ 'ਤੇ ਛਾਪੇਮਾਰੀ ਕੀਤੀ, ਜਿਸ ਦੌਰਾਨ ਕਰੋੜਾਂ ਰੁਪਏ ਦੀ ਨਕਦੀ ਅਤੇ ਸੋਨਾ-ਚਾਂਦੀ ਬਰਾਮਦ ਹੋਇਆ ਹੈ।

ਛਾਪੇਮਾਰੀ ਦੀ ਤਾਰੀਖ: ਇਹ ਕਾਰਵਾਈ 18 ਦਸੰਬਰ ਨੂੰ ਕੀਤੀ ਗਈ ਸੀ। ਜਲੰਧਰ ਈਡੀ ਦੀ ਅਗਵਾਈ ਵਿੱਚ ਟੀਮਾਂ ਨੇ 13 ਵੱਖ-ਵੱਖ ਟਿਕਾਣਿਆਂ 'ਤੇ ਦਬਿਸ਼ ਦਿੱਤੀ।

ਦਿੱਲੀ ਦੇ ਏਜੰਟ 'ਤੇ ਸ਼ਿਕੰਜਾ: ਛਾਪੇਮਾਰੀ ਦੌਰਾਨ ਇੱਕ ਦਿੱਲੀ ਸਥਿਤ ਟਰੈਵਲ ਏਜੰਟ ਦੇ ਟਿਕਾਣਿਆਂ ਦੀ ਤਲਾਸ਼ੀ ਲਈ ਗਈ, ਜਿੱਥੋਂ ਜਾਂਚ ਏਜੰਸੀ ਨੂੰ ਭਾਰੀ ਮਾਤਰਾ ਵਿੱਚ ਅਘੋਸ਼ਿਤ ਜਾਇਦਾਦ ਮਿਲੀ।




ਨਕਦੀ: 4.62 ਕਰੋੜ ਰੁਪਏ।

ਚਾਂਦੀ: 313 ਕਿਲੋਗ੍ਰਾਮ।

ਸੋਨਾ: 6 ਕਿਲੋਗ੍ਰਾਮ ਸੋਨੇ ਦੀਆਂ ਇੱਟਾਂ (Gold Bullions)।

ਕੁੱਲ ਕੀਮਤ: ਜ਼ਬਤ ਕੀਤੀ ਗਈ ਨਕਦੀ, ਸੋਨੇ ਅਤੇ ਚਾਂਦੀ ਦੀ ਕੁੱਲ ਕੀਮਤ ਲਗਭਗ 19.13 ਕਰੋੜ ਰੁਪਏ ਦੱਸੀ ਗਈ ਹੈ।

ਇਹ ਛਾਪੇਮਾਰੀ ਉਸ ਜਾਂਚ ਦਾ ਹਿੱਸਾ ਹੈ ਜੋ ਜਲੰਧਰ ਈਡੀ ਵੱਲੋਂ 'ਡੌਂਕੀ ਰੂਟ' ਰਾਹੀਂ ਲੋਕਾਂ ਨੂੰ ਗੈਰ-ਕਾਨੂੰਨੀ ਤਰੀਕੇ ਨਾਲ ਯੂਰਪ ਅਤੇ ਅਮਰੀਕਾ ਭੇਜਣ ਵਾਲੇ ਗਿਰੋਹਾਂ ਖਿਲਾਫ਼ ਚਲਾਈ ਜਾ ਰਹੀ ਹੈ। ਏਜੰਸੀ ਨੂੰ ਸ਼ੱਕ ਸੀ ਕਿ ਇਸ ਕਾਲੇ ਕਾਰੋਬਾਰ ਰਾਹੀਂ ਕਮਾਇਆ ਗਿਆ ਪੈਸਾ (Money Laundering) ਵੱਖ-ਵੱਖ ਰੂਪਾਂ ਵਿੱਚ ਸਟੋਰ ਕੀਤਾ ਗਿਆ ਹੈ।

ਫਿਲਹਾਲ ਈਡੀ ਵੱਲੋਂ ਦਸਤਾਵੇਜ਼ਾਂ ਦੀ ਜਾਂਚ ਕੀਤੀ ਜਾ ਰਹੀ ਹੈ ਅਤੇ ਆਉਣ ਵਾਲੇ ਦਿਨਾਂ ਵਿੱਚ ਇਸ ਮਾਮਲੇ ਵਿੱਚ ਹੋਰ ਵੱਡੇ ਖੁਲਾਸੇ ਹੋਣ ਦੀ ਸੰਭਾਵਨਾ ਹੈ।

# ਕੈਲੀਫੋਰਨੀਆ ਦੇ ਸਿੱਖ ਟਰੱਕ ਚਾਲਕਾਂ ਵੱਲੋਂ ਕੇਸ ਦਾਇਰ
## ਮੋਟਰ ਵਾਹਨ ਵਿਭਾਗ ਦੀ ਲਾਇਸੈਂਸ ਰੱਦ ਕਰਨ ਦੀ ਨੀਤੀ ਰੋਕਣ ਦੀ ਮੰਗ

ਸੈਕਰਾਮੈਂਟੋ : ਸਿੱਖਾਂ ਦੇ ਨਾਗਰਿਕ ਅਧਿਕਾਰਾਂ ਦੀ ਰਾਖੀ ਕਰਨ ਵਾਲੀ ਸੰਸਥਾ 'ਸਿੱਖ ਕੁਲੀਸ਼ਨ' ਅਤੇ ਸਾਂ ਫਰਾਂਸਿਸਕੋ ਆਧਾਰਿਤ 'ਏਸ਼ੀਅਨ ਲਾਅ ਕੌਕਸ' ਨੇ ਕੈਲੀਫੋਰਨੀਆ ਦੇ ਮੋਟਰ ਵਾਹਨ ਵਿਭਾਗ ਦੀ ਉਸ ਨੀਤੀ ਖ਼ਿਲਾਫ਼ ਮੁਕੱਦਮਾ ਦਾਇਰ ਕੀਤਾ ਹੈ ਜਿਸ ਤਹਿਤ ਤਕਰੀਬਨ 17 ਹਜ਼ਾਰ ਟਰੱਕ ਚਾਲਕਾਂ ਦੇ ਲਾਇਸੈਂਸ ਰੱਦ ਕਰਨ ਦੀ ਯੋਜਨਾ ਹੈ।

ਸਿੱਖ ਕੁਲੀਸ਼ਨ ਦੀ ਕਾਨੂੰਨੀ ਨਿਰਦੇਸ਼ਕ ਮਨਮੀਤ ਕੌਰ ਨੇ ਕਿਹਾ, "ਇਨ੍ਹਾਂ ਡਰਾਈਵਰਾਂ ਨੇ ਸਾਲਾਂ ਤੱਕ ਆਪਣੀ ਜ਼ਿੰਦਗੀ ਇਸ ਕਾਰੋਬਾਰ ਨਾਲ ਜੋੜੀ ਹੈ ਅਤੇ ਹੁਣ ਉਨ੍ਹਾਂ ਨੂੰ ਬਿਨਾਂ ਕਿਸੇ ਗ਼ਲਤੀ ਦੇ ਸੰਭਾਵੀ ਆਰਥਿਕ ਬਰਬਾਦੀ ਦਾ ਸਾਹਮਣਾ ਕਰਨਾ ਪੈ ਰਿਹਾ ਹੈ।"

ਉਨ੍ਹਾਂ ਦੋਸ਼ ਲਾਇਆ ਕਿ ਟਰੱਕ ਚਾਲਕਾਂ ਦੇ ਲਾਇਸੈਂਸ ਰੱਦ ਕਰਨ ਦੀ ਰਾਜ ਦੀ ਯੋਜਨਾ ਉਨ੍ਹਾਂ ਦੇ ਹੱਕਾਂ ਦਾ ਉਲੰਘਣ ਕਰਦੀ ਹੈ ਤੇ ਉਨ੍ਹਾਂ ਦੇ ਰੁਜ਼ਗਾਰ ਨੂੰ ਖਤਰੇ 'ਚ ਪਾਉਂਦੀ ਹੈ। ਉਹ ਅਲਮੇਡਾ ਕਾਊਂਟੀ ਸੁਪੀਰੀਅਰ ਕੋਰਟ 'ਚ ਲਾਇਸੈਂਸ ਰੱਦ ਕਰਨ ਦੀ ਕਾਰਵਾਈ ਰੋਕਣ ਦੀ ਮੰਗ ਕਰ ਰਹੇ ਹਨ। ਕੈਲੀਫੋਰਨੀਆ ਡੀ ਐੱਮ ਵੀ ਨੇ ਕਿਹਾ ਕਿ ਉਹ ਸੁਣਵਾਈ ਅਧੀਨ ਮੁਕੱਦਮਿਆਂ 'ਤੇ ਕੋਈ ਟਿੱਪਣੀ ਨਹੀਂ ਕਰਦਾ।

ਜ਼ਿਕਰਯੋਗ ਹੈ ਕਿ ਕੈਲੀਫੋਰਨੀਆ ਦੇ ਅਧਿਕਾਰੀਆਂ ਨੇ ਪਿਛਲੇ ਮਹੀਨੇ ਕਿਹਾ ਸੀ ਕਿ ਰਾਜ ਨੇ ਤਕਰੀਬਨ 17 ਹਜ਼ਾਰ ਟਰੱਕ ਚਾਲਕਾਂ ਨੂੰ ਸੂਚਿਤ ਕੀਤਾ ਹੈ ਕਿ ਉਨ੍ਹਾਂ ਦੇ ਕਮਰਸ਼ੀਅਲ ਡਰਾਈਵਿੰਗ ਲਾਇਸੈਂਸ ਰੱਦ ਕੀਤੇ ਜਾਣਗੇ ਕਿਉਂਕਿ ਉਨ੍ਹਾਂ ਦੀ ਕਾਨੂੰਨੀ ਮਾਨਤਾ ਖਤਮ ਹੋ ਚੁੱਕੀ ਹੈ। ਪਰਵਾਸੀ ਟਰੱਕ ਡਰਾਈਵਰਾਂ ਬਾਰੇ ਚਿੰਤਾਵਾਂ ਉਦੋਂ ਵਧ ਗਈਆਂ ਸਨ ਜਦੋਂ ਅਮਰੀਕਾ ਵਿੱਚ ਰਹਿਣ ਲਈ ਅਣਅਧਿਕਾਰਤ ਇੱਕ ਟਰੈਕਟਰ-ਟਰੇਲਰ ਡਰਾਈਵਰ ਨੇ ਗੈਰ-ਕਾਨੂੰਨੀ ਢੰਗ ਨਾਲ 'ਯੂ-ਟਰਨ' ਲਿਆ, ਜਿਸ ਕਾਰਨ ਅਗਸਤ ਮਹੀਨੇ ਵਿੱਚ ਫਲੋਰਿਡਾ 'ਚ ਇੱਕ ਹਾਦਸਾ ਵਾਪਰ ਗਿਆ ਸੀ ਜਿਸ ਵਿੱਚ ਤਿੰਨ ਵਿਅਕਤੀਆਂ ਦੀ ਮੌਤ ਹੋ ਗਈ ਸੀ। ਅਕਤੂਬਰ ਵਿੱਚ ਕੈਲੀਫੋਰਨੀਆ 'ਚ ਵਾਪਰੇ ਇੱਕ ਭਿਆਨਕ ਹਾਦਸੇ ਨੇ ਇਨ੍ਹਾਂ ਚਿੰਤਾਵਾਂ ਨੂੰ ਹੋਰ ਵਧਾ ਦਿੱਤਾ ਸੀ। ਇਸ ਹਾਦਸੇ ਵਿੱਚ ਵੀ ਤਿੰਨ ਵਿਅਕਤੀਆਂ ਦੀ ਮੌਤ ਹੋ ਗਈ ਸੀ। ਹਾਦਸੇ ਵਿੱਚ ਸ਼ਾਮਲ ਟਰੱਕ ਡਰਾਈਵਰ ਵੀ ਦੇਸ਼ 'ਚ ਗੈਰ-ਕਾਨੂੰਨੀ ਢੰਗ ਨਾਲ ਰਹਿ ਰਿਹਾ ਸੀ।





## ਪੰਜਾਬੀ ਸਾਹਿਤ ਸਭਿਆਚਾਰ ਦੀ ਦੁਨੀਆਂ ’ਚ ਜਾਣੀ ਪਹਿਚਾਣੀ ਸ਼ਖ਼ਸੀਅਤ - ਡਾ. ਗੁਰਪਾਲ ਸਿੰਘ ਸੰਧੂ: ਇੱਕ ਜਾਣ-ਪਛਾਣ

ਡਾ. ਗੁਰਪਾਲ ਸਿੰਘ ਸੰਧੂ ਪੰਜਾਬੀ ਭਾਸ਼ਾ, ਸਾਹਿਤ ਅਤੇ ਸੱਭਿਆਚਾਰ ਦੇ ਖੇਤਰ ਵਿੱਚ ਇੱਕ ਜਾਣਿਆ-ਪਛਾਣਿਆ ਨਾਮ ਹਨ। ਵਰਤਮਾਨ ਵਿੱਚ ਉਹ ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ ਵਿਖੇ ਪੰਜਾਬੀ ਸਕੂਲ ਆਫ ਸਟੱਡੀਜ਼ ਵਿਭਾਗ ਦੇ ਮੁਖੀ ਹਨ। ਉਨ੍ਹਾਂ ਨੇ ਆਪਣੀ ਉੱਚ ਸਿੱਖਿਆ ਪੰਜਾਬੀ ਯੂਨੀਵਰਸਿਟੀ, ਪਟਿਆਲਾ ਤੋਂ ਹਾਸਲ ਕੀਤੀ ਅਤੇ ਪੰਜਾਬੀ ਅਧਿਐਨ ਦੇ ਖੇਤਰ ਵਿੱਚ ਡੂੰਘੀ ਮੁਹਾਰਤ ਰੱਖਦੇ ਹਨ। ਡਾ. ਸੰਧੂ ਇੱਕ ਉੱਘੇ ਖੋਜਕਾਰ, ਆਲੋਚਕ ਅਤੇ ਇੱਕ ਪ੍ਰੇਰਣਾਦਾਇਕ ਅਧਿਆਪਕ ਵਜੋਂ ਜਾਣੇ ਜਾਂਦੇ ਹਨ। ਉਨ੍ਹਾਂ ਦੀ ਖੋਜ ਦੇ ਮੁੱਖ ਵਿਸ਼ਿਆਂ ਵਿੱਚ ਪੰਜਾਬੀ ਲੋਕਧਾਰਾ, ਮੱਧਕਾਲੀ ਸਾਹਿਤ ਅਤੇ ਆਧੁਨਿਕ ਪੰਜਾਬੀ ਕਵਿਤਾ ਸ਼ਾਮਲ ਹਨ। ਉਹਨਾਂ ਨੇ ਕਈ ਰਾਸ਼ਟਰੀ ਅਤੇ ਅੰਤਰਰਾਸ਼ਟਰੀ ਸੈਮੀਨਾਰਾਂ ਅਤੇ ਕਾਨਫਰੰਸਾਂ ਵਿੱਚ ਆਪਣੇ ਖੋਜ ਪੱਤਰ ਪੇਸ਼ ਕੀਤੇ ਹਨ ਅਤੇ ਉਹਨਾਂ ਦੇ ਲੇਖ ਵੱਖ-ਵੱਖ ਵੱਕਾਰੀ ਰਸਾਲਿਆਂ ਵਿੱਚ ਛਪ ਚੁੱਕੇ ਹਨ। ਆਪਣੇ ਅਧਿਆਪਨ ਅਤੇ ਖੋਜ ਕਾਰਜਾਂ ਰਾਹੀਂ, ਡਾ. ਸੰਧੂ ਨੌਜਵਾਨ ਪੀੜ੍ਹੀ ਵਿੱਚ ਪੰਜਾਬੀ ਭਾਸ਼ਾ ਅਤੇ ਵਿਰਸੇ ਪ੍ਰਤੀ ਚੇਤਨਾ ਅਤੇ ਪਿਆਰ ਪੈਦਾ ਕਰਨ ਲਈ ਲਗਾਤਾਰ ਯਤਨਸ਼ੀਲ ਹਨ। ਉਨ੍ਹਾਂ ਦੀ ਅਗਵਾਈ ਹੇਠ ਕਈ ਵਿਦਿਆਰਥੀ ਐਮ.ਫਿਲ ਅਤੇ ਪੀਐਚ.ਡੀ. ਦੀਆਂ ਡਿਗਰੀਆਂ ਹਾਸਲ ਕਰ ਚੁੱਕੇ ਹਨ। ਪੰਜਾਬੀ ਅਕਾਦਮਿਕਤਾ ਵਿੱਚ ਉਨ੍ਹਾਂ ਦਾ ਯੋਗਦਾਨ ਬਹੁਤ ਹੀ ਸ਼ਲਾਘਾਯੋਗ ਹੈ। ਅਸੀਂ ਉਨ੍ਹਾਂ ਦੇ ਅਮਰੀਕੀ ਤੇ ਪੰਜਾਬੀ ਸਾਹਿਤ ਦੇ ਰੰਗ ਨੂੰ ‘ਸਾਡੇ ਲੋਕ’ ਦੇ ਪਾਠਕਾਂ ਲਈ ਲੜੀਵਾਰ ਛਾਪਕੇ ਅਸੀਮ ਖੁਸ਼ੀ ਪ੍ਰਾਪਤ ਕਰ ਰਹੇ ਹਾ : ਸਤਨਾਮ ਸਿੰਘ ਖਾਲਸਾ

### ਅਮਰੀਕੀ ਜ਼ਮੀਨ ’ਤੇ ਪੰਜਾਬੀ ਸਾਹਿਤ ਦਾ ਨਵਾਂ ਰੰਗ:


ਪੇਸ਼ ਹੈ ਪ੍ਰਸਿੱਧ ਵਿਦਵਾਨ ਡਾ. ਗੁਰਪਾਲ ਸਿੰਘ ਸੰਧੂ ਦਾ ਖੋਜ ਭਰਪੂਰ ਲੇਖ, ਜੋ ਅਮਰੀਕੀ ਪੰਜਾਬੀ ਸਾਹਿਤ ਦੇ ਇੱਕ ਦਿਲਚਸਪ ਅਤੇ ਉੱਭਰ ਰਹੇ ਰੁਝਾਨ ’ਤੇ ਚਾਨਣਾ ਪਾਉਂਦਾ ਹੈ। ਜਿੱਥੇ ਪੰਜਾਬ ਵਿੱਚ ਇੱਕੋ ਲੇਖਕ ਦੁਆਰਾ ਸਾਹਿਤ ਦੀਆਂ ਵੱਖ-ਵੱਖ ਵਿਧਾਵਾਂ (ਜਿਵੇਂ ਕਵਿਤਾ, ਕਹਾਣੀ, ਨਾਵਲ ਆਦਿ) ਵਿੱਚ ਇੱਕੋ ਸਮੇਂ ਲਿਖਣ ਦੀ ਪਰੰਪਰਾ ਮੱਧਮ ਪੈ ਰਹੀ ਹੈ, ਉੱਥੇ ਹੀ ਅਮਰੀਕਾ ਵਿੱਚ ਵੱਸਦੇ ਪੰਜਾਬੀ ਲੇਖਕ ਇਸ ‘ਬਹੁ-ਵਿਧਾਈ ਸਿਰਜਣਾ’ ਨੂੰ ਨਵੀਂ ਊਰਜਾ ਪ੍ਰਦਾਨ ਕਰ ਰਹੇ ਹਨ। ਇਸ ਲੇਖ ਵਿੱਚ, ਲੇਖਕ ਨੇ ਚਾਰ ਪ੍ਰਮੁੱਖ ਅਮਰੀਕੀ ਪੰਜਾਬੀ ਲੇਖਕਾਂ ਦੀਆਂ ਰਚਨਾਵਾਂ ਦਾ ਡੂੰਘਾਈ ਨਾਲ ਵਿਸ਼ਲੇਸ਼ਣ ਕਰਦੇ ਹੋਏ ਇਹ ਦਰਸਾਇਆ ਹੈ ਕਿ ਕਿਵੇਂ ਉਹ ਵੱਖ-ਵੱਖ ਸਾਹਿਤਕ ਰੂਪਾਂ ਨੂੰ ਇੱਕੋ ਸਮੇਂ ਵਰਤ ਕੇ ਪੰਜਾਬੀ ਸਾਹਿਤ ਲਈ ਨਵੀਆਂ ਸੰਭਾਵਨਾਵਾਂ ਸਿਰਜ ਰਹੇ ਹਨ। ਆਓ ਪੜ੍ਹੀਏ ਇਹ ਵਿਸਤ੍ਰਿਤ ਵਿਸ਼ਲੇਸ਼ਣ...

# ਅਮਰੀਕੀ ਪੰਜਾਬੀ ਸਾਹਿਤ ਸਿਰਜਣਾ ਦੀ ਬਹੁ-ਵਿਧਾਈ ਰਚਨਾ-ਵਿਉਂਤ

(ਲੜੀ ਜੋੜਨ ਲਈ ਪਿਛਲਾ ਅੰਕ ਦੇਖੋ)

ਇਸੇ ਕਰਕੇ, ਗ਼ਜ਼ਲਾਂ ਵਿਚ ਪ੍ਰਯੋਗ ਹੋ ਰਹੀ ਉਸਦੀ ਪ੍ਰਤੀਕਾਤਮਕ ਸੁਭਾਅ ਦੀ ਭਾਸ਼ਾ, ਜਿਥੇ ਕਵਿਤਾਵਾਂ ਵਿਚ ‘ਕਾਵਿ-ਚਿੱਤਰਾਂ’ ਦੀ ਵਿਉਂਤ ਵਿਚ ਬਦਲਦੀ ਹੈ, ਉਥੇ ਕਹਾਣੀਆਂ ਦੇ ਬਿਰਤਾਂਤ ਦੀ ਰਚਨਾ ਕਰਨ ਸਮੇਂ ਉਸਦੀ ‘ਕਾਵਿ-ਚਿੱਤਰ’ ਦੀ ਇਹ ਭਾਸ਼ਾਈ ਜੁਗਤ ਆਪਣੇ ਆਪ ਨੂੰ ‘ਬਿਰਤਾਂਤਕ ਚਿੰਨ੍ਹਾਂ’ ਵਿਚ ਰੂਪਾਂਤਰਿਤ ਕਰ ਲੈਂਦੀ ਹੈ। ਇਹ ਬਿਰਤਾਂਤਕ ਚਿੰਨ੍ਹ ਅਗਲੇਰੇ ਪੱਧਰ ‘ਤੇ ਅਜਿਹੇ ਬਿਰਤਾਂਤਕ ਅਰਥਾਂ ਦੀ ਰਚਨਾ ਕਰਨ ਤੇ ਮਾਨਵੀ ਸਥਿਤੀਆਂ ਨੂੰ ਉਭਾਰਨ ਦੇ ਰਾਹੇ ਪੈਂਦੇ ਹਨ, ਜੋ ਗ਼ਜ਼ਲਕਾਰੀ ਵਾਲੀ ਤਸੱਵਰ ਦੀ ਸੂਖਮਤਾ, ਕਵਿਤਾ ਵਾਲੀ ਭਾਵ-ਵਿਉਂਤ ਅਤੇ ਕਥਾ ਵਾਲੀ ਦ੍ਰਿਸ਼-ਸਿਰਜਣਾ ਦਾ ਸੰਕੇਤਾਰਥੀ ਬਿਰਤਾਂਤਕ ਚੌਖਟਾ ਤਿਆਰ ਕਰ ਲੈਂਦੇ ਹਨ।

ਸੁਰਿੰਦਰ ਸੋਹਲ ਦੀਆਂ ਕਹਾਣੀਆਂ ਦਾ ਇਹ ਬਿਰਤਾਂਤ ਇੱਕ ਪਾਸੇ ਤਾਂ ਗੋਰਿਆਂ ਦੇ ਕਥਿਤ ‘ਪੁਰਾਣੇ ਆਵਾਸੀ ਸਟਾਕ’ ਦੀ ਦਮਨਕਾਰੀ ਸੋਚ ਤੇ ਉਸਦੇ ਖ਼ੌਫ਼ ਦੇ ਨਾਲ-ਨਾਲ ਪਰਵਾਸੀ ਪੰਜਾਬੀ ਬੰਦੇ ਦੀ ਮਾਨਵਵਾਦੀ ਸੋਚ ਦੇ ਰਚਨਾਤਮਕ ਰੋਲ ਦੀ ਪੇਸ਼ਕਾਰੀ ਕਰਦਾ ਹੈ। ਦੂਜੇ ਪਾਸੇ, ਇਹ ਇਸ ਪ੍ਰਵਿਰਤੀ ਰਾਹੀਂ ਉਹ ਆਵਾਸੀ ਭਾਈਚਾਰਿਆਂ ਦੀ ਆਪਣੇ ਹੀ ਲੋਕਾਂ ਦਾ ਸ਼ੋਸ਼ਣ ਕਰਨ ਦੀ ਪ੍ਰਵਿਰਤੀ ਨੂੰ ਵੀ ਪਰਤ ਦਰ ਪਰਤ ਉਜਾਗਰ ਕਰਨ ਦੀ ਕੋਸ਼ਿਸ਼ ਕਰਦਾ ਹੈ। ਇਸ ਤਰ੍ਹਾਂ, ਸਰਲ-ਅਰਥੀ ਪੱਧਰ ਉੱਤੇ ਭਾਵੇਂ ਇਹ ਕਹਾਣੀਆਂ ਅਮਰੀਕੀ ਮੂਲਵਾਸੀ ਪਾਤਰਾਂ ਨਾਲ ਜੁੜੀ ਹੋਵੇ, ਭਾਵੇਂ ਆਵਾਸੀ ਪਾਤਰਾਂ ਨਾਲ, ਪਰ ਸੰਕੇਤਿਕ ਅਰਥਾਂ ਵਿਚ ਇਹ ਇਕ ਪਾਸੇ ਤਾਂ ਪੁਰਾਣੇ ਅਮਰੀਕੀ ਆਵਾਸੀ ਸਟਾਕ ਜਾਂ ਸਥਾਪਤ ਆਵਾਸੀ ਲੋਕਾਂ ਦੀ ਨਸਲਵਾਦੀ ਅਤੇ ਸਵੈ-ਕੇਂਦਰਤ ਦਮਨਕਾਰੀ ਸੋਚ ਨੂੰ ਪ੍ਰਗਟ ਕਰਦੀਆਂ ਹਨ ਅਤੇ ਨਾਲ ਦੀ ਨਾਲ ਪੰਜਾਬੀ ਪਰਵਾਸੀ ਸਵੈ ਦੇ ਪੰਜਾਬੀ ਸੰਵੇਦਨਾ ਨਾਲ ਸੰਜੋਏ ਹੋਏ ਭਾਵਾਂ ਨੂੰ ਪ੍ਰਗਟ ਕਰ ਦਿੰਦੀਆਂ ਹਨ,



“ਕੁੜੀ ਦਾ ਪਿਉ ਫੇਰ ਮੇਰਾ ਹੱਥ ਫੜ੍ਹ ਕੇ ਖੜ੍ਹ ਗਿਆ, ਤੁਸੀ ਸੋਚ ਨਹੀਂ ਸਕਦੇ, ਮੈਂ ਕਿੰਨ੍ਹਾਂ ਦੁਖੀ ਹਾਂ। ਇਸਦੀ ਕਰਤੂਤ ਨੇ ਸਾਨੂੰ ਜਿਉਂਦੇ ਜੀ ਮਾਰ ਸੁੱਟਿਆ। ਮੈਂ ਅੱਜ ਤੱਕ ਕਿਸੇ ਤੋਂ ਮਾਫੀ ਨਹੀਂ ਮੰਗੀ। ਹੋ ਸਕੇ ਤਾਂ ਮਾਫ਼ ਕਰ ਦੇਣਾ।”ਉਸਨੇ ਮੇਰਾ ਹੱਥ ਘੁੱਟ ਲਿਆ। ਹੰਝੂ ਉਸਦੀਆਂ ਅੱਖਾਂ ਵਿਚੋਂ ਡੁੱਲਣ-ਡੁੱਲਣ ਕਰਦੇ ਸਨ।

“ਮੈਂ ਤੁਹਾਡੀ ਪੀੜ ਸਮਝ ਸਕਦਾਂ।” ਉਸਦਾ ਹੱਥ ਘੁੱਟਦੇ ਘੁੱਟਦੇ ਮੈਨੂੰ ਚੇਤਾ ਹੀ ਭੁੱਲ ਗਿਆ ਕਿ ਉਹ ਉਸ ਵਾਰਦਾਤ ‘ਚ ਸ਼ਾਮਲ ਕੁੜੀ ਦਾ ਪਿਉ ਸੀ,ਜਿਸਦੇ ਖਿਲਾਫ਼ ਮੈਂ ਗਵਾਹੀ ਦੇਣ ਆਇਆ ਸੀ।

(ਸੁਰਿੰਦਰ ਸੋਹਲ, ਸਾਂਝ, ਪੰਨਾ )

ਸੁਰਿੰਦਰ ਸੋਹਲ ਦੀਆਂ ਕਹਾਣੀਆਂ ਦੇ ਬਿਰਤਾਂਤ ਵਿਚ ਬਹੁ-ਸਭਿਆਚਾਰਕ ਤੇ ਪਾਰ-ਵਤਨੀ ਦ੍ਰਿਸ਼ਾਂ ਨਾਲ ਵਿਉਂਤੇ ਹੋਏ ਸੰਦਰਭਾਂ ਵਿਚ ਮੂਲਵਾਸ ਅਤੇ ਵਾਸ-ਭੂਮੀ ਦਾ ਸਭਿਆਚਾਰਕ ਇਤਿਹਾਸ ਵੀ ਪ੍ਰਮੁੱਖ ਪ੍ਰੇਰਿਕ ਸ਼ਕਤੀ ਵਜੋਂ ਗਤੀਸ਼ੀਲ ਹੁੰਦੇ ਹਨ। ਜਿਵੇਂ, ‘ਸ਼ੀਸ਼ੇ ’ਤੇ ਜੰਮੀ ਬਰਫ਼’ ਤੇ ‘ਸਾਂਝ’ ਕਹਾਣੀਆਂ ਦਾ ਬਿਰਤਾਂਤ ਇਕ ਪਾਸੇ ਤਾਂ ਸਮੂਹਿਕ ਮਾਨਸਿਕਤਾ ਵਿਚ ਪ੍ਰਵਾਹਮਾਨ ਅਮਲਾਂ ਦੇ ਵਿਅਕਤੀਗਤ ਨਿਭਾਅ ਦੇ ਦ੍ਰਿਸ਼ਾਂ ਨੂੰ ਪ੍ਰਗਟ ਕਰਦਾ ਹੈ, ਦੂਜੇ ਪਾਸੇ ਇਹ ਅੱਜ ਦੇ ਡਾਇਸਪੋਰਿਕ ਮਨੁੱਖ ਦੇ ਬਹੁ-ਸਭਿਆਚਾਰਕ ਤੇ ਪਾਰ-ਵਤਨੀ ਮਸਲਿਆਂ, ਸੰਦਰਭਾਂ ਅਤੇ ਸਰੋਕਾਰਾਂ ਨਾਲ ਮੂਲ-ਵਾਸ ਤੇ ਵਾਸ-ਭੂਮੀ ਦੇ ਸਭਿਆਚਾਰਕ ਇਤਿਹਾਸ ਦੀ ਪ੍ਰੇਰਿਕਤਾ ਨੂੰ ਵੀ ਉਭਾਰ ਦਿੰਦਾ ਹੈ। ਸਿੱਟੇ ਵਜੋਂ, ਇਹਨਾਂ ਕਹਾਣੀ ਦੇ ਬਿਰਤਾਂਤ ਵਿਚ ਭਿੰਨ-ਭਿੰਨ ਵਿਅਕਤੀਆਂ, ਸਮਾਜਿਕ ਸਥਿਤੀਆਂ ਤੇ ਸਮਾਜਿਕ ਪ੍ਰਬੰਧਾਂ ਦੇ ਸਾਕਾਰ ਦ੍ਰਿਸ਼ਾਂ ਦੇ ਪਿੱਛੇ ਸਰਗਰਮ ਨਿਰਾਕਾਰ ਸਭਿਆਚਾਰਕ ਇਤਿਹਾਸ ਦੇ ਸੰਕੇਤਾਰਥੀ ਦ੍ਰਿਸ਼ ਬਹੁ-ਪਰਤੀ ਬਿਰਤਾਂਤਕ ਖੇਡ ਬਣ ਕੇ ਪੇਸ਼ ਹੁੰਦੇ ਹਨ।

(ਚਲਦਾ)

# ਸ਼ਿਮਲਾ ਦੇ ਸਰਕਾਰੀ ਹਸਪਤਾਲ ’ਚ ਡਾਕਟਰ ਵੱਲੋਂ ਮਰੀਜ਼ ਦੀ ਕੁੱਟਮਾਰ



ਸ਼ਿਮਲਾ : ਸ਼ਿਮਲਾ ਦੇ ਇੰਦਰਾ ਗਾਂਧੀ ਮੈਡੀਕਲ ਕਾਲਜ ਤੇ ਹਸਪਤਾਲ ਵਿਚ ਅੱਜ ਇਕ ਡਾਕਟਰ ਨੇ ਮਰੀਜ਼ ਦੀ ਕੁੱਟਮਾਰ ਕਰ ਦਿੱਤੀ। ਇਹ ਮਰੀਜ਼ ਐਂਡੋਸਕੋਪੀ ਕਰਵਾਉਣ ਆਇਆ ਸੀ ਤੇ ਐਂਡੋਸਕੋਪੀ ਕਰਵਾਉਣ ਤੋਂ ਬਾਅਦ ਖਾਲੀ ਬੈੱਡ ਦੇਖ ਕੇ ਸੌਂ ਗਿਆ। ਇਸ ਦੌਰਾਨ ਜਦੋਂ ਡਾਕਟਰ ਨੇ ਵਾਰਡ ਵਿਚ ਬਾਹਰਲੇ ਬੰਦੇ ਨੂੰ ਦੇਖਿਆਂ ਤਾਂ ਦੋਵਾਂ ਵਿਚ ਬੋਲ ਬੁਲਾਰਾ ਹੋ ਗਿਆ ਤੇ ਦੋਵਾਂ ਨੇ ਇਕ ਦੂਜੇ ’ਤੇ ਖੂਬ ਲੱਤਾਂ ਚਲਾਈਆਂ ਤੇ ਮੁੱਕੇ ਮਾਰੇ। ਇਸ ਘਟਨਾ ਦੀ ਵੀਡੀਓ ਵਾਇਰਲ ਹੋਣ ਤੋਂ ਬਾਅਦ ਹਸਪਤਾਲ ਪ੍ਰਸ਼ਾਸਨ ਨੇ ਡਾਕਟਰ ਨੂੰ ਮੁਅੱਤਲ ਕਰ ਦਿੱਤਾ ਹੈ ਤੇ ਜਾਂਚ ਲਈ ਕਮੇਟੀ ਬਣਾ ਦਿੱਤੀ ਹੈ। ਸੂਬੇ ਦੇ ਸਿਹਤ ਮੰਤਰੀ ਨੇ ਕਿਹਾ ਹੈ ਕਿ ਜੇ ਡਾਕਟਰ ਦੀ ਗਲਤੀ ਸਿੱਧ ਹੁੰਦੀ ਹੈ ਤਾਂ ਉਸ ਨੂੰ ਬਰਖਾਸਤ ਕੀਤਾ ਜਾਵੇਗਾ।

ਇਸ ਕੁੱਟਮਾਰ ਤੋਂ ਬਾਅਦ ਮਰੀਜ਼ ਦੇ ਰਿਸ਼ਤੇਦਾਰਾਂ ਨੇ ਹਸਪਤਾਲ ਦੇ ਬਾਹਰ ਪ੍ਰਦਰਸ਼ਨ ਕੀਤਾ ਤੇ ਡਾਕਟਰ ਖ਼ਿਲਾਫ਼ ਸਖਤ ਕਾਰਵਾਈ ਕੀਤੀ। ਮਰੀਜ਼ ਦੇ ਰਿਸ਼ਤੇਦਾਰਾਂ ਨੇ ਕਿਹਾ ਕਿ ਐਂਡੋਸਕੋਪੀ ਕਰਵਾਉਣ ਤੋਂ ਬਾਅਦ ਉਥੋਂ ਦੇ ਡਾਕਟਰ ਨੇ ਹੀ ਮਰੀਜ਼ ਨੂੰ ਆਰਾਮ ਕਰਨ ਲਈ ਕਿਹਾ ਸੀ ਤੇ ਮਰੀਜ਼ ਇਕ ਵਾਰਡ ਵਿਚ ਜਾ ਕੇ ਆਰਾਮ ਕਰਨ ਲੱਗ ਪਿਆ ਤੇ ਇੱਥੇ ਆਏ ਡਾਕਟਰ ਨੇ ਆਉਣ ਸਾਰ ਕੁੱਟਮਾਰ ਸ਼ੁਰੂ ਕਰ ਦਿੱਤੀ।

# ਅਲਬਰਟਾ ਦੀ ਆਜ਼ਾਦੀ ਦੇ ਲੋਕ-ਮਤ ਨੂੰ ਚੋਣ ਏਜੰਸੀ ਵਲੋਂ ਪ੍ਰਵਾਨਗੀ

## ਕੈਨੇਡਾ ਚ ਰਹਿਣਾ ਜਾਂ ਵੱਖਰੇ ਹੋਣ ਦੀ ਚੋਣ ਬਾਰੇ ਹਾਂ-ਨਾਂਹ ਲਈ ਪੈਣਗੀਆਂ ਵੋਟਾਂ

ਵੈਨਕੂਵਰ : ਕੈਨੇਡਾ ਦੇ ਅਲਬਟਾ ਸੂਬੇ ਦੀ ਮੁੱਖ ਮੰਤਰੀ ਵਲੋ ਕੁੱਝ ਮਹੀਨੇ ਪਹਿਲਾਂ ਉਠਾਈ ਗਈ ਵੱਖਰੇ ਹੋਣ ਦੀ ਮੰਗ ਲਈ ਰਿਫਰੈਂਡਮ (ਲੋਕ ਮਤ) ਕਰਾਏ ਜਾਣ ਦੀ ਮੰਗ ਨੂੰ ਉਥੋਂ ਦੀ ਚੋਣ ਏਜੰਸੀ ਨੇ ਪ੍ਰਵਾਨ ਕਰ ਲਿਆ ਹੈ। ਪਰ ਉਸ ਤੋਂ ਪਹਿਲਾਂ ਮੰਗ ਕਰਨ ਵਾਲਿਆਂ ਨੂੰ ਇਸ ਮੰਗ ਦੀ ਪਟੀਸ਼ਨ ’ਤੇ 1 ਲੱਖ 78 ਹਜਾਰ ਲੋਕਾਂ ਦੇ ਦਸਤਖ਼ਤ ਕਰਾਉਣੇ ਪੈਣਗੇ। ਏਜੰਸੀ ਵਲੋਂ ਦਿੱਤੇ ਗਏ ਫੈਸਲੇ ਉੱਤੇ ਵੱਖ ਵੱਖ ਲੋਕਾਂ ਵਲੋਂ ਆਪਣੇ ਪ੍ਰਤੀਕਰਮ ਦਿੱਤੇ ਗਏ ਹਨ।

ਕੁੱਝ ਇਸ ਨੂੰ ਅਜਾਦੀ ਦਾ ਪ੍ਰਗਟਾਵਾ ਅਤੇ ਕੁਝ ਦੇਸ਼ ਦੀ ਅਖੰਡਤਾ ਤੇ ਹਮਲਾ ਦੱਸ ਰਹੇ ਹਨ। ਏਜੰਸੀ ਵਲੋਂ ਦੱਸਿਆ ਗਿਆ ਕਿ ਮੰਗ ਪੇਸ਼ਕਾਰ ਅਲਬਰਟਾ ਪਰੌਸਪੈਰਿਟੀ ਪ੍ਰੌਜੈਕਟ ਦੇ ਸੀ ਈ ਓ ਮਿੱਚ ਸਿਲਵਾਸਤਰੇ ਜਨਵਰੀ ਦੇ ਅੰਤ ਤੱਕ ਵਿੱਤੀ ਅਫਸਰ ਨਿਯੁਕਤ ਕੀਤਾ ਜਾਏਗਾ, ਜੋ ਦਸਤਖ਼ਤੀ ਮੁਹਿੰਮ ਦੀ ਦੇਖ ਰੇਖ ਕਰੇਗਾ।

ਜੇ ਚਾਰ ਮਹੀਨਿਆਂ ਵਿੱਚ ਲੋੜੀਂਦੀ ਗਿਣਤੀ ਵਿੱਚ ਲੋਕਾਂ ਦੇ ਦਸਤਖ਼ਤ ਹੁੰਦੇ ਹਨ ਤਾਂ ਲੋਕ-ਮਤ ਦੀ ਤਰੀਕ ਦਾ ਐਲਾਨ ਕੀਤਾ ਜਾ ਸਕਦਾ ਹੈ। ਏਜੰਸੀ ਨੇ ਦੱਸਿਆ ਕਿ ਵੋਟਾਂ ’ਚ ਲੋਕਾਂ ਤੋਂ ਹਾਂ ਜਾਂ ਨਾਂਹ ਵਿੱਚ ਜਵਾਬ ਲਿਆ ਜਾਏਗਾ ਕਿ ਉਹ ਸਹਿਮਤ ਹਨ ਕਿ ਅਲਬਰਟਾ ਕੈਨੇਡਾ ਤੋਂ ਵੱਖਰਾ ਹੋ ਕੇ ਅਜਾਦ ਦੇਸ਼ ਬਣੇ।



ਜ਼ਿਕਰਯੋਗ ਹੈ ਕਿ ਅਲਬਰਟਾ, ਜਿੱਥੇ ਧਰਤੀ ਹੇਠ ਕੱਚੇ ਤੇਲ, ਕੁਦਰਤੀ ਗੈਸ ਤੇ ਹੋਰ ਖਣਿਜਾਂ ਦੇ ਭੰਡਾਰ ਹਨ, ਦੀ ਸੂਬਾਈ ਸਰਕਾਰ ਦੀ ਆਮ ਤੌਰ ’ਤੇ ਫੈਡਰਲ ਸਰਕਾਰਾਂ ਨਾਲ ਘੱਟ ਹੀ ਬਣਦੀ ਰਹੀ ਹੈ। ਇਸ ਸਾਲ ਦੀ ਸੁਰੂਆਤ ਮੌਕੇ ਅਮਰੀਕਾ ਦੇ ਰਾਸਟਰਪਤੀ ਵਲੋਂ ਕੈਨੇਡਾ ਨੂੰ ਅਮਰੀਕਾ ਦਾ 51ਵਾਂ ਸੂਬਾ ਬਣਾਉਣ ਦੀ ਪੇਸ਼ਕਸ਼ ਕੀਤੀ ਗਈ ਸੀ।

ਅਲਬਰਟਾ ਦੀ ਮੁੱਖ ਮੰਤਰੀ ਡੈਨੀਅਲ ਸਮਿੱਥ ਵੱਲੋਂ ਉਦੋਂ ਤੋਂ ਹੀ ਵੱਖਰੇ ਹੋਣ ਦੀ ਗੱਲ ਕੀਤੀ ਜਾ ਰਹੀ ਹੈ। ਉਧਰ ਪ੍ਰਧਾਨ ਮੰਤਰੀ ਮਾਰਕ ਕਾਰਨੀ ਨੇ ਉਸ ਨੂੰ ਖੁਸ਼ ਕਰਨ ਲਈ ਵਾਤਾਵਰਣ ਪ੍ਰੇਮੀਆਂ ਦੀ ਨਰਾਜਗੀ ਸਹੇੜ ਕੇ ਅਲਬਰਟਾ ਦੇ ਤੇਲ ਖੂਹਾਂ ਤੋਂ ਵੈਨਕੂਵਰ ਤੱਟ ਤੱਕ ਵੱਡੀ ਤੇਲ ਪਾਈਪ ਵਿਛਾਉਣ ਲਈ ਮਨਜ਼ੂਰੀ ਦਿੱਤੀ ਹੈ ਤਾਂ ਜੋ ਉੱਥੋਂ ਦਾ ਤੇਲ ਵੱਡੀ ਮਾਤਰਾ ਵਿੱਚ ਨਿਰਯਾਤ ਕੀਤਾ ਜਾ ਸਕੇ।

ਇੱਥੇ ਦੱਸਣਾ ਬਣਦਾ ਹੈ ਕਿ ਲੰਘੇ ਦਹਾਕਿਆਂ ਵਿੱਚ ਕੈਨੇਡਾ ਦਾ ਕਿਊਬਿਕ ਸੂਬੇ ਵਿੱਚ ਵੀ ਦੋ ਵਾਰ ਹੋਏ ਲੋਕ ਮਤ ਮੌਕੇ ਵੱਖਵਾਦੀਆਂ ਨੂੰ ਬਹੁਮੱਤ ਨਹੀਂ ਸੀ ਮਿਲਿਆ।

# ਸਾਬਕਾ ਪ੍ਰਧਾਨ ਮੰਤਰੀ ਅਟਲ ਬਿਹਾਰੀ ਵਾਜਪਾਈ ਦੀ ਜਨਮ ਸ਼ਤਾਬਦੀ ਦੀ ਪੂਰਵ ਸੰਧਿਆ 'ਤੇ ਦੀਪਉਤਸਵ ਦਾ ਕੀਤਾ ਆਯੋਜਨ







ਨਵੀਂ ਦਿੱਲੀ, 25 ਦਸੰਬਰ ਨਵੀਂ ਦਿੱਲੀ ਵਿੱਚ ਬੁੱਧਵਾਰ ਨੂੰ ਸਾਬਕਾ ਪ੍ਰਧਾਨ ਮੰਤਰੀ ਅਟਲ ਬਿਹਾਰੀ ਵਾਜਪਾਈ ਦੀ ਜਨਮ ਸ਼ਤਾਬਦੀ ਦੀ ਪੂਰਵ ਸੰਧਿਆ 'ਤੇ ਆਯੋਜਿਤ ਦੀਪਉਤਸਵ ਦੌਰਾਨ ਦਿੱਲੀ ਭਾਜਪਾ ਪ੍ਰਧਾਨ ਵੀਰੇਂਦਰ ਸਚਦੇਵਾ, ਦਿੱਲੀ ਦੇ ਮੰਤਰੀ ਮਨਜਿੰਦਰ ਸਿੰਘ ਸਿਰਸਾ ਅਤੇ ਹੋਰਾਂ ਨੇ ਦੀਵੇ ਜਗਾਏ।

ਜ਼ਿਕਰਯੋਗ ਹੈ ਕਿ ਸਾਬਕਾ ਪ੍ਰਧਾਨ ਮੰਤਰੀ ਅਟਲ ਬਿਹਾਰੀ ਵਾਜਪਾਈ ਦੀ 101ਵੀਂ ਜਨਮ ਵਰ੍ਹੇਗੰਢ ਹੈ। ਰਾਸ਼ਟਰਪਤੀ ਦਰੋਪਦੀ ਮੁਰਮੂ ਅਤੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਸਮੇਤ ਸਮੁੱਚਾ ਰਾਸ਼ਟਰ ਭਾਰਤ ਰਤਨ ਵਾਜਪਾਈ ਦੇ ਯੋਗਦਾਨ ਨੂੰ ਯਾਦ ਕਰ ਰਿਹਾ ਹੈ। ਰਾਸ਼ਟਰਪਤੀ, ਉਪ ਰਾਸ਼ਟਰਪਤੀ, ਪ੍ਰਧਾਨ ਮੰਤਰੀ ਮੋਦੀ, ਲੋਕ ਸਭਾ ਸਪੀਕਰ ਓਮ ਬਿਰਲਾ ਅਤੇ ਕਈ ਰਾਜਨੀਤਕ ਅਤੇ ਸਮਾਜਿਕ ਹਸਤੀਆਂ ਨੇ ਦਿੱਲੀ ਵਿਚ 'ਸਦੈਵ ਅਟਲ' ਸਮਾਰਕ 'ਤੇ ਜਾ ਕੇ ਮਰਹੂਮ ਨੇਤਾ ਨੂੰ ਸ਼ਰਧਾਂਜਲੀ ਭੇਟ ਕੀਤੀ।

ਇਸ ਤੋਂ ਪਹਿਲਾਂ ਪ੍ਰਧਾਨ ਮੰਤਰੀ ਮੋਦੀ ਨੇ ਆਪਣੇ ਸੋਸ਼ਲ ਮੀਡੀਆ 'ਤੇ ਅਟਲ ਬਿਹਾਰੀ ਵਾਜਪਾਈ ਦੇ ਯੋਗਦਾਨ ਦੀ ਯਾਦ ਵਿਚ ਇਕ ਵੀਡੀਓ ਸਾਂਝਾ ਕੀਤਾ। ਉਨ੍ਹਾਂ ਨੇ ਵਾਜਪਾਈ ਦੇ ਆਚਰਣ, ਵਿਚਾਰਾਂ ਅਤੇ ਅਡੋਲ ਸੰਕਲਪ ਨੂੰ ਰਾਜਨੀਤੀ ਦੇ ਮਿਸਾਲੀ ਮਾਪਦੰਡ ਦੱਸਿਆ। ਸੰਸਕ੍ਰਿਤ ਦੇ ਇਕ ਸ਼ਲੋਕ ਦਾ ਹਵਾਲਾ ਦਿੰਦੇ ਹੋਏ ਪ੍ਰਧਾਨ ਮੰਤਰੀ ਮੋਦੀ ਨੇ ਕਿਹਾ ਕਿ ਵਾਜਪਾਈ ਦੀ ਜਨਮ ਵਰ੍ਹੇਗੰਢ ਉਨ੍ਹਾਂ ਦੀ ਸ਼ਖਸੀਅਤ ਤੋਂ ਪ੍ਰੇਰਨਾ ਲੈਣ ਦਾ ਇੱਕ ਵਿਸ਼ੇਸ਼ ਮੌਕਾ ਹੈ। ਪ੍ਰਧਾਨ ਮੰਤਰੀ ਮੋਦੀ ਨੇ ਵਾਜਪਾਈ ਦੀ ਸ਼ਖਸੀਅਤ ਅਤੇ ਆਚਰਣ ਨੂੰ ਵੀ ਉਜਾਗਰ ਕੀਤਾ। ਪ੍ਰਧਾਨ ਮੰਤਰੀ ਮੋਦੀ ਦੇ ਅਨੁਸਾਰ, ਵਾਜਪਾਈ ਨੇ ਹਮੇਸ਼ਾ ਰਾਸ਼ਟਰੀ ਹਿੱਤ ਨੂੰ ਸਭ ਤੋਂ ਉੱਪਰ ਰੱਖਿਆ।

## ਜੇਐਮਐਮ, ਸਹਿਯੋਗੀਆਂ, ਆਦਿਵਾਸੀ ਸਮੂਹਾਂ ਨੇ ਪੇਸਾ ਨਿਯਮਾਂ ਦੇ ਪਾਸ ਹੋਣ ਦੀ ਕੀਤੀ ਸ਼ਲਾਘਾ

ਰਾਂਚੀ : ਝਾਰਖੰਡ ਦੇ ਮੁੱਖ ਮੰਤਰੀ ਹੇਮੰਤ ਸੋਰੇਨ ਨੇ ਬੁੱਧਵਾਰ ਨੂੰ ਰਾਂਚੀ ਵਿੱਚ ਰਾਜ ਮੰਤਰੀ ਮੰਡਲ ਦੁਆਰਾ ਝਾਰਖੰਡ ਵਿੱਚ ਪੰਚਾਇਤ (ਅਨੁਸੂਚਿਤ ਖੇਤਰਾਂ ਵਿੱਚ ਵਿਸਥਾਰ) (ਪੇਸਾ) ਐਕਟ ਨਿਯਮਾਂ ਨੂੰ ਲਾਗੂ ਕਰਨ ਤੋਂ ਬਾਅਦ ਕਬਾਇਲੀ ਪ੍ਰਤੀਨਿਧੀਆਂ ਨਾਲ ਮੁਲਾਕਾਤ ਕੀਤੀ।

ਰਾਜ ਮੰਤਰੀ ਮੰਡਲ ਵੱਲੋਂ ਪੰਚਾਇਤਾਂ (ਅਨੁਸੂਚਿਤ ਖੇਤਰਾਂ ਵਿੱਚ ਵਿਸਥਾਰ) (ਪੇਸਾ) ਨਿਯਮਾਂ ਨੂੰ ਪ੍ਰਵਾਨਗੀ ਦੇਣ ਤੋਂ ਇੱਕ ਦਿਨ ਬਾਅਦ ਝਾਰਖੰਡ ਵਿੱਚ ਜਸ਼ਨ ਮਨਾਏ ਗਏ, ਜਿਸ ਵਿੱਚ ਅਨੁਸੂਚਿਤ ਕਬਾਇਲੀ ਖੇਤਰਾਂ ਦੇ ਰਵਾਇਤੀ ਪਿੰਡ ਮੁਖੀ, ਪ੍ਰਮੁੱਖ, ਮੁਖੀ ਅਤੇ ਸਿਵਲ ਸੁਸਾਇਟੀ ਦੇ ਨੁਮਾਇੰਦੇ ਮੁੱਖ ਮੰਤਰੀ ਹੇਮੰਤ ਸੋਰੇਨ ਦਾ ਧੰਨਵਾਦ ਕਰਨ ਲਈ ਮੁੱਖ ਮੰਤਰੀ ਦੇ ਰਿਹਾਇਸ਼ੀ ਦਫ਼ਤਰ ਕੰਪਲੈਕਸ ਵਿੱਚ ਇਕੱਠੇ ਹੋਏ। ਭਾਗੀਦਾਰਾਂ ਨੇ ਇਸ ਵਿਕਾਸ ਨੂੰ ਝਾਰਖੰਡ ਦੇ ਪੁਰਖਿਆਂ, ਸ਼ਹੀਦਾਂ ਅਤੇ ਆਦਿਵਾਸੀ ਅੰਦੋਲਨ ਦੇ ਨੇਤਾਵਾਂ ਦੁਆਰਾ ਕਲਪਨਾ ਕੀਤੇ ਗਏ ਸੁਪਨੇ ਦੀ ਪੂਰਤੀ ਦੱਸਿਆ।



ਮੁੱਖ ਮੰਤਰੀ ਨੇ ਨਗਾਰਾ (ਰਵਾਇਤੀ ਢੋਲ) ਵਜਾ ਕੇ ਜਸ਼ਨਾਂ ਵਿੱਚ ਸ਼ਾਮਲ ਹੋਏ, ਜਿਸਨੂੰ ਉਨ੍ਹਾਂ ਨੇ 'ਪੇਸਾ ਦਿਵਸ' ਮਨਾਉਣ ਦਾ ਨਾਮ ਦਿੱਤਾ।

ਮੁੱਖ ਮੰਤਰੀ ਨੇ ਕਿਹਾ ਕਿ ਪੇਸਾ ਨਿਯਮਾਂ ਦੀ ਪ੍ਰਵਾਨਗੀ ਅਨੁਸੂਚਿਤ ਖੇਤਰਾਂ ਦੇ ਵਿਕਾਸ ਵਿੱਚ ਇੱਕ ਮੀਲ ਪੱਥਰ ਸਾਬਤ ਹੋਵੇਗੀ। 'ਸਾਡੇ ਪੁਰਖਿਆਂ ਨੇ ਇੱਕ ਅਜਿਹੇ ਝਾਰਖੰਡ ਦੀ ਕਲਪਨਾ ਕੀਤੀ ਸੀ ਜਿੱਥੇ ਕਬਾਇਲੀ ਭਾਈਚਾਰੇ ਜਲ, ਜੰਗਲ ਅਤੇ ਜ਼ਮੀਨ ਦੀ ਰੱਖਿਆ ਕਰਨਗੇ ਅਤੇ ਆਪਣੀ ਸੱਭਿਆਚਾਰ, ਪਛਾਣ ਅਤੇ ਸਵੈ-ਸ਼ਾਸਨ ਦੀਆਂ ਰਵਾਇਤੀ ਪ੍ਰਣਾਲੀਆਂ ਨੂੰ ਸੁਰੱਖਿਅਤ ਰੱਖਣਗੇ। ਸਾਡੀ ਸਰਕਾਰ ਉਸ ਸੁਪਨੇ ਨੂੰ ਸਾਕਾਰ ਕਰਨ ਲਈ ਲਗਾਤਾਰ ਕੰਮ ਕਰ ਰਹੀ ਹੈ।'

## ਗੁਹਾਟੀ 'ਚ ਕਿਸਾਨ ਸੰਕਲਪ ਸਭਾ ਵਿੱਚ ਕਲਾਕਾਰ ਰਵਾਇਤੀ ਬਿਹੂ ਨਾਚ ਕੀਤਾ ਪੇਸ਼



ਗੁਹਾਟੀ : ਬੀਤੇ ਦਿਨੀਂ ਗੁਹਾਟੀ ਦੇ ਸ਼ਿਲਪਗ੍ਰਾਮ ਵਿਖੇ ਅਸਾਮ ਕ੍ਰਿਸ਼ਕ ਪ੍ਰੀਸ਼ਦ ਦੁਆਰਾ ਆਯੋਜਿਤ ਕਿਸਾਨ ਸੰਕਲਪ ਸਭਾ ਦੌਰਾਨ ਕਲਾਕਾਰ ਰਵਾਇਤੀ ਬਿਹੂ ਨਾਚ ਪੇਸ਼ ਕੀਤਾ।

## ਸੀਨੀਅਰ ਨਾਗਰਿਕ ਗੰਗਾਸਾਗਰ ਯਾਤਰਾ ਲਈ ਰਵਾਨਾ



ਬੀਕਾਨੇਰ ਵਿੱਚ ਭਾਰਤ ਗੌਰਵ ਟੂਰਿਸਟ ਟਰੇਨ ਦੁਆਰਾ ਸੀਨੀਅਰ ਨਾਗਰਿਕ ਯਾਤਰਾ ਯੋਜਨਾ ਦੇ ਤਹਿਤ ਗੰਗਾਸਾਗਰ ਯਾਤਰਾ 'ਤੇ ਰਵਾਨਾ ਹੋਣ ਤੋਂ ਪਹਿਲਾਂ ਸ਼ਰਧਾਲੂਆਂ ਨੇ ਧਾਰਮਿਕ ਨਾਅਰੇ ਲਗਾਏ।

## ਰਾਹੁਲ ਗਾਂਧੀ ਨੇ ਮਿਊਨਿਖ 'ਚ ਜਰਮਨ ਥਿੰਕ ਟੈਂਕਸ ਨਾਲ ਕੀਤੀ ਅਹਿਮ ਚਰਚਾ; ਭਾਰਤੀ ਲੋਕਤੰਤਰ ਅਤੇ ਉਤਪਾਦਨ 'ਤੇ ਰੱਖੇ ਵਿਚਾਰ

ਮਿਊਨਿਖ (ਜਰਮਨੀ): ਲੋਕ ਸਭਾ ਵਿੱਚ ਵਿਰੋਧੀ ਧਿਰ ਦੇ ਨੇਤਾ (LoP) ਰਾਹੁਲ ਗਾਂਧੀ ਨੇ ਸ਼ੁੱਕਰਵਾਰ (19 ਦਸੰਬਰ, 2025) ਨੂੰ ਜਰਮਨੀ ਦੇ ਮਿਊਨਿਖ ਵਿੱਚ ਪ੍ਰਮੁੱਖ ਜਰਮਨ ਥਿੰਕ ਟੈਂਕਸ ਨਾਲ ਇੱਕ ਵਿਸ਼ੇਸ਼ ਗੱਲਬਾਤ ਕੀਤੀ। ਇਸ ਦੌਰਾਨ ਉਨ੍ਹਾਂ ਨੇ ਭਾਰਤ ਦੇ ਬਦਲਦੇ ਸਿਆਸੀ ਹਾਲਾਤ, ਲੋਕਤੰਤਰ ਦੀ ਮਹੱਤਤਾ ਅਤੇ ਵਿਸ਼ਵ ਪੱਧਰ 'ਤੇ ਭਾਰਤ ਦੀ ਭੂਮਿਕਾ ਬਾਰੇ ਖੁੱਲ੍ਹ ਕੇ ਚਰਚਾ ਕੀਤੀ।

ਲੋਕਤੰਤਰ ਬਾਰੇ ਵਿਚਾਰ: ਰਾਹੁਲ ਗਾਂਧੀ ਨੇ ਕਿਹਾ ਕਿ ਲੋਕਤੰਤਰ ਸਿਰਫ਼ ਸਰਕਾਰ ਚਲਾਉਣ ਦੀ ਪ੍ਰਣਾਲੀ ਨਹੀਂ ਹੈ, ਸਗੋਂ ਇਹ ਜਵਾਬਦੇਹੀ, ਜ਼ਿੰਮੇਵਾਰੀ ਅਤੇ ਲਗਾਤਾਰ ਜੁੜੇ ਰਹਿਣ ਦੀ ਇੱਕ ਪ੍ਰਕਿਰਿਆ ਹੈ। ਉਨ੍ਹਾਂ ਜ਼ੋਰ ਦੇ ਕੇ ਕਿਹਾ ਕਿ ਲੋਕਤੰਤਰ ਵਿੱਚ ਵਿਰੋਧੀ ਧਿਰ ਦੀ ਆਵਾਜ਼ ਨੂੰ ਸੁਣਨਾ ਬਹੁਤ ਜ਼ਰੂਰੀ ਹੈ।

ਸੰਸਥਾਵਾਂ 'ਤੇ ਕਬਜ਼ੇ ਦਾ ਦੋਸ਼: ਜਰਮਨ ਬੁੱਧੀਜੀਵੀਆਂ ਨਾਲ ਗੱਲ ਕਰਦਿਆਂ ਉਨ੍ਹਾਂ ਨੇ ਭਾਰਤ ਦੀ ਮੌਜੂਦਾ ਭਾਜਪਾ ਸਰਕਾਰ 'ਤੇ ਨਿਸ਼ਾਨਾ ਸਾਧਿਆ। ਉਨ੍ਹਾਂ ਦੋਸ਼ ਲਾਇਆ ਕਿ ਭਾਰਤ ਵਿੱਚ ਸੰਵਿਧਾਨਕ ਸੰਸਥਾਵਾਂ (ਜਿਵੇਂ ਕਿ ED ਅਤੇ CBI) ਨੂੰ ਸਿਆਸੀ ਹਥਿਆਰ ਵਜੋਂ ਵਰਤਿਆ ਜਾ ਰਿਹਾ ਹੈ ਅਤੇ ਵਿਰੋਧੀ ਧਿਰ ਨੂੰ ਦਬਾਉਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ।



ਉਤਪਾਦਨ ਅਤੇ ਚੀਨ ਦਾ ਮੁਕਾਬਲਾ: ਰਾਹੁਲ ਗਾਂਧੀ ਨੇ ਚਿੰਤਾ ਪ੍ਰਗਟਾਈ ਕਿ ਭਾਰਤ ਵਿੱਚ ਨਿਰਮਾਣ ਖੇਤਰ (Manufacturing Sector) ਗਿਰਾਵਟ ਵੱਲ ਜਾ ਰਿਹਾ ਹੈ, ਜਦਕਿ ਚੀਨ ਉਤਪਾਦਨ ਵਿੱਚ ਦੁਨੀਆ 'ਤੇ ਰਾਜ ਕਰ ਰਿਹਾ ਹੈ। ਉਨ੍ਹਾਂ ਕਿਹਾ ਕਿ ਲੋਕਤੰਤਰੀ ਦੇਸ਼ਾਂ ਲਈ ਇਹ ਜ਼ਰੂਰੀ ਹੈ ਕਿ ਉਹ ਉਤਪਾਦਨ ਦੇ ਖੇਤਰ ਵਿੱਚ ਆਪਣੀ ਸਮਰੱਥਾ ਵਧਾਉਣ ਤਾਂ ਜੋ ਰੁਜ਼ਗਾਰ ਪੈਦਾ ਕੀਤੇ ਜਾ ਸਕਣ।

BMW ਪਲਾਂਟ ਦਾ ਦੌਰਾ ਅਤੇ TVS-BMW ਬਾਈਕ ਦੀ ਸ਼ਲਾਘਾ: ਇਸ ਤੋਂ ਪਹਿਲਾਂ, ਰਾਹੁਲ ਗਾਂਧੀ ਨੇ ਮਿਊਨਿਖ ਵਿੱਚ BMW ਦੇ ਪਲਾਂਟ ਅਤੇ 'BMW ਵਰਲਡ' ਮਿਊਜ਼ੀਅਮ ਦਾ ਦੌਰਾ ਵੀ ਕੀਤਾ। ਉੱਥੇ ਉਨ੍ਹਾਂ ਨੇ BMW ਅਤੇ ਭਾਰਤੀ ਕੰਪਨੀ TVS ਦੇ ਸਹਿਯੋਗ ਨਾਲ ਬਣੀ 450cc ਬਾਈਕ ਨੂੰ ਦੇਖਿਆ। ਉਨ੍ਹਾਂ ਕਿਹਾ, 'ਜਰਮਨੀ ਵਿੱਚ ਭਾਰਤੀ ਇੰਜੀਨੀਅਰਿੰਗ ਦਾ ਇਹ ਨਮੂਨਾ ਦੇਖ ਕੇ ਮਾਣ ਮਹਿਸੂਸ ਹੋਇਆ। ਸਾਨੂੰ ਭਾਰਤ ਵਿੱਚ ਅਜਿਹੇ ਉੱਚ ਪੱਧਰੀ ਨਿਰਮਾਣ ਨੂੰ ਹੋਰ ਉਤਸ਼ਾਹਿਤ ਕਰਨ ਦੀ ਲੋੜ ਹੈ।'

ਆਪਣੇ ਇਸ ਦੌਰੇ ਦੌਰਾਨ ਰਾਹੁਲ ਗਾਂਧੀ ਨੇ ਜਰਮਨੀ ਦੇ ਸਾਬਕਾ ਚਾਂਸਲਰ ਓਲਾਫ ਸ਼ੋਲਜ਼ (Olaf Scholz) ਨਾਲ ਲੰਚ 'ਤੇ ਮੁਲਾਕਾਤ ਕੀਤੀ ਅਤੇ ਭਾਰਤ-ਜਰਮਨੀ ਸਬੰਧਾਂ ਨੂੰ ਮਜ਼ਬੂਤ ਕਰਨ 'ਤੇ ਜ਼ੋਰ ਦਿੱਤਾ। ਇਸ ਤੋਂ ਇਲਾਵਾ, ਉਨ੍ਹਾਂ ਨੇ ਬਰਲਿਨ ਵਿੱਚ ਭਾਰਤੀ ਭਾਈਚਾਰੇ (Diaspora) ਨਾਲ ਵੀ ਸੰਵਾਦ ਰਚਾਇਆ।

ਰਾਹੁਲ ਗਾਂਧੀ ਦਾ ਇਹ ਦੌਰਾ ਯੂਰਪੀਅਨ ਦੇਸ਼ਾਂ ਨਾਲ ਕਾਂਗਰਸ ਪਾਰਟੀ ਦੇ ਸੰਬੰਧਾਂ ਨੂੰ ਮਜ਼ਬੂਤ ਕਰਨ ਅਤੇ ਕੌਮਾਂਤਰੀ ਪੱਧਰ 'ਤੇ ਭਾਰਤ ਦੇ ਅੰਦਰੂਨੀ ਮੁੱਦਿਆਂ 'ਤੇ ਚਰਚਾ ਕਰਨ ਦੇ ਉਦੇਸ਼ ਨਾਲ ਕਾਫੀ ਅਹਿਮ ਮੰਨਿਆ ਜਾ ਰਿਹਾ ਹੈ।




# ਅਨੰਦਪੁਰ ਸਾਹਿਬ ਤੋਂ ਚਮਕੌਰ ਸਾਹਿਬ ਤੱਕ ਦੀ ਲਹੂ ਭਿੱਜੀ ਦਾਸਤਾਨ

ਅਨੰਦਪੁਰ ਸਾਹਿਬ ਤੋਂ ਲੈ ਕੇ ਚਮਕੌਰ ਸਾਹਿਬ ਤੱਕ ਦੀ ਧਰਤੀ 'ਤੇ ਚਲਦਿਆਂ ਸੈਂਕੜੇ ਹੀ ਸਿੱਖ ਜੁਝਾਰੂਆਂ ਨੇ ਸ਼ਹੀਦੀਆਂ ਪਾਈਆਂ। ਇੱਥੋਂ ਦੀ ਮਿੱਟੀ ਵਿਚ ਉਨ੍ਹਾਂ ਸ਼ਹੀਦਾਂ ਦੇ ਖ਼ੂਨ ਪਸੀਨੇ ਦੇ ਤੁਪਕੇ ਜਜ਼ਬ ਹੋਏ ਹਨ। ਸਿੱਖ ਇਤਿਹਾਸ ਦੇ ਛੋਟੇ ਪਰ ਸਭ ਤੋਂ ਵੱਧ ਲਹੂ ਭਿੱਜੇ ਇਨ੍ਹਾਂ ਦੋ ਦਿਨਾਂ ਦੌਰਾਨ ਸੈਂਕੜਿਆਂ ਦੀ ਗਿਣਤੀ ਵਿਚ ਸਿੱਖਾਂ ਨੇ ਸ਼ਹਾਦਤਾਂ ਦਿੱਤੀਆਂ। ਇਹ ਕੁਰਬਾਨੀਆਂ ਅਸੂਲਾਂ ਅਤੇ ਸੂਰਬੀਰਤਾ ਦੀ ਇਕ ਮਹਾਨ ਮਿਸਾਲ ਹਨ, ਜਿੱਥੇ ਪਿਤਾ ਨੇ ਆਪਣੇ ਸਪੁੱਤਰਾਂ ਨੂੰ ਜ਼ੁਲਮ ਖ਼ਿਲਾਫ਼ ਸ਼ਹੀਦ ਹੁੰਦੇ ਵੇਖਿਆ।

ਮੁਗ਼ਲ ਕਾਲ ਦੇ ਮੁੱਢਲੇ ਸਰੋਤ ਸਾਕੀ ਮੁਸਤੈਦ ਖ਼ਾਨ ਦੀ ਪੁਸਤਕ ਮੁਆਸਿਰ-ਏ-ਆਲਮਗੀਰੀ ਅਤੇ ਅਖ਼ਬਾਰਾਤ-ਏ-ਦਰਬਾਰ-ਏ-ਮੁਅੱਲਾ (ਰੋਜ਼ਨਾਮਚਾ) ਅਨੁਸਾਰ ਅਗਸਤ 1695 ਨੂੰ ਲਾਹੌਰ ਦੇ ਗਵਰਨਰ ਮੁਕੱਰਮ ਖ਼ਾਨ ਨੇ ਮੁਗ਼ਲ ਕਮਾਂਡਰ ਦਿਲਾਬਰ ਖ਼ਾਨ ਦੀ ਅਗਵਾਈ ਵਿਚ ਉਸ ਦੇ ਪੁੱਤਰ ਖ਼ਾਨਜ਼ਾਦਾ ਨੂੰ ਅਨੰਦਪੁਰ ਸਾਹਿਬ 'ਤੇ ਹਮਲਾ ਕਰਨ ਲਈ ਭੇਜਿਆ। ਇਹ ਅਨੰਦਪੁਰ ਸਾਹਿਬ 'ਤੇ ਮੁਗ਼ਲ ਫ਼ੌਜਾਂ ਦਾ ਪਹਿਲਾ ਹਮਲਾ ਸੀ, ਜਿਸ ਵਿਚ ਗੁਰੂ ਜੀ ਨੇ ਖ਼ਾਨਜ਼ਾਦਾ ਦੀ ਫ਼ੌਜ ਨੂੰ ਬੁਰੀ ਤਰ੍ਹਾਂ ਹਰਾ ਕੇ ਭਜਾ ਦਿੱਤਾ। ਸੰਨ 1696 ਨੂੰ ਦਿਲਾਬਰ ਖ਼ਾਨ ਨੇ ਜਰਨੈਲ ਹੁਸੈਨ ਖ਼ਾਨ ਨੂੰ ਇਕ ਮਜ਼ਬੂਤ ਅਤੇ ਵੱਡੀ ਫ਼ੌਜ ਨਾਲ ਪਹਾੜੀ ਰਿਆਸਤਾਂ ਦੇ ਰਾਜਿਆਂ ਤੋਂ ਟੈਕਸ ਲੈਣ ਅਤੇ ਗੁਰੂ ਜੀ ਨੂੰ ਸਬਕ ਸਿਖਾਉਣ ਲਈ ਭੇਜਿਆ। ਇਸ ਸਮੇਂ ਡਢਵਾਲੀਏ ਅਤੇ ਕਹਿਲੂਰੀਏ ਰਿਆਸਤ ਦੇ ਰਾਜਿਆਂ ਨੇ ਹੁਸੈਨੀ ਨੂੰ ਬਣਦਾ ਟੈਕਸ ਦੇਣਾ ਮਨਜ਼ੂਰ ਕਰ ਲਿਆ ਅਤੇ ਉਹ ਆਪਣੀਆਂ ਫ਼ੌਜਾਂ ਸਮੇਤ ਉਸ ਦੀ ਮੁਹਿੰਮ ਵਿਚ ਸ਼ਾਮਲ ਹੋ ਗਏ। ਗ਼ੁਲ਼ੇਰ ਰਿਆਸਤ ਦੇ ਰਾਜਾ ਗੋਪਾਲ ਚੰਦ ਗ਼ੁਲ਼ੇਰੀਆ ਨੇ ਹੁਸੈਨ ਖ਼ਾਨ ਨੂੰ ਟੈਕਸ ਦੇਣ ਤੋਂ ਸਾਫ਼ ਇਨਕਾਰ ਕਰ ਦਿੱਤਾ। ਰਾਜੇ ਨੇ ਅਨੰਦਪੁਰ ਸਾਹਿਬ ਆ ਕੇ ਗੁਰੂ ਜੀ ਤੋਂ ਸਹਾਇਤਾ ਮੰਗੀ। 19 ਫਰਵਰੀ 1696 ਨੂੰ ਸਿੱਖਾਂ ਦੀ ਅਗਵਾਈ ਵਿਚ ਗ਼ੁਲ਼ੇਰ ਦੀਆਂ ਫ਼ੌਜਾਂ ਨੇ ਪਹਾੜੀ ਫ਼ੌਜਾਂ ਅਤੇ ਮੁਗ਼ਲ ਫ਼ੌਜਾਂ ਨੂੰ ਮੈਦਾਨ ਵਿਚੋਂ ਭੱਜਣ ਲਈ ਮਜਬੂਰ ਕਰ ਦਿੱਤਾ। ਇਸ ਲੜਾਈ ਵਿਚ ਹੁਸੈਨ ਖ਼ਾਨ ਮਾਰਿਆ ਗਿਆ, ਜਦੋਂ ਕਿ ਸਿੱਖਾਂ ਵਿਚੋਂ ਭਾਈ ਲਹਿਣੂ, ਭਾਈ ਸੰਗਤ, ਭਾਈ ਹਨੂੰਮਤ ਅਤੇ ਭਾਈ ਦਰਸੋ ਵਰਗੇ ਸਿੱਖ ਸ਼ਹੀਦ ਹੋ ਗਏ। ਇਸ ਲੜਾਈ ਤੋਂ ਦੋ ਕੁ ਮਹੀਨਿਆਂ ਬਾਅਦ ਲਾਹੌਰ ਦੇ ਗਵਰਨਰ ਨੇ 30 ਅਪਰੈਲ 1696 ਈਸਵੀ ਨੂੰ ਭਲਾਣ ਦੇ ਮੈਦਾਨ ਵਿਚ ਜੁਝਾਰ ਸਿੰਹੁ ਹਾਂਡਾ ਨੂੰ 3000 ਫ਼ੌਜੀ ਦਸਤਾ ਦੇ ਕੇ ਭੇਜਿਆ। ਇਸ ਲੜਾਈ ਵਿਚ ਜੁਝਾਰ ਸਿੰਹੁ ਹਾਂਡਾ ਅਤੇ ਦਿਲਾਬਰ ਖ਼ਾਨ ਦਾ ਪੁੱਤਰ ਖ਼ਾਨਜ਼ਾਦਾ ਵੀ ਮਾਰਿਆ ਗਿਆ।

ਗੁਰੂ ਸਾਹਿਬ ਨੇ 30 ਮਾਰਚ ਸੰਨ 1699 ਨੂੰ ਵਿਸਾਖੀ ਵਾਲੇ ਦਿਨ ਖ਼ਾਲਸਾ ਪੰਥ ਦੀ ਸਾਜਨਾ ਕੀਤੀ। ਅਨੰਦਪੁਰ ਸਾਹਿਬ ਦੇ ਲਾਗਲੇ ਪਹਾੜੀ ਰਾਜੇ ਅਤੇ ਮੁਗ਼ਲ ਹਕੂਮਤ ਮਨੁੱਖ ਦੀ ਬਰਾਬਰੀ ਵਾਲੇ ਇਸ ਸਿਧਾਂਤ ਦੇ ਵਿਰੁੱਧ ਸਨ, ਜਿਸ ਕਰਕੇ ਅਜਮੇਰ ਚੰਦ ਕਹਿਲੂਰੀਏ ਨੇ ਅਨੰਦਪੁਰ ਸਾਹਿਬ 'ਤੇ ਲਗਾਤਾਰ ਹਮਲੇ ਕਰਨੇ ਸ਼ੁਰੂ ਕਰ ਦਿੱਤੇ। ਸਿੱਖ ਇਤਿਹਾਸਕਾਰ ਡਾਕਟਰ ਹਰਜਿੰਦਰ ਸਿੰਘ ਦਿਲਗੀਰ ਦੇ ਮਹਾਨ ਕੋਸ਼ ਅਤੇ ਭੱਟ ਵਹੀਆਂ ਦੇ ਵੇਰਵਿਆਂ ਅਨੁਸਾਰ 29 ਅਗਸਤ, 1700 ਨੂੰ ਅਜਮੇਰ ਚੰਦ ਦੀਆਂ ਪਹਾੜੀ ਫ਼ੌਜਾਂ ਨੇ ਅਨੰਦਪੁਰ ਸਾਹਿਬ ਤੋਂ ਪੰਜ ਕਿਲੋਮੀਟਰ ਦੂਰ ਕਿਲ੍ਹਾ ਤਾਰਾਗੜ੍ਹ 'ਤੇ ਅਚਾਨਕ ਹਮਲਾ ਕਰ ਦਿੱਤਾ। ਇਸ ਸਮੇਂ ਸਾਹਿਬਜ਼ਾਦਾ ਅਜੀਤ ਸਿੰਘ ਦੀ ਅਗਵਾਈ ਵਿਚ ਸਿੱਖ ਫ਼ੌਜਾਂ ਨੇ ਪਹਾੜੀ ਫ਼ੌਜਾਂ ਨਾਲ ਡਟ ਕੇ ਮੁਕਾਬਲਾ ਕੀਤਾ। ਇਸ ਲੜਾਈ ਵਿਚ ਭਾਈ ਈਸ਼ਰ ਸਿੰਘ, ਭਾਈ ਕਲਿਆਣ ਸਿੰਘ ਅਤੇ ਮੰਗਤ ਸਿੰਘ ਸ਼ਹੀਦ ਹੋ ਗਏ। ਪਹਾੜੀ ਫ਼ੌਜਾਂ ਨੇ ਆਪਣੀ ਹਾਰ ਤੋਂ ਤੁਰੰਤ ਬਾਅਦ 30 ਅਗਸਤ, 1700 ਨੂੰ ਕਿਲ੍ਹਾ ਫ਼ਤਹਿਗੜ੍ਹ ਉੱਤੇ ਹਮਲਾ ਕੀਤਾ, ਜਿਸ ਵਿਚ ਭਾਈ ਭਗਵਾਨ ਸਿੰਘ, ਭਾਈ ਜਵਾਹਰ ਸਿੰਘ ਅਤੇ ਭਾਈ ਨੰਦ ਸਿੰਘ ਸ਼ਹੀਦ ਹੋ ਗਏ। ਤੀਜੇ ਦਿਨ 31 ਅਗਸਤ ਨੂੰ ਕਿਲ੍ਹਾ ਅਗੰਮਗੜ੍ਹ ਦੀ ਲੜਾਈ ਦੌਰਾਨ ਭਾਈ ਬਾਘ ਸਿੰਘ ਘਰਬਾਰਾ ਸ਼ਹੀਦ ਹੋ ਗਏ। ਲਗਾਤਾਰ ਤਿੰਨ ਦਿਨ ਹਾਰ ਖਾਣ ਉਪਰੰਤ ਰਾਜਾ ਅਜਮੇਰ ਚੰਦ ਕਹਿਲੂਰੀਏ ਨੇ ਆਪਣੇ ਮਾਮਾ ਕੇਸਰੀ ਚੰਦ ਜਸਵਾਲੀਆ ਨਾਲ ਮਿਲ ਕੇ ਅਨੰਦਪੁਰ ਸਾਹਿਬ ਦੇ ਕਿਲ੍ਹਾ ਲੋਹਗੜ੍ਹ 'ਤੇ ਹਮਲਾ ਕਰਨ ਦੀ ਰਣਨੀਤੀ ਤਿਆਰ ਕੀਤੀ। ਇਸ ਕਿਲ੍ਹੇ ਅੰਦਰ ਰਾਮ ਸਿੰਘ ਸਿਕਲੀਗਰ ਨੇ ਲੋਹੇ ਦੇ ਹਥਿਆਰ ਤਿਆਰ ਕਰਨ ਦਾ ਕਾਰਖ਼ਾਨਾ ਲਗਾਇਆ ਹੋਇਆ ਸੀ। ਅਜਮੇਰ ਚੰਦ ਨੇ ਕਿਲ੍ਹੇ 'ਤੇ ਫ਼ੌਜਾਂ ਨਾਲ ਲੜਾਈ ਕਰਨ ਦੀ ਬਜਾਏ ਇਕ ਹਾਥੀ ਨੂੰ ਸ਼ਰਾਬ ਪਿਲਾ ਕੇ ਭੇਜਣ ਦਾ ਫ਼ੈਸਲਾ ਕੀਤਾ। ਭਾਈ ਬਚਿੱਤਰ ਸਿੰਘ ਨੇ ਨਾਗਨੀ ਬਰਛੇ ਨਾਲ ਹਾਥੀ ਦਾ ਮੁਕਾਬਲਾ ਕਰਕੇ ਉਸ ਨੂੰ ਮੈਦਾਨ ਵਿਚੋਂ ਭੱਜਣ ਲਈ ਮਜਬੂਰ ਕਰ ਦਿੱਤਾ ਅਤੇ ਉਨ੍ਹਾਂ ਦੇ ਦੂਸਰੇ ਭਰਾ ਭਾਈ ਉਦੈ ਸਿੰਘ ਨੇ ਕੇਸਰੀ ਚੰਦ ਜਸਵਾਲੀਆ ਨੂੰ ਚਿੱਤ ਕਰ ਦਿੱਤਾ। ਇਸ ਲੜਾਈ ਦੌਰਾਨ ਭਾਈ ਕੁਸ਼ਾਲ ਸਿੰਘ, ਭਾਈ ਆਲਮ ਸਿੰਘ ਅਤੇ ਭਾਈ ਦਿਆਲ ਸਿੰਘ ਸ਼ਹੀਦ ਹੋ ਗਏ। ਅਜਮੇਰ ਚੰਦ ਨੇ ਆਪਣੇ ਪੰਡਤ ਪਰਮਾ ਨੰਦ ਰਾਹੀਂ ਗੁਰੂ ਜੀ ਨੂੰ ਪੱਤਰ ਭੇਜ ਕੇ ਬੇਨਤੀ ਕਰਦੇ ਹੋਏ ਕਿਹਾ ਕਿ ਉਹ ਅਨੰਦਪੁਰ ਸਾਹਿਬ ਨੂੰ ਕੁਝ ਦਿਨਾਂ ਲਈ ਛੱਡ ਜਾਣ ਜਿਸ ਕਰਕੇ ਪਹਾੜੀ ਰਿਆਸਤਾਂ ਵਿਚ ਮੇਰੀ ਇੱਜ਼ਤ ਰਹਿ ਜਾਵੇਗੀ। ਗੁਰੂ ਸਾਹਿਬ ਨੇ ਇਸ ਇਲਾਕੇ ਦੀ ਅਮਨ ਸ਼ਾਂਤੀ ਵੇਖਦੇ ਹੋਏ ਪਹਿਲੀ ਵਾਰ 04 ਅਕਤੂਬਰ ਤੋਂ ਲੈ ਕੇ 15 ਅਕਤੂਬਰ, 1700 ਤੱਕ ਅਨੰਦਪੁਰ ਸਾਹਿਬ ਨੂੰ ਛੱਡ ਕੇ ਕੀਰਤਪੁਰ ਸਾਹਿਬ ਦੀ ਪਹਾੜੀ ਨਿਰਮੋਹਗੜ੍ਹ ਉੱਤੇ ਆਪਣੇ ਸਿੱਖਾਂ ਸਮੇਤ ਤੰਬੂ ਲਗਾ ਲਏ। ਜਦੋਂ ਅਜਮੇਰ ਚੰਦ ਨੂੰ ਇਸ ਗੱਲ ਦਾ ਪਤਾ ਲੱਗਾ, ਤਾਂ ਉਸ ਨੇ ਆਪਣੀਆਂ ਫ਼ੌਜਾਂ ਲੈ ਕੇ ਨਿਰਮੋਹਗੜ੍ਹ ਦੀ ਪਹਾੜੀ ਨੂੰ ਚਾਰੇ ਪਾਸੇ ਤੋਂ ਘੇਰ ਲਿਆ ਅਤੇ ਸਰਹਿੰਦ ਦੇ ਸੂਬੇਦਾਰ ਨੂੰ ਖ਼ਬਰ ਭੇਜ ਦਿੱਤੀ। 08 ਅਕਤੂਬਰ ਨੂੰ ਇਸ ਪਹਾੜੀ ਦੇ ਮੈਦਾਨੀ ਖੇਤਰ ਵਿਚ ਹੋਈ ਲੜਾਈ ਦੌਰਾਨ ਭਾਈ ਸਾਹਿਬ ਸਿੰਘ, ਭਾਈ ਸੂਰਤ ਸਿੰਘ, ਭਾਈ ਦੇਵਾ ਸਿੰਘ, ਭਾਈ ਅਨੂਪ ਸਿੰਘ, ਭਾਈ ਸਰੂਪ ਸਿੰਘ ਅਤੇ ਭਾਈ ਮਾਥੁਰਾ ਸਿੰਘ ਤੋਂ ਇਲਾਵਾ ਦੁਨੀ ਚੰਦ ਮਸੰਦ ਦੇ ਭਤੀਜੇ ਭਾਈ ਅਨੂਪ ਸਿੰਘ ਅਤੇ ਭਾਈ ਸਰੂਪ ਸਿੰਘ ਸ਼ਹੀਦ ਹੋ ਗਏ। 13 ਅਕਤੂਬਰ ਨੂੰ ਸਰਹਿੰਦ ਤੋਂ ਭੇਜੇ ਮੁਗ਼ਲ ਜਰਨੈਲ ਰੁਸਤਮ ਖ਼ਾਨ ਅਤੇ ਨਾਸਰ ਅਲੀ ਖ਼ਾਨ ਨੇ ਇਕ ਉੱਚੀ ਪਹਾੜੀ 'ਤੇ ਆ ਕੇ ਤੋਪ ਦੇ ਗੋਲੇ ਨਾਲ ਗੁਰੂ ਜੀ ਨੂੰ ਨਿਸ਼ਾਨਾ ਬਣਾਉਣ ਦੀ ਕੋਸ਼ਿਸ਼ ਕੀਤੀ। ਗੁਰੂ ਜੀ ਦੇ ਇਕੋ ਤੀਰ ਦੇ ਨਿਸ਼ਾਨੇ ਨੇ ਰੁਸਤਮ ਖ਼ਾਨ ਨੂੰ ਥਾਏਂ ਮਾਰ ਮੁਕਾਇਆ ਅਤੇ ਭਾਈ ਉਦੈ ਸਿੰਘ ਦੇ ਤੀਰ ਨੇ ਨਾਸਰ ਅਲੀ ਖ਼ਾਨ ਦੀ ਜਾਨ ਲੈ ਲਈ। ਇਸ ਦੌਰਾਨ ਤੋਪ ਦੇ ਗੋਲੇ ਨੇ ਭਾਈ ਰਾਮ ਸਿੰਘ ਕਸ਼ਮੀਰੀ ਨੂੰ ਸ਼ਹੀਦ ਕਰ ਦਿੱਤਾ। ਇਸ ਲੜਾਈ ਵਿਚ ਭਾਈ ਹਿੰਮਤ ਸਿੰਘ ਰਾਠੌਰ ਅਤੇ ਭਾਈ ਮੋਹਰ ਸਿੰਘ ਵੀ ਸ਼ਹੀਦ ਹੋ ਗਏ। ਜਦੋਂ ਬਸਾਲੀ ਦੇ ਰਾਜਾ ਸਲਾਹੀ ਚੰਦ ਨੂੰ ਅਜਮੇਰ ਚੰਦ ਦੀ ਇਸ ਬੇਈਮਾਨੀ ਦਾ ਪਤਾ ਲੱਗਿਆ, ਤਾਂ ਉਸ ਨੇ ਗੁਰੂ ਜੀ ਨੂੰ ਆਪਣੀ ਰਿਆਸਤ ਵਿਚ ਆਉਣ ਦੀ ਬੇਨਤੀ ਕੀਤੀ। ਇਹ ਰਿਆਸਤ ਸਤਲੁਜ ਦਰਿਆ ਪਾਰ ਕਰਕੇ ਨੂਰਪੁਰ ਬੇਦੀ ਦੀਆਂ ਪਹਾੜੀਆਂ ਵੱਲ ਸੀ। ਗੁਰੂ ਸਾਹਿਬ ਨੇ ਨਿਰਮੋਹਗੜ੍ਹ ਦੀ ਪਹਾੜੀ ਤੋਂ ਹੇਠਾਂ ਵੱਲ ਜਦੋਂ ਦਰਿਆ ਪਾਰ ਕੀਤਾ, ਤਾਂ ਅਜਮੇਰ ਚੰਦ ਦੀਆਂ ਫ਼ੌਜਾਂ ਨੇ ਇਕ ਵਾਰ ਫਿਰ ਤੋਂ ਹਮਲਾ ਕੀਤਾ। ਇਸ ਸਮੇਂ ਹੋਈ ਲੜਾਈ ਦੌਰਾਨ ਭਾਈ ਅਜੀਤ ਸਿੰਘ, ਭਾਈ ਨੇਤਾ ਸਿੰਘ ਅਤੇ ਭਾਈ ਕੇਸਰਾ ਸਿੰਘ ਸ਼ਹੀਦ ਹੋ ਗਏ। ਗੁਰੂ ਗੋਬਿੰਦ ਸਾਹਿਬ ਜੀ ਦੇ ਬਸਾਲੀ ਰਹਿੰਦਿਆਂ ਹੋਇਆਂ ਰਾਜਾ ਸਲਾਹੀ ਚੰਦ ਨੇ ਅਜਮੇਰ ਚੰਦ ਨੂੰ ਸਮਝਾ ਕੇ ਮਸਲਾ ਹੱਲ ਕਰਵਾ ਦਿੱਤਾ। 30 ਅਕਤੂਬਰ 1700 ਈਸਵੀ ਨੂੰ ਗੁਰੂ ਸਾਹਿਬ ਮੁੜ ਅਨੰਦਪੁਰ ਸਾਹਿਬ ਆ ਗਏ।

ਕਰੀਬ ਚਾਰ ਸਾਲਾਂ ਤੋਂ ਬਾਅਦ 30 ਜਨਵਰੀ 1704 ਨੂੰ ਅਜਮੇਰ ਚੰਦ ਕਹਿਲੂਰੀਏ ਨੇ ਆਪਣੇ ਸਾਥੀ ਰਾਜਿਆਂ ਗੋਪਾਲ ਚੰਦ

ਸੁਰਿੰਦਰ ਸਿੰਘ ਰਸੂਲਪੁਰ















ਹੰਡੂਰੀਆ, ਚੰਬੇ ਦਾ ਰਾਜਾ ਉਦੈ ਸਿੰਹੁ ਅਤੇ ਫ਼ਤਿਹਪੁਰ ਦੇ ਰਾਜਾ ਦੇਵ ਸਰਨ ਨਾਲ ਮਿਲ ਕੇ ਇਕ ਵਾਰ ਫਿਰ ਤੋਂ ਅਨੰਦਪੁਰ ਸਾਹਿਬ ’ਤੇ ਹਮਲਾ ਕਰਨ ਦੀ ਕੋਸ਼ਿਸ਼ ਕੀਤੀ। ਇਸ ਲੜਾਈ ਦੌਰਾਨ ਭਾਈ ਹੇਮ ਸਿੰਘ ਅਤੇ ਭਾਈ ਕਾਹਨ ਸਿੰਘ ਰਾਠੌਰ ਸ਼ਹੀਦ ਹੋ ਗਏ। 03 ਮਈ 1705 ਈਸਵੀ ਨੂੰ ਅਜਮੇਰ ਚੰਦ ਨੇ ਹੰਡੂਰ ਦੀਆਂ ਫ਼ੌਜਾਂ, ਗੁੱਜਰਾਂ, ਰੰਗੜਾਂ ਅਤੇ ਸਰਹਿੰਦ ਦੀਆਂ ਮੁਗ਼ਲ ਫ਼ੌਜਾਂ ਦੀ ਸਹਾਇਤਾ ਨਾਲ ਅਨੰਦਪੁਰ ਸਾਹਿਬ ਨੂੰ ਘੇਰਾ ਪਾ ਲਿਆ। ਇਹ ਘੇਰਾ ਸੱਤ ਮਹੀਨੇ ਦੇ ਕਰੀਬ ਰਿਹਾ। ਅਖੀਰ 04 ਦਸੰਬਰ 1705 ਨੂੰ ਸਮਾਣੇ ਦਾ ਰਹਿਣ ਵਾਲਾ ਸ਼ਾਹੀ ਕਾਜ਼ੀ ਸਯੱਦ ਅਲੀ ਹਸਨ ਅਨੰਦਪੁਰ ਸਾਹਿਬ ਵਿਚ ਕੁਰਾਨ ਸ਼ਰੀਫ਼ ਦੀ ਜਿਲਦ ’ਤੇ ਲੱਗੀ ਔਰੰਗਜ਼ੇਬ ਦੀ ਚਿੱਠੀ ਲੈ ਕੇ ਆਇਆ। ਇਸ ਚਿੱਠੀ ਵਿਚ ਲਿਖਿਆ ਸੀ ਕਿ ਗੁਰੂ ਜੀ ਸਿੱਖਾਂ ਸਮੇਤ ਅਨੰਦਪੁਰ ਸਾਹਿਬ ਨੂੰ ਛੱਡ ਕੇ ਕਾਂਗੜ ਵੱਲ ਆ ਜਾਣ, ਜਿੱਥੇ ਹਾਲਾਤਾਂ ’ਤੇ ਵਿਚਾਰਾਂ ਕੀਤੀਆਂ ਜਾਣਗੀਆਂ।

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਅੰਮ੍ਰਿਤਸਰ ਵਲੋਂ ਕਿਲ੍ਹਾ ਅਨੰਦਗੜ੍ਹ ਸਾਹਮਣੇ ਲਗਾਏ ਸੂਚਨਾ ਬੋਰਡ ਅਨੁਸਾਰ ਗੁਰੂ ਜੀ ਨੇ ਆਪਣੇ ਪਰਿਵਾਰ ਅਤੇ ਸਿੱਖਾਂ ਸਮੇਤ 5 ਅਤੇ 6 ਦਸੰਬਰ ਦੀ ਵਿਚਕਾਰਲੀ ਰਾਤ ਨੂੰ ਅਨੰਦਪੁਰ ਸਾਹਿਬ ਸਦਾ ਲਈ ਛੱਡ ਦਿੱਤਾ। ਇਸ ਸਮੇਂ ਗੁਰੂ ਜੀ ਨਾਲ ਉਨ੍ਹਾਂ ਦੇ ਪਰਿਵਾਰਕ ਮੈਂਬਰਾਂ ਤੋਂ ਇਲਾਵਾ 500 ਦੇ ਕਰੀਬ (ਕੁਝ ਸਰੋਤ 1000) ਸਿੰਘ ਸਨ। ਸਾਰੀ ਵਹੀਰ ਅਜੇ ਕੀਰਤਪੁਰ ਸਾਹਿਬ ਤੋਂ ਰੋਪੜ ਵੱਲ ਜਾ ਹੀ ਰਹੀ ਸੀ ਕਿ ਸ਼ਾਹੀ ਟਿੱਬੀ ਦੀ ਚੌਕੀ ’ਤੇ ਤਾਇਨਾਤ ਫ਼ੌਜੀ ਟੁਕੜੀ ਨੇ ਵਹੀਰ ਉੱਤੇ ਹਮਲਾ ਕਰ ਦਿੱਤਾ। ਗੁਰੂ ਸਾਹਿਬ ਨੇ 50 ਸਿੱਖ ਫ਼ੌਜੀਆਂ ਸਮੇਤ ਭਾਈ ਉਦੈ ਸਿੰਘ ਨੂੰ ਪਹਾੜੀ ਫ਼ੌਜਾਂ ਦਾ ਰਾਹ ਡੱਕਣ ਲਈ ਜ਼ਿੰਮੇਵਾਰੀ ਸੌਂਪੀ। ਇਸ ਚੌਕੀ ਵਿਚ ਮੌਜੂਦ ਅਤੇ ਅਨੰਦਪੁਰ ਸਾਹਿਬ ਵਲੋਂ ਆਈ ਪਹਾੜੀ ਫ਼ੌਜ ਨਾਲ ਯੁੱਧ ਕਰਦਿਆਂ ਜਥੇ ਦੇ 50 ਸਿੰਘਾਂ ਸਮੇਤ ਭਾਈ ਉਦੈ ਸਿੰਘ ਸ਼ਹੀਦ ਹੋ ਗਏ। ਉਧਰ ਸਰਸਾ ਨਦੀ ਦੇ ਕੰਢੇ ਭਾਈ ਜੀਵਨ ਸਿੰਘ (ਭਾਈ ਜੈਤਾ ਜੀ) ਅਤੇ ਬੀਬੀ ਭਿੱਖਾਂ ਨੇ 100 ਸਿੰਘਾਂ ਨਾਲ ਅਨੰਦਪੁਰ ਸਾਹਿਬ ਵਲੋਂ ਆਉਣ ਵਾਲੀ ਪਹਾੜੀ ਫ਼ੌਜ ਨੂੰ ਰੋਕਣ ਲਈ ਮੋਰਚਾਬੰਦੀ ਕਰ ਲਈ ਅਤੇ ਭਾਈ ਬਚਿੱਤਰ ਸਿੰਘ ਨੇ ਆਪਣੇ ਜਥੇ ਦੇ 100 ਸਿੰਘਾਂ ਸਮੇਤ ਰੋਪੜ ਵਲੋਂ ਆਉਣ ਵਾਲੀ ਸਰਹਿੰਦ ਦੀ ਫ਼ੌਜ ਨੂੰ ਡੱਕਣ ਲਈ ਮੋਰਚੇ ਸੰਭਾਲ ਲਏ। ਇਸ ਸਮੇਂ ਹੋਈ ਹਫ਼ੜਾ-ਦਫ਼ੜੀ ਅਤੇ ਮਾਰ-ਧਾੜ ਸਮੇਂ ਸਾਰਾ ਵਹੀਰ ਇਕ ਦੂਜੇ ਤੋਂ ਵੱਖ ਹੋ ਗਿਆ। ਗੁਰੂ ਸਾਹਿਬ ਜੀ ਦੇ ਛੋਟੇ ਸਾਹਿਬਜ਼ਾਦੇ ਅਤੇ ਮਾਤਾ ਗੁਜਰੀ ਜੀ ਚਮਕੌਰ ਸਾਹਿਬ ਤੋਂ ਹੁੰਦੇ ਹੋਏ ਸਹੇੜੀ ਵੱਲ ਚਲੇ ਗਏ। ਅਨੰਦਪੁਰ ਸਾਹਿਬ ਤੋਂ ਚੱਲ ਕੇ ਆਏ ਵਹੀਰ ’ਚੋਂ ਗੁਰੂ ਸਾਹਿਬ ਦੇ ਪਰਿਵਾਰ ਸਮੇਤ 48 ਸਿੰਘ ਹੀ ਬਾਕੀ ਬਚੇ ਸਨ ਅਤੇ ਹੋਰ ਸਾਰਾ ਵਹੀਰ ਸ਼ਹੀਦ ਹੋ ਚੁੱਕਾ ਸੀ। ਗੁਰੂ ਸਾਹਿਬ ਸਰਸਾ ਨਦੀ ਤੋਂ ਹੁੰਦੇ ਹੋਏ ਕੋਟਲਾ ਨਿਹੰਗ ਖ਼ਾਨ ਦੇ ਕਿਲ੍ਹੇ ਅੰਦਰ ਸਵੇਰ ਤੋਂ ਲੈ ਕੇ ਸ਼ਾਮ ਤੱਕ ਰਹੇ। ਇੱਥੇ ਹੀ ਸਹਿਬਜ਼ਾਦਾ ਅਜੀਤ ਸਿੰਘ ਮਲਕਪੁਰ ਪਿੰਡ ਦੀ ਲੜਾਈ ਦੌਰਾਨ ਹੋਏ ਜ਼ਖ਼ਮੀ ਹਾਲਤ ਵਿਚ



ਭਾਈ ਬਚਿੱਤਰ ਸਿੰਘ ਨੂੰ ਲੈ ਕੇ ਆਏ ਸਨ। ਕੋਟਲਾ ਨਿਹੰਗ ਖ਼ਾਨ ਦੀ ਸਪੁੱਤਰੀ ਬੀਬੀ ਮੁਮਤਾਜ਼ ਨੇ ਭਾਈ ਬਚਿੱਤਰ ਸਿੰਘ ਦੀ ਬਹੁਤ ਸੇਵਾ ਕੀਤੀ ਪਰ ਜ਼ਖ਼ਮ ਜ਼ਿਆਦਾ ਹੋਣ ਕਰਕੇ ਉਹ ਬਚ ਨਾ ਸਕੇ। ਗੁਰੂ ਗੋਬਿੰਦ ਸਿੰਘ ਜੀ ਕੋਟਲਾ ਨਿਹੰਗ ਤੋਂ ਸਿੰਘਾਂ ਸਮੇਤ ਚੱਲ ਕੇ 07 ਦਸੰਬਰ 1705 ਦੀ ਸਵੇਰ ਸ੍ਰੀ ਚਮਕੌਰ ਸਾਹਿਬ ਵਿਚ ਭਾਈ ਬੁੱਧੀ ਚੰਦ ਰਾਵਤ ਦੀ ਗੜ੍ਹੀ ਅੰਦਰ ਆ ਗਏ। ਇੱਥੇ ਹੋਈ ਭਿਆਨਕ ਅਤੇ ਅਸਾਵੀਂ ਜੰਗ ਵਿਚ ਸਿੱਖਾਂ ਨੇ ਅਦੁੱਤੀ ਅਤੇ ਬਹਾਦਰੀ ਦੀ ਮਿਸਾਲ ਪੇਸ਼ ਕੀਤੀ। ਗੁਰੂ ਸਾਹਿਬ ਨੇ ਪੰਜ-ਪੰਜ ਸਿੰਘਾਂ ਦੇ ਜਥੇ ਬਣਾ ਕੇ ਗੜ੍ਹੀ ਤੋਂ ਬਾਹਰ ਭੇਜੇ, ਤਾਂ ਕਿ ਦੁਸ਼ਮਣ ਦੀ ਫ਼ੌਜ ਨੂੰ ਭੁਲੇਖਾ ਰਹੇ ਕਿ ਅੰਦਰ ਬਹੁਤ ਵੱਡੀ ਫ਼ੌਜ ਹੈ। ਸ਼ਾਮ ਤੱਕ ਚੱਲੀ ਇਸ ਲੜਾਈ ਦੌਰਾਨ ਗੁਰੂ ਜੀ ਦੇ ਦੋ ਸਹਿਬਜ਼ਾਦੇ ਬਾਬਾ ਅਜੀਤ ਸਿੰਘ ਅਤੇ ਬਾਬਾ ਜੁਝਾਰ ਸਿੰਘ ਸਮੇਤ 38 ਸਿੰਘ ਸ਼ਹੀਦ ਹੋ ਚੁੱਕੇ ਸਨ। ਹੁਣ ਰਾਤ ਵੇਲੇ ਗੁਰੂ ਜੀ ਦੇ ਨਾਲ ਗੜ੍ਹੀ ਵਿਚ ਦੋ ਪਿਆਰਿਆਂ ਸਮੇਤ ਪੰਜ ਸਿੰਘ ਰਹਿ ਗਏ ਸਨ। ਇਨ੍ਹਾਂ ਸਿੰਘਾਂ ਨੇ ਪੰਚ ਪ੍ਰਧਾਨੀ ਖ਼ਾਲਸਾ ਦੇ ਸਿਧਾਂਤ ਅਨੁਸਾਰ ਗੁਰੂ ਜੀ ਨੂੰ ਹੁਕਮ ਕੀਤਾ ਕਿ ਉਹ ਆਪਣੇ-ਆਪ ਨੂੰ ਬਚਾ ਕੇ ਗੜ੍ਹੀ ਵਿਚੋਂ ਨਿਕਲ ਜਾਣ, ਤਾਂ ਜੋ ਖ਼ਾਲਸਾ ਪੰਥ ਦੀ ਅਗਵਾਈ ਜਾਰੀ ਰੱਖੀ ਜਾ ਸਕੇ। ਗੁਰੂ ਜੀ ਖ਼ਾਲਸੇ ਦੇ ਹੁਕਮ ਨੂੰ ਮੰਨਦੇ ਹੋਏ ਪੰਜ ਸਿੰਘਾਂ ਸਮੇਤ ਗੜ੍ਹੀ ਨੂੰ ਛੱਡ ਕੇ ਮਾਛੀਵਾੜੇ ਵੱਲ ਚਲੇ ਗਏ। 08 ਦਸੰਬਰ ਦੀ ਸਵੇਰ ਨੂੰ ਭਾਈ ਸੰਤ ਸਿੰਘ ਬੰਗੇਸ਼ਰੀ ਅਤੇ ਭਾਈ ਸੰਗਤ ਸਿੰਘ ਅਰੋੜਾ ਨੇ ਮੁਗ਼ਲਾਂ ਨਾਲ ਲੜਦਿਆਂ ਹੋਇਆਂ ਸ਼ਹੀਦੀ ਪ੍ਰਾਪਤ ਕੀਤੀ। ਚਮਕੌਰ ਸਾਹਿਬ ਦੀ ਲੜਾਈ ਦੁਨੀਆਂ ਦੇ ਇਤਿਹਾਸ ਦੀ ਇਕ ਬੇਮਿਸਾਲ ਜੰਗ ਹੈ, ਜਿੱਥੇ ਮੁੱਠੀ ਭਰ ਸਿੰਘਾਂ ਨੇ ਲੱਖਾਂ ਦੀ ਫ਼ੌਜ ਨਾਲ ਮੁਕਾਬਲਾ ਕੀਤਾ।





# ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਸਾਹਿਬਜ਼ਾਦੇ ਸ਼ਹਾਦਤ, ਸੰਦੇਸ਼ ਅਤੇ ਪ੍ਰਭਾਵ



ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਭੰਗਾਣੀ ਤੋਂ ਲੈ ਕੇ ਅਨੰਦਪੁਰ ਸਾਹਿਬ ਤੱਕ ਮੁਗ਼ਲਾਂ ਅਤੇ ਪਹਾੜੀ ਰਾਜਿਆਂ ਨਾਲ ਜਿਹੜੇ ਯੁੱਧ ਕੀਤੇ, ਉਹ ਧਰਮ, ਨਿਆਂ ਅਤੇ ਸਦਾਚਾਰ ਦੀ ਭਾਵਨਾ ਪੈਦਾ ਕਰਨ ਵਾਲੇ ਸਨ। ਇਨ੍ਹਾਂ ਯੁੱਧਾਂ ਦੌਰਾਨ ਗੁਰੂ ਜੀ ਵਲੋਂ ਸਾਜੇ ਗਏ ਖ਼ਾਲਸਾ ਪੰਥ ਦਾ ਭਾਰੀ ਨੁਕਸਾਨ ਹੋਇਆ, ਅਨੰਦਪੁਰ ਛੱਡਣਾ ਪਿਆ, ਲਿਖਤਾਂ ਦੇ ਰੂਪ ਵਿਚ ਕੀਮਤੀ ਖ਼ਜ਼ਾਨਾ ਜਲ-ਪ੍ਰਵਾਹ ਹੋ ਗਿਆ, ਪਰਿਵਾਰ ਦੀਆਂ ਸ਼ਹਾਦਤਾਂ ਹੋਈਆਂ ਪਰ ਇਹ ਸਮੂਹ ਘਟਨਾਵਾਂ ਉਨ੍ਹਾਂ ਦੇ ਦੈਵੀ ਮਿਸ਼ਨ ਨੂੰ ਪ੍ਰਭਾਵਿਤ ਨਾ ਕਰ ਸਕੀਆਂ। ਇਨ੍ਹਾਂ ਯੁੱਧਾਂ ਦੌਰਾਨ ਗੁਰੂ ਜੀ ਦੇ ਵੱਡੇ ਸਾਹਿਬਜ਼ਾਦੇ ਬਾਬਾ ਅਜੀਤ ਸਿੰਘ ਅਤੇ ਬਾਬਾ ਜ਼ੋਰਾਵਰ ਸਿੰਘ ਚਮਕੌਰ ਦੀ ਗੜ੍ਹੀ ਵਿਚ ਵੈਰੀਆਂ ਨਾਲ ਲੜਦੇ ਹੋਏ ਸ਼ਹੀਦੀ ਪ੍ਰਾਪਤ ਕਰ ਗਏ ਸਨ। ਇਹ ਸ਼ਹੀਦੀਆਂ ਗੁਰੂ ਜੀ ਦੀ ਆਗਿਆ ਅਨੁਸਾਰ ਹੋਈਆਂ ਸਨ ਜਿਨ੍ਹਾਂ ਨੂੰ ਦੇਖ ਕੇ ਉਨ੍ਹਾਂ ਨੇ ਅਕਾਲ ਪੁਰਖ ਦਾ ਸ਼ੁਕਰਾਨਾ ਕੀਤਾ ਸੀ ਕਿ ਸਾਹਿਬਜ਼ਾਦੇ ਧਰਮ ਦੇ ਮਾਰਗ 'ਤੇ ਚਲਦੇ ਹੋਏ ਸ਼ਹੀਦੀ ਪ੍ਰਾਪਤ ਕਰ ਗਏ ਹਨ। ਇਸ ਸਮੁੱਚੇ ਘਟਨਾਕ੍ਰਮ ਦੌਰਾਨ ਜਿਹੜੀ ਸਭ ਤੋਂ ਵਧੇਰੇ ਅਨਿਆਂਪੂਰਨ ਘਟਨਾ ਸਾਹਮਣੇ ਆਈ, ਉਹ ਸਰਹਿੰਦ ਵਿਖੇ ਛੋਟੇ ਸਾਹਿਬਜ਼ਾਦਿਆਂ ਦੀ ਸ਼ਹਾਦਤ ਸੀ ਜਿਹੜੇ ਕਿ ਵੈਰੀ ਦੀਆਂ ਫ਼ੌਜਾਂ ਦਾ ਸਰੀਰਕ ਤੌਰ 'ਤੇ ਮੁਕਾਬਲਾ ਕਰਨ ਤੋਂ ਤਾਂ ਭਾਵੇਂ ਅਸਮਰੱਥ ਸਨ ਪਰ ਆਤਮਿਕ ਅਤੇ ਮਾਨਸਿਕ ਤੌਰ 'ਤੇ ਇੰਨੀ ਚੜ੍ਹਦੀ ਕਲਾ ਵਿਚ ਸਨ ਕਿ ਸ਼ਾਹੀ ਜੀਵਨ ਬਸਰ ਕਰਨ ਲਈ ਦਿੱਤੇ ਗਏ ਲਾਲਚ ਵੀ ਉਨ੍ਹਾਂ ਦਾ ਮਨ ਬਦਲਣ ਵਿਚ ਸਫ਼ਲ ਨਾ ਹੋ ਸਕੇ ਅਤੇ ਅਖੀਰ ਆਪਣੀ ਸ਼ਹਾਦਤ ਦੇ ਕੇ ਧਰਮ ਦਾ ਮਾਰਗ ਦ੍ਰਿੜ ਕਰਵਾ ਗਏ।

ਛੋਟੇ ਸਾਹਿਬਜ਼ਾਦਿਆਂ ਦੀ ਸ਼ਹਾਦਤ ਦਾ ਸਿੱਖਾਂ ਅਤੇ ਧਰਮ ਦੀ ਭਾਵਨਾ ਰੱਖਣ ਵਾਲੇ ਸਮੂਹ ਲੋਕਾਂ ਦੇ ਮਨ 'ਤੇ ਬਹੁਤ ਗਹਿਰਾ ਪ੍ਰਭਾਵ ਪਿਆ। ਉਹ ਇਹ ਵਿਚਾਰ ਰੱਖਦੇ ਸਨ ਕਿ ਏਨੀ ਛੋਟੀ ਉਮਰ ਦੇ ਬੱਚਿਆਂ ਨੂੰ ਸ਼ਹੀਦ ਕਰ ਦੇਣਾ ਕੋਈ ਸੂਰਬੀਰਤਾ ਨਹੀਂ ਹੈ। ਇਸ ਦੀ ਸਪੱਸ਼ਟ ਮਿਸਾਲ ਮਲੇਰਕੋਟਲਾ ਦੇ ਨਵਾਬ ਰਾਹੀਂ ਸਾਹਮਣੇ ਆਈ ਜਿਸ ਨੇ ਸਰਹਿੰਦ ਦੇ ਨਵਾਬ ਵਜ਼ੀਰ ਖ਼ਾਨ ਦੇ ਕਹਿਣ ਦੇ ਬਾਵਜੂਦ ਸਾਹਿਬਜ਼ਾਦਿਆਂ ਨੂੰ ਸ਼ਹੀਦ ਕਰਨ ਤੋਂ ਇਸ ਗੱਲ ਕਰਕੇ ਇਨਕਾਰ ਕਰ ਦਿੱਤਾ ਸੀ ਕਿਉਂਕਿ ਉਹ ਜਾਣਦਾ ਸੀ ਕਿ ਦੁੱਧ ਪੀਂਦੇ ਬੱਚਿਆਂ ਨੂੰ ਮਾਰਨਾ ਇਸਲਾਮ ਦੀ ਸਿੱਖਿਆ ਦੇ ਵਿਰੁੱਧ ਸੀ। ਦੂਜੇ ਪਾਸੇ ਹਾਕਮਾਂ ਦੀਆਂ ਨਜ਼ਰਾਂ ਵਿਚ ਰਾਜ ਦੇ ਖ਼ੈਰ-ਖੁਆਹ ਬਣਦੇ ਹੋਏ ਸੁੱਚਾ ਨੰਦ ਨੇ ਇਹ ਕਹਿ ਕੇ ਨਵਾਬ ਨੂੰ ਪ੍ਰਭਾਵਿਤ ਕੀਤਾ ਕਿ ਸੱਪ ਦੇ ਬੱਚਿਆਂ ਨੂੰ ਮਾਰ ਦੇਣਾ ਹੀ ਯੋਗ ਹੈ, ਨਹੀਂ ਤਾਂ ਵੱਡੇ ਹੋ ਕੇ ਇਹ ਰਾਜ ਲਈ ਖ਼ਤਰਾ ਖੜ੍ਹਾ ਕਰ ਸਕਦੇ ਹਨ। ਸੁੱਚਾ ਨੰਦ ਦੀ ਇਹ ਦਲੀਲ ਨਵਾਬ ਨੂੰ ਪਸੰਦ ਆਈ ਅਤੇ ਉਸ ਨੇ ਕਾਜ਼ੀ ਤੋਂ ਫ਼ਤਵਾ ਲੈ ਕੇ ਦੋਵੇਂ ਸਾਹਿਬਜ਼ਾਦਿਆਂ ਨੂੰ ਸ਼ਹੀਦ ਕਰ ਦਿੱਤਾ।

ਗੁਰੂ ਜੀ ਨੂੰ ਛੋਟੇ ਸਾਹਿਬਜ਼ਾਦਿਆਂ ਦੀ ਸ਼ਹਾਦਤ ਦੀ ਖ਼ਬਰ ਲੰਮਾ ਜੱਟਪੁਰਾ ਪਿੰਡ ਵਿਖੇ ਮਿਲੀ ਸੀ। ਚਮਕੌਰ ਦੀ ਗੜ੍ਹੀ ਵਿਚੋਂ ਨਿਕਲ ਕੇ ਗੁਰੂ ਜੀ ਇਸ ਪਿੰਡ ਵਿਖੇ ਪੁੱਜੇ ਸਨ ਜਿਹੜਾ ਕਿ ਰਾਏਕੋਟ ਦੇ ਚੌਧਰੀ ਰਾਇ ਕੱਲ੍ਹਾ ਦੇ ਇਲਾਕੇ ਵਿਚ ਪੈਂਦਾ ਸੀ। ਭਾਵੇਂ ਕਿ ਇਹ ਪਰਿਵਾਰ ਹਿੰਦੂ ਧਰਮ ਤੋਂ ਇਸਲਾਮ ਧਰਮ ਵਿਚ ਤਬਦੀਲ ਹੋ ਗਿਆ ਸੀ ਪਰ ਗੁਰੂ ਸਾਹਿਬਾਨ ਪ੍ਰਤੀ ਬਹੁਤ ਸ਼ਰਧਾ ਰੱਖਦਾ ਸੀ। ਮਾਲਵੇ ਦੀ ਯਾਤਰਾ ਦੌਰਾਨ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਵੀ ਇੱਥੇ ਆਏ ਸਨ ਅਤੇ ਜੱਟਪੁਰਾ ਪਿੰਡ ਵਿਖੇ ਉਨ੍ਹਾਂ ਦੀ ਯਾਦ ਵਿਚ ਗੁਰਦੁਆਰਾ ਪਾਤਸ਼ਾਹੀ ਛੇਵੀਂ ਸੁਸ਼ੋਭਿਤ ਹੈ। ਜਦੋਂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਇੱਥੇ ਪੁੱਜੇ ਤਾਂ ਰਾਇ ਕੱਲ੍ਹਾ ਆਪ ਉਨ੍ਹਾਂ ਦੀ ਸੇਵਾ ਵਿਚ ਹਾਜ਼ਰ ਹੋਏ ਅਤੇ ਇਸ ਨੇ ਛੋਟੇ ਸਾਹਿਬਜ਼ਾਦਿਆਂ ਅਤੇ ਮਾਤਾ ਗੁਜਰੀ ਜੀ ਦੀ ਖ਼ਬਰ ਲਿਆਉਣ ਲਈ ਆਪਣਾ ਇਕ ਸੇਵਕ ਨੂਰਾ ਮਾਹੀ ਸਰਹਿੰਦ ਭੇਜਿਆ ਸੀ। ਇਸ ਨੇ ਵਾਪਸ ਆ ਕੇ ਜਿਹੜੀ ਸੂਚਨਾ ਦਿੱਤੀ ਉਹ ਹਿਰਦਿਆਂ ਨੂੰ ਝੰਜੋੜ ਦੇਣ ਵਾਲੀ ਸੀ। ਜਦੋਂ ਇਸ ਨੇ ਦੱਸਿਆ ਕਿ ਕਿਵੇਂ ਸਰਹਿੰਦ ਦੇ ਨਵਾਬ ਨੇ ਸਾਹਿਬਜ਼ਾਦਿਆਂ ਨੂੰ ਤਸੀਹੇ ਦੇ ਕੇ ਸ਼ਹੀਦ ਕਰ ਦਿੱਤਾ ਹੈ ਤਾਂ ਸਭਨਾਂ ਦੇ ਚਿਹਰੇ ਉਦਾਸ ਹੋ ਗਏ ਸਨ ਪਰ ਗੁਰੂ ਜੀ ਨੇ ਅਡੋਲ ਰਹਿੰਦੇ ਹੋਏ ਕਿਹਾ ਕਿ ਮੇਰੇ ਪੁੱਤਰ ਅਮਰ ਹਨ; ਉਨ੍ਹਾਂ ਨੇ ਧਰਮ ਦਾ ਸੌਦਾ ਨਹੀਂ ਕੀਤਾ। ਉਨ੍ਹਾਂ ਨੇ ਤੀਰ ਦੀ ਨੋਕ ਨਾਲ ਇਕ ਬੂਟਾ ਪੁੱਟਦੇ ਹੋਏ ਬਚਨ ਕੀਤਾ ਕਿ ਜ਼ੁਲਮ ਨੂੰ ਇਸ ਤਰ੍ਹਾਂ ਜੜ੍ਹ ਤੋਂ ਪੁੱਟ ਦਿੱਤਾ ਜਾਵੇਗਾ।

ਸਰਹਿੰਦ ਵਿਖੇ ਹੋਈ ਸਾਹਿਬਜ਼ਾਦਿਆਂ ਦੀ ਸ਼ਹਾਦਤ ਸਹਿਜ ਪੈਦਾ ਕਰਨ ਵਾਲੀ ਨਹੀਂ ਸੀ। ਇਹ ਅਜਿਹੀ ਘਟਨਾ ਸੀ ਜਿਸ ਨੇ ਸਭ ਨੂੰ ਇਹ ਸੋਚਣ ਲਈ ਮਜਬੂਰ ਕਰ ਦਿੱਤਾ ਸੀ ਕਿ ਇਸ ਅਨਿਆਂ ਨੂੰ ਕਿਵੇਂ ਰੋਕਿਆ ਜਾਵੇ। ਗੁਰੂ ਜੀ ਜਾਣਦੇ ਸਨ ਕਿ ਅਨਿਆਂ ਕਰਨ ਵਾਲੇ ਨੂੰ ਧਰਮ ਦੀ ਭਾਵਨਾ ਅਤੇ ਦ੍ਰਿੜ੍ਹਤਾ ਹੀ ਰੋਕ ਸਕਦੀ ਹੈ ਅਤੇ ਸਦਾਚਾਰ ਦੀ ਭਾਵਨਾ ਤੋਂ ਮੁਕਤ ਹੋ ਕੇ ਆਮ ਜਨਤਾ 'ਤੇ ਜਬਰ ਅਤੇ ਜ਼ੁਲਮ ਕਰਨ ਦਾ ਆਦੇਸ਼ ਕਰਨ ਵਾਲਾ ਬਾਦਸ਼ਾਹ ਔਰੰਗਜ਼ੇਬ ਦੱਖਣ ਵਿਚ ਮੌਜੂਦ ਹੈ। ਉਸ ਨੇ ਆਪਣੀ ਬਿਰਤੀ ਅਨੁਸਾਰ ਹੀ ਸੂਬੇਦਾਰ, ਫ਼ੌਜਦਾਰ ਅਤੇ ਅਹਿਲਕਾਰ ਨਿਯੁਕਤ

**ਡਾ. ਪਰਮਵੀਰ ਸਿੰਘ**

ਕੀਤੇ ਜਿਹੜੇ ਕਿ ਆਮ ਲੋਕਾਂ 'ਤੇ ਜ਼ੁਲਮ ਕਰ ਰਹੇ ਸਨ। ਸਮੂਹ ਜ਼ੁਲਮਾਂ ਦਾ ਕੇਂਦਰ ਬਾਦਸ਼ਾਹ ਆਪ ਹੈ ਅਤੇ ਉਸ ਨੂੰ ਧਰਮ ਦੇ ਮਾਰਗ 'ਤੇ ਲਿਆਉਣਾ ਬਹੁਤ ਜ਼ਰੂਰੀ ਹੈ ਤਾਂ ਕਿ ਆਮ ਲੋਕਾਂ ਨੂੰ ਜ਼ੁਲਮ ਤੋਂ ਨਿਜਾਤ ਦਿਵਾਈ ਜਾ ਸਕੇ। ਬਾਦਸ਼ਾਹ ਔਰੰਗਜ਼ੇਬ ਨੂੰ ਧਰਮ ਦਾ ਮਾਰਗ ਦ੍ਰਿੜ ਕਰਾਉਣ ਲਈ ਗੁਰੂ ਜੀ ਨੇ ਜ਼ਫ਼ਰਨਾਮੇ ਦਾ ਸਹਾਰਾ ਲਿਆ ਜਿਸ ਦਾ ਹਰ ਇਕ ਸ਼ਬਦ ਧਰਮ ਅਤੇ ਸਦਾਚਾਰ ਦੀ ਵਿਆਖਿਆ ਕਰਨ ਵਾਲਾ ਹੈ। ਗੁਰੂ ਜੀ ਧਰਮ ਦੇ ਮਾਰਗ ਤੋਂ ਭਟਕ ਜਾਣ ਵਾਲੇ ਬਾਦਸ਼ਾਹ ਨੂੰ ਸੱਚਾ ਮੁਸਲਮਾਨ ਨਹੀਂ ਮੰਨਦੇ ਅਤੇ ਕਹਿੰਦੇ ਹਨ ਕਿ ਅਖੀਰ ਅੱਲ੍ਹਾ ਦੀ ਦਰਗਾਹ ਵਿਚ ਫ਼ੈਸਲਾ ਹੋਣਾ ਹੈ।

ਜ਼ਫ਼ਰਨਾਮੇ ਵਿਚ ਗੁਰੂ ਜੀ ਚਾਰ ਸਾਹਿਬਜ਼ਾਦਿਆਂ ਦੀ ਸ਼ਹਾਦਤ ਦਾ ਜ਼ਿਕਰ ਕਰਦੇ ਹੋਏ ਕਹਿੰਦੇ ਹਨ ਕਿ ਇਹ ਸਮਝਣਾ ਬਹੁਤ ਵੱਡੀ ਭੁੱਲ ਹੈ ਕਿ ਮੇਰੇ ਚਾਰ ਪੁੱਤਰਾਂ ਨੂੰ ਸ਼ਹੀਦ ਕਰ ਕੇ ਤੂੰ ਇਹ ਯੁੱਧ ਜਿੱਤ ਲਿਆ ਹੈ। ਇਹ ਯੁੱਧ ਤਾਂ ਨਿਰੰਤਰ ਚੱਲਣ ਵਾਲਾ ਹੈ, ਖ਼ਾਲਸਾ ਪੰਥ ਦੇ ਰੂਪ ਵਿਚ ਸਾਜਿਆ ਗਿਆ ਨਾਦੀ ਪੁੱਤਰ ਜਬਰ ਅਤੇ ਜ਼ੁਲਮ ਵਿਰੁੱਧ ਸਦੀਵੀ ਤੌਰ 'ਤੇ ਸੰਘਰਸ਼ ਕਰਦਾ ਰਹੇਗਾ। ਗੁਰੂ ਜੀ ਦੇ ਇਨ੍ਹਾਂ ਸ਼ਬਦਾਂ ਨਾਲ ਅਨੰਦਪੁਰ ਦੀ ਸੋਚ ਹਮੇਸ਼ਾ ਲਈ ਜੀਵਤ ਹੋ ਗਈ ਸੀ ਜਿਸ ਨੇ ਉਨ੍ਹਾਂ ਤੋਂ ਬਾਅਦ ਇਸ ਖਿੱਤੇ ਦੀ ਦਸ਼ਾ ਅਤੇ ਦਿਸ਼ਾ ਬਦਲਣ ਵਿਚ ਮਹੱਤਵਪੂਰਨ ਭੂਮਿਕਾ ਨਿਭਾਈ। ਗੁਰੂ ਗੋਬਿੰਦ ਸਿੰਘ ਜੀ ਦੇ ਚਾਰ ਸਾਹਿਬਜ਼ਾਦਿਆਂ ਦੀ ਸ਼ਹਾਦਤ ਸੰਬੰਧੀ ਪ੍ਰਸ਼ਨ ਸਭ ਤੋਂ ਪਹਿਲਾਂ ਦਮਦਮਾ ਸਾਹਿਬ ਵਿਖੇ ਸਾਹਮਣੇ ਆਇਆ ਜਦੋਂ ਮਾਤਾ ਸੁੰਦਰੀ ਜੀ ਅਤੇ ਮਾਤਾ ਸਾਹਿਬ ਕੌਰ ਜੀ ਨੇ ਦਿੱਲੀ ਤੋਂ ਇੱਥੇ ਪੁੱਜਣ ਉਪਰੰਤ ਗੁਰੂ ਜੀ ਤੋਂ ਮਾਤਾ ਗੁਜਰੀ ਜੀ ਅਤੇ ਸਾਹਿਬਜ਼ਾਦਿਆਂ ਬਾਰੇ ਪੁੱਛਿਆ ਤਾਂ ਉਨ੍ਹਾਂ ਨੇ ਖ਼ਾਲਸੇ ਵੱਲ ਇਸ਼ਾਰਾ ਕਰਦੇ ਹੋਏ ਕਿਹਾ :

**ਇਨ ਪੁਤਰਨ ਕੇ ਸੀਸ ਪੇ ਵਾਰ ਦੀਏ ਸੁਤ ਚਾਰ, ਚਾਰ ਮੂਏ ਤੋ ਕਿਆ ਭਇਆ ਏ ਜੀਵਤ ਕਈ ਹਜ਼ਾਰ।**


ਜ਼ਫ਼ਰਨਾਮੇ ਅਤੇ ਦਮਦਮਾ ਸਾਹਿਬ ਦੀਆਂ ਗਵਾਹੀਆਂ ਦੱਸਦੀਆਂ ਹਨ ਕਿ ਗੁਰੂ ਜੀ ਅਕਾਲ ਪੁਰਖ ਦੀ ਰਜ਼ਾ ਵਿਚ ਰਹਿ ਕੇ ਸਮੁੱਚੀ ਲੋਕਾਈ ਨੂੰ ਜੀਵਨ ਦੀ ਨਾਸ਼ਮਾਨਤਾ ਅਤੇ ਸੱਚੇ ਧਰਮ ਦੀ ਸਦੀਵੀ ਹੋਂਦ ਦਾ ਸੁਨੇਹਾ ਦਿੰਦੇ ਹੋਏ ਉਨ੍ਹਾਂ ਨੂੰ ਸੰਕਟ ਦੀ ਹਰ ਘੜੀ ਸਮੇਂ ਚੜ੍ਹਦੀ ਕਲਾ ਵਿਚ ਰਹਿਣ ਦੀ ਪ੍ਰੇਰਨਾ ਕਰਦੇ ਹਨ।

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਸਿੱਖਾਂ ਦੇ ਮਨ ਵਿਚ ਅਜਿਹੀ ਚਿਣਗ ਪੈਦਾ ਕਰ ਦਿੱਤੀ ਜਿਹੜੀ ਕਿ ਜੰਗ ਦੇ ਮੈਦਾਨ ਵਿਚ ਜੂਝ ਕੇ ਸ਼ਹੀਦੀ ਪ੍ਰਾਪਤ ਕਰਨ ਲਈ ਪ੍ਰੇਰਿਤ ਕਰਦੀ ਸੀ। ਧਰਮ ਦੇ ਮਾਰਗ 'ਤੇ ਚੱਲਣ ਵਾਲਾ ਇਹ ਸੰਘਰਸ਼ ਹਰ ਇਕ ਬੱਚੇ, ਨੌਜਵਾਨ ਅਤੇ ਬਜ਼ੁਰਗ ਲਈ ਪ੍ਰੇਰਨਾ-ਸਰੋਤ ਹੈ। ਇਸ ਵਿਚ ਲਗਭਗ 6 ਸਾਲ ਦੇ ਸਾਹਿਬਜ਼ਾਦਾ ਫ਼ਤਹਿ ਸਿੰਘ ਤੋਂ ਲੈ ਕੇ 80 ਸਾਲ ਤੋਂ ਉਪਰ ਮਾਤਾ ਗੁਜਰੀ ਜੀ ਦੀਆਂ ਸ਼ਹਾਦਤਾਂ ਸ਼ਾਮਿਲ ਹਨ। ਇਹ ਯੁੱਧ ਅਨੰਦਪੁਰ, ਚਮਕੌਰ ਅਤੇ ਸਰਹਿੰਦ ਦੀਆਂ ਸ਼ਹਾਦਤਾਂ ਨਾਲ ਹੀ ਸਮਾਪਤ ਨਹੀਂ ਹੋਇਆ ਬਲਕਿ ਇਸ ਨੇ ਚਮਕੌਰ ਦੇ ਯੁੱਧ ਵਿਚੋਂ ਗੁਰੂ ਜੀ ਦੇ ਬਚ ਨਿਕਲਣ ਵਾਂਗ ਧਰਮ ਦੀ ਇਕ ਅਜਿਹੀ ਰੌਸ਼ਨੀ ਪ੍ਰਦਾਨ ਕੀਤੀ ਹੈ ਜਿਹੜੀ ਕਿ ਇਹ ਸੰਦੇਸ਼ ਦਿੰਦੀ ਹੈ ਕਿ ਬੁਰਾਈ ਤਾਕਤਵਰ ਹੋ ਸਕਦੀ ਹੈ ਪਰ ਸੱਚਾਈ ਨੂੰ ਕਾਬੂ ਕਰਨ ਤੋਂ ਅਸਮਰੱਥ ਹੈ। ਧਰਮ ਦੀ ਭਾਵਨਾ ਪੈਦਾ ਹੋਣ 'ਤੇ ਹੀ ਖਿਦਰਾਣੇ (ਮੁਕਤਸਰ) ਦੀ ਜੰਗ ਵਿਚ ਉਹ ਸੂਰਮੇ ਵਾਪਸ ਆ ਗਏ ਸਨ ਜਿਹੜੇ ਅਨੰਦਪੁਰ ਸਾਹਿਬ ਵਿਖੇ ਬੇਦਾਵਾ ਦੇ ਗਏ ਸਨ ਅਤੇ ਉਨ੍ਹਾਂ ਨੇ ਸ਼ਹਾਦਤਾਂ ਦੇ ਕੇ ਸਰਹਿੰਦ ਦੀਆਂ ਫ਼ੌਜਾਂ ਨੂੰ ਪਿੱਛੇ ਮੁੜਨ ਲਈ ਮਜਬੂਰ ਕਰ ਦਿੱਤਾ ਸੀ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਮੁਕਤਸਰ ਤੋਂ ਅੱਗੇ ਤਲਵੰਡੀ ਸਾਬੋ ਵਿਖੇ ਡੇਰੇ ਲਾ ਲਏ ਸਨ। ਇਸ ਅਸਥਾਨ ਨੂੰ ਹੁਣ ਤਖ਼ਤ ਸ੍ਰੀ ਦਮਦਮਾ ਸਾਹਿਬ ਵਜੋਂ ਜਾਣਿਆ ਜਾਂਦਾ ਹੈ। ਗੁਰੂ ਜੀ ਨੇ ਇੱਥੇ ਹੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਸੰਪੂਰਨ ਕੀਤਾ ਸੀ ਅਤੇ ਇੱਥੇ ਹੀ ਵੱਡੀ ਗਿਣਤੀ ਵਿਚ ਸੰਗਤ ਉਨ੍ਹਾਂ ਦੇ ਦਰਸ਼ਨ ਕਰਨ ਲਈ ਆਉਣ ਲੱਗੀ ਸੀ। ਧਰਮ ਦੀ ਭਾਵਨਾ ਰੱਖਣ ਵਾਲੇ ਹਕੂਮਤ ਦੇ ਚੌਧਰੀ ਵੀ ਗੁਰੂ ਜੀ ਦੇ ਸ਼ਰਧਾਲੂ ਹੋ ਗਏ ਸਨ। ਭਾਵੇਂ ਕਿ ਉਹ ਖੁੱਲ੍ਹ ਕੇ ਹਕੂਮਤ ਵਿਰੁੱਧ ਕੁਝ ਵੀ ਬੋਲ ਨਹੀਂ ਰਹੇ ਸਨ ਪਰ ਫਿਰ ਵੀ ਗੁਰੂ ਜੀ ਪ੍ਰਤੀ ਮਨ ਵਿਚ ਪੈਦਾ ਹੋਈ ਸ਼ਰਧਾ ਅਤੇ ਭਾਵਨਾ ਉਨ੍ਹਾਂ ਨੂੰ ਤਲਵੰਡੀ ਸਾਬੋ ਵੱਲ ਲੈ ਜਾਂਦੀ ਸੀ। ਦਮਦਮਾ ਸਾਹਿਬ ਵਿਖੇ ਸੰਗਤ ਦੀ ਵਧਦੀ ਗਿਣਤੀ ਨੇ ਇਹ ਸਾਬਤ ਕਰ ਦਿੱਤਾ ਸੀ ਕਿ ਹਕੂਮਤ ਨੇ ਗੁਰੂ ਜੀ, ਉਨ੍ਹਾਂ ਦੇ ਪਰਿਵਾਰ ਅਤੇ ਸਿੱਖਾਂ ਪ੍ਰਤੀ ਜਿਸ ਤਰ੍ਹਾਂ ਦੀ ਦਮਨਕਾਰੀ ਨੀਤੀ ਅਪਣਾਈ ਹੋਈ ਸੀ, ਆਮ ਲੋਕ ਉਸ ਤੋਂ ਖ਼ੁਸ਼ ਨਹੀਂ ਹਨ। ਗੁਰੂ ਜੀ ਆਮ ਲੋਕਾਂ ਨੂੰ ਧਰਮ ਦੇ ਮਾਰਗ 'ਤੇ ਚੱਲਣ ਅਤੇ ਸਦਾਚਾਰ ਦੀ ਭਾਵਨਾ ਪੈਦਾ ਕਰਨ ਦੇ ਨਾਲ-ਨਾਲ ਹੀ ਸਵੈਮਾਨ ਕਾਇਮ ਰੱਖਣ ਲਈ ਸ਼ਸਤਰ ਵਿੱਦਿਆ 'ਤੇ ਵੀ ਜ਼ੋਰ ਦਿੰਦੇ ਸਨ। ਦਮਦਮਾ ਸਾਹਿਬ ਤੋਂ ਗੁਰੂ ਜੀ ਨਾਂਦੇੜ ਵੱਲ ਚੱਲ ਗਏ ਸਨ ਤਾਂ ਕਿ ਬਾਦਸ਼ਾਹ ਔਰੰਗਜ਼ੇਬ ਨਾਲ ਗੱਲ ਹੋ ਸਕੇ ਅਤੇ ਉਸ ਦੇ ਆਦੇਸ਼ ਅਨੁਸਾਰ ਪੰਜਾਬ ਦੇ ਲੋਕਾਂ 'ਤੇ ਕੀਤਾ ਜਾ ਰਿਹਾ ਜਬਰ ਅਤੇ ਜ਼ੁਲਮ ਰੋਕਿਆ ਜਾ ਸਕੇ। ਗੁਰੂ ਜੀ ਹਾਲੇ ਰਾਜਸਥਾਨ ਦੇ ਬਘੌਰ ਨਗਰ ਵਿਖੇ ਹੀ ਪਹੁੰਚੇ ਸਨ ਕਿ ਉਨ੍ਹਾਂ ਨੂੰ ਬਾਦਸ਼ਾਹ ਦੀ ਮੌਤ ਦੀ ਖ਼ਬਰ ਮਿਲ ਗਈ ਅਤੇ ਉਹ ਸ਼ਾਹਜਹਾਨਾਬਾਦ (ਦਿੱਲੀ) ਆ ਗਏ। ਇੱਥੇ ਉਨ੍ਹਾਂ ਨੇ ਬਾਦਸ਼ਾਹ ਔਰੰਗਜ਼ੇਬ ਦੇ ਪੁੱਤਰ ਬਹਾਦਰ ਸ਼ਾਹ ਦੀ ਸਹਾਇਤਾ ਕਰ ਕੇ ਉਸ ਨੂੰ ਦਿੱਲੀ ਦੇ ਤਖ਼ਤ 'ਤੇ ਬੈਠਣ ਵਿਚ ਸਹਾਇਤਾ ਕੀਤੀ ਸੀ। ਗੁਰੂ ਜੀ ਚਾਹੁੰਦੇ ਸਨ ਕਿ ਬਹਾਦਰ ਸ਼ਾਹ ਪੰਜਾਬ ਵਿਚ ਜ਼ੁਲਮ ਕਰ ਰਹੇ ਹਕੂਮਤ ਦੇ ਅਹਿਲਕਾਰਾਂ ਨੂੰ ਰੋਕੇ ਅਤੇ ਸਜ਼ਾਵਾਂ ਦੇਵੇ ਪਰ ਜਦੋਂ ਉਨ੍ਹਾਂ ਨੂੰ ਇਸ ਗੱਲ ਦਾ ਅਹਿਸਾਸ ਹੋ ਗਿਆ ਕਿ ਬਾਦਸ਼ਾਹ ਇਹ ਕਾਰਜ ਕਰਨ ਤੋਂ ਕਿਨਾਰਾ ਕਰ ਰਿਹਾ ਹੈ ਤਾਂ ਉਨ੍ਹਾਂ ਨੇ ਇਸ ਕਾਰਜ ਲਈ ਬਾਬਾ ਬੰਦਾ ਸਿੰਘ ਬਹਾਦਰ ਨੂੰ ਪੰਜਾਬ ਭੇਜਿਆ ਸੀ।

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਅਸ਼ੀਰਵਾਦ ਦੇ ਥੋੜ੍ਹੇ ਜਿਹੇ ਸਿੱਖਾਂ ਨਾਲ ਪੰਜਾਬ ਪੁੱਜੇ ਬਾਬਾ ਬੰਦਾ ਸਿੰਘ ਬਹਾਦਰ ਨੇ ਜਦੋਂ ਗੁਰੂ ਜੀ ਦਾ ਸੁਨੇਹਾ ਆਮ ਲੋਕਾਂ ਤੱਕ ਪਹੁੰਚਾਇਆ ਤਾਂ ਵੱਡੀ ਗਿਣਤੀ ਵਿਚ ਸਿੱਖ ਉਸ ਕੋਲ ਆ ਗਏ ਸਨ ਜਿਨ੍ਹਾਂ ਨੇ ਇਕ ਨਿਸ਼ਾਨ ਹੇਠਾਂ ਇਕੱਠੇ ਹੋ ਕੇ ਸਰਹਿੰਦ ਨੂੰ ਫ਼ਤਹਿ ਕਰ ਲਿਆ ਸੀ। ਇਸ ਯੁੱਧ ਵਿਚ ਸਿੱਖਾਂ ਤੋਂ ਇਲਾਵਾ ਬਹੁਤ ਸਾਰੇ ਉਹ ਲੋਕ ਵੀ ਸ਼ਾਮਿਲ ਸਨ ਜਿਨ੍ਹਾਂ ਨੂੰ ਛੋਟੇ ਸਾਹਿਬਜ਼ਾਦਿਆਂ ਦੀ ਸ਼ਹਾਦਤ ਕਾਰਨ ਹਕੂਮਤ ਵਿਰੁੱਧ ਪੈਦਾ ਹੋਈ ਗੁੱਸੇ ਅਤੇ ਰੋਸ ਦੀ ਲਹਿਰ ਨੇ ਆਪਸ ਵਿਚ ਜੋੜ ਦਿੱਤਾ ਸੀ। ਭਾਵੇਂ ਕਿ ਸਰਹਿੰਦ ਦੀ ਜਿੱਤ ਨੂੰ ਇਕ ਵੱਡੀ ਪ੍ਰਾਪਤੀ ਸਮਝਿਆ ਜਾ ਰਿਹਾ ਸੀ ਪਰ ਇਸ ਤੋਂ ਬਾਅਦ ਵੀ ਜਬਰ, ਜ਼ੁਲਮ, ਅਨਿਆਂ, ਲੁੱਟ-ਖਸੁੱਟ ਅਤੇ ਧੱਕੇਸ਼ਾਹੀ ਕਰਨ ਵਾਲਿਆਂ ਨੂੰ ਸਜ਼ਾਵਾਂ ਦੇਣ ਦਾ ਸਿਲਸਿਲਾ ਨਿਰੰਤਰ ਚੱਲਦਾ ਰਿਹਾ ਅਤੇ ਸਮਾਂ ਪਾ ਕੇ ਇਕ ਵੱਡੀ ਲਹਿਰ ਦੇ ਰੂਪ ਵਿਚ ਸਾਹਮਣੇ ਆਇਆ ਜਿਸ ਨੇ ਬਾਹਰੀ ਹਮਲਾਵਰਾਂ ਨੂੰ ਰੋਕਣ ਦੀ ਸਮਰੱਥਾ ਵੀ ਪੈਦਾ ਕਰ ਦਿੱਤੀ ਸੀ। ਭਾਵੇਂ ਕਿ ਇਸ ਕਾਰਜ ਵਿਚ ਬਹੁਤ ਸਾਰੀਆਂ ਸ਼ਹਾਦਤਾਂ ਹੋ ਰਹੀਆਂ ਸਨ ਪਰ ਧਰਮ ਦੀ ਭਾਵਨਾ ਅਨੁਸਾਰ ਸ਼ਹੀਦ ਹੋਣ ਵਾਲੇ ਵੀ ਦਿਨੋ-ਦਿਨ ਵਧਦੇ ਜਾ ਰਹੇ ਸਨ।



# ਸੋਭਾ ਸਿੰਘ ਵੱਲੋਂ ਚਿੱਤਰਿਆ ਸਾਕਾ ਸਰਹਿੰਦ



ਬਾਬਾ ਜ਼ੋਰਾਵਰ ਸਿੰਘ ਜੀ ਅਤੇ ਬਾਬਾ ਫ਼ਤਹਿ ਸਿੰਘ ਜੀ ਦੀ ਸ਼ਹਾਦਤ ਸਿੱਖ ਸਮਾਜ ਅੰਦਰ ਆਪਣੇ ਪ੍ਰਤੀ ਸਤਿਕਾਰ ਉਪਜਾਉਣ ਦੇ ਨਾਲ ਨਾਲ ਇਸ ਨੂੰ ਪ੍ਰੇਰਿਤ ਵੀ ਕਰਦੀ ਆ ਰਹੀ ਹੈ। ਇਹ ਸਾਕਾ ਹਰ ਉਸ ਸ਼ਖ਼ਸ ਨੂੰ ਹੈਰਾਨ ਕਰ ਸਕਦਾ ਹੈ ਜਦੋਂ ਉਸ ਨੂੰ ਪਤਾ ਲੱਗਦਾ ਹੈ ਕਿ ਸ਼ਹੀਦ ਹੋਣ ਵੇਲੇ ਇਨ੍ਹਾਂ ਦੋਵੇਂ ਭਰਾਵਾਂ ਦੀ ਉਮਰ ਨੌਂ ਸਾਲ ਅਤੇ ਸੱਤ ਸਾਲ ਸੀ। ਜ਼ਾਲਮ ਸਾਹਮਣੇ ਆਪਣੀ ਅਣਖ ਕਾਇਮ ਰੱਖਣੀ ਸਾਧਾਰਨ ਵਰਤਾਰਾ ਨਹੀਂ, ਪਰ ਇਨ੍ਹਾਂ ਯੋਧਿਆਂ ਅਜਿਹਾ ਕਰ ਦਿਖਾਇਆ।

ਸਾਹਿਤ ਰਚਨਾ ਤੋਂ ਇਲਾਵਾ ਚਿੱਤਰ ਰਚਨਾ ਨੇ ਵੀ ਇਸ ਇਤਿਹਾਸ ਨੂੰ ਆਪੋ-ਆਪਣੇ ਅੰਦਾਜ਼ ਵਿੱਚ ਦਰਜ ਕੀਤਾ ਹੈ। ਅਜੋਕੇ ਸਮੇਂ ਏਦਾਂ ਦੇ ਕਈ ਦ੍ਰਿਸ਼ ਦੇਖਣ ਨੂੰ ਮਿਲ ਜਾਂਦੇ ਹਨ, ਜਿਨ੍ਹਾਂ ਛੋਟੇ ਸਾਹਿਬਜ਼ਾਦਿਆਂ ਦੀ ਸ਼ਹੀਦੀ ਨੂੰ ਕੈਨਵਸ ਉੱਪਰ ਸਾਕਾਰ ਕੀਤਾ ਹੈ। ਇਨ੍ਹਾਂ ਵਿੱਚੋਂ ਹੀ ਇੱਕ ਰਚਨਾ ਸੋਭਾ ਸਿੰਘ ਦੀ ਹੈ। ਇਸ ਨੂੰ ਕਦੋਂ ਬਣਾਇਆ ਗਿਆ ਜਾਂ ਇਸ ਦਾ ਆਕਾਰ ਕੀ ਹੈ, ਕੁਝ ਪਤਾ ਨਹੀਂ ਲੱਗਾ। ਅਸੀਂ ਤਸਵੀਰ ਦੇ ਆਧਾਰ ਉੱਪਰ ਆਪਣੀ ਗੱਲ ਕਰਾਂਗੇ।

ਹਾਕਮ ਧਿਰ ਆਪਣੀ ਤਾਕਤ ਅਨੁਸਾਰ ਰਾਜ ਕਰਦੀ ਹੈ। ਵਿਚਾਰ ਵੀ ਉਸੇ ਅਨੁਰੂਪ ਬਦਲੇ ਤੇ ਬਦਲਵਾਏ ਜਾਂਦੇ ਹਨ। ਗੁਰੂ ਨਾਨਕ ਦੇਵ ਜੀ ਨੇ ਜਿਸ ਸਿੱਖ ਧਰਮ ਦੀ ਨੀਂਹ ਰੱਖੀ, ਗੁਰੂ ਗੋਬਿੰਦ ਸਿੰਘ ਜੀ ਅਤੇ ਉਨ੍ਹਾਂ ਦੇ ਪਰਿਵਾਰ ਨੇ ਉਸ ਨੂੰ ਮਜ਼ਬੂਤੀ ਦਿੱਤੀ। ਛੋਟੇ ਸਾਹਿਬਜ਼ਾਦਿਆਂ ਦੀ ਸ਼ਹਾਦਤ ਉਸੇ ਰਾਹ ਦੇ ਸਫ਼ਰ ਦੀ ਸਾਖੀ ਹੈ।

ਸਿੱਖ ਇਤਿਹਾਸ ਵਿੱਚ ਪੋਹ ਮਹੀਨੇ ਦਾ ਖ਼ਾਸ ਮਹੱਤਵ ਹੈ। ਆਨੰਦਗੜ੍ਹ ਕਿਲ੍ਹੇ 'ਚ ਗੁਰੂ ਗੋਬਿੰਦ ਸਿੰਘ ਜੀ ਅਤੇ ਸਿੱਖਾਂ ਦਾ ਟਿਕਾਣਾ ਸੀ। ਪਹਾੜੀ ਰਾਜਿਆਂ ਨੇ ਮੁਗ਼ਲ ਸੈਨਾ ਨਾਲ ਰਲ ਕੇ ਇਸ ਨੂੰ ਘੇਰਿਆ ਹੋਇਆ ਸੀ। ਘੇਰੇ ਕਾਰਨ ਕਿਲ੍ਹੇ ਅੰਦਰ ਰਸਦ ਦੀ ਕਮੀ ਮਹਿਸੂਸ ਹੋਣ ਲੱਗੀ। ਕੁਝ ਸਿੱਖਾਂ ਨੇ ਮਾਤਾ ਗੁਜਰੀ ਜੀ ਤੱਕ ਪਹੁੰਚ ਕੀਤੀ ਕਿ ਕਿਸੇ ਤਰ੍ਹਾਂ ਇੱਥੋਂ ਬਾਹਰ ਨਿਕਲਣ ਦਾ ਉਪਾਅ ਕੀਤਾ ਜਾਏ। ਮੁਗ਼ਲ ਸੈਨਾ ਨੇ ਵਾਅਦਾ ਕੀਤਾ ਕਿ ਜੇਕਰ ਕਿਲ੍ਹਾ ਖ਼ਾਲੀ ਕਰ ਦਿੱਤਾ ਜਾਂਦਾ ਹੈ ਤਾਂ ਸਿੱਖਾਂ 'ਤੇ ਹਮਲਾ ਨਹੀਂ ਕੀਤਾ ਜਾਵੇਗਾ। ਜਦੋਂ ਗੁਰੂ ਸਾਹਿਬ ਆਪਣੇ ਪਰਿਵਾਰ ਅਤੇ ਸਿੱਖਾਂ ਸਮੇਤ ਸਰਸਾ ਨਦੀ ਪਾਰ ਰਹੇ ਸਨ ਤਾਂ ਮੁਗ਼ਲ ਫ਼ੌਜ ਨੇ ਹਮਲਾ ਕਰ ਦਿੱਤਾ। ਇਸ ਕਾਰਨ ਮਾਤਾ ਗੁਜਰੀ ਜੀ ਅਤੇ ਨਿੱਕੇ ਸਾਹਿਬਜ਼ਾਦੇ ਬਾਕੀਆਂ ਤੋਂ ਵਿਛੜ ਗਏ। ਪੋਹ ਦੀ ਉਸ ਰਾਤ ਤਿੰਨੋਂ ਜਣੇ ਰਾਹ ਟੋਹ-ਟੋਹ ਕੇ ਅੱਗੇ ਵਧ ਰਹੇ ਸਨ। ਤਦੇ ਉਨ੍ਹਾਂ ਨੂੰ ਗੁਰੂ-ਘਰ ਦਾ ਰਸੋਈਆ ਗੰਗੂ ਮਿਲ ਗਿਆ। ਉਹ ਤਿੰਨਾਂ ਨੂੰ ਆਪਣੇ ਘਰ ਲੈ ਗਿਆ। ਮਾਤਾ ਗੁਜਰੀ ਜੀ ਨੇ ਖ਼ੁਦ ਨੂੰ ਅਤੇ ਬੱਚਿਆਂ ਨੂੰ ਸੁਰੱਖਿਅਤ ਮਹਿਸੂਸ ਕੀਤਾ। ਇਸੇ ਸਦਕਾ ਉਸ ਨਾਲ ਸਾਰੀਆਂ ਗੱਲਾਂ ਦੇ ਭੇਤ ਸਾਂਝੇ ਕਰ ਲਏ। ਗੰਗੂ ਨੂੰ ਮਾਤਾ ਗੁਜਰੀ ਜੀ ਅਤੇ ਸਾਹਿਬਜ਼ਾਦਿਆਂ ਦੇ ਆਪਣੇ ਪਰਿਵਾਰ ਤੋਂ ਵਿਛੜਨ ਬਾਰੇ ਪਤਾ ਲੱਗ ਗਿਆ। ਇਸ ਤੋਂ ਇਲਾਵਾ ਮਾਤਾ ਜੀ ਪਾਸ ਸੋਨੇ ਦੀਆਂ ਮੋਹਰਾਂ ਨੇ ਉਸ ਨੂੰ ਲੋਭ-ਲਾਲਚ ਵੱਲ ਧੱਕ ਦਿੱਤਾ। ਰਾਤ ਨੂੰ ਉਸ ਨੇ ਸਾਰੀ ਮੋਹਰਾਂ ਚੋਰੀ ਕਰ ਲਈਆਂ। ਇਸ ਦੇ ਨਾਲ-ਨਾਲ ਮੋਰਿੰਡੇ ਦੇ ਕੋਤਵਾਲ ਨੂੰ ਗੁਰੂਘਰ ਦੇ ਪਰਿਵਾਰਕ ਜੀਆਂ ਦੇ ਆਪਣੇ ਘਰ ਹੋਣ ਦੀ ਖ਼ਬਰ ਵੀ ਦੇ ਦਿੱਤੀ। ਇਉਂ ਪੋਹ ਦੀ ਨੌਂ ਤਾਰੀਖ਼ ਨੂੰ ਤਿੰਨਾਂ ਨੂੰ ਸੂਬਾ ਸਰਹਿੰਦ ਵਜ਼ੀਰ ਖ਼ਾਨ ਦੇ ਹਵਾਲੇ ਕਰ ਦਿੱਤਾ ਗਿਆ।

ਇਹ ਬਿਰਤਾਂਤ ਅਤੇ ਇਸ ਤੋਂ ਅਗਲਾ ਘਟਨਾ ਚੱਕਰ ਸਿੱਖ ਸਮਾਜ ਦੀ ਰੱਤ ਵਿੱਚ ਰਚਿਆ-ਮਿਚਿਆ ਹੈ। ਚਿੱਤਰਕਾਰ ਸੋਭਾ ਸਿੰਘ ਨੇ ਸਾਹਿਬਜ਼ਾਦਿਆਂ ਦੀ ਸ਼ਹੀਦੀ ਵਾਲਾ ਦ੍ਰਿਸ਼ ਕੈਨਵਸ 'ਤੇ ਚਿਤਰਿਆ ਤਾਂ ਉਸ ਦਾ ਮਨ ਲਾਜ਼ਮੀ ਇਸ ਬਿਰਤਾਂਤ ਦਾ ਅਨੁਸਰਣ ਕਰ ਰਿਹਾ ਹੋਵੇਗਾ। ਸੋਭਾ ਸਿੰਘ ਵੱਲੋਂ ਚਿਤਰੇ ਦ੍ਰਿਸ਼ ਵਿੱਚ

ਜਗਤਾਰਜੀਤ ਸਿੰਘ

ਕੁੱਲ ਅੱਠ ਕਿਰਦਾਰ ਹਨ। ਕੋਈ ਵੀ ਇੱਕ ਦੂਜੇ ਜਿਹਾ ਨਹੀਂ, ਸਿਵਾਏ ਛੋਟੇ ਸਾਹਿਬਜ਼ਾਦਿਆਂ ਦੇ। ਹਰੇਕ ਕਿਰਦਾਰ ਹਿੱਸੇ ਆਏ ਕੰਮ ਦੀ ਬਿਰਤੀ ਇੱਕੋ ਜਿਹੀ ਨਹੀਂ ਅਤੇ ਨਾ ਹੀ ਕੋਈ ਇੱਕ ਦੂਜੇ ਦੇ ਕੰਮ ਵਿੱਚ ਦਖਲ ਦੇ ਰਿਹਾ ਹੈ। ਪ੍ਰਤੀਤ ਹੁੰਦਾ ਹੈ ਕਿ ਉੱਪਰੋਂ ਹੋਇਆ ਹੁਕਮ ਨਿਰਵਿਘਨਤਾ ਨਾਲ ਪੂਰਾ ਕੀਤਾ ਜਾ ਰਿਹਾ ਹੈ।

ਇਹ ਦ੍ਰਿਸ਼ ਅਣਦਿਸਦੇ ਹਾਕਮ ਦੇ ਹੁਕਮ ਦਾ ਦਿਸਦਾ ਰੂਪ ਹੈ, ਜਿਹੜਾ ਸੁਖਾਤਮਕ ਨਹੀਂ। ਤਸਵੀਰ ਦੇ ਫਰੇਮ ਅੰਦਰ ਕੁੱਲ ਅੱਠ ਸਰੀਰ ਹਨ। ਇੱਥੇ ਭਿੰਨਤਾ ਦਾ ਦਖ਼ਲ ਵੱਧ ਲੱਗ ਸਕਦਾ ਹੈ ਪਰ ਇਹ ਸਾਰਾ ਤਸਵੀਰ ਦੀ ਲੋੜ ਅਨੁਸਾਰ ਹੈ। ਆਮ ਤੌਰ 'ਤੇ ਤਸਵੀਰ ਦਾ ਕੋਈ ਕੇਂਦਰੀ ਬਿੰਦੂ ਹੁੰਦਾ ਹੈ ਜਾਂ ਕੋਈ ਕੇਂਦਰੀ ਗਤੀਵਿਧੀ ਹੁੰਦੀ ਹੈ ਜਿਸ ਨੂੰ ਧਿਆਨ ਵਿੱਚ ਰੱਖ ਕੇ ਚਿੱਤਰਕਾਰ ਭੂਤਕਾਲ, ਵਰਤਮਾਨ ਅਤੇ ਭਵਿੱਖੀ ਸਥਿਤੀ ਬਾਰੇ ਗੱਲ ਕਰਦਾ ਹੈ। ਇੱਥੇ ਤਸਵੀਰ ਦੀ ਕੇਂਦਰੀ ਖਿੱਚ ਛੋਟੇ ਸਾਹਿਬਜ਼ਾਦੇ ਹਨ। ਉਹ ਖੜ੍ਹੇ ਹਨ। ਉਨ੍ਹਾਂ ਦੁਆਲੇ ਪੱਕੀਆਂ ਇੱਟਾਂ ਦੀ ਕੰਧ ਉਸਾਰੀ ਜਾ ਰਹੀ ਹੈ। ਕਾਜ਼ੀ ਆਪਣਾ ਦੁਵੱਲਾ ਜ਼ੋਰ ਲਾ ਰਿਹਾ ਹੈ। ਇੱਕ ਪਾਸੇ ਉਹ ਦੋਵਾਂ ਸਾਹਿਬਜ਼ਾਦਿਆਂ ਨੂੰ ਇਸਲਾਮ ਧਰਮ ਵੱਲ ਆਉਣ ਲਈ ਕਹਿ ਰਿਹਾ ਹੈ। ਪਹਿਲਾਂ ਉਨ੍ਹਾਂ ਨੂੰ ਸੰਸਾਰਕ ਸੁੱਖਾਂ ਦਾ ਲਾਲਚ ਦਿੱਤਾ ਗਿਆ ਸੀ। ਹੁਣ ਉਨ੍ਹਾਂ ਨੂੰ ਮੌਤ ਦਾ ਭੈਅ ਦਿੱਤਾ ਜਾ ਰਿਹਾ ਹੈ, ਜਿਹੜੀ ਪਲੋ-ਪਲੀ ਉਨ੍ਹਾਂ ਦੇ ਕਰੀਬ ਹੋ ਰਹੀ ਹੈ। ਇਸ ਦੇ ਬਾਵਜੂਦ ਉਹ ਅਟਲ, ਸਿੱਧੇ ਖੜ੍ਹੇ ਹਨ। ਉਹ ਕਿਸੇ ਨਾਲ ਕੋਈ ਸੰਵਾਦ ਨਹੀਂ ਰਚਾ ਰਹੇ। ਉਨ੍ਹਾਂ ਦੀ ਸਿੱਧੀ ਦ੍ਰਿਸ਼ਟੀ ਇਹੋ ਦੱਸ ਰਹੀ ਹੈ ਕਿ ਉਹ ਭੈਅ-ਮੁਕਤ ਹਨ, ਤਾਹੀਓਂ ਕਿਸੇ ਸੰਸਾਰੀ ਵੱਲ ਦੇਖਿਆ ਨਹੀਂ ਜਾ ਰਿਹਾ, ਗੱਲਬਾਤ ਤਾਂ ਦੂਰ ਦੀ ਗੱਲ ਹੈ।

ਸੋਭਾ ਸਿੰਘ ਨੇ ਜਿਸ ਪਿੱਠਭੂਮੀ ਨੂੰ ਆਧਾਰ ਬਣਾ ਕੇ ਤਸਵੀਰ ਰਚੀ ਹੈ, ਉਹ ਮੰਨਣਯੋਗ ਨਹੀਂ। ਆਮ ਤੌਰ 'ਤੇ ਹਾਕਮ ਜਮਾਤ ਆਪਣੇ ਦੋਖੀ ਨੂੰ ਮਾਰਨ ਲਈ ਖੁੱਲ੍ਹੀ ਥਾਂ ਨੂੰ ਚੁਣਦੀ ਰਹੀ ਹੈ ਪਰ ਇੱਥੇ ਇਮਾਰਤਾਂ ਦਾ ਘੜਮੱਸ ਹੈ। ਲੱਗਦਾ ਹੈ ਸਾਹਿਬਜ਼ਾਦਿਆਂ ਨੂੰ ਦੁਆਲੇ ਦੀ ਖ਼ਲਕਤ ਤੋਂ ਲੁਕਾਅ ਕੇ ਮਾਰਿਆ ਜਾ ਰਿਹਾ ਹੈ। ਇਹ ਚਿੱਤਰਕਾਰ ਦੀ ਆਪਣੀ ਕਲਪਨਾ ਹੋ ਸਕਦੀ ਹੈ। ਕਾਜ਼ੀ ਦੀ ਪਿੱਠ ਪਿੱਛੇ ਦੋ ਹੋਰ ਕਿਰਦਾਰ ਅਚੰਭਿਤ ਮੁਦਰਾ ਵਿੱਚ ਖੜ੍ਹੇ ਹਨ। ਸੰਭਵ ਹੈ ਇਨ੍ਹਾਂ ਦੀਆਂ ਕੁਚਾਲਾਂ ਕਰ ਕੇ ਸਥਿਤੀ ਇੱਥੋਂ ਤੱਕ ਪਹੁੰਚੀ ਹੋਵੇ। ਇਨ੍ਹਾਂ ਦੀ ਇੱਛਾ ਅਨੁਸਾਰ ਸਥਿਤੀ ਨਾ ਬਦਲਣ ਨੇ ਇਨ੍ਹਾਂ ਦੇ ਸਰੀਰਕ ਹਾਵ-ਭਾਵ ਬਦਲ ਦਿੱਤੇ ਹਨ। ਠੀਕ ਏਦਾਂ ਹੀ ਸਾਹਿਬਜ਼ਾਦਿਆਂ ਦੇ ਪਿੱਛੇ ਸਿਆਹ ਦੇਹ ਵਾਲਾ ਨੰਗ-ਧੜੰਗਾ ਜੱਲਾਦ ਹੱਥ 'ਚ ਤਲਵਾਰ ਲਈ ਖੜ੍ਹਾ ਹੈ। ਉਹ ਵੀ ਸਥਿਰ ਮੁਦਰਾ ਵਿੱਚ ਹੈ। ਇਸ ਦਾ ਕੰਮ ਬੇਰਹਿਮ ਹੋ ਕੇ ਦੋਖੀ ਨੂੰ ਮਾਰਨਾ ਹੈ। ਜਦੋਂ ਕੰਧ ਬਾਲਾਂ ਦੇ ਮੋਢਿਆਂ ਤੱਕ ਪਹੁੰਚੇਗੀ ਤਾਂ ਦੋਵਾਂ ਦੇ ਸਿਰ ਧੜਾਂ ਤੋਂ ਵੱਖ ਕਰ ਦਿੱਤੇ ਜਾਣਗੇ।

ਜਿਵੇਂ ਪਹਿਲਾਂ ਬਿਆਨਿਆ ਹੈ ਕਿ ਚਿੱਤਰ ਦੀ ਕੇਂਦਰੀ ਇਕਾਈ ਬਾਬਾ ਫ਼ਤਹਿ ਸਿੰਘ ਅਤੇ ਬਾਬਾ ਜ਼ੋਰਾਵਰ ਸਿੰਘ ਹਨ। ਉਮਰ ਵਿੱਚ ਛੋਟੇ ਹੋਣ ਦੇ ਬਾਵਜੂਦ ਆਪਣੀ ਸੋਚ ਅਤੇ ਵਿਸ਼ਵਾਸ ਨੂੰ ਪਰਣਾਏ ਉਹ ਵਿਲੱਖਣ ਹਨ। ਚਿੱਤਰਕਾਰ ਅਤੇ ਸਿੱਖ ਸਮਾਜ ਦੇ ਉਹ ਆਦਰਸ਼ ਹਨ। ਇਸੇ ਕਾਰਨ ਉਨ੍ਹਾਂ ਨੂੰ ਵੱਖਰੇ ਅੰਦਾਜ਼ ਵਿੱਚ ਸਾਕਾਰਿਆ ਗਿਆ ਹੈ।

ਉਨ੍ਹਾਂ ਨੇ ਹਰੇ ਚੋਲੇ ਉੱਪਰ ਲਾਲ ਰੰਗ ਦੇ ਕਮਰਕੱਸੇ ਸਜਾਏ ਹੋਏ ਹਨ। ਸਿਰ ਪੀਲੀਆਂ ਦਸਤਾਰਾਂ ਦੁਆਲੇ ਲੋਹ ਚੱਕਰ ਹਨ। ਉਹ ਬਾਲ ਉਮਰ ਦੇ ਹਨ ਪਰ ਕਲਗੀਆਂ ਉਨ੍ਹਾਂ ਦੀ ਵੱਖਰੀ ਹੋਂਦ ਦਰਸਾ ਰਹੀਆਂ ਹਨ। ਸਿਰਾਂ ਪਿੱਛੇ ਦਿਸਦਾ ਆਭਾ ਮੰਡਲ ਉਨ੍ਹਾਂ ਨੂੰ ਦੂਸਰਿਆਂ ਤੋਂ ਪੂਰੀ ਤਰ੍ਹਾਂ ਵਖਰਿਆ ਰਿਹਾ ਹੈ। ਇਹ ਚਿੰਨ੍ਹ ਅਵਤਾਰੀ ਪੁਰਖ ਦੇ ਸਿਰ ਦੁਆਲੇ ਹੀ ਬਣਾਇਆ ਜਾਂਦਾ ਹੈ। ਦੋਵੇਂ ਭਰਾ ਅਸਤਰਾਂ-ਸ਼ਸਤਰਾਂ ਨਾਲ ਲੈਸ ਹਨ। ਚਿੱਤਰਕਾਰ ਆਪਣੇ ਆਦਰਸ਼ ਕਿਰਦਾਰਾਂ ਨੂੰ ਉੱਤਮ ਰੂਪ ਵਿੱਚ ਦਰਸਾਉਣਾ ਚਾਹੁੰਦਾ ਹੈ।

ਆਦਰਸ਼ ਕਿਰਦਾਰ ਅੰਦਰੋਂ-ਬਾਹਰੋਂ ਇਕਾਗਰ ਹੁੰਦੇ ਹਨ। ਸੰਸਾਰਕ ਸੁੱਖ-ਦੁੱਖ ਦਰਮਿਆਨ ਉਹ ਅਡੋਲ ਰਹਿੰਦੇ ਹਨ। ਇਹ ਜਾਣਦਿਆਂ ਹੋਇਆਂ ਵੀ ਕਿ ਉਨ੍ਹਾਂ ਨੂੰ ਅਗਲੇ ਆਉਣ ਵਾਲੇ ਪਲਾਂ ਵਿੱਚ ਸ਼ਹੀਦ ਕਰ ਦਿੱਤਾ ਜਾਵੇਗਾ। ਉਹ ਆਪਣੀ ਥਾਂ ਥਿਰ ਹਨ ਜਦੋਂਕਿ ਦੁਆਲੇ ਦੇ ਲੋਕ ਉਨ੍ਹਾਂ ਦੀ ਅਡੋਲਤਾ ਦੇਖ ਕੇ ਡੋਲ ਰਹੇ ਹਨ।

ਚਿੱਤਰ ਦੀ ਸੰਰਚਨਾ ਹਟਵੀਂ ਜਿਹੀ ਲਗਦੀ ਹੈ। ਲਗਦਾ ਹੈ ਕਿ ਚਿੱਤਰਕਾਰ ਵਸਤੂ-ਸਥਿਤੀ ਬਹੁਤ ਨੇੜਿਓਂ ਹੋ ਕੇ ਦੇਖ, ਬਣਾ ਅਤੇ ਦਿਖਾ ਰਿਹਾ ਹੈ। ਨਜ਼ਰ ਆ ਰਹੀ ਉਸਾਰੀ ਵਿਆਪਕ ਹੈ, ਮਜ਼ਬੂਤ ਵੀ ਹੈ ਜਿਹੜੀ ਵੇਲੇ ਦੀ ਸਥਿਤੀ ਦਾ ਬਦਲਵਾਂ ਰੂਪ ਹੈ। ਸਾਰੀ ਉਸਾਰੀ ਲਾਲ ਜਾਂ ਭੂਰੇ ਰੰਗ ਦੇ ਪੱਥਰ ਦੀ ਲਗਦੀ ਹੈ। ਇਸ ਦਾ ਭਾਰੀਪਣ ਚਿੱਤਰ ਦੇ ਦੂਸਰੇ ਅੰਗਾਂ ਨੂੰ ਦਬਾਉਂਦਾ ਹੈ। ਸੰਭਵ ਹੈ ਚਿੱਤਰਕਾਰ ਦਾ ਮੰਤਵ ਅਜਿਹੀਆਂ ਮਜ਼ਬੂਤ ਭਾਰੀਆਂ ਇਮਾਰਤਾਂ ਚਿਤਰ ਕੇ ਮੁਗਲ ਹਕੂਮਤ ਦੀ ਜਨਤਾ 'ਤੇ ਪਕੜ ਅਤੇ ਮਜ਼ਬੂਤ ਸ਼ਾਸਨ ਪ੍ਰਬੰਧ ਨੂੰ ਦਰਸਾਉਣਾ ਹੋਵੇ। ਇਸ ਚਿੱਤਰ ਵਿਚਲੀ ਲੋਅ ਦਾ ਪ੍ਰਬੰਧ ਅਤੇ ਛਾਂ-ਪਰਛਾਵਾਂ ਵਿਲੱਖਣ ਹੈ, ਜਿਹੜਾ ਨੇਮ ਅਨੁਸਾਰੀ ਨਹੀਂ ਸਗੋਂ ਚਿੱਤਰਕਾਰ ਦੀ ਇੱਛਾ ਅਨੁਸਾਰ ਚਲਦਾ ਲਗਦਾ ਹੈ। ਸੂਰਜ ਦੀ ਰੌਸ਼ਨੀ ਲਾਗਲੀ ਕਿਸੇ ਇਮਾਰਤ ਉੱਪਰੋਂ ਆ ਕੇ ਉਸ ਥਾਂ ਨੂੰ ਪ੍ਰਕਾਸ਼ਿਤ ਕਰ ਰਹੀ ਹੈ, ਜਿੱਥੇ ਸਾਹਿਬਜ਼ਾਦਿਆਂ ਨੂੰ ਸ਼ਹੀਦ ਕੀਤਾ ਜਾ ਰਿਹਾ ਹੈ।

ਚਿੱਤਰਕਾਰ ਆਪਣੀ ਰਚਨਾ ਨੂੰ ਸਥਿਤੀ ਦੇ ਅੰਤਲੇ ਪੜਾਅ ਤੋਂ ਉਰ੍ਹੇ-ਉਰ੍ਹੇ ਹੀ ਦਿਖਾਉਂਦਾ ਹੈ, ਜਦੋਂਕਿ ਬਿਰਤਾਂਤ ਦੀ ਮੌਜੂਦਗੀ ਇਸ ਸਥਿਤੀ ਤੋਂ ਪਹਿਲਾਂ ਵੀ ਸੀ ਅਤੇ ਉਹ ਬਾਅਦ ਵਿੱਚ ਵੀ ਜਾਰੀ ਰਹਿੰਦੀ ਹੈ। ਚਿੱਤਰ ਤੋਂ ਬਾਅਦ ਵਾਲੀ ਸਥਿਤੀ ਦੁਖਦਾਈ ਹੈ। ਉਸਾਰੀ ਜਾ ਰਹੀ ਕੰਧ ਜਦੋਂ ਸਾਹਿਬਜ਼ਾਦਿਆਂ ਦੇ ਮੋਢਿਆਂ ਤਕ ਅੱਪੜਦੀ ਹੈ ਤਾਂ ਡਿੱਗ ਪੈਂਦੀ ਹੈ। ਸੱਟਾਂ ਨਾ ਸਹਾਰਦੇ ਹੋਏ ਉਹ ਬੇਹੋਸ਼ ਹੋ ਜਾਂਦੇ ਹਨ। ਇਸ ਵੇਲੇ ਕਾਜ਼ੀ ਹੁਕਮ ਦਿੰਦਾ ਹੈ ਕਿ ਦੋਵਾਂ ਨੂੰ ਜਿਬਾਹ ਕੀਤਾ ਜਾਵੇ। ਸਮਾਣੇ ਦੇ ਦੋ ਜੱਲਾਦ ਸੱਯਦ ਸ਼ਾਸ਼ਲ ਬੇਗ ਅਤੇ ਬਾਸ਼ਲ ਬੇਗ ਵੱਲੋਂ ਦੋਵਾਂ ਨੂੰ ਆਪਣੇ ਗੋਡਿਆਂ ਥੱਲੇ ਲੈ ਕੇ ਉਨ੍ਹਾਂ ਦੇ ਸੀਨਿਆਂ ਵਿੱਚ ਖੰਜਰ ਖੋਭਣ ਉਪਰੰਤ ਹੌਲੀ-ਹੌਲੀ ਜਿਬਾਹ ਕੀਤਾ ਜਾਂਦਾ ਹੈ। ਮਾਤਾ ਗੁਜਰੀ ਜੀ ਨੂੰ ਸਾਹਿਬਜ਼ਾਦਿਆਂ ਦੀ ਸ਼ਹਾਦਤ ਬਾਬਤ ਪਤਾ ਲੱਗਦਾ ਹੈ ਤਾਂ ਉਹ ਵੀ ਪ੍ਰਾਣ ਤਿਆਗ ਦਿੰਦੇ ਹਨ।

ਤਿੰਨੇ ਜਣਿਆਂ ਨੂੰ ਹਿਰਾਸਤ ਸਮੇਂ ਖਾਣ-ਪੀਣ ਨੂੰ ਕੁਝ ਵੀ ਨਹੀਂ ਦਿੱਤਾ ਜਾ ਰਿਹਾ ਸੀ। ਸਖ਼ਤ ਪਹਿਰੇ ਦੇ ਬਾਵਜੂਦ ਮੋਤੀ ਰਾਮ ਮਹਿਰਾ ਦੁੱਧ ਪਾਣੀ ਦੀ ਸੇਵਾ ਕਰਦਾ ਰਿਹਾ। ਹਾਕਮ ਧਿਰ ਨੂੰ ਇਸ ਦਾ ਪਤਾ ਲੱਗਿਆ ਤਾਂ ਉਸ ਦੇ ਸਾਰੇ ਪਰਿਵਾਰ ਨੂੰ ਕੋਹਲੂ ਵਿੱਚ ਪੀੜ ਦਿੱਤਾ ਗਿਆ।

ਵਜ਼ੀਰ ਖਾਨ ਦੀ ਬੇਗਮ ਜ਼ੈਨਾ ਨੂੰ ਜਦੋਂ ਸਾਹਿਬਜ਼ਾਦਿਆਂ ਦੀ ਸ਼ਹੀਦੀ ਦਾ ਪਤਾ ਲੱਗਿਆ ਤਾਂ ਘਰ ਪਹੁੰਚੇ ਖਾਵੰਦ ਦਾ ਲਿਬਾਸ ਪਾੜ ਦਿੱਤਾ। ਛੇਕੜ ਆਪਣੇ ਸੀਨੇ ਵਿੱਚ ਖੰਜਰ ਖੋਭ ਲਿਆ। ਸੂਬਾ ਸਰਹਿੰਦ ਨੇ ਮਾਤਾ ਗੁਜਰੀ ਜੀ ਅਤੇ ਸਾਹਿਬਜ਼ਾਦਿਆਂ ਦਾ ਸਸਕਾਰ ਕਰਨ ਵਾਸਤੇ ਥਾਂ ਦੇਣ ਤੋਂ ਕੋਰੀ ਨਾਂਹ ਕਰ ਦਿੱਤੀ ਤਾਂ ਉਸ ਵੇਲੇ ਸਰਹਿੰਦ ਦਾ ਅਹਿਲਕਾਰ ਪਰ ਗੁਰੂਘਰ ਦਾ ਸ਼ਰਧਾਲੂ ਦੀਵਾਨ ਟੋਡਰ ਮੱਲ ਸਾਹਮਣੇ ਆਇਆ। ਉਸ ਨੇ ਖੜ੍ਹੀਆਂ ਸੋਨੇ ਦੀਆਂ ਅਸ਼ਰਫ਼ੀਆਂ ਰੱਖ ਸਸਕਾਰ ਲਈ ਜ਼ਮੀਨ ਖਰੀਦੀ। ਉਸੇ ਥਾਂ ਉੱਪਰ ਅੱਜਕੱਲ੍ਹ ਗੁਰਦੁਆਰਾ ਜੋਤੀ ਸਰੂਪ ਸੁਸ਼ੋਭਿਤ ਹੈ।

# ਧਰਮੀ ਜੀਵਨ ਜਿਊਣ ਦਾ ਮਹਾਨ ਸਬਕ ਸਾਕਾ ਸਰਹਿੰਦ

ਸਾਕਾ ਸਰਹਿੰਦ-ਨਿੱਕੀਆਂ ਜਿੰਦਾਂ ਵੱਡਾ ਸਾਕਾ, ਸਿੱਖ ਮਾਨਸਿਕਤਾ ਨੂੰ ਅਡੋਲਤਾ, ਨਿਰਭੈਤਾ ਤੇ ਚੜ੍ਹਦੀ ਕਲਾ ਬਖ਼ਸ਼ਣ ਵਾਲਾ ਗੌਰਵਮਈ ਇਤਿਹਾਸ ਹੈ। ਅੱਲ੍ਹਾ ਯਾਰ ਖ਼ਾਂ ਜੋਗੀ ਇਸ ਨੂੰ 'ਸਿੰਘੋਂ ਕੀ ਸਲਤਨਤ ਕਾ ਹੈ ਪੌਦਾ ਲਗਾ ਚਲੇ' ਇਸ ਲਈ ਲਿਖਦਾ ਕਿ ਇਹ ਇਤਿਹਾਸ ਜੁਗਾਂ- ਜੁਗਾਂਤਰਾਂ ਤੱਕ ਕੌਮੀ ਵਾਰਸਾਂ ਲਈ ਪ੍ਰੇਰਕ ਸ਼ਕਤੀ ਰਹੇਗਾ। ਇਹ ਸਰਬੰਸ ਦਾਨੀ ਪਿਤਾ ਦੇ ਸਪੁੱਤਰਾਂ ਦੀ ਬਹਾਦਰੀ ਦੀ ਦਾਸਤਾਂ ਹੈ। ਇਨ੍ਹਾਂ ਦਿਨਾਂ 'ਚ ਜਦ ਕਥਾਕਾਰ, ਰਾਗੀ, ਢਾਡੀ, ਕਵੀਸ਼ਰ, ਕਵੀ ਇਹ ਇਤਿਹਾਸ ਸਰਵਣ ਕਰਵਾਉਂਦੇ ਹਨ ਤਾਂ ਭਾਵੁਕਤਾ ਦਾ ਮਾਹੌਲ ਵੀ ਬਣਦਾ ਹੈ। ਸੰਗਤ ਵੈਰਾਗ 'ਚ ਹੰਝੂ ਵੀ ਕੇਰਦੀ ਹੈ। ਇਹ ਮੋਹ ਦੀਆਂ ਤੰਦਾਂ, ਸਾਹਿਬਜ਼ਾਦਿਆਂ ਦਾ ਪਿਆਰ, ਕਲਗੀਧਰ ਪਾਤਸ਼ਾਹ ਜੀ ਦੇ ਨਾਦੀ ਪਰਿਵਾਰ ਹੋਣ ਦਾ ਸਵੈਮਾਣ, ਆਪਣਾਪਣ ਤੇ ਸੂਖ਼ਮ ਅਹਿਸਾਸਮਈ ਕਰਜ਼ ਵੀ ਹੈ। ਹੰਝੂਆਂ ਦੀ ਵੀ ਇੱਕ ਭਾਸ਼ਾ ਹੈ, ਜੋ ਕਈ ਵਾਰ ਤਰੱਕੀਆਂ ਦੀ ਪਕੜ 'ਚ ਨਹੀਂ ਆਉਂਦੀ ਪਰ ਬਿਬੇਕੀਆਂ ਨੂੰ ਸਮਝ ਹੈ ਕਿ ਗੁਰਬਾਣੀ 'ਚ 'ਮੈਂ ਰੋਵੰਦੀ ਸਭੁ ਜਗੁ ਰੁਨਾ ਰੁੰਨੜੇ ਵਣਹੁ ਪੰਖੇਰੂ' ਜਾਂ 'ਹਉ ਰਹਿ ਨ ਸਕਾ ਬਿਨੁ ਦੇਖੇ ਪ੍ਰੀਤਮਾ ਮੈ ਨੀਰੁ ਵਹੈ ਵਹਿ ਚਲੈ ਜੀਉ' ਦੇ ਭਾਵ ਅਰਥ ਕੀ ਹਨ?

ਇਹ ਬਿਹਬਲਤਾ ਦੀਆਂ ਵਿਯੋਗੀ ਤਾਂਘਾਂ ਤੇ ਸੰਯੋਗੀ ਦਰਸ਼ਨਾਂ ਲਈ ਰਹੱਸਮਈ ਰਮਜ਼ਾਂ ਹਨ। ਇਨ੍ਹਾਂ 'ਚ ਵਾਰੇ-ਵਾਰੇ, ਬਲਿਹਾਰੇ ਜਾਣ ਦਾ ਗੁੱਝਾ ਸੰਦੇਸ਼ ਹੈ। ਹੰਝੂਆਂ 'ਚ ਬਿਰਹਾ, ਮੋਹ, ਜਜ਼ਬਾ, ਬੀਰਤਾ, ਅਪਣੱਤ ਤੇ ਵਿਰਸੇ ਦਾ ਮਾਣ ਹੈ।

ਬਾਬਾ ਬੰਦਾ ਸਿੰਘ ਬਹਾਦਰ ਜੀ ਨੇ ਜਦੋਂ ਸਰਹਿੰਦ 'ਚ ਪ੍ਰਵੇਸ਼ ਕੀਤਾ ਤਾਂ ਸਰਹਿੰਦ ਦੀ ਦੀਵਾਰ ਕੋਲ ਜਾ ਕੇ ਨਮਸਕਾਰ ਕੀਤੀ, ਇੱਟਾਂ ਨੂੰ ਚੁੰਮਿਆਂ, ਹੁਭਕੀਂ-ਹੁਭਕੀਂ ਰੋਇਆ ਤੇ ਹੰਝੂਆਂ ਨਾਲ ਕੰਧ ਧੋ ਦਿੱਤੀ। (ਇਸ ਨੂੰ ਕੋਈ ਬੁਜ਼ਦਿਲੀ ਨਾ ਕਹੇ ਸਗੋਂ ਦਸਮ ਪਾਤਸ਼ਾਹ ਜੀ ਦਾ ਪਿਆਰ ਤੇ ਸਾਹਿਬਜ਼ਾਦਿਆਂ ਦੇ ਸਿਦਕ ਤੋਂ ਵਾਰੇ-ਵਾਰੇ ਜਾਣ ਦੀ ਗਵਾਹੀ ਸੀ। ਇਹ ਕਾਇਰਤਾ ਦੇ ਨਹੀਂ ਵੀਰਤਾ ਦੇ ਅੱਥਰੂ ਸਨ।)

ਇਹ ਸਾਕਿਆਂ ਦੇ ਮੋਹ ਭਰੇ ਜਜ਼ਬੇ ਨੇ ਬਾਬਾ ਬੰਦਾ ਸਿੰਘ ਦੀ ਫ਼ੌਜ ਨੂੰ ਸਮੇਂ ਦੇ ਬਲਵਾਨ ਯੋਧੇ ਬਣਾਇਆ ਤੇ ਮਨੋਬਲ ਪ੍ਰਦਾਨ ਕੀਤਾ।

ਦੂਜੇ ਪਾਸੇ ਆਪਣੀ ਧਰਤੀ ਦੇ ਸੱਚ ਨੂੰ ਜਾਣੀਏ

- ਡਾ: ਇੰਦਰਜੀਤ ਸਿੰਘ

ਤਾਂ ਹਵਾਈ ਅੱਡਿਆਂ ਅਤੇ ਰੇਲਵੇ ਸਟੇਸ਼ਨਾਂ 'ਤੇ ਪਰਦੇਸਾਂ ਨੂੰ ਪੁੱਤ ਤੋਰਨ ਲੱਗੀਆਂ ਮਾਵਾਂ ਹੁਭਕੀਆਂ ਲੈ ਕੇ ਰੋਂਦੀਆਂ ਹਨ ਤੇ ਅੱਥਰੂ ਵਹਾਉਂਦੇ ਬਾਪੂਆਂ ਦੀਆਂ ਦਾੜ੍ਹੀਆ ਭਿੱਜ ਜਾਂਦੀਆਂ ਹਨ ਜਦਕਿ ਇਹ ਬੱਚੇ ਕਮਾਈ ਕਰਨ ਲਈ ਜਾਂ ਚੰਗਾ ਜੀਵਨ ਬਣਾਉਣ ਲਈ ਪ੍ਰਦੇਸ ਜਾ ਰਹੇ ਹੁੰਦੇ ਹਨ। ਇੱਧਰ ਲੋਰੀਆਂ ਦੀ ਉਮਰੇ ਦਾਦੀ ਮਾਂ ਦੀ ਗੋਦ 'ਚੋਂ ਉੱਠ ਕੇ ਮੌਤ ਰਾਣੀ ਦੀ ਗੋਦ 'ਚ ਜਾ ਪੈਣਾ ਕੋਈ ਸਧਾਰਨ ਵਰਤਾਰਾ ਨਹੀਂ ਸਗੋਂ 'ਖ਼ਾਲਸਾ ਮੇਰੀ ਜਾਨ ਕੀ ਜਾਨ' ਕਹਿਣ ਵਾਲੇ ਧਰਮੀ ਬਾਬਲ ਦੇ ਸਪੁੱਤਰਾਂ ਦਾ ਸਿਰਜਿਆ ਮਹਾਨ ਇਤਿਹਾਸ ਹੈ।

ਇਸ ਨੂੰ ਸੰਸਾਰੀ ਤਲ 'ਤੇ ਆਪਣੇ ਪਰਿਵਾਰ ਦੇ ਰਿਸ਼ਤਿਆਂ ਦੇ ਨਿੱਘ 'ਚੋਂ ਪਿਤਾ, ਮਾਂ, ਦਾਦੀ ਜਾਂ ਭਰਾ ਬਣ ਕੇ ਇਨ੍ਹਾਂ ਦਿਨਾਂ 'ਚ ਜ਼ਰੂਰ ਚਿੰਤਨ ਕਰੀਏ। ਸੱਚਮੁੱਚ ਨਿੱਕੀਆਂ ਜਿੰਦਾਂ ਦੇ ਵੱਡੇ ਸਾਕੇ ਨੇ ਸਦਾ ਡਿੱਗਦੇ ਮਨਾਂ ਨੂੰ ਢਾਰਸ ਦਿੱਤੀ ਐ। ਢਹਿੰਦੀ ਕਲਾ 'ਚੋਂ ਚੜ੍ਹਦੀ ਕਲਾ ਨੇ ਰੂਪ ਧਾਰਨ ਕੀਤਾ ਤੇ ਇਹ ਮਹਾਨ ਸਾਕਾ, ਦੁਬਿਧਾ ਗ੍ਰਸਿਆਂ ਨੂੰ ਪੰਥ ਪ੍ਰਸਤੀ ਦਾ ਸਬਕ ਦ੍ਰਿੜਾਉਂਦਾ ਹੈ।


ਚੌਹਾਂ ਸਾਹਿਬਜ਼ਾਦਿਆਂ ਦੀ ਸ਼ਹਾਦਤ ਦਾ ਪਹਿਲਾ ਪ੍ਰਮਾਣਿਕ ਹਵਾਲਾ ਕਲਗੀਧਰ ਪਾਤਸ਼ਾਹ ਜੀ ਨੇ ਹੀ ਆਪਣੀ ਲਿਖਤ 'ਚ ਦਿੱਤਾ ਹੈ। ਜਦ ਸਤਿਗੁਰਾਂ ਨੇ ਔਰੰਗਜ਼ੇਬ ਨੂੰ ਜ਼ਫ਼ਰਨਾਮਾ ਲਿਖਿਆ ਤਾਂ ਆਪਣੇ ਸਪੁੱਤਰਾਂ ਦੀ ਸ਼ਹਾਦਤ ਦਾ ਵੇਰਵਾ ਦੇ ਕੇ ਵੰਗਾਰ ਵੀ ਪਾਈ:

**ਚਿਹਾ ਸ਼ੁਦ ਕਿ ਚੂੰ ਬੱਚਗਾਂ ਕੁਸ਼ਤਹ ਚਾਰ।**
**ਕਿ ਬਾਕੀ ਬਮਾਂਦਸਤੁ ਪੇਚੀਦਹ ਮਾਰ।**

ਭਾਵ ਐ ਔਰੰਗਜ਼ੇਬ! ਕੀ ਹੋਇਆ ਕਿ ਤੂੰ ਮੇਰੇ ਚਾਰ ਬੱਚੇ ਸ਼ਹੀਦ ਕਰ ਦਿੱਤੇ, ਪਿੱਛੇ ਕੁੰਡਲੀਆ ਸੱਪ ਜੀਵਤ ਹੈ, ਭਾਵ ਤਿਆਰ ਬਰ ਤਿਆਰ ਖ਼ਾਲਸਾ, ਜੋ ਤੇਰੇ ਜ਼ੁਲਮੀ ਰਾਜ ਨੂੰ ਖ਼ਤਮ ਕਰ ਕੇ ਸਾਹ ਲਵੇਗਾ। ਇਸ ਲਈ ਸਾਕਾ ਸਰਹਿੰਦ ਕੌਮੀ ਵਾਰਸਾਂ ਲਈ ਧਰਮੀ ਜਜ਼ਬਾ, ਸਦੀਵ ਚਾਨਣ ਮੁਨਾਰਾ, ਸਿਦਕ ਦੀ ਮਿਸਾਲ, ਜੁਗਾਂ-ਜੁਗਾਤਰਾਂ ਦਾ ਰਾਹ ਦਸੇਰਾ, ਵਿਰਸੇ ਦਾ ਸਵੈ-ਮਾਣ, ਡੋਲਦੀ ਮਾਨਸਿਕਤਾ ਲਈ ਪ੍ਰੇਰਕ ਪ੍ਰਸੰਗ ਤੇ ਪੰਥਕ ਬਾਗ਼ ਦੀ ਉਹ ਮਹਿਕ ਹੈ, ਜਿਸ ਦੀ ਚਮਕ ਤੇ ਸ਼ਾਨ ਸਦੀਵੀ ਖਿੜਾਓ ਬਖ਼ਸ਼ਣਹਾਰੀ ਹੈ। ਇਹ ਇਤਿਹਾਸ ਸਦਾ ਯਾਦਾਂ 'ਚ ਸਾਂਭ ਕੇ ਰੱਖਣਾ ਤੇ ਚਿੰਤਨ ਕਰਦੇ ਰਹਿਣਾ, ਇਹ ਧਰਮੀ ਜੀਵਨ ਜਿਊਣ ਦਾ ਮਹਾਨ ਸਬਕ ਹੈ।

ਸਾਕਾ ਸਰਹਿੰਦ

# ਇਤਿਹਾਸ ਦਾ ਰੁਖ ਬਦਲ ਦਿੱਤਾ



ਸਿੱਖ ਕੌਮ ਉਸ ਫੌਲਾਦ ਦੀ ਉਪਜ ਹੈ, ਜਿਸ ਨੂੰ ਸੈਂਕੜੇ ਵਰ੍ਹੇ ਕੁਠਾਲੀ ਵਿਚ ਪਾ ਕੇ ਅਤੇ ਮਘਦੀ ਭੱਠੀ ਵਿਚ ਰੱਖ ਕੇ ਤਿਆਰ ਕੀਤਾ ਗਿਆ ਹੈ ਅਤੇ ਫਿਰ ਸਮੇਂ-ਸਮੇਂ ਸਿਰ ਇਸ ਦੀ ਸ਼ਕਤੀ ਤੇ ਸ਼ੁੱਧਤਾ ਨੂੰ ਪਰਖਿਆ ਗਿਆ ਹੈ- ਮੌਤ ਦਾ ਉਹ ਕਿਹੜਾ ਢੰਗ ਹੋਵੇਗਾ, ਜੋ ਸਮੇਂ ਦੇ ਜਾਬਰ ਹੁਕਮਰਾਨਾਂ ਵੱਲੋਂ ਸਿੱਖਾਂ 'ਤੇ ਨਾ ਅਜ਼ਮਾਇਆ ਗਿਆ ਹੋਵੇ। ਇਸ ਤਰ੍ਹਾਂ ਸਿੱਖ ਇਤਿਹਾਸ ਵਿਚ ਸ਼ਹਾਦਤਾਂ ਦੀਆਂ ਉਪਰੋਥਲੀ ਵਾਪਰੀਆਂ ਘਟਨਾਵਾਂ ਨੇ ਭਾਰਤੀ ਕੌਮ ਰੂਪੀ ਜੰਗਾਲ ਲੱਗੇ ਲੋਹੇ ਨੂੰ ਫੌਲਾਦ ਵਿਚ ਬਦਲ ਕੇ ਬੇਹੱਦ ਸ਼ਕਤੀਸ਼ਾਲੀ ਬਣਾ ਦਿੱਤਾ। ਜਾਂ ਇਉਂ ਕਹਿ ਲਵੋ ਕਿ ਤੱਤੀਆਂ ਤਵੀਆਂ ਨੇ, ਉੱਬਲਦੀਆਂ ਦੇਗਾਂ ਨੇ, ਆਰਿਆਂ ਦਿਆਂ ਦੰਦਿਆਂ ਨੇ, ਚਰਖੜੀਆਂ ਦਿੰਦਿਆਂ ਹੁਲਾਰਿਆਂ ਨੇ, ਰੰਬੀਆਂ ਦੀਆਂ ਧਾਰਾਂ ਨੇ, ਸਰਹਿੰਦ ਦੀਆਂ ਨੀਹਾਂ ਨੇ, ਚਮਕੌਰ ਵਰਗੀਆਂ ਬੇਜੋੜ ਜੰਗਾਂ ਨੇ, ਭਖਦੇ ਹੋਏ ਲਾਲ ਗਰਮ ਜੰਬੂਰਾਂ ਨੇ ਅਤੇ ਕੱਟੜਵਾਦੀਆਂ ਵੱਲੋਂ ਸਮੇਂ-ਸਮੇਂ ਸਿਰ ਖੇਡੀ ਖ਼ੂਨ ਦੀ ਹੋਲੀ ਨੇ ਸਿੱਖਾਂ ਵਿਚ ਸਵੈਮਾਨਤਾ, ਬੀਰ ਰਸ, ਚੜ੍ਹਦੀ ਕਲਾ ਅਤੇ ਸੱਚ ਤੇ ਹੱਕ ਦਾ ਜਜ਼ਬਾ ਪੈਦਾ ਕੀਤਾ ਅਤੇ ਉਨ੍ਹਾਂ ਵਿਚ ਨਵੀਂ ਚੇਤਨਾ ਭਰ ਕੇ ਨਵ-ਜੀਵਨ ਬਖਸ਼ਿਆ, ਸਹੀ ਜੀਵਨ-ਜਾਚ ਦੱਸੀ ਅਤੇ ਅਣਖ ਨਾਲ ਜਿਊਣਾ ਤੇ ਮਰਨਾ ਸਿਖਾਇਆ। ਇਸ ਤਰ੍ਹਾਂ ਪਿਛਲੇ ਤਿੰਨ ਸੌ ਸਾਲਾਂ ਦਾ ਸਿੱਖ ਇਤਿਹਾਸ ਲਹੂ ਨਾਲ ਲਥਪਥ ਹੈ, ਜਾਂ ਕਹਿ ਲਵੋ ਕਿ ਸਿੱਖਾਂ ਨੇ ਇਤਿਹਾਸ ਦੇ ਹਰ ਅੰਗ ਨੂੰ ਆਪਣੇ ਲਹੂ ਨਾਲ ਸ਼ਿੰਗਾਰਿਆ ਹੈ। ਸਾਕਾ ਸਰਹਿੰਦ ਇਸ ਸ਼ਿੰਗਾਰ ਲੜੀ ਦਾ ਸਭ ਤੋਂ ਵੱਧ ਕੀਮਤੀ ਮਣਕਾ ਹੈ।

ਜਿਸ ਕਿਸੇ ਨੇ ਵੀ ਸਿੱਖ ਇਤਿਹਾਸ ਨੂੰ ਗਹੁ ਨਾਲ ਪੜ੍ਹਿਆ, ਘੋਖਿਆ ਤੇ ਵਿਚਾਰਿਆ ਹੈ, ਉਹ ਇਸ ਤੱਥ ਤੋਂ ਬਾਖ਼ੂਬੀ ਵਾਕਿਫ ਹੋਵੇਗਾ ਕਿ ਪਿਛਲੇ ਤਿੰਨ ਸੌ ਸਾਲਾਂ ਦੌਰਾਨ ਜੋ ਤਸੀਹੇ ਤੇ ਤਬਾਹੀ ਦੇ ਤੂਫਾਨ ਸਿੱਖਾਂ ਨੇ ਆਪਣੇ 'ਨੰਗੇ ਪਿੰਡੇ' 'ਤੇ ਹੰਢਾਏ ਹਨ, ਉਨ੍ਹਾਂ ਵਿਚ ਗੁਰੂ ਗੋਬਿੰਦ ਸਿੰਘ ਜੀ ਦੇ ਛੋਟੇ ਸਾਹਿਬਜ਼ਾਦਿਆਂ ਦੀ ਸ਼ਹਾਦਤ ਦੀ ਦਿਲ-ਕੰਬਾਊ ਘਟਨਾ (ਸਾਕਾ ਸਰਹਿੰਦ) ਵਿਸ਼ੇਸ਼ ਇਤਿਹਾਸਕ ਮਹੱਤਵ ਰੱਖਦੀ ਹੈ, ਕਿਉਂਕਿ ਇਸ ਘਟਨਾ ਨੇ ਸਿੱਖ ਸੋਚ ਤੇ ਫਲਸਫੇ ਨੂੰ ਨਵੀਆਂ-ਨਕੋਰ ਸੇਧਾਂ ਦਿੱਤੀਆਂ ਅਤੇ ਮੁਗਲਾਂ ਦੀ ਤਬਾਹੀ

**ਡਾ. ਹਰਚੰਦ ਸਿੰਘ ਸਰਹਿੰਦੀ**

ਲਈ ਰਾਹ ਪੱਧਰਾ ਕੀਤਾ। ਇਤਿਹਾਸ ਗਵਾਹ ਹੈ ਕਿ ਸਾਕਾ ਸਰਹਿੰਦ ਦੀ ਕੁੱਖ ਵਿਚੋਂ ਇਕ ਉੱਦਮੀ, ਉਤਸ਼ਾਹੀ, ਸਿਦਕੀ ਤੇ ਆਤਮ-ਵਿਸ਼ਵਾਸੀ ਕੌਮ ਦਾ ਜਨਮ ਹੋਇਆ, ਜਾਂ ਇਉਂ ਕਹਿ ਲਵੋ ਕਿ ਸ਼ਹਾਦਤ ਦੀ ਇਸ ਅਦੁੱਤੀ ਘਟਨਾ ਨੇ ਕੌਮ ਦੀਆਂ ਰਗਾਂ ਵਿਚ ਬਾਰੂਦੀ ਸ਼ਕਤੀ ਦਾ ਸੰਚਾਰ ਕੀਤਾ ਅਤੇ ਦੇਸ਼ ਤੇ ਕੌਮ ਦੀ ਤਕਦੀਰ ਤੇ ਤਸਵੀਰ ਨੂੰ ਬਦਲਣ ਵਿਚ ਅਹਿਮ ਭੂਮਿਕਾ ਨਿਭਾਈ ਹੈ। ਇਹ ਸਾਕਾ ਸਰਹਿੰਦ ਦੀ ਹੀ ਦੇਣ ਹੈ ਕਿ ਜਦੋਂ ਵੀ ਸਿੱਖ ਕੌਮ ਦੇ ਸਿਰ 'ਤੇ ਮੁਸੀਬਤਾਂ ਦੇ ਝੱਖੜ ਝੁੱਲੇ, ਕਾਲੀਆਂ-ਬੋਲੀਆਂ ਹਨੇਰੀਆਂ ਦੇ ਝਾਂਜੇ ਵਗੇ, ਕਹਿਰ ਬਰਸਾਉਂਦੀਆਂ ਅਸਮਾਨੀ ਬਿਜਲੀਆਂ ਡਿੱਗੀਆਂ ਅਤੇ ਧਾਰਮਿਕ ਕੱਟੜਵਾਦ ਨੇ ਮੌਤ ਦਾ ਨੰਗਾ ਨਾਚ ਨੱਚਿਆ ਤਾਂ ਸਿੱਖ ਕੌਮ ਦਾ ਚਿਹਰਾ ਸਾਬਤ ਸੂਰਤ ਅਤੇ ਪਿੰਡਾ ਪਹਿਲਾਂ ਨਾਲੋਂ ਵੀ ਵੱਧ ਨਿੱਖਰ ਕੇ ਸਾਹਮਣੇ ਆਇਆ। ਗੱਲ ਕੀ, ਸਾਹਿਬਜ਼ਾਦਿਆਂ ਦੀ ਸ਼ਹਾਦਤ ਸਿੱਖਾਂ ਲਈ ਸ਼ਕਤੀ ਦਾ ਇਕ ਸੋਮਾ ਹੋ ਨਿੱਬੜੀ। ਦੂਜਾ, ਇਸ ਘਟਨਾ ਨੇ ਸਿੱਖਾਂ ਨੂੰ ਸਹਿਣਸ਼ੀਲਤਾ ਤੇ ਠਰ੍ਹੰਮੇ ਤੋਂ ਕੰਮ ਲੈਂਦਿਆਂ, ਲੰਮੀ ਲੜਾਈ ਲੜਨ ਦੀ ਜਾਚ ਸਿਖਾਈ ਅਤੇ "ਨਿਸਚੈ ਕਰ ਆਪਨੀ ਜੀਤ ਕਰੋਂ" ਦਾ ਸਬਕ ਕੰਠ ਕਰਵਾਇਆ। ਤੁਸੀਂ ਵੇਖੋਗੇ ਕਿ ਸਾਕਾ ਸਰਹਿੰਦ ਤੋਂ ਥੋੜ੍ਹੇ ਅਰਸੇ ਬਾਅਦ ਹੀ ਜਦੋਂ ਸਿੱਖ ਹੱਥਾਂ ਵਿਚ ਸ਼ਮਸ਼ੀਰ ਲੈ ਕੇ ਮੈਦਾਨ ਵਿਚ ਨਿੱਤਰੇ ਤਾਂ ਤਖ਼ਤਾਂ ਤੇ ਤਾਜਾਂ ਨੇ ਉਨ੍ਹਾਂ ਨੂੰ ਪ੍ਰਣਾਮ ਕੀਤਾ। ਖ਼ੈਰ!

ਆਓ! ਇਤਿਹਾਸ ਦੀਆਂ ਗਲੀਆਂ ਵਿਚ ਘੁੰਮਦਿਆਂ ਅਤੇ ਇਤਿਹਾਸਕ ਦਸਤਾਵੇਜ਼ਾਂ ਦੇ ਅੰਗ-ਸੰਗ ਤੁਰਦਿਆਂ, ਸਾਕਾ ਸਰਹਿੰਦ ਦੇ ਵੱਖ-ਵੱਖ ਪਹਿਲੂਆਂ 'ਤੇ ਝਾਤ ਮਾਰਦਿਆਂ, ਉਸ ਸਥਾਨ 'ਤੇ ਪਹੁੰਚੀਏ ਜਿਥੇ ਬਾਬਾ ਬੰਦਾ ਸਿੰਘ ਬਹਾਦਰ, ਸਾਕਾ ਸਰਹਿੰਦ ਦੇ ਮੁੱਖ ਦੋਸ਼ੀ ਸੂਬੇਦਾਰ ਵਜ਼ੀਰ ਖਾਂ ਨੂੰ ਮੌਤ ਦੇ ਘਾਟ ਉਤਾਰ ਕੇ ਸਿੱਖ ਰਾਜ ਦਾ ਨੀਂਹ-ਪੱਥਰ ਗੱਡਦਾ ਹੈ, ਯਾਨੀ ਨਵੇਂ ਇਤਿਹਾਸ ਦੀ ਸਿਰਜਣਾ ਕਰਦਾ ਹੈ।

ਗੁਰੂ ਗੋਬਿੰਦ ਸਿੰਘ ਜੀ ਦੇ ਛੋਟੇ ਸਾਹਿਬਜ਼ਾਦਿਆਂ, ਬਾਬਾ ਜ਼ੋਰਾਵਰ ਸਿੰਘ (9 ਸਾਲ) ਅਤੇ ਬਾਬਾ ਫਤਹਿ ਸਿੰਘ (7 ਸਾਲ) ਨੂੰ ਸਰਹਿੰਦ ਵਿਖੇ ਦੀਵਾਰ ਵਿਚ ਚਿਣਵਾ ਕੇ ਸ਼ਹੀਦ ਕਰਨ ਦੀ ਮੰਦਭਾਗੀ ਘਟਨਾ, ਮੁਗਲ ਹਕੂਮਤ

# ਛੋਟੇ ਸਾਹਿਬਜ਼ਾਦਿਆਂ ਦੀ ਲਾਸਾਨੀ ਸ਼ਹਾਦਤ ਅਤੇ 'ਹਾਅ ਦਾ ਨਾਅਰਾ'

ਇਤਿਹਾਸ ਗਵਾਹ ਹੈ ਕਿ ਸਿੱਖ ਸਮਾਜ ਨੇ ਜਿੱਥੇ ਉਨ੍ਹਾਂ 'ਤੇ ਜ਼ਬਰ ਜ਼ੁਲਮ ਅਤੇ ਧਾਰਮਿਕ ਹੱਠਧਰਮੀ ਕਰਨ ਵਾਲਿਆਂ ਨੂੰ ਇੱਟ ਦਾ ਜਵਾਬ ਪੱਥਰ ਨਾਲ ਦਿੱਤਾ, ਉੱਥੇ ਸੰਕਟ ਦੀ ਘੜੀ ਵਿਚ ਉਨ੍ਹਾਂ ਦਾ ਪੱਖ ਪੂਰਨ ਅਤੇ ਹਮਦਰਦੀ ਦਾ ਪ੍ਰਗਟਾਵਾ ਕਰਨ ਵਾਲਿਆਂ ਨੂੰ ਸਨਮਾਨਿਤ ਕੀਤਾ ਅਤੇ ਪੁਸ਼ਤਾਂ ਤੱਕ ਉਨ੍ਹਾਂ ਦਾ ਅਹਿਸਾਨਮੰਦ ਵੀ ਰਿਹਾ। ਸਿੱਖ ਕੌਮ 'ਤੇ ਇਹੋ ਜਿਹਾ ਇੱਕ ਅਹਿਸਾਨ ਮਲੇਰਕੋਟਲਾ ਦੇ ਨਵਾਬ ਸ਼ੇਰ ਮੁਹੰਮਦ ਖਾਂ ਨੇ ਕੀਤਾ ਸੀ, ਜਿਸ ਦਾ ਭਰਵਾਂ ਮੁੱਲ ਚੁਕਾ ਦੇਣ ਉਪਰੰਤ ਵੀ ਸਿੱਖ ਭਾਈਚਾਰਾ ਇਸ ਅਹਿਸਾਨ ਦੇ ਮਿੱਠੇ ਭਾਰ ਹੇਠ ਦੱਬੇ ਰਹਿਣ ਵਿਚ ਅੰਤਾਂ ਦਾ ਫ਼ਖ਼ਰ ਮਹਿਸੂਸ ਕਰਦਾ ਹੈ। ਸਰਹਿੰਦ ਦੀ ਸੂਬੇਦਾਰ ਵਜ਼ੀਰ ਖਾਂ ਦੀ ਕਚਹਿਰੀ ਵਿਚ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਛੋਟੇ ਸਾਹਿਬਜ਼ਾਦਿਆਂ ਬਾਬਾ ਜ਼ੋਰਾਵਰ ਸਿੰਘ (9 ਸਾਲ) ਅਤੇ ਬਾਬਾ ਫਤਿਹ ਸਿੰਘ (7 ਸਾਲ) ਨੂੰ ਪੇਸ਼ ਕੀਤਾ ਗਿਆ। ਉਸ ਸਮੇਂ ਕਚਹਿਰੀ ਵਿਚ ਹੋਰਨਾਂ ਤੋਂ ਇਲਾਵਾ ਮਲੇਰਕੋਟਲੇ ਦਾ ਨਵਾਬ ਸ਼ੇਰ ਮੁਹੰਮਦ ਖਾਂ ਵੀ ਹਾਜ਼ਰ ਸੀ।

ਸੂਬੇਦਾਰ ਨੇ ਕਾਜ਼ੀ ਨੂੰ ਸਾਹਿਬਜ਼ਾਦਿਆਂ ਦਾ 'ਕਸੂਰ' ਸਮਝਾਉਂਦਿਆਂ ਉਨ੍ਹਾਂ ਵਿਰੁੱਧ ਤੁਰੰਤ ਸਜ਼ਾ ਸੁਣਾਉਣ ਦਾ ਫ਼ੈਸਲਾ ਦੇਣ ਲਈ ਕਿਹਾ ਪਰ ਕਾਜ਼ੀ ਨੇ ਵਿਚਾਰ ਪ੍ਰਗਟ ਕੀਤਾ ਕਿ ਇਸਲਾਮ, ਮਾਸੂਮ ਬੱਚਿਆਂ ਨੂੰ ਉਨ੍ਹਾਂ ਦੇ ਬਾਪ ਦੇ ਕੀਤੇ ਅਪਰਾਧ ਦੀ ਸਜ਼ਾ ਦੇਣ ਦੀ ਇਜਾਜ਼ਤ ਨਹੀਂ ਦਿੰਦਾ। ਕਚਹਿਰੀ ਵਿਚ ਬੈਠੇ ਦੀਵਾਨ ਸੁੱਚਾ ਨੰਦ ਦੇ ਇਸ਼ਾਰੇ 'ਤੇ ਸੂਬੇਦਾਰ ਵਜ਼ੀਰ ਖਾਂ ਨੇ ਨਵਾਬ ਮਲੇਰਕੋਟਲਾ ਨੂੰ ਚੇਤੇ ਕਰਵਾਇਆ ਕਿ ਉਸ ਦਾ ਭਰਾ, ਗੁਰੂ ਗੋਬਿੰਦ ਸਿੰਘ ਦੇ ਹੱਥੋਂ ਮਾਰਿਆ ਗਿਆ ਸੀ। ਸੂਬੇਦਾਰ ਨੇ ਸਾਹਿਬਜ਼ਾਦਿਆਂ ਨੂੰ ਉਸ ਦੇ ਹਵਾਲੇ ਕਰਨ ਦੀ ਪੇਸ਼ਕਸ਼ ਕੀਤੀ ਤਾਂ ਕਿ ਉਹ ਉਨ੍ਹਾਂ ਨੂੰ ਸ਼ਹੀਦ ਕਰਕੇ ਆਪਣੇ ਭਰਾ ਦੀ ਮੌਤ ਦਾ ਬਦਲਾ ਲੈ ਸਕੇ।

ਨਵਾਬ ਮਲੇਰਕੋਟਲਾ ਨੇ ਇਸ ਪੇਸ਼ਕਸ਼ ਨੂੰ ਠੁਕਰਾਉਂਦਿਆਂ ਸਪੱਸ਼ਟ ਕੀਤਾ ਕਿ ਬਾਪ ਵੱਲੋਂ ਕੀਤੇ ਦਾ ਬਦਲਾ ਉਸ ਦੇ ਮਾਸੂਮ ਬੱਚਿਆਂ ਤੋਂ ਨਹੀਂ ਲਿਆ ਜਾ ਸਕਦਾ। ਨਵਾਬ ਮਲੇਰਕੋਟਲਾ ਦਾ ਠੋਕਵਾਂ ਜਵਾਬ ਸੁਣ ਕੇ ਸੂਬੇਦਾਰ ਤੇ ਸੁੱਚਾ ਨੰਦ ਫਿੱਕੇ ਪੈ ਗਏ। ਹਕੀਮ ਅੱਲ੍ਹਾ ਯਾਰ ਖਾਂ ਯੋਗੀ ਨੇ ਇਨ੍ਹਾਂ ਪਲਾਂ ਨੂੰ ਇੰਝ ਕਲਮਬੱਧ ਕੀਤਾ ਹੈ...

**ਝਾੜੂ ਸਾ ਖਾ ਕੇ ਦੋਨੋਂ ਸ਼ਰਮਸਾਰ ਹੋ ਗਏ।**
**ਜੱਲਾਦ ਸਾਰੇ ਕਤਲ ਸੇ ਬੇਜ਼ਾਰ ਹੋ ਗਏ।**

(ਹਕੀਮ ਅੱਲ੍ਹਾ ਯਾਰ ਖਾਂ ਜੋਗੀ, ਸਰਹਿੰਦ ਅਤੇ ਚਮਕੌਰ ਸਾਹਿਬ ਦੇ ਖ਼ੂਨੀ ਸਾਕਿਆਂ ਨੂੰ ਦੋ ਲੰਬੀਆਂ ਉਰਦੂ ਨਜ਼ਮਾਂ ਵਿਚ ਲਿਖਣ ਵਾਲੇ ਲਾਸਾਨੀ ਸ਼ਾਇਰ ਹਨ। ਇਨ੍ਹਾਂ ਦੀ ਸੰਨ 1913 ਈਸਵੀ ਵਿਚ ਲਿਖੀ ਉਰਦੂ ਨਜ਼ਮ 'ਸ਼ਹੀਦਾਨਿ ਵਫ਼ਾ' (ਸਾਕਾ ਸਰਹਿੰਦ) ਨੇ ਬਹੁਤ ਲੋਕਪ੍ਰਿਯਤਾ ਅਤੇ ਪ੍ਰਸਿੱਧੀ ਹਾਸਲ ਕੀਤੀ।)

ਇਸੇ ਦੌਰਾਨ ਚਲਾਕ ਅਤੇ ਮੱਕਾਰ ਸੁੱਚਾ ਨੰਦ ਨੇ ਸਾਹਿਬਜ਼ਾਦਿਆਂ ਨੂੰ ਬਾਗ਼ੀ ਸਿੱਧ ਕਰਕੇ ਸੂਬੇਦਾਰ ਅਤੇ ਕਾਜ਼ੀ ਨੂੰ ਜਚਾ ਦਿੱਤਾ ਕਿ ਮੁਸਲਿਮ ਸ਼ਰ੍ਹਾ ਅਨੁਸਾਰ ਬਾਗ਼ੀਆਂ ਨੂੰ ਸਜ਼ਾ-ਏ-ਮੌਤ ਦਿੱਤੀ ਜਾ ਸਕਦੀ ਹੈ। ਅੰਤ ਸਾਹਿਬਜ਼ਾਦਿਆਂ ਨੂੰ ਜ਼ਿੰਦਾ ਕੰਧਾਂ ਵਿਚ ਚਿਣਵਾ ਦੇਣ ਦਾ ਮੰਦਭਾਗਾ ਫ਼ੈਸਲਾ ਕੀਤਾ ਗਿਆ। ਉਹ ਫ਼ੈਸਲਾ ਜਿਸ 'ਤੇ ਸਿੱਖ ਸਮਾਜ ਹੁਬਕੀਂ ਰੋਇਆ। ਉਹ ਫ਼ੈਸਲਾ, ਜਿਸ ਨੇ ਇਤਿਹਾਸ ਨੂੰ ਇੱਕ ਨਵਾਂ ਮੋੜ ਦਿੱਤਾ। ਉਹ ਫ਼ੈਸਲਾ, ਜੋ ਸੂਬੇਦਾਰ ਅਤੇ ਮੁਗ਼ਲ ਹਕੂਮਤ ਨੂੰ ਬਹੁਤ ਜ਼ਿਆਦਾ ਮਹਿੰਗਾ ਪਿਆ।

ਨਵਾਬ ਮਲੇਰਕੋਟਲਾ ਨੇ ਇਸ ਫ਼ੈਸਲੇ 'ਤੇ ਅਸਹਿਮਤੀ ਪ੍ਰਗਟ ਕਰਦਿਆਂ ਇਸ ਨੂੰ ਰੱਦ ਕਰਨ ਦਾ ਸੁਝਾਅ ਦਿੱਤਾ ਪਰ ਇਸ ਪਵਿੱਤਰ ਆਵਾਜ਼ ਨੂੰ ਅਣਸੁਣਿਆ ਕਰ ਦਿੱਤਾ ਗਿਆ। ਇਸ ਫ਼ੈਸਲੇ ਤੋਂ ਬਾਅਦ ਨਵਾਬ ਮਲੇਰਕੋਟਲਾ ਰੋਸ ਵਜੋਂ ਕਚਹਿਰੀ ਵਿੱਚੋਂ ਉੱਠ ਕੇ ਚਲੇ ਗਏ ਸਨ। ਉਨ੍ਹਾਂ ਦੇ ਇਸ ਰੋਸ ਪ੍ਰਗਟਾਵੇ ਨੂੰ ਸਿੱਖ ਜਗਤ ਵੱਡੀ ਸ਼ਰਧਾ ਨਾਲ 'ਹਾਅ ਦਾ ਨਾਅਰਾ' ਦੇ ਨਾਂਅ ਨਾਲ ਯਾਦ ਕਰਦਾ ਹੈ ਅਤੇ ਸਿੱਖ ਇਤਿਹਸ ਵਿਚ ਇਹ ਘਟਨਾ ਸੁਨਹਿਰੀ ਅੱਖਾਂ ਵਿਚ ਦਰਜ ਹੈ।

ਕੁਝ ਲਿਖਤਾਂ ਅਨੁਸਾਰ ਇਹ ਘਟਨਾ 27 ਦਸੰਬਰ 1704 ਨੂੰ ਵਾਪਰੀ ਦੱਸੀ ਜਾਂਦੀ ਹੈ ਪਰ ਆਧੁਨਿਕ ਖੋਜ ਤੋਂ ਸਿੱਧ ਹੋ ਚੁੱਕਿਆ ਹੈ ਕਿ ਕੰਧ ਵਿੱਚ ਚਿਣਵਾਉਣ ਦੀ ਘਟਨਾ 25 ਦਸੰਬਰ ਨੂੰ ਵਾਪਰੀ ਸੀ। 27 ਦਸੰਬਰ ਨੂੰ ਤਾਂ ਸਾਹਿਬਜ਼ਾਦਿਆਂ ਦੇ ਸਿਰ ਕਲਮ ਕਰਕੇ ਸ਼ਹੀਦੀ ਜਾਮ ਪਿਲਾਏ ਗਏ ਸਨ। ਇਸ ਤੱਥ ਦੀ ਪੁਸ਼ਟੀ ਲਈ ਮਹਾਨ ਵਿਦਵਾਨ ਸ. ਹਰਬੰਸ ਸਿੰਘ ਦੀ ਪੁਸਤਕ 'ਗੁਰੂ ਗੋਬਿੰਦ ਸਿੰਘ' 'ਚੋਂ ਹਵਾਲਾ ਦਿੱਤਾ ਜਾ ਸਕਦਾ ਹੈ।

ਬੇਸ਼ੱਕ ਇਹ 'ਹਾਅ ਦਾ ਨਾਅਰਾ' ਸਾਹਿਬਜ਼ਾਦਿਆਂ ਨੂੰ ਦਿੱਤੇ ਦੰਡ ਦੇ ਫ਼ੈਸਲੇ ਨੂੰ ਅਮਲੀ ਰੂਪ ਵਿਚ ਕੋਈ ਫ਼ਰਕ ਨਹੀਂ ਪਾ ਸਕਿਆ, ਫਿਰ ਵੀ ਨਵਾਬ ਨੇ ਸਿੱਖਾਂ 'ਤੇ ਇੱਕ ਅਜਿਹਾ ਅਹਿਸਾਨ ਚੜ੍ਹਾ ਦਿੱਤਾ ਹੈ, ਜਿਸ ਨੂੰ ਉਤਾਰਨ

**ਮੱਖਣ ਸ਼ਾਹ ਦਬਾਲੀ**

ਲਈ ਉਹ ਪਿਛਲੇ 309 ਵਰ੍ਹਿਆਂ ਤੋਂ ਯਤਨਸ਼ੀਲ ਹਨ। ਸਿੱਖ ਬੱਚਾ ਜਿੱਥੇ ਹੋਸ਼ ਸੰਭਾਲਦੇ ਹੀ ਸਰਹਿੰਦ ਦਾ ਸਾਕਾ ਕੰਠ ਕਰ ਲੈਂਦਾ ਹੈ, ਉੱਥੇ ਹਾਅ ਦਾ ਨਾਅਰਾ ਵੀ ਉਸ ਦੇ ਨਰਮ ਮਨ 'ਤੇ ਡੂੰਘਾ ਉੱਕਰਿਆ ਜਾਂਦਾ ਹੈ।

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਸਮੇਤ ਸਮੁੱਚਾ ਸਿੱਖ ਜਗਤ ਇਸ ਜ਼ੁਲਮ ਦਾ ਬਦਲਾ ਲੈਣ ਲਈ ਸਹੀ ਸਮੇਂ ਦੀ ਉਡੀਕ ਕਰਨ ਲੱਗਾ। ਅੰਤ ਸੰਨ 1710 ਈਸਵੀ ਵਿਚ ਸਿੱਖਾਂ ਨੇ ਬਾਬਾ ਬੰਦਾ ਸਿੰਘ ਬਹਾਦਰ ਦੀ ਕਮਾਨ ਹੇਠ ਸਰਹਿੰਦ ਤੋਂ 12 ਕੋਹ ਦੀ ਵਿੱਥ 'ਤੇ ਚੱਪੜਚਿੜੀ ਦੇ ਮੈਦਾਨ ਵਿਚ ਇੱਕ ਫ਼ੈਸਲਾਕੁੰਨ ਜੰਗ ਲੜੀ। ਇਸ ਜੰਗ ਵਿਚ ਸਰਹਿੰਦ ਦਾ ਸੂਬੇਦਾਰ ਵਜ਼ੀਰ ਖਾਂ ਮਾਰਿਆ ਗਿਆ। ਬਾਬਾ ਬੰਦਾ ਸਿੰਘ ਬਹਾਦਰ ਦੇ ਇੱਕ ਉੱਘੇ ਜਰਨੈਲ ਫਤਿਹ ਸਿੰਘ ਨੇ ਖੰਡੇ ਦੇ ਇੱਕੋ ਵਾਰ ਨਾਲ ਸੂਬੇਦਾਰ ਵਜ਼ੀਰ ਖਾਂ ਨੂੰ ਗਰਦਨ ਤੋਂ ਲੈ ਕੇ ਲੱਕ ਤੱਕ ਦੋਫਾੜ ਕਰ ਦਿੱਤਾ ਸੀ। (ਕੁੱਝ ਇਤਿਹਾਸਕਾਰਾਂ ਦਾ ਵਿਚਾਰ ਹੈ ਕਿ ਸੂਬੇਦਾਰ ਦੀ ਮੌਤ ਕਿਸੇ ਸਿੰਘ ਦੇ ਤੀਰ ਨਾਲ ਹੋਈ ਸੀ।)



ਸਿੱਖ ਜਗਤ ਨੇ 'ਹਾਅ ਦਾ ਨਾਅਰੇ' ਦਾ ਮੁੱਲ ਵੀ ਮੋੜਿਆ। 18ਵੀਂ ਸਦੀ ਸਿੱਖਾਂ ਦੇ ਇਮਤਿਹਾਨ ਦਾ ਸਮਾਂ ਸੀ। ਸਿੱਖਾਂ ਨੂੰ ਪਰਖਿਆ ਜਾਣ ਲੱਗਾ। ਮੁ ?ਗਲ ਹਕੂਮਤ ਨੇ ਜੀਅ ਭਰ ਕੇ ਸਿੱਖਾਂ 'ਤੇ ਜ਼ੁਲਮ ਢਾਹੇ। ਅੰਤ ਮੁਗ਼ਲ ਰਾਜ ਆਪਣੇ ਆਪ ਹੀ ਪਾਪਾਂ ਦੇ ਭਾਰ ਹੇਠ ਦਬਣਾ ਸ਼ੁਰੂ ਹੋ ਗਿਆ ਅਤੇ ਸਿੱਖਾਂ ਦੀ ਚੜ੍ਹਤ ਹੋਣ ਲੱਗ ਪਈ। ਇਸੇ ਚੜ੍ਹਤ ਦੌਰਾਨ ਸਿੱਖ ਸੰਨ 1783 ਵਿਚ ਲਾਲ ਕਿਲ੍ਹੇ ਵਿਚ ਦਾਖ਼ਲ ਹੋ ਗਏ ਅਤੇ ਦੀਵਾਨੇ-ਏ-ਆਮ ਵਿਚ ਸਰਦਾਰ ਜੱਸਾ ਸਿੰਘ ਆਹਲੂਵਾਲੀਆ ਦੇ ਬਾਦਸ਼ਾਹ ਹੋਣ ਦਾ ਐਲਾਨ ਕਰ ਦਿੱਤਾ। (ਸਿੱਖਾਂ ਨੇ ਇੱਕ ਵਾਰ ਸ. ਬਘੇਲ ਸਿੰਘ ਦੀ ਕਮਾਨ ਹੇਠ ਵੀ ਦਿੱਲੀ ਨੂੰ ਫਤਿਹ ਕੀਤਾ ਸੀ।)

ਇਸ ਤੋਂ ਬਾਅਦ ਸਿੱਖ ਪੰਜਾਬ ਦੇ ਮਾਲਕ ਬਣ ਗਏ। ਫਿਰ ਇੱਕ ਸਮਾਂ ਆਇਆ ਜਦੋਂ ਕੈਥਲ-ਕਰਨਾਲ ਤੋਂ ਲੈ ਕੇ ਦੱਰਾ ਖ਼ੈਬਰ ਤੱਕ ਸਿੱਖਾਂ ਦਾ ਬੋਲਬਾਲਾ ਸੀ। (ਰਿਆਸਤ ਕੈਥਲ ਦੇ ਆਖਰੀ ਰਾਜੇ ਭਾਈ ਉਦੈ ਸਿੰਘ ਦਾ ਕਿਲ੍ਹਾ ਅੱਜ ਵੀ ਸਿੱਖ ਚੜ੍ਹਤ ਦੀ ਯਾਦ ਨੂੰ ਸਾਂਭੀ ਬੈਠਾ ਹੈ।) ਪਰ 'ਹਾਅ ਦੇ ਨਾਅਰੇ' ਦਾ ਸਤਿਕਾਰ ਕਰਦਿਆਂ ਕਿਸੇ ਵੀ ਸਿੱਖ ਨੇ ਮਲੇਰਕੋਟਲੇ ਵੱਲ ਅੱਖ ਭਰ ਵੀ ਦੇਖਣ ਦੀ ਹਿੰਮਤ ਨਹੀਂ ਕੀਤੀ, ਬਲਕਿ ਸਦਾ ਉਸ ਨਵਾਬ ਮਲੇਰਕੋਟਲਾ ਅਤੇ ਉਸ ਦੇ ਵੰਸ਼ ਨੂੰ ਸਨਮਾਨਿਤ ਕਰਦੇ ਰਹੇ।

ਇਸ ਤਰ੍ਹਾਂ ਸਿੱਖ ਰਿਆਸਤਾਂ ਵਿਚ ਘਿਰੀ ਇਹ ਮੁਸਲਮਾਨ ਰਿਆਸਤ ਸੰਨ 1948 ਈਸਵੀ ਤੱਕ ਕਾਇਮ ਰਹੀ ਅਤੇ ਨਵਾਬ ਸ਼ੇਰ ਮੁਹੰਮਦ ਖਾਂ ਦੀ ਵੰਸ਼ ਧੌਣ ਉੱਚੀ ਕਰਕੇ ਰਾਜ ਕਰਦੀ ਰਹੀ, ਜਾਂ ਇੰਝ ਕਹਿ ਲਓ ਕਿ ਸਿੱਖਾਂ ਨੇ ਨਵਾਬ ਮਲੇਰਕੋਟਲਾ ਨੂੰ ਇੱਕ 'ਹਾਅ ਦੇ ਨਾਅਰੇ' ਬਦਲੇ ਲਗਭਗ ਦੋ ਸਦੀਆਂ ਦਾ ਰਾਜ ਬਖ਼ਸ਼ਿਆ। ਇਹ ਉਸ 'ਹਾਅ ਦੇ ਨਾਅਰੇ' ਦਾ ਹੀ ਚਮਤਕਾਰ ਹੈ ਕਿ ਅੱਜ ਵੀ ਮਲੇਰਕੋਟਲਾ ਸ਼ਹਿਰ ਅਤੇ ਉਸ ਦੇ ਆਲੇ-ਦੁਆਲੇ ਦੇ ਪਿੰਡ ਮੁਸਲਮਾਨਾਂ ਦਾ ਗੜ੍ਹ ਹਨ।

'ਹਾਅ ਦੇ ਨਾਅਰੇ' ਦੀ ਦਾਸਤਾਨ ਦਾ ਸਬਕ ਹਰ ਸਿੱਖ ਅੰਤਰ ਪ੍ਰੇਰਨਾ ਸਦਕਾ ਆਪਣੇ ਬੱਚਿਆਂ ਨੂੰ ਛੋਟੀ ਉਮਰੇ ਹੀ ਦੇਣਾ ਸ਼ੁਰੂ ਕਰ ਦਿੰਦਾ ਹੈ। ਅਜਿਹਾ ਕਰਕੇ ਸ਼ਾਇਦ ਉਹ ਅਚੇਤ ਹੀ ਇਸ ਅਹਿਸਾਨ ਦੇ ਭਾਰ ਨੂੰ ਬੱਚਿਆਂ ਨਾਲ ਸਾਂਝਾ ਕਰਕੇ ਹੌਲਾ ਕਰਨ ਦਾ ਯਤਨ ਕਰ ਰਿਹਾ ਹੁੰਦਾ ਹੈ। ਗੱਲ ਕੀ, ਸਿੱਖ ਮਾਨਸਿਕਤਾ ਕਦੇ ਇਸ ਅਹਿਸਾਨ ਨੂੰ ਭੁਲਾ ਨਹੀਂ ਕਰੇਗੀ, ਸਿੱਖ ਨਵਾਬ ਮਲੇਰਕੋਟਲਾ ਦੇ ਹਮੇਸ਼ਾਂ ਰਿਣੀ ਰਹਿਣਗੇ। ਸ਼ਹੀਦ ਅਸਥਾਨ ਗੁਰਦੁਆਰਾ ਸ੍ਰੀ ਫਤਿਹਗੜ੍ਹ ਸਾਹਿਬ ਦਾ ਚੜ੍ਹਦੀ ਦਿਸ਼ਾ ਵੱਲ ਗੇਟ ਨਵਾਬ ਸ਼ੇਰ ਮੁਹੰਮਦ ਖਾਂ ਮਲੇਰਕੋਟਲਾ ਦੀ ਯਾਦ ਨੂੰ ਸਮਰਪਿਤ ਹੈ ਜੋ ਸਿੱਖ ਸਮਾਜ ਦੀ ਉਨ੍ਹਾਂ ਪ੍ਰਤੀ ਸ਼ਰਧਾ ਦਾ ਪ੍ਰਤੀਕ ਹੈ।





ਵੱਲੋਂ ਤਾਕਤ ਦੇ ਨਸ਼ੇ ਵਿਚ ਕੀਤੀ ਇਕ ਅਜਿਹੀ ਬੱਜਰ ਗਲਤੀ ਸੀ, ਜਿਸ ਦੀ ਮਿਸਾਲ ਦੁਨੀਆਂ ਦੇ ਇਤਿਹਾਸ ਵਿਚ ਮਿਲਣੀ ਔਖੀ ਹੈ। ਜੇਮਜ਼ ਬ੍ਰਾਊਨ ਲਿਖਦਾ ਹੈ ਕਿ "ਨਵੇਂ ਧਾਰਮਿਕ ਅਸੂਲਾਂ ਦਾ ਪ੍ਰਚਾਰ ਕਰਨ ਵਾਲਿਆਂ ਉਤੇ ਢਾਹੇ ਜ਼ੁਲਮਾਂ ਦੀਆਂ ਸਾਰੀਆਂ ਮਿਸਾਲਾਂ ਵਿਚੋਂ ਇਹ (ਸਾਕਾ ਸਰਹਿੰਦ) ਸਭ ਤੋਂ ਜ਼ਿਆਦਾ ਕਠੋਰ ਉਪੱਦਰ ਅਤੇ ਨਿਰਦਈ ਅੱਤਿਆਚਾਰ ਹੈ। ਨਿਰਬਲ ਅਤੇ ਨਿਹੱਥੀਆਂ ਇਸਤਰੀਆਂ ਅਤੇ ਬੱਚੇ ਆਮ ਤੌਰ 'ਤੇ ਧਾਰਮਿਕ ਕਰੋਧ ਤੋਂ ਬਚੇ ਰਹਿੰਦੇ ਹਨ। ਇਸ ਲਈ ਇਹ ਕੋਈ ਹੈਰਾਨੀ ਦੀ ਗੱਲ ਨਹੀਂ ਜੇਕਰ ਇਸ ਘਟਨਾ ਪ੍ਰਤੀ ਸਿੱਖਾਂ ਦਾ ਗੁੱਸਾ ਵੀ ਇਤਨਾ ਹੀ ਸਖਤ ਸੀ।" ਜੇਮਜ਼ ਬ੍ਰਾਊਨ ਨੇ ਇਸ ਘਟਨਾ ਪ੍ਰਤੀ ਸਿੱਖਾਂ ਦੀ ਲੀਰੋ-ਲੀਰ ਹੋਈ ਮਾਨਸਿਕਤਾ ਦਾ ਸਹੀ ਵਿਸ਼ਲੇਸ਼ਣ ਕੀਤਾ ਹੈ। ਇਸ ਤਰ੍ਹਾਂ ਸੁਭਾਵਿਕ ਹੀ ਸੀ ਕਿ ਸ਼ਹਾਦਤ ਦੀ ਇਸ ਘਟਨਾ ਦੇ ਤਿੱਖੇ ਪ੍ਰਤੀਕਰਮ ਵਜੋਂ ਸਿੱਖਾਂ ਦੇ ਮਨਾਂ ਅੰਦਰ ਸਮੇਂ ਦੀ ਹਕੂਮਤ ਵਿਰੁੱਧ ਗੁੱਸੇ ਤੇ ਨਫਰਤ ਦੀ ਅੱਗ ਭੜਕ ਉੱਠੀ ਅਤੇ ਸਿੱਖਾਂ ਦੇ ਸੰਘਰਸ਼ ਨੇ ਇਕ ਕ੍ਰਾਂਤੀਕਾਰੀ ਲਹਿਰ ਅਤੇ ਜ਼ੁਲਮ ਵਿਰੁੱਧ ਉੱਠੇ ਇਨਕਲਾਬ ਦਾ ਰੂਪ ਧਾਰਨ ਕਰ ਲਿਆ। ਇਸ ਘਟਨਾ ਦੇ ਸਿੱਖ ਮਨਾਂ 'ਤੇ ਉੱਕਰੇ ਗੂੜ੍ਹੇ ਜ਼ਖਮਾਂ ਦੀ ਚੀਸ ਨੂੰ ਅੱਜ ਵੀ ਸਹਿਜੇ ਹੀ ਮਹਿਸੂਸ ਕੀਤਾ ਜਾ ਸਕਦਾ ਹੈ। ਇਹੋ ਕਾਰਨ ਹੈ ਕਿ ਸਰਹਿੰਦ ਦਾ ਨਾਂ ਸੁਣਦਿਆਂ ਹੀ ਪੰਜਾਬ ਦੇ ਇਤਿਹਾਸ ਦਾ ਇਕ ਲਹੂ-ਭਿੱਜਿਆ ਕਾਂਡ ਸਾਡੇ ਜ਼ਿਹਨ ਵਿਚ ਉਭਰ ਆਉਂਦਾ ਹੈ, ਯਾਨੀ ਸਰਹਿੰਦ ਦੀ 'ਖੂਨੀ ਦੀਵਾਰ' ਸਾਡੀ ਚੇਤਨਾ ਦਾ ਵਿਹੜਾ ਮੱਲ ਖਲੋਂਦੀ ਹੈ। ਫਿਰ ਇਸ ਦੁਖਾਂਤ ਤੋਂ ਉਪਜਿਆ ਦਰਦ, ਜੋ ਹਰ ਪੰਜਾਬੀ ਨੂੰ ਪੀੜ੍ਹੀ-ਦਰ-ਪੀੜ੍ਹੀ ਵਿਰਾਸਤ ਵਿਚ ਮਿਲਦਾ ਹੈ, ਇਕ ਲੰਮਾ ਹਉਕਾ ਬਣ ਕੇ ਹਿੱਕ ਨੂੰ ਚੀਰਦਾ ਹੋਇਆ ਬਾਹਰ ਨਿਕਲ ਜਾਂਦਾ ਹੈ। ਦਰਅਸਲ, ਇਸ ਅੱਤਿਆਚਾਰ ਪ੍ਰਤੀ ਗੁੱਸੇ ਤੇ ਨਫਰਤ ਦੀ ਲਾਟ ਜੀਵਨ ਭਰ ਹਰ ਸਿੱਖ ਦੇ ਸੀਨੇ ਵਿਚ ਬਲਦੀ ਰਹਿੰਦੀ ਹੈ। ਸ਼ਾਇਦ, ਸਿੱਖ ਹਿਰਦਿਆਂ ਅੰਦਰ ਨਿਰੰਤਰ ਬਲਦੀ ਇਸ ਲਾਟ ਸਦਕਾ ਹੀ ਸਿੱਖ ਇਤਿਹਾਸ, ਅਣਮਨੁੱਖੀ ਕਾਰੇ ਕਰਨ ਵਾਲਿਆਂ ਨੂੰ ਕਦੇ ਨਹੀਂ ਬਖਸ਼ਦਾ। ਖ਼ੈਰ!

ਆਓ! ਸਾਕਾ ਸਰਹਿੰਦ ਅਤੇ ਇਸ ਨਾਲ ਜੁੜੀਆਂ ਮਹੱਤਵਪੂਰਨ ਘਟਨਾਵਾਂ ਨੂੰ ਇਕ ਸਿਲਸਿਲੇਵਾਰ ਢੰਗ ਨਾਲ ਵਿਚਾਰੀਏ। ਸਾਕਾ ਸਰਹਿੰਦ ਦੀ ਲੜੀ, ਗੁਰੂ ਗੋਬਿੰਦ ਸਿੰਘ ਵੱਲੋਂ ਆਨੰਦਪੁਰ ਸਾਹਿਬ ਦਾ ਕਿਲ੍ਹਾ ਖਾਲੀ ਕਰਨ ਨਾਲ ਸ਼ੁਰੂ ਹੁੰਦੀ ਹੈ। ਗੁਰੂ ਸਾਹਿਬ ਨੇ 21 ਦਸੰਬਰ, 1704 ਈ. ਨੂੰ ਆਪਣੇ ਪਰਿਵਾਰ ਅਤੇ ਲਗਪਗ 1500 ਸਿੱਖਾਂ ਸਮੇਤ ਆਨੰਦਪੁਰ ਸਾਹਿਬ ਦਾ ਕਿਲ੍ਹਾ ਖਾਲੀ ਕਰਕੇ ਰੋਪੜ ਵੱਲ ਕੂਚ ਕਰ ਦਿੱਤਾ। ਸਰਸਾ ਨਦੀ ਦੇ ਕੰਢੇ 'ਤੇ ਮੁਗਲ ਤੇ ਪਹਾੜੀ ਰਾਜਿਆਂ ਦੀਆਂ ਫੌਜਾਂ ਨਾਲ ਘਮਸਾਨ ਦਾ ਯੁੱਧ ਹੋਇਆ। ਇਸ ਮੌਕੇ, ਮਾਤਾ ਗੁਜਰੀ (ਗੁਰੂ ਸਾਹਿਬ ਦੇ ਮਾਤਾ ਜੀ) ਅਤੇ ਦੋ ਛੋਟੇ ਸਾਹਿਬਜ਼ਾਦੇ, ਬਾਬਾ ਜ਼ੋਰਾਵਰ ਸਿੰਘ (9 ਸਾਲ) ਅਤੇ ਬਾਬਾ ਫਤਿਹ ਸਿੰਘ (7 ਸਾਲ) ਵਹੀਰ ਨਾਲੋਂ ਨਿਖੜ ਜਾਂਦੇ ਹਨ। ਗੁਰੂ ਘਰ ਦਾ ਰਸੋਈਆ ਗੰਗੂ ਬ੍ਰਾਹਮਣ ਉਨ੍ਹਾਂ ਨੂੰ ਆਪਣੇ ਪਿੰਡ ਸਹੇੜੀ (ਨੇੜੇ ਮੋਰਿੰਡਾ) ਵਿਖੇ ਆਪਣੇ ਘਰ ਲੈ ਗਿਆ। ਇਥੋਂ, ਮੋਰਿੰਡੇ ਦਾ ਕੋਤਵਾਲ, ਮਾਤਾ ਗੁਜਰੀ ਅਤੇ ਦੋਵੇਂ ਸਾਹਿਬਜ਼ਾਦਿਆਂ ਨੂੰ ਗ੍ਰਿਫਤਾਰ ਕਰਕੇ 23 ਦਸੰਬਰ, 1704 ਨੂੰ ਸਰਹਿੰਦ ਦੇ ਸੂਬੇਦਾਰ, ਵਜ਼ੀਰ ਖਾਂ ਦੇ ਹਵਾਲੇ ਕਰ ਦਿੰਦਾ ਹੈ। ਇਨ੍ਹਾਂ ਤਿੰਨਾਂ ਸ਼ਾਹੀ ਕੈਦੀਆਂ ਨੂੰ ਅਗਲੀ ਕਾਰਵਾਈ ਤੱਕ ਠੰਢੇ ਬੁਰਜ ਵਿਚ ਨਜ਼ਰਬੰਦ ਕਰ ਦਿੱਤਾ ਗਿਆ।

24 ਦਸੰਬਰ ਨੂੰ ਸਾਹਿਬਜ਼ਾਦਿਆਂ ਨੂੰ ਸੂਬੇਦਾਰ ਵਜ਼ੀਰ ਖਾਂ ਦੀ ਕਚਹਿਰੀ ਵਿਚ ਪੇਸ਼ ਕੀਤਾ ਗਿਆ। ਸੂਬੇਦਾਰ ਨੇ ਉਨ੍ਹਾਂ ਨੂੰ ਇਸਲਾਮ ਕਬੂਲ ਕਰਨ ਅਤੇ ਸ਼ਾਹੀ ਠਾਠ-ਬਾਠ ਦੀ ਜ਼ਿੰਦਗੀ ਬਤੀਤ ਕਰਨ ਦੀ ਪੇਸ਼ਕਸ਼ ਕੀਤੀ। ਪਰ ਸਾਹਿਬਜ਼ਾਦਿਆਂ ਨੇ ਇਸ ਪੇਸ਼ਕਸ਼ ਨੂੰ ਠੁਕਰਾ ਦਿੱਤਾ।

25 ਦਸੰਬਰ ਨੂੰ ਸਾਹਿਬਜ਼ਾਦਿਆਂ ਨੂੰ ਮੁੜ ਕਚਹਿਰੀ ਵਿਚ ਪੇਸ਼ ਕੀਤਾ ਗਿਆ। ਫਿਰ ਇਸਲਾਮ ਕਬੂਲ ਕਰਨ ਲਈ ਕਿਹਾ ਗਿਆ। ਪਰ ਸਾਹਿਬਜ਼ਾਦਿਆਂ ਨੇ ਸਪੱਸ਼ਟ ਸ਼ਬਦਾਂ ਵਿਚ ਆਪਣਾ ਫੈਸਲਾ ਸੁਣਾਉਂਦਿਆਂ ਕਿਹਾ ਕਿ ਉਹ ਆਪਣੇ ਧਰਮ ਨੂੰ ਆਪਣੀ ਜਾਨ ਦੀ ਨਕਦੀ ਨਾਲ ਨਹੀਂ ਵੇਚਣਾ ਚਾਹੁੰਦੇ। ਕੋਈ ਵਾਹ ਨਾ ਚਲਦੀ ਵੇਖ ਕੇ ਸੂਬੇਦਾਰ ਨੇ ਸਾਹਿਬਜ਼ਾਦਿਆਂ ਨੂੰ ਜ਼ਿੰਦਾ ਦੀਵਾਰ ਵਿਚ ਚਿਣਵਾ ਕੇ ਸ਼ਹੀਦ ਕਰਨ ਦਾ ਮੰਦਭਾਗੀ ਫੈਸਲਾ ਆਖਰ ਦੇ ਹੀ ਦਿੱਤਾ (ਅਤੇ ਨਾਲ ਹੀ ਆਪਣੀ ਮੌਤ ਦੇ ਵਰੰਟਾਂ 'ਤੇ ਵੀ ਹਸਤਾਖਰ ਕਰ ਦਿੱਤੇ)। ਮਾਲੇਰਕੋਟਲਾ ਦੇ ਨਵਾਬ ਸ਼ੇਰ ਮੁਹੰਮਦ ਖਾਂ ਨੇ ਇਸ ਫੈਸਲੇ 'ਤੇ ਅਸਹਿਮਤੀ ਪ੍ਰਗਟ ਕਰਦਿਆਂ 'ਹਾਅ ਦਾ ਨਾਅਰਾ' ਮਾਰਿਆ, ਜਿਸ ਲਈ ਸਿੱਖ ਉਸ ਦੇ ਸਦਾ ਰਿਣੀ ਰਹਿਣਗੇ। ਅੰਤ, ਉਹ ਕੁਲਹਿਣੀ ਘੜੀ ਆਣ ਪਹੁੰਚੀ, ਜਿਸ ਬਾਰੇ ਕਿਸੇ ਉਰਦੂ ਸ਼ਾਇਰ ਦੀ ਜ਼ੁਬਾਨੀ ਕਿਹਾ ਜਾ ਸਕਦਾ ਹੈ:

**"ਯਹ ਦੌਰ ਭੀ ਦੇਖਾ ਹੈ, ਤਾਰੀਖ ਕੀ ਨਜ਼ਰੋਂ ਨੇ,**
**ਲਮਹੋਂ ਨੇ ਖਤਾ ਕੀ ਥੀ, ਸਦੀਓਂ ਨੇ ਸਜ਼ਾ ਪਾਈ।"**

ਮਾਸੂਮ ਜਿੰਦਾਂ ਨੂੰ ਕੰਧ ਵਿਚ ਚਿਣਵਾਇਆ ਜਾਣ ਲੱਗਾ। ਜਦੋਂ ਕੰਧ ਛਾਤੀ ਤੱਕ ਅੱਪੜ ਗਈ ਤਾਂ ਆਰਜ਼ੀ ਢਾਂਚਾ ਧੜੱਮ ਡਿੱਗ ਪਿਆ ਅਤੇ ਸਾਹਿਬਜ਼ਾਦਿਆਂ ਨੂੰ ਇੱਟਾਂ ਵਿਚੋਂ ਬੇਹੋਸ਼ੀ ਦੀ ਹਾਲਤ ਵਿਚ ਬਾਹਰ ਕੱਢਿਆ ਗਿਆ। ਪ੍ਰਸਿੱਧ ਵਿਦਵਾਨ ਤੇ ਖੋਜੀ ਪ੍ਰੋ. ਹਰਬੰਸ ਸਿੰਘ, ਆਪਣੀ ਪੁਸਤਕ, 'ਗੁਰੂ ਗੋਬਿੰਦ ਸਿੰਘ' ਦੇ ਪੰਨਾ 121 'ਤੇ ਲਿਖਦਾ ਹੈ ਕਿ "ਇਸੇ ਬੇਹੋਸ਼ੀ ਦੀ ਹਾਲਤ ਵਿਚ ਸਾਹਿਬਜ਼ਾਦਿਆਂ ਨੂੰ ਵਾਪਸ ਜੇਲ੍ਹ ਵਿਚ ਲਿਜਾਇਆ ਗਿਆ, ਜਿਥੇ ਕੁਝ ਸਮੇਂ ਬਾਅਦ ਉਹ ਹੋਸ਼ ਵਿਚ ਆ ਗਏ।"

26 ਦਸੰਬਰ ਨੂੰ ਚੁੱਪ ਵਰਤੀ ਰਹੀ।

27 ਦਸੰਬਰ ਨੂੰ ਤੀਜੀ ਤੇ ਅੰਤਮ ਪੇਸ਼ੀ ਵੇਲੇ ਵੀ ਇਸਲਾਮ ਕਬੂਲ ਕਰਨ ਦੀ ਉਹੋ ਰਟ ਦੁਹਰਾਈ ਗਈ, ਪਰ ਸਾਹਿਬਜ਼ਾਦੇ ਸ਼ਾਂਤ ਤੇ ਅਡੋਲ ਰਹੇ। ਅੰਤ, ਸੂਬੇਦਾਰ ਨੇ ਆਪਣੀ 'ਹਾਰ ਕਬੂਲ ਕਰਦਿਆਂ' ਸਾਹਿਬਜ਼ਾਦਿਆਂ ਦੇ ਸਿਰ ਕਲਮ ਕਰਨ ਦਾ ਹੁਕਮ ਦੇ ਦਿੱਤਾ। ਸਮਾਣੇ ਦੇ ਜੱਲਾਦਾਂ, ਸਾਸ਼ਲ ਬੇਗ ਤੇ ਬਾਸ਼ਲ ਬੇਗ ਨੇ, ਉਮਰ ਦੇ ਲਿਹਾਜ਼ ਨਾਲ, ਵਾਰੀ-ਵਾਰੀ ਸਾਹਿਬਜ਼ਾਦਿਆਂ ਦੇ ਸਿਰ ਧੜ ਨਾਲੋਂ ਵੱਖ ਕਰ ਦਿੱਤੇ ਅਤੇ ਨਾਲ ਹੀ ਮੁਗਲ ਹਕੂਮਤ ਦੀਆਂ ਜੜ੍ਹਾਂ 'ਤੇ ਦੋ ਮਾਰੂ ਟੱਕ ਵੀ ਮਾਰ ਦਿੱਤੇ। ਬਹੁ-ਸੰਮਤੀ ਇਤਿਹਾਸਕਾਰ ਉਕਤ ਤੱਥ ਦੀ ਪੁਸ਼ਟੀ ਕਰਦੇ ਹਨ। ਸਿੱਖ ਪੰਥ ਦਾ ਮਹਾਨ ਵਿਦਵਾਨ ਰਤਨ ਸਿੰਘ ਭੰਗੂ, 'ਪ੍ਰਾਚੀਨ ਪੰਥ ਪ੍ਰਕਾਸ਼' ਵਿਚ ਲਿਖਦਾ ਹੈ:

**ਦੈ ਗੋਡੇ ਹੇਠ, ਕਰ ਜ਼ਿਬਹ ਡਾਰੋ॥**
**ਤੜਫ ਤੜਫ ਗਈ ਜਿੰਦ ਉਡਾਇ॥**

**('ਜ਼ਿਬਹ', ਅਰਬੀ ਭਾਸ਼ਾ ਦਾ ਸ਼ਬਦ ਹੈ, ਜਿਸ ਦਾ** ਅਰਥ ਹੈ ਛੁਰੀ ਨਾਲ ਹਲਾਲ ਕਰਨਾ।) ਮੁੱਕਦੀ ਗੱਲ, ਸਾਹਿਬਜ਼ਾਦਿਆਂ ਨੂੰ ਕਿਸੇ ਤੇਜ਼ ਧਾਰ ਹਥਿਆਰ ਨਾਲ ਸ਼ਹੀਦ ਕੀਤਾ ਗਿਆ। ਸੋ, ਇਹ ਧਾਰਨਾ ਬੇਬੁਨਿਆਦ ਹੈ ਕਿ ਸਾਹਿਬਜ਼ਾਦੇ, ਦੀਵਾਰ ਵਿਚ ਚਿਣਵਾਏ ਜਾਣ ਦੇ ਸਿੱਟੇ ਵਜੋਂ ਦਮ ਘੁਟਣ ਕਾਰਨ ਸ਼ਹੀਦ ਹੋ ਗਏ ਸਨ।

ਮਾਤਾ ਗੁਜਰੀ ਬਿਰਧ ਅਵਸਥਾ ਕਾਰਨ ਇਹ ਸਦਮਾ ਨਾ ਸਹਾਰਦੇ ਹੋਏ ਬੇਹੋਸ਼ ਹੋ ਗਏ ਅਤੇ ਮੁੜ ਹੋਸ਼ ਵਿਚ ਨਾ ਆਏ। ਗੁਰੂ ਘਰ ਦੇ ਉਪਾਸ਼ਕ ਦੀਵਾਨ ਟੋਡਰ ਮੱਲ ਨੇ ਇਨ੍ਹਾਂ ਤਿੰਨਾਂ ਸ਼ਹੀਦਾਂ ਦੀਆਂ ਦੇਹਾਂ ਦਾ ਅੰਤਮ ਸਸਕਾਰ ਕਰਨ ਦਾ ਪ੍ਰਬੰਧ ਕੀਤਾ।

**ਨਵੇਂ ਇਤਿਹਾਸ ਦੀ ਸਿਰਜਣਾ:** ਇਹ ਸਾਕਾ ਸਰਹਿੰਦ ਦਾ ਹੀ ਪ੍ਰਤੀਕਰਮ ਸੀ ਕਿ ਬਾਬਾ ਬੰਦਾ ਸਿੰਘ ਬਹਾਦਰ ਆਪਣੇ ਸ਼ਾਂਤੀ ਮੱਠ ਨੂੰ ਅਲਵਿਦਾ ਆਖ, ਦੋਸ਼ੀਆਂ ਨੂੰ ਉਨ੍ਹਾਂ ਦੇ ਪਾਪਾਂ ਦੀ ਸਜ਼ਾ ਦੇਣ ਲਈ ਪੰਜਾਬ ਦੇ ਇਤਿਹਾਸਕ ਰੰਗ-ਮੰਚ 'ਤੇ ਅਚਾਨਕ ਇਕ ਨਾਇਕ ਦੇ ਤੌਰ 'ਤੇ ਉੱਭਰ ਕੇ ਸਾਹਮਣੇ ਆਇਆ। ਜਿੱਤਾਂ ਦੇ ਇਕ ਲੰਮੇ ਸਿਲਸਿਲੇ ਤੋਂ ਬਾਅਦ ਬਾਬਾ ਬੰਦਾ ਸਿੰਘ ਬਹਾਦਰ ਨੇ ਸਿਤਮਾਂ ਦੀ ਨਗਰੀ-ਸਰਹਿੰਦ ਵੱਲ ਵਾਗਾਂ ਮੋੜੀਆਂ। 12 ਮਈ, 1710 ਨੂੰ ਸਰਹਿੰਦ ਤੋਂ 12 ਕੋਹ ਦੀ ਵਿੱਥ 'ਤੇ ਚੱਪੜਚਿੜੀ ਦੇ ਮੈਦਾਨ ਵਿਚ ਇਕ ਫੈਸਲਾਕੁੰਨ ਯੁੱਧ ਹੋਇਆ। ਇਸ ਯੁੱਧ ਵਿਚ ਸਾਕਾ ਸਰਹਿੰਦ ਦਾ ਮੁੱਖ ਦੋਸ਼ੀ ਸੂਬੇਦਾਰ ਵਜ਼ੀਰ ਖਾਂ ਮਾਰਿਆ ਗਿਆ ਅਤੇ ਮੈਦਾਨ ਸਿੱਖਾਂ ਦੇ ਹੱਥ ਆਇਆ। 14 ਮਈ, 1710 ਨੂੰ ਸਿੱਖ ਜੇਤੂਆਂ ਦੀ ਸ਼ਕਲ ਵਿਚ ਸਰਹਿੰਦ ਵਿਚ ਦਾਖਲ ਹੋਏ। ਇਸ ਜਿੱਤ ਤੋਂ ਬਾਅਦ ਸਿੱਖਾਂ ਨੇ ਪਿੱਛੇ ਮੁੜ ਕੇ ਨਹੀਂ ਵੇਖਿਆ। ਇਸੇ ਚੜ੍ਹਤ ਦੌਰਾਨ ਬੰਦਾ ਬਹਾਦਰ ਨੇ ਸੁਤੰਤਰ ਸਿੱਖ ਰਾਜ ਦੀ ਘੋਸ਼ਣਾ ਕਰ ਦਿੱਤੀ। ਲੋਹਗੜ੍ਹ ਨੂੰ ਆਪਣੀ ਰਾਜਧਾਨੀ ਬਣਾਇਆ ਅਤੇ ਇਥੋਂ ਹੀ ਗੁਰੂ ਸਾਹਿਬਾਨ ਦੇ ਨਾਂ 'ਤੇ ਸਿੱਕਾ ਜਾਰੀ ਕੀਤਾ। ਇਸ ਤਰ੍ਹਾਂ ਇਕ 'ਬਚੂੰਗੜੀ' ਕੌਮ ਨੇ ਅਚਾਨਕ ਕੱਦ ਕੱਢਿਆ ਅਤੇ ਭਾਰਤ ਦੇ ਨਕਸ਼ੇ 'ਤੇ ਪਹਿਲੀ ਵੇਰ ਇਕ ਰਾਜਸੀ ਤਾਕਤ ਦੇ ਰੂਪ ਵਿਚ ਉੱਭਰ ਕੇ ਸਾਹਮਣੇ ਆਈ। ਜ਼ਾਹਿਰ ਹੈ, ਸਰਹਿੰਦ ਦੀ 'ਖੂਨੀ ਦੀਵਾਰ' ਸਿੱਖ ਰਾਜ ਦਾ ਨੀਂਹ ਪੱਥਰ ਸਾਬਤ ਹੋਈ। ਗੱਲ ਨੂੰ ਸਮੇਟਦਿਆਂ, ਜ਼ਰਾ ਧਿਆਨ ਦੇਣਾ! ਇਹ ਸਾਕਾ ਸਰਹਿੰਦ ਦੇ ਤਿੱਖੇ ਪ੍ਰਤੀਕਰਮ ਵਜੋਂ ਹੀ ਸੰਭਵ ਹੋ ਸਕਿਆ ਕਿ ਸਿੱਖਾਂ ਨੇ ਸਦੀਆਂ ਦੀ ਗੁਲਾਮੀ ਤੋਂ ਬਾਅਦ ਮੁਗਲਾਂ 'ਤੇ ਜਿੱਤ ਪ੍ਰਾਪਤ ਕਰਕੇ ਗਜ਼ਨਵੀ, ਤੈਮੂਰ ਤੇ ਬਾਬਰ ਦੇ ਖਾਨਦਾਨਾਂ ਵਿਚੋਂ ਅਖਵਾਉਣ ਵਾਲਿਆਂ ਦੀ ਆਨ ਤੇ ਸ਼ਾਨ ਨੂੰ ਮਿੱਟੀ ਵਿਚ ਮਿਲਾ ਕੇ ਰੱਖ ਦਿੱਤਾ। ਸੋ, ਸਾਕਾ ਸਰਹਿੰਦ ਸਾਡਾ ਗੌਰਵਮਈ ਵਿਰਸਾ ਹੈ। ਆਪਣੇ ਇਸ ਸ਼ਾਨਾਮੱਤੇ ਇਤਿਹਾਸ ਨੂੰ ਯਾਦ ਰੱਖਣਾ ਸਾਡਾ ਫਰਜ਼ ਬਣਦਾ ਹੈ। ਉਂਜ ਵੀ "ਤੁਹਾਡੇ ਅੰਗ-ਸੰਗ ਤੁਹਾਡੇ ਸ਼ਹੀਦ, ਤੁਹਾਥੋਂ ਕੋਈ ਆਸ ਰੱਖਦੇ ਹਨ।" -ਪਾਸ਼

ਦੇਸ਼ ਤੇ ਕੌਮ 'ਤੇ ਕੁਰਬਾਨ ਹੋਣ ਵਾਲੇ ਬਾਲ ਸ਼ਹੀਦਾਂ ਨੂੰ ਸ਼ਰਧਾਂਜਲੀ ਭੇਟ ਕਰਨ ਲਈ ਅੱਜ ਲੱਖਾਂ ਦੀ ਗਿਣਤੀ ਵਿਚ ਸੰਗਤਾਂ ਜੁੜੀਆਂ ਹਨ ਤੇ ਸ਼ਹਾਦਤ ਦੀ ਸਰ-ਜ਼ਮੀਨ ਫਤਿਹਗੜ੍ਹ ਸਾਹਿਬ ਦੀ ਲਹੂ-ਭਿੱਜੀ ਧਰਤੀ ਨੂੰ ਮਸਤਕ 'ਤੇ ਲਗਾ ਕੇ ਆਪਣੇ ਧੰਨ ਭਾਗ ਸਮਝਦੀਆਂ ਹਨ। ਆਓ! ਆਪਾਂ ਵੀ ਇਸ ਪਵਿੱਤਰ ਦਿਹਾੜੇ 'ਤੇ ਛੋਟੇ ਲੋਹ ਪੁਰਸ਼ ਸਾਹਿਬਜ਼ਾਦਿਆਂ ਨੂੰ ਸਦਾ ਆਪਣੇ ਹਿਰਦੇ ਵਿਚ ਵਸਾਈ ਰੱਖਣ ਦਾ ਪ੍ਰਣ ਲਈਏ। ਬੱਸ, ਇਹੋ ਇਨ੍ਹਾਂ ਨੰਨ੍ਹੇ ਸ਼ਹੀਦਾਂ ਨੂੰ ਸਾਡੀ ਸੱਚੀ ਸ਼ਰਧਾਂਜਲੀ ਹੋਵੇਗੀ।

# ਸਾਕਾ ਸਰਹਿੰਦ ਦਾ ਇੱਕ ਮਹਾਨ ਨਾਇਕ ਦੀਵਾਨ ਟੋਡਰ ਮੱਲ



ਦੀਵਾਨ ਟੋਡਰ ਮੱਲ ਸਿੱਖ ਇਤਿਹਾਸ ਦਾ ਉਹ ਮਹਾਨ ਪਾਤਰ ਹੈ ਜਿਸ ਨੇ ਆਪਣੇ ਇਸ਼ਟ ਦੇ ਲਖਤੇ ਜਿਗਰਾਂ ਦੇ ਅੰਤਿਮ ਸੰਸਕਾਰ ਲਈ ਸੰਸਾਰ ਦੀ ਸਭ ਤੋਂ ਕੀਮਤੀ ਜ਼ਮੀਨ ਖ਼ਰੀਦੀ। ਇਸ ਅਦੁੱਤੀ ਕਾਰਜ ਨਾਲ ਉਹ ਰਾਤੋ ਰਾਤ ਸਿੱਖ ਪੰਥ ਦੀਆਂ ਅਤਿ ਆਦਰਯੋਗ ਸ਼ਖ਼ਸੀਅਤਾਂ ਵਿੱਚ ਸ਼ਾਮਲ ਹੋ ਗਏ।

ਦੀਵਾਨ ਟੋਡਰ ਮੱਲ ਦੇ ਜਨਮ ਸਥਾਨ, ਖ਼ਾਨਦਾਨ, ਜੀਵਨ ਅਤੇ ਵਾਰਸਾਂ ਬਾਰੇ ਇਤਿਹਾਸ ਵਿੱਚ ਜ਼ਿਆਦਾ ਜਾਣਕਾਰੀ ਨਹੀਂ ਮਿਲਦੀ। ਮੰਨਿਆ ਜਾਂਦਾ ਹੈ ਕਿ ਉਹ ਜ਼ਾਤ ਦੇ ਜੈਨ ਸਨ ਤੇ ਗੁਰੂ ਘਰ ਦੇ ਅਤਿਅੰਤ ਸ਼ਰਧਾਲੂ ਸਨ। ਉਹ ਉਸ ਵੇਲੇ ਸਰਹਿੰਦ ਸੂਬੇ ਦੇ ਅਮੀਰ ਵਪਾਰੀ ਤੇ ਮੁਅੱਜਜ਼ ਦਰਬਾਰੀ ਸਨ।

ਪਟਿਆਲਾ ਸਟੇਟ ਗਜ਼ਟੀਅਰ ਮੁਤਾਬਕ ਉਨ੍ਹਾਂ ਦਾ ਜੱਦੀ ਪਿੰਡ ਕਾਕੜਾ ਸੀ ਜੋ ਹੁਣ ਥਾਣਾ ਸਦਰ ਸਮਾਣਾ ਅਧੀਨ ਆਉਂਦਾ ਹੈ। ਉਨ੍ਹਾਂ ਦੇ ਜਨਮ ਤੋਂ ਪਹਿਲਾਂ ਹੀ ਉਨ੍ਹਾਂ ਦੇ ਪੁਰਖੇ ਕਾਰੋਬਾਰ ਕਾਰਨ ਪਿੰਡ ਛੱਡ ਕੇ ਸਰਹਿੰਦ ਵਸ ਗਏ ਸਨ। ਉਨ੍ਹਾਂ ਦੀ ਅਮੀਰੀ, ਸਰਕਾਰੀ ਪ੍ਰਭਾਵ ਅਤੇ ਸ਼ਾਨੋ ਸ਼ੌਕਤ ਇਸ ਗੱਲ ਤੋਂ ਸਾਹਮਣੇ ਆਉਂਦੀ ਹੈ ਕਿ ਉਨ੍ਹਾਂ ਦੀ ਰਿਹਾਇਸ਼ (ਜਹਾਜ਼ ਹਵੇਲੀ) ਸਰਹਿੰਦ ਦੇ ਸੂਬੇਦਾਰ ਵਜ਼ੀਰ ਖ਼ਾਨ ਦੇ ਮਹਿਲ ਦੇ ਨਜ਼ਦੀਕ ਸੀ। 13 ਦਸੰਬਰ 1704 ਨੂੰ ਵਜ਼ੀਰ ਖ਼ਾਨ ਦੇ ਹੁਕਮ ਨਾਲ ਸਾਹਿਬਜ਼ਾਦਾ ਜ਼ੋਰਾਵਰ ਸਿੰਘ, ਸਾਹਿਬਜ਼ਾਦਾ ਫ਼ਤਹਿ ਸਿੰਘ ਅਤੇ ਮਾਤਾ ਗੁਜਰੀ ਜੀ ਨੂੰ ਸ਼ਹੀਦ ਕਰ ਦਿੱਤਾ ਗਿਆ। ਉਨ੍ਹਾਂ ਦੀ ਸ਼ਹੀਦੀ ਤੋਂ ਬਾਅਦ ਕਿਸੇ ਦੀ ਇਹ ਹਿੰਮਤ ਨਾ ਪਈ ਕਿ ਉਨ੍ਹਾਂ ਦਾ ਵਿਧੀ ਪੂਰਵਕ ਅੰਤਿਮ ਸੰਸਕਾਰ ਕਰ ਸਕਣ।

ਸਰਕਾਰੀ ਕਹਿਰ ਦੇ ਡਰ ਕਾਰਨ ਸਰਹਿੰਦ ਦੇ ਕਿਸੇ ਜ਼ਿਮੀਂਦਾਰ ਦੀ ਜ਼ਮੀਨ ਦੇਣ ਦੀ ਹਿੰਮਤ ਨਾ ਪਈ। ਅਖੀਰ ਇੱਕ ਜ਼ਿਮੀਂਦਾਰ ਚੌਧਰੀ ਅੱਤਾ ਜ਼ਮੀਨ ਵੇਚਣ ਲਈ ਤਿਆਰ ਹੋ ਗਿਆ, ਪਰ ਉਸ ਨੇ ਸ਼ਰਤ ਰੱਖੀ ਕਿ ਜ਼ਮੀਨ ਦੀ ਕੀਮਤ ਸੋਨਾ ਵਿਛਾ ਕੇ ਦੇਣੀ ਪਵੇਗੀ। ਕਿਹਾ ਜਾਂਦਾ ਹੈ ਕਿ ਉਸ ਨੇ ਸੋਨੇ ਦੇ ਸਿੱਕੇ ਖੜ੍ਹੇ ਕਰ ਕੇ ਕੀਮਤ ਲਈ ਸੀ। ਉਸ ਵੇਲੇ ਸੋਨੇ ਦੀ ਅਸ਼ਰਫ਼ੀ ਦਾ ਸਾਈਜ਼ ਕਰੀਬ ਸਵਾ ਇੰਚ ਅਤੇ ਭਾਰ ਕਰੀਬ ਇੱਕ ਤੋਲਾ ਹੁੰਦਾ ਸੀ।

ਸਾਹਿਬਜ਼ਾਦਿਆਂ ਦੇ ਅੰਤਿਮ ਸੰਸਕਾਰ ਲਈ 2-2 ਮੀਟਰ ਅਤੇ ਮਾਤਾ ਜੀ ਲਈ 2-1.5 ਮੀਟਰ ਦੇ ਕਰੀਬ ਜਗ੍ਹਾ ਲਈ ਗਈ ਹੋਵੇਗੀ। ਇਸ ਲਈ ਕਰੀਬ 7800 ਅਸ਼ਰਫ਼ੀਆਂ (78 ਕਿੱਲੋ ਸੋਨਾ) ਵਿਛਾਈਆਂ ਗਈਆਂ ਹੋਣਗੀਆਂ। ਜੇ ਅਸ਼ਰਫ਼ੀਆਂ ਖੜ੍ਹੇ ਰੁਖ ਰੱਖੀਆਂ ਗਈਆਂ ਹੋਣਗੀਆਂ ਤਾਂ 78000 ਦੇ ਕਰੀਬ ਅਸ਼ਰਫ਼ੀਆਂ (780 ਕਿੱਲੋ ਸੋਨਾ) ਵਿਛਾਉਣੀਆਂ ਪਈਆਂ ਹੋਣੀਆਂ। ਇਸ ਕਾਰਨ ਦੀਵਾਨ ਦੀ ਸਾਰੀ ਪੂੰਜੀ ਜ਼ਮੀਨ ਖ਼ਰੀਦਣ ਵਿੱਚ ਲੱਗ ਗਈ ਤੇ ਘਰ ਬਾਰ ਗਹਿਣੇ ਪੈ ਗਿਆ, ਪਰ ਉਨ੍ਹਾਂ ਨੇ ਆਪਣੇ ਨੁਕਸਾਨ ਦੀ ਕੋਈ ਪ੍ਰਵਾਹ ਨਹੀਂ ਕੀਤੀ ਅਤੇ ਗੁਰੂ ਜੀ ਅਤੇ ਸਿੱਖੀ ਦੀ ਮਹਾਨ ਸੇਵਾ ਕੀਤੀ। ਬਾਬਾ ਬੰਦਾ ਸਿੰਘ ਬਹਾਦਰ ਨੇ ਜਦੋਂ ਮਈ 1710 ਵਿੱਚ ਸਰਹਿੰਦ ਫ਼ਤਹਿ ਕੀਤੀ ਤਾਂ ਉਨ੍ਹਾਂ ਨੂੰ ਵੀ ਦੀਵਾਨ ਟੋਡਰ ਮੱਲ ਦੀ ਇਸ ਕੁਰਬਾਨੀ ਬਾਰੇ ਪਤਾ ਸੀ। ਦੀਵਾਨ ਟੋਡਰ ਮੱਲ ਦੇ ਘਰ ਨੂੰ ਕੋਈ ਨੁਕਸਾਨ ਨਹੀਂ ਪਹੁੰਚਾਇਆ ਗਿਆ। ਵਜ਼ੀਰ ਖ਼ਾਨ ਜ਼ਾਲਮ ਤੇ ਬੇਰਹਿਮ ਇਨਸਾਨ ਸੀ। ਉਸ ਨੇ ਬਾਬਾ ਮੋਤੀ ਰਾਮ ਮਹਿਰਾ ਦਾ ਸਾਰਾ ਪਰਿਵਾਰ ਸਿਰਫ਼ ਇਸ ਲਈ ਵੇਲਣੇ ਵਿੱਚ ਪੀੜ ਕੇ ਸ਼ਹੀਦ ਕਰ ਦਿੱਤਾ ਸੀ ਕਿ ਉਨ੍ਹਾਂ ਨੇ ਮਾਤਾ ਗੁਜਰੀ ਜੀ ਤੇ ਸਾਹਿਬਜ਼ਾਦਿਆਂ ਦੀ ਠੰਢੇ ਬੁਰਜ ਵਿੱਚ ਦੁੱਧ ਨਾਲ ਸੇਵਾ ਕੀਤੀ ਸੀ। ਇਸ ਲਈ ਉਹ ਇਹ ਕਿਵੇਂ ਬਰਦਾਸ਼ਤ ਕਰ ਸਕਦਾ ਸੀ ਕਿ ਕੋਈ ਉਨ੍ਹਾਂ ਦਾ ਅੰਤਿਮ ਸੰਸਕਾਰ ਕਰੇ? ਜਦੋਂ ਉਸ ਨੂੰ ਦੀਵਾਨ ਟੋਡਰ ਮੱਲ ਦੇ ਇਸ 'ਗੁਨਾਹ' ਬਾਰੇ ਪਤਾ ਚੱਲਿਆ ਤਾਂ ਉਸ ਦਾ ਕਹਿਰ ਦੀਵਾਨ 'ਤੇ ਟੁੱਟ ਪਿਆ।

ਆਪਣੇ ਪਰਿਵਾਰ ਦੀ ਸੁਰੱਖਿਆ ਲਈ ਦੀਵਾਨ ਨੂੰ ਆਪਣਾ ਘਰ-ਬਾਰ ਅਤੇ ਕਾਰੋਬਾਰ ਛੱਡ ਕੇ ਕਿਧਰੇ ਜਾਣਾ ਪਿਆ। ਇਸ ਤੋਂ ਬਾਅਦ ਉਨ੍ਹਾਂ ਦੇ ਪਰਿਵਾਰ ਜਾਂ ਉਨ੍ਹਾਂ ਦੇ ਆਖ਼ਰੀ ਦਿਨਾਂ ਬਾਰੇ ਕੋਈ ਜਾਣਕਾਰੀ ਨਹੀਂ ਮਿਲਦੀ। ਉਨ੍ਹਾਂ ਦੀ ਜਹਾਜ਼ ਹਵੇਲੀ ਨੂੰ ਬਾਬਾ ਬੰਦਾ ਸਿੰਘ ਬਹਾਦਰ ਅਤੇ ਉਸ ਤੋਂ ਬਾਅਦ ਸਿੱਖ ਮਿਸਲਾਂ ਦੇ ਸਰਹਿੰਦ 'ਤੇ ਹਮਲਿਆਂ ਦੌਰਾਨ ਪੂਰੀ ਇੱਜ਼ਤ ਬਖ਼ਸ਼ੀ ਗਈ, ਪਰ ਲਾਵਾਰਿਸ ਪਈ ਹਵੇਲੀ ਨਾਜਾਇਜ਼ ਕਬਜ਼ਿਆਂ ਕਾਰਨ ਢਹਿਣ ਲੱਗੀ। ਹੁਣ ਪੰਜਾਬ ਸਰਕਾਰ ਦੀ ਮਦਦ ਨਾਲ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਜਹਾਜ਼ ਹਵੇਲੀ ਦੀ ਮੁਰੰਮਤ ਦਾ ਬੀੜਾ ਚੁੱਕਿਆ ਹੈ।

ਉਨ੍ਹਾਂ ਦੀ ਯਾਦ ਵਿੱਚ ਗੁਰਦੁਆਰਾ ਫ਼ਤਹਿਗੜ੍ਹ ਸਾਹਿਬ (ਸਰਹਿੰਦ) ਵਿਖੇ ਦੀਵਾਨ ਟੋਡਰ ਮੱਲ ਦੀਵਾਨ ਹਾਲ ਬਣਿਆ ਹੋਇਆ ਹੈ। ਗੁਰਦੁਆਰਾ ਫ਼ਤਹਿਗੜ੍ਹ ਸਾਹਿਬ ਅਤੇ ਗੁਰਦੁਆਰਾ ਜੋਤੀ ਸਰੂਪ ਵਿਚਕਾਰਲੀ ਸੜਕ ਦਾ ਨਾਮ ਦੀਵਾਨ ਟੋਡਰ ਮੱਲ ਮਾਰਗ ਹੈ। ਜੀ.ਟੀ. ਰੋਡ ਤੋਂ ਸਰਹਿੰਦ ਨੂੰ ਆਉਣ ਵਾਲੀ ਸੜਕ 'ਤੇ ਦੀਵਾਨ ਟੋਡਰ ਮੱਲ ਸਵਾਗਤੀ ਦੁਆਰ ਵੀ ਉਸਾਰਿਆ ਗਿਆ ਹੈ। ਇਤਿਹਾਸਕਾਰਾਂ ਨੂੰ ਦੀਵਾਨ ਟੋਡਰ ਮੱਲ ਦੇ ਵਾਰਸਾਂ ਬਾਰੇ ਖੋਜ ਕਰ ਕੇ ਉਨ੍ਹਾਂ ਨੂੰ ਦੁਨੀਆਂ ਦੇ ਸਾਹਮਣੇ ਲਿਆਉਣਾ ਚਾਹੀਦਾ ਹੈ। ਇਹ ਉਸ ਨੇਕ ਇਨਸਾਨ ਨੂੰ ਸੱਚੀ ਸ਼ਰਧਾਂਜਲੀ ਹੋਵੇਗੀ।

ਸਿੱਖੀ ਦੇ ਪ੍ਰਚਾਰ ਪ੍ਰਸਾਰ ਦਾ ਥੰਮ੍ਹ ਨਾਨਕਸਰ ਕਲੇਰਾਂ ਦੀ ਵਿਲੱਖਣ ਦਰਗਾਹੀ ਮਰਿਆਦਾ ਵਾਰੇ ਅਮਰੀਕਾ ਦੇ ਉਘੇ ਸਿੱਖ ਆਗੂ ਗੁਰਦੁਆਰਾ ਸਾਹਿਬ ਫਰੀਮਾਂਟ ਦੇ ਸਾਬਕਾ ਸੀਨੀਅਰ ਸੁਪਰੀਮ ਕੌਂਸਲ ਮੈਂਬਰ ਸ੍ਰ. ਗੁਰਪਾਲ ਸਿੰਘ ਹੰਸਰਾ MA Eco from GN Univercity ਨੇ ਦੱਸਿਆ ਕਿ ਗੁਰਦੁਆਰਾ ਨਾਨਕਸਰ ਸਾਹਿਬ ਵਿਖੇ ਨਿਸ਼ਾਨ ਸਾਹਿਬ ਕਿਉਂ ਨਹੀਂ ਲਗਾਇਆ ਜਾਂਦਾ, ਗੋਲਕ ਕਿਉਂ ਨਹੀਂ ਰੱਖੀ ਜਾਂਦੀ, ਦੋਹਰਾ ਕਿਉਂ ਨਹੀਂ ਪੜ੍ਹਿਆ ਜਾਂਦਾ, ਜੈਕਾਰਾ ਕਿਉਂ ਨਹੀਂ ਛੱਡਿਆ ਜਾਂਦਾ, ਪੱਕਿਆ ਪਕਾਇਆ ਪ੍ਰਸ਼ਾਦਾ, ਗੁਰੂ ਸਾਹਿਬ ਦੀਆਂ ਫੋਟੋਆਂ ਵਾਰੇ ਅਹਿਮ ਤੱਤ ਪੇਸ਼ ਕੀਤੇ ਅਤੇ ਉਨ੍ਹਾਂ ਕਿਹਾ ਕਿ ਕਿਸੇ ਵੀ ਗੱਲ ਨੂੰ ਸਬੂਤਾਂ ਨਾਲ ਸਾਬਤ ਕਰਨ ਵਾਲੇ ਨੂੰ 50,000 ਰੁਪਏ ਇਨਾਮ ਦਿੱਤਾ ਜਾਵੇਗਾ ਤੇ ਮੁਆਫ਼ੀ ਵੀ ਮੰਗੀ ਜਾਵੇਗੀ। ਉਨ੍ਹਾਂ ਵਲੋਂ 'ਸਾਡੇ ਲੋਕ' ਅਖ਼ਬਾਰ ਨਾਲ ਕੀਤੀ ਗੱਲਬਾਤ ਨੂੰ ਅਸੀਂ ਲੜੀਵਾਰ ਪਾਠਕਾਂ ਲਈ ਛਾਪਕੇ ਅਸੀਮ ਖੁਸ਼ੀ ਪ੍ਰਾਪਤ ਕਰ ਰਹੇ ਹਾਂ। - ਸਤਨਾਮ ਸਿੰਘ ਖਾਲਸਾ।



ਸ੍ਰ. ਗੁਰਪਾਲ ਸਿੰਘ ਹੰਸਰਾ
ਕੈਲੀਫੋਰਨੀਆ (ਅਮਰੀਕਾ)

# ਸਿੱਖਾਂ ਦਾ ਹਰਿਮੰਦਰ ਸਾਹਿਬ ਨਾਲ ਰਿਸ਼ਤਾ



(ਲੜੀ ਜੋੜਨ ਲਈ ਪਿਛਲਾ ਅੰਕ ਦੇਖੋ)

੪੦-ਹਰਿਮੰਦਰ ਸਾਹਿਬ ਵਿੱਚ ਕੋਈ ਦੂਜਾ ਵਿਅਕਤੀ ਬੈਠ ਕੇ ਹੁਕਮਨਾਮਾ ਨਹੀਂ ਲੈ ਸਕਦਾ।

ਸਿਰਫ ਸਬੰਧਤ ਸਿੰਘ ਸਾਹਿਬਾਨ ਹੀ ਇਹ ਸੇਵਾ ਨਿਭਾਉਦਾ ਹੈ।

ਦਰਬਾਰ ਸਾਹਿਬ ਦੀ ਤਰਜ ਤੇ ਹੁਕਮਨਾਮਾ ਸਾਹਿਬ ਦੀ ਸੇਵਾ ਇੱਕੋ ਇਕ ਮਹਾਂਪੁਰਸ਼ ਦੇ ਹੀ ਹਿੱਸੇ ਆਈ ਹੈ। ਇਸ ਸੇਵਾ ਦੀ ਜ਼ਿੰਮੇਵਾਰੀ ਬਾਬਾ ਈਸ਼ਰ ਸਿੰਘ ਜੀ ਨੇ ਆਪ ਬਾਬਾ ਕੁੰਦਨ ਸਿੰਘ ਜੀ ਨੂੰ ਸੌਂਪੀ ਸੀ, ਉਹਨਾਂ ਤੋਂ ਬਾਦ ਉਹਨਾਂ ਦੇ ਉਤਰਾ ਅਧਿਕਾਰੀ ਅੱਜ ਤੱਕ ਵੀ ਸੇਵਾ ਬੜੀ ਬੇਖੂਫੀ ਨਾਲ ਸੰਤ ਗੁਰਜੀਤ ਸਿੰਘ ਜੀ ਨਿਭਾ ਰਹੇ ਹਨ।

੪੧-ਹਰਿਮੰਦਰ ਸਾਹਿਬ ਵਿਖੇ ਦਿਨ ਛਿਪਣ ਤੋਂ ਬਾਦ ਸੋਦਰ ਦੀ ਚੌਂਕੀ ਅੰਤ ਵਿੱਚ ਰਾਗੀ ਸਿੰਘ "ਜੁਗ ਜੁਗ ਭਗਤ ਉਪਾਇਆ" ਛੰਤ ਦੇ ਚਾਰ ਤੁਕੇ ਬੰਦ ਦਾ ਕੀਰਤਨ ਕਰਦੇ ਤੇ ਸਲੋਕ ਮਹਲਾ੧ ॥ " ਦੁਖੁ ਦਾਰੂ ਸੁਖ ਰੋਗ ਭਇਆ "ਸਾਰਾ ਸ਼ਬਦ ਪੜਕੇ" ਸੋ ਦਰੁ ਤੇਰਾ ਕੇਹਾ "ਸ਼ਬਦ ਆਸਾਂ ਰਾਗ ਵਿਚ ਆਉਂਦੇ ਹਨ..ਉਪਰੰਤ ਆਸਾ ਮਹਲਾ ੧ ॥" ਸੁਣ ਵੱਡਾ ਆਖੈ ਸਭੁ ਕੋਇ" ਤੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਤਾਬਿਆ ਬੈਠਾ ਸਿੰਘ ਪਾਠ ਕਰਨਾ ਅਰੰਭ ਕਰਦਾ ਹੈ। ਰਹਿਰਾਸ ਸਾਹਿਬ ਦਾ ਪਾਠ ਗੁਰੂ ਗੋਬਿੰਦ ਸਿੰਘ ਜੀ ਦੇ ਹੁਕਮ ਅਨੁਸਾਰ ਭਾਈ ਮਨੀ ਸਿੰਘ ਜੀ ਨੇ ਲਾਗੂ ਕੀਤੀ ਸੀ।

( Ref. ਸ੍ਰੀ ਹਰਿਮੰਦਰ ਸਾਹਿਬ ਦਾ ਸੁਨਿਹਰੀ ਇਤਿਹਾਸ ਵੱਲੋਂ ਸਿੰਘ ਸਾਹਿਬ ਗਿਆਨੀ ਕਿਰਪਾਲ ਸਿੰਘ
ਧਰਮ ਪ੍ਰਚਾਰ ਕਮੇਟੀ
( ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ)
ਸ੍ਰੀ ਅੰਮ੍ਰਿਤਸਰ

ਨਾਨਕਸਰ ਵਿਖੇ ਰਹਿਰਾਸ ਸਾਹਿਬ ਹਰਿਮੰਦਰ ਸਾਹਿਬ ਦੀ ਤਰਜ ਪਹਿਲਾਂ ਰਾਗੀ ਸਿੰਘ ਸ਼ੁਰੂ ਕਰਦੇ ਹਨ ਫਿਰ ਬਾਬਾ ਗੇਜਾ ਸਿੰਘ ਜੀ ਪਾਠ ਅਰੰਭ ਕਰਦੇ ਸਨ ਤੇ ਅੱਜਕਲ੍ਹ ਬਾਬਾ ਭਾਗ ਸਿੰਘ ਜੀ ਇਸ ਸੇਵਾ ਨੂੰ ਨਿਭਾ ਰਹੇ ਹਨ।

੪੨-ਹਰਮਿੰਦਰ ਸਾਹਿਬ ਵਿਖੇ ਅਰਦਾਸ ਦੇ ਬਾਦ ਕ੍ਰਿਪਾਨ ਭੇਟ ਕਰਨ ਉਪਰੰਤ ਕੜਾਹ ਪ੍ਰਸ਼ਾਦ ਵਰਤਾਇਆ ਜਾਂਦਾ ਹੈ। ਜੋ ਗੁਰੂ ਸਾਹਿਬ ਵਲੋਂ ਪ੍ਰਮਾਣਿਤ ਹੁਕਮ ਹੈ।

ਨਾਨਕਸਰ ਵਿਖੇ ਵੀ ਦਰਬਾਰ ਸਾਹਿਬ ਦੀ ਤਰਜ਼ ਤੇ ਸੰਗਰਾਂਦ ਮੌਕੇ ਅਰਦਾਸ ਤੋਂ ਬਾਅਦ ਕੜਾਹ ਪ੍ਰਸ਼ਾਦ ਦਾ ਭੋਗ ਕ੍ਰਿਪਾਨ ਭੇਟ ਕੇ ਲਵਾਇਆ ਜਾਂਦਾ ਹੈ ਫਿਰ ਸੰਗਤਾਂ ਵਿਚ ਵਰਤਾਰਿਆ ਜਾਂਦਾ ਹੈ, ਬਰਸੀਆਂ ਉੱਪਰ ਵੀ ਤੇ ਪੂਰਨਮਾਸ਼ੀ ਦੀ ਸਮਾਪਤੀ ਤੇ ਭੋਗ ਲਗਾਉਣ ਤੋ ਬਾਦ ਕੜਾਹ ਪ੍ਰਸ਼ਾਦ ਵਰਤਾਰਿਆ ਜਾਂਦਾ ਹੈ।

੪੩-ਹਰਿਮੰਦਰ ਸਾਹਿਬ ਦੀ ਮਰਯਾਦਾ ਲਾਗੂ ਕਰਕੇ ਭਾਈ ਮਨੀ ਸਿੰਘ ਜੀ ੧੭੧੪-੧੫ ਈਸਵੀ ਨੂੰ ਲਹਿੰਦੇ ਪੰਜਾਬ ਦੀਆਂ ਸੰਗਤਾਂ ਦੇ ਪ੍ਰੇਮ ਸਦਕਾ ਜ਼ਿਲ੍ਹਾ ਝੰਗ ਦੇ ਪਿੰਡ ਬਾਗਾਂ ਨੇੜੇ ਗੁਰਦੁਆਰਾ ਨਾਨਕਸਰ ਪਹੁੰਚ ਕੇ ਭਾਈ ਭਗਤ ਸਿੰਘ ਸਿੱਕਾ ਆਦਿ ਗੁਰਮੁਖਾਂ ਦੀ ਬੇਨਤੀ ਤੇ ਕੁਝ ਸਮਾਂ ਸੰਗਤਾਂ ਨੂੰ ਗੁਰੂ ਹਰਗੋਬਿੰਦ ਸਾਹਿਬ (ਹਰਿਮੰਦਰ ਸਾਹਿਬ) ਦੀ ਕਥਾ ਸੁਣਾਈ ਤੇ ਵਾਪਸ ਅੰਮ੍ਰਿਤਸਰ ਆ ਗਏ। ਗੁਰਦੁਆਰਾ ਨਾਨਕਸਰ ਦਾ ਜ਼ਿਕਰ ਸ਼੍ਰੋਮਣੀ ਕਮੇਟੀ ਦੀਆਂ ਧਰਮ ਪ੍ਰਚਾਰਕ ਦੀਆਂ ਕਿਤਾਬਾਂ ਚ ਜਿਕਰਯੋਗ ਹੈ।

( Ref. ਭਾਈ ਮਨੀ ਸਿੰਘ ਜੀ ਦੋ ਕਿਤਾਬਾਂ ਦਾ ਵਰਣਨ)

੪੪-ਦਰਬਾਰ ਸਾਹਿਬ ਤੋਂ ਜਦ ਗੁਰੂ ਸਾਹਿਬ ਦੀ ਸਵਾਰੀ ਕੋਠਾ ਸਾਹਿਬ ਦੇ ਅਸਥਾਨ ਤੇ ਜਾਂਦੇ ਹਨ ਤਾਂ ਮੁੱਖ ਗ੍ਰੰਥੀ ਸਾਹਿਬ ਚੌਰ ਕਰ ਰਹੇ ਹੁੰਦੇ ਹਨ ਫਿਰ ਚੌਰ ਪਕੜਾ ਕੇ ਸੰਖੇਪ ਅਰਦਾਸ ਕਰਦੇ ਹਨ।

ਜਦ ਹਰਿਮੰਦਰ ਸਾਹਿਬ ਆਉਂਦੇ ਹਨ ਤਾਂ ਹਰਿਮੰਦਰ ਸਾਹਿਬ ਦੇ ਚੌਰ ਬਰਦਾਰ ਨੂੰ ਚੌਰ ਪਕੜਾ ਦਿੰਦੇ ਹਨ।

ਬਹੁਤੇ ਗੁਰੂ ਘਰਾਂ ਚ ਗੁਰੂ ਸਾਹਿਬ ਨੂੰ ਚੌਰ ਝੁਲਾਉਣ ਦੀ ਪ੍ਰਥਾ ਨਹੀਂ ਹੈ।

ਨਾਨਕਸਰ ਵਿਖੇ ਵੀ ਗੁਰੂ ਸਾਹਿਬ ਨੂੰ ਚੌਰ ਝੁਲਾਉਣਾ ਬਹੁਤ ਜਰੂਰੀ ਹੈ। ਤਖ਼ਤ ਸ੍ਰੀ ਹਜ਼ੂਰ ਸਾਹਿਬ ਵਿਖੇ ਵੀ ਚੌਰ ਝੁਲਾਉਣਾ ਇਕ ਮਰਿਆਦਾ ਦਾ ਹਿੱਸਾ ਹੈ।

(ਚਲਦਾ)

# ਪੰਜਾਬ ਹੜ੍ਹ ਪੀੜਤਾਂ ਦੀ ਮਦਦ ਲਈ ਆਸਟ੍ਰੇਲੀਆਈ ਸੰਗਤ ਦਾ ਵੱਡਾ ਉਪਰਾਲਾ: ਖ਼ਾਲਸਾ ਏਡ ਨੂੰ 1 ਲੱਖ ਡਾਲਰ ਦੀ ਰਾਸ਼ੀ ਭੇਟ




ਮੈਲਬੌਰਨ/ਸਿਡਨੀ : ਪੰਜਾਬ ਵਿੱਚ ਹੜ੍ਹਾਂ ਨਾਲ ਪ੍ਰਭਾਵਿਤ ਖੇਤਰਾਂ ਦੀ ਲੰਬੇ ਸਮੇਂ ਲਈ ਮਦਦ ਅਤੇ ਪੁਨਰਵਾਸ ਨੂੰ ਯਕੀਨੀ ਬਣਾਉਂਦੇ ਹੋਏ ਸਿਡਨੀ ਦੀ ਸੰਗਤ ਅਤੇ ਗਲੇਨਵੁਡ ਗੁਰਦੁਆਰਾ ਸਾਹਿਬ ਸਿਡਨੀ ਦੀ ਪ੍ਰਬੰਧਕ ਕਮੇਟੀ ਵੱਲੋਂ ਖ਼ਾਲਸਾ ਏਡ ਆਸਟ੍ਰੇਲੀਆ ਨੂੰ $100,000 ਆਸਟ੍ਰੇਲੀਆਈ ਡਾਲਰ ਦੀ ਰਾਸ਼ੀ ਭੇਟ ਕੀਤੀ ਗਈ ਹੈ। ਅੰਤਰਰਾਸ਼ਟਰੀ ਸਹਾਇਤਾ ਸੰਸਥਾ ਖ਼ਾਲਸਾ ਏਡ ਆਸਟ੍ਰੇਲੀਆ ਵੱਲੋਂ ਪੰਜਾਬ ਵਿੱਚ ਹੜ੍ਹਾਂ ਨਾਲ ਪ੍ਰਭਾਵਿਤ ਪਰਿਵਾਰਾਂ ਦੀ ਸਹਾਇਤਾ ਲਈ ਲਗਾਤਾਰ ਯਤਨ ਜਾਰੀ ਹਨ।

ਇਸ ਮੌਕੇ ਖ਼ਾਲਸਾ ਏਡ ਆਸਟ੍ਰੇਲੀਆ ਦੇ ਸੇਵਾਦਾਰ ਭਾਈ ਹਰਪ੍ਰੀਤ ਸਿੰਘ ਨੇ ਸੰਗਤਾਂ ਨੂੰ ਸੰਬੋਧਨ ਹੁੰਦੇ ਹੋਏ ਦੱਸਿਆ ਕਿ ਸੰਗਤ ਵੱਲੋਂ ਦਿੱਤੀ ਗਈ ਇਹ ਰਾਸ਼ੀ ਪੰਜਾਬ ਦੇ ਹੜ੍ਹ ਪ੍ਰਭਾਵਿਤ ਇਲਾਕਿਆਂ ਵਿੱਚ ਲੰਬੇ ਸਮੇਂ ਤੱਕ ਚੱਲਣ ਵਾਲੇ ਪੁਨਰਵਾਸ ਪ੍ਰੋਜੈਕਟਾਂ ਲਈ ਵਰਤੀ ਜਾਵੇਗੀ ਤੇ ਇੱਕ ਸਾਲ ਤੋਂ ਵੱਧ ਸਮੇਂ ਤੱਕ ਚੱਲਣ ਵਾਲੀਆਂ ਯੋਜਨਾਵਾਂ ਤਹਿਤ ਹੜ੍ਹ ਪ੍ਰਭਾਵਿਤ ਇਲਾਕਿਆਂ ਤੇ ਪਰਿਵਾਰਾਂ ਨੂੰ ਮੁੜ ਲੀਹ 'ਤੇ ਲੈ ਕੇ ਆਉਣ ਲਈ ਹਰ ਸੰਭਵ ਉਪਰਾਲੇ ਕੀਤੇ ਜਾਣਗੇ। ਉਨ੍ਹਾਂ ਕਿਹਾ ਕਿ ਇਸ ਯੋਜਨਾ ਦਾ ਮੁੱਖ ਉਦੇਸ਼ ਸਿਰਫ਼ ਤੁਰੰਤ ਰਾਹਤ ਪ੍ਰਦਾਨ ਕਰਨਾ ਨਹੀਂ ਸਗੋਂ ਪ੍ਰਭਾਵਿਤ ਪਰਿਵਾਰਾਂ ਨੂੰ ਲੰਬੇ ਸਮੇਂ ਲਈ ਆਤਮਨਿਰਭਰ ਬਣਾਉਣਾ ਹੈ।

ਉਨ੍ਹਾਂ ਦੱਸਿਆ ਕਿ ਇਸ ਰਾਹਤ ਅਤੇ ਪੁਨਰਵਾਸ ਯੋਜਨਾ ਤਹਿਤ ਹੜ੍ਹਾਂ ਨਾਲ ਨੁਕਸਾਨੇ ਘਰਾਂ ਦੀ ਮੁਰੰਮਤ ਅਤੇ ਮੁੜ ਨਿਰਮਾਣ, ਦਰਿਆਈ ਬੰਨਾਂ ਦੀ ਮਜ਼ਬੂਤੀ ਅਤੇ ਮੁੜ ਬਹਾਲੀ, ਖੇਤੀਬਾੜੀ ਵਾਲੀ ਜ਼ਮੀਨਾਂ ਵਿੱਚੋਂ ਰੇਤ ਅਤੇ ਮਲਬਾ ਹਟਾ ਕੇ ਉਨ੍ਹਾਂ ਨੂੰ ਮੁੜ ਖੇਤੀਯੋਗ ਬਣਾਉਣਾ, ਪ੍ਰਭਾਵਿਤ ਪਰਿਵਾਰਾਂ ਲਈ ਸਵੈ-ਰੋਜ਼ਗਾਰ ਦੇ ਮੌਕੇ ਤਿਆਰ ਕਰਨਾ, ਬਹੁਤ ਜ਼ਿਆਦਾ ਪ੍ਰਭਾਵਿਤ ਇਲਾਕੇ ਦੇ ਪਰਿਵਾਰਾਂ ਦੀਆਂ ਧੀਆਂ ਦੇ ਵਿਆਹਾਂ ਲਈ ਸਹਾਇਤਾ ਅਤੇ ਹੜ੍ਹ ਪ੍ਰਭਾਵਿਤ ਖੇਤਰਾਂ ਵਿੱਚ ਰਾਹਤ ਅਤੇ ਕਮਿਊਨਿਟੀ ਸਹਾਇਤਾ ਕੇਂਦਰਾਂ ਦੀ ਸਥਾਪਨਾ ਮੁੱਖ ਕਾਰਜਾਂ ਵਿੱਚ ਸ਼ਾਮਲ ਹਨ।

ਉਨ੍ਹਾਂ ਕਿਹਾ ਕਿ ਖ਼ਾਲਸਾ ਏਡ ਦੀ ਕਾਰਜ ਪ੍ਰਣਾਲੀ ਵਿਕਾਸ ਅਤੇ ਭਾਈਚਾਰਕ ਭਾਗੀਦਾਰੀ 'ਤੇ ਆਧਾਰਿਤ ਹੈ ਤਾਂ ਜੋ ਪ੍ਰਭਾਵਿਤ ਪਰਿਵਾਰ ਆਪਣੇ ਪੈਰਾਂ 'ਤੇ ਖੜ੍ਹੇ ਹੋ ਸਕਣ ਅਤੇ ਭਵਿੱਖ ਦੀਆਂ ਕਿਸੇ ਵੀ ਆਫ਼ਤਾਂ ਦਾ ਮਜ਼ਬੂਤੀ ਨਾਲ ਸਾਹਮਣਾ ਕਰਨ ਯੋਗ ਬਣ ਸਕਣ। ਖ਼ਾਲਸਾ ਏਡ ਆਸਟ੍ਰੇਲੀਆ ਵੱਲੋਂ ਸਿਡਨੀ ਦੀ ਸੰਗਤ ਅਤੇ ਗਲੇਨਵੁਡ ਗੁਰਦੁਆਰਾ ਸਾਹਿਬ ਦੀ ਪ੍ਰਬੰਧਕ ਕਮੇਟੀ ਦਾ ਧੰਨਵਾਦ ਕਰਦਿਆਂ ਕਿਹਾ ਗਿਆ ਕਿ ਇਹ ਸਹਿਯੋਗ "ਸਰਬੱਤ ਦਾ ਭਲਾ" ਦੀ ਸੋਚ ਨੂੰ ਪ੍ਰਗਟ ਕਰਦਾ ਹੈ ਜੋ ਕਿ ਪੰਜਾਬ ਦੇ ਹੜ੍ਹ ਪੀੜਤ ਪਰਿਵਾਰਾਂ ਲਈ ਮਦਦਗਾਰ ਸਾਬਿਤ ਹੋਵੇਗਾ।

# ਸਿਆਸੀ ਹਿੱਤਾਂ ਲਈ ਸ੍ਰੀ ਅਕਾਲ ਤਖ਼ਤ ਸਾਹਿਬ ਨੂੰ ਚੁਣੌਤੀ ਪੰਥ ਕਦੇ ਪ੍ਰਵਾਨ ਨਹੀਂ ਕਰੇਗਾ : ਐਸਜੀਪੀਸੀ

ਅੰਮ੍ਰਿਤਸਰ : ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨਾਲ ਸਬੰਧਤ ਮਾਮਲੇ 'ਚ ਪੰਜਾਬ ਸਰਕਾਰ ਵੱਲੋਂ ਕੀਤੀ ਜਾ ਰਹੀ ਸਿਆਸਤ ਸ੍ਰੀ ਅਕਾਲ ਤਖ਼ਤ ਸਾਹਿਬ ਨੂੰ ਚੁਣੌਤੀ ਹੈ ਜਿਸ ਨੂੰ ਸਿੱਖ ਪੰਥ ਕਦੇ ਵੀ ਪ੍ਰਵਾਨ ਨਹੀਂ ਕਰੇਗਾ। ਇਹ ਪ੍ਰਗਟਾਵਾ ਸ਼੍ਰੋਮਣੀ ਕਮੇਟੀ ਦੇ ਮੈਂਬਰ ਭਾਈ ਰਾਜਿੰਦਰ ਸਿੰਘ ਮਹਿਤਾ, ਐਡਵੋਕੇਟ ਭਗਵੰਤ ਸਿੰਘ ਸਿਆਲਕਾ, ਸੁਰਜੀਤ ਸਿੰਘ ਭਿੱਟੇਵੱਡ ਤੇ ਅਮਰਜੀਤ ਸਿੰਘ ਭਲਾਈਪੁਰ ਨੇ ਕਿਹਾ ਕਿ ਇਸ ਮਾਮਲੇ ਦੀ ਪੜਤਾਲ ਸ੍ਰੀ ਅਕਾਲ ਤਖ਼ਤ ਸਾਹਿਬ ਵੱਲੋਂ ਬਣਾਈ ਜਾਂਚ ਕਮੇਟੀ ਨੇ ਕੀਤੀ ਸੀ। ਸ੍ਰੀ ਅਕਾਲ ਤਖ਼ਤ ਸਾਹਿਬ ਦੇ ਆਦੇਸ਼ ਅਨੁਸਾਰ ਸ਼੍ਰੋਮਣੀ ਕਮੇਟੀ ਦੀ ਅੰਤ੍ਰਿੰਗ ਕਮੇਟੀ ਨੇ ਡਾ. ਈਸ਼ਰ ਸਿੰਘ ਦੀ ਰਿਪੋਰਟ ਅਨੁਸਾਰ ਕਾਰਵਾਈ ਕੀਤੀ ਹੈ। ਉਨ੍ਹਾਂ ਕਿਹਾ ਕਿ ਉਸ ਵੇਲੇ ਕੁਝ ਸਿੱਖ ਵਿਦਵਾਨਾਂ ਅਤੇ ਸੰਗਤਾਂ ਨੇ ਸ਼੍ਰੋਮਣੀ ਕਮੇਟੀ ਕੋਲ ਪਹੁੰਚ ਕੀਤੀ ਸੀ ਕਿ ਇਹ ਮਾਮਲਾ ਸ੍ਰੀ ਗੁਰੂ ਗੰਥ ਸਾਹਿਬ ਜੀ ਨਾਲ ਜੁੜਿਆ ਹੋਇਆ ਹੈ ਇਸ ਲਈ ਇਸ ਬਾਰੇ ਕੋਈ ਵੀ ਪੁਲਿਸ ਕਾਰਵਾਈ ਨਾ ਕੀਤੀ ਜਾਵੇ, ਸਗੋਂ ਸ਼੍ਰੋਮਣੀ ਕਮੇਟੀ ਆਪਣੇ ਤੌਰ 'ਤੇ ਕਾਰਵਾਈ ਕਰੇ। ਉਨ੍ਹਾਂ ਕਿਹਾ ਕਿ ਡਾ. ਈਸ਼ਰ ਸਿੰਘ ਦੀ ਜਾਂਚ ਰਿਪੋਰਟ ਵਿਚ ਇਹ ਸਪੱਸ਼ਟ ਹੈ ਕਿ ਇਹ ਮਾਮਲਾ ਕੁਝ ਮੁਲਾਜਮਾਂ ਵੱਲੋਂ ਕੀਤੀ ਪੈਸਿਆਂ ਦੀ ਹੇਰਾਫੇਰੀ ਅਤੇ ਅਣਗਹਿਲੀ ਦਾ ਹੈ, ਇਸ ਨੂੰ ਸਰੂਪ ਗੁੰਮ ਹੋਣ ਅਤੇ ਬੇਅਦਬੀ ਵਜੋਂ ਪ੍ਰਚਾਰ ਕੇ ਸੰਗਤਾਂ ਨੂੰ ਗੁੰਮਰਾਹ ਨਹੀਂ ਕਰਨਾ ਚਾਹੀਦਾ। ਉਨ੍ਹਾਂ ਕਿਹਾ ਕਿ ਉਸ ਵੇਲੇ ਕਾਂਗਰਸ ਪਾਰਟੀ ਦੀ ਸਰਕਾਰ ਸੀ ਅਤੇ ਉਨ੍ਹਾਂ ਵੱਲੋਂ ਸਿਆਸੀ ਮੁਫ਼ਾਦਾਂ ਲਈ ਸ੍ਰੀ ਦਰਬਾਰ ਸਾਹਿਬ ਨੂੰ ਆਉਂਦੇ ਰਸਤੇ 'ਤੇ ਭਾਈ ਬਲਦੇਵ ਸਿੰਘ ਵਡਾਲਾ ਰਾਹੀਂ ਧਰਨਾ ਲਗਾਇਆ ਗਿਆ ਸੀ। ਹੁਣ ਆਮ ਆਦਮੀ ਪਾਰਟੀ ਨਾਲ ਸਬੰਧਤ ਪੰਜਾਬ ਵਿਧਾਨ ਸਭਾ ਦੇ ਸਪੀਕਰ, ਮੰਤਰੀ ਅਤੇ ਵਿਧਾਇਕ ਵੱਲੋਂ ਇਸ ਧਰਨੇ ਵਿਚ ਪਹੁੰਚ ਕੇ ਆਪਣੇ ਸਿਆਸੀ ਲਾਹੇ ਲਈ ਪੁਲਿਸ ਨੂੰ ਐਫਆਈਆਰ ਦਰਜ ਕਰਨ ਲਈ ਕਹਿਣਾ ਸ੍ਰੀ ਅਕਾਲ ਤਖ਼ਤ ਸਾਹਿਬ ਨੂੰ ਸਿੱਧੀ ਚੁਣੌਤੀ ਹੈ।



ਸ਼੍ਰੋਮਣੀ ਕਮੇਟੀ ਮੈਂਬਰਾਂ ਨੇ ਕਿਹਾ ਕਿ ਮੌਜੂਦਾ ਪੰਜਾਬ ਸਰਕਾਰ ਬੁਰੀ ਤਰ੍ਹਾਂ ਫੇਲ੍ਹ ਹੋ ਚੁੱਕੀ ਹੈ ਤੇ ਆਪਣੀ ਨਾਕਾਮੀਆਂ ਨੂੰ ਛੁਪਾਉਣ ਲਈ ਸਿੱਖ ਭਾਵਨਾਵਾਂ ਨਾਲ ਖੇਡਣ ਤੋਂ ਗੁਰੇਜ਼ ਨਹੀਂ ਕਰ ਰਹੀ। ਉਨ੍ਹਾਂ ਪੰਜਾਬ ਦੇ ਮੁੱਖ ਮੰਤਰੀ ਨੂੰ ਕਿਹਾ ਕਿ ਵਾਰ-ਵਾਰ ਡਰਾਮੇ ਕਰ ਕੇ ਲੋਕਾਂ ਦਾ ਧਿਆਨ ਸਰਕਾਰਾਂ ਦੀਆਂ ਨਾਕਾਮੀਆਂ ਤੋਂ ਪਾਸੇ ਨਹੀਂ ਕੀਤਾ ਜਾ ਸਕਦਾ, ਇਸ ਲਈ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਆਦੇਸ਼ਾਂ ਅਨੁਸਾਰ ਹੋਈ ਕਾਰਵਾਈ ਤੋਂ ਬਾਅਦ ਇਸ ਮਾਮਲੇ 'ਚ ਕਿਸੇ ਤਰ੍ਹਾਂ ਦੀ ਦਖ਼ਲਅੰਦਾਜ਼ੀ ਨਾ ਕੀਤੀ ਜਾਵੇ। ਉਨ੍ਹਾਂ ਪ੍ਰਸ਼ਾਸਨਿਕ ਅਧਿਅਕਾਰੀਆਂ ਨੂੰ ਅਪੀਲ ਕੀਤੀ ਕਿ ਉਹ ਸਰਕਾਰ ਦੇ ਸਿਆਸੀ ਹਿੱਤਾਂ ਲਈ ਅਜਿਹੀ ਕਿਸੇ ਵੀ ਕਾਰਵਾਈ ਲਈ ਭਾਗੀਦਾਰ ਨਾ ਬਣਨ।

# ਜਥੇਦਾਰ ਗੜਗੱਜ ਨੇ 28 ਨੂੰ ਸੱਦੀ ਪੰਜ ਸਿੰਘ ਸਾਹਿਬਾਨ ਦੀ ਵਿਸ਼ੇਸ਼ ਇਕੱਤਰਤਾ

ਅੰਮ੍ਰਿਤਸਰ : ਸ੍ਰੀ ਅਕਾਲ ਤਖ਼ਤ ਸਾਹਿਬ ਦੇ ਕਾਰਜਕਾਰੀ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਵਲੋਂ ਵੱਖ-ਵੱਖ ਪੰਥਕ ਤੇ ਧਾਰਮਿਕ ਮਾਮਲੇ ਵਿਚਾਰਨ ਲਈ ਪੰਜ ਸਿੰਘ ਸਾਹਿਬਾਨ ਦੀ ਅਹਿਮ ਇਕੱਤਰਤਾ 28 ਦਸੰਬਰ, ਐਤਵਾਰ ਨੂੰ ਸੱਦ ਲਈ ਗਈ ਹੈ। ਸਕੱਤਰੇਤ ਅਕਾਲ ਤਖ਼ਤ ਸਾਹਿਬ ਦੇ ਇੰਚਾਰਜ ਬਗੀਚਾ ਸਿੰਘ ਨੇ ਦੱਸਿਆ ਕਿ ਸਮੇਂ-ਸਮੇਂ ਪੰਥਕ ਤੇ ਧਾਰਮਿਕ ਮਾਮਲੇ ਵਿਚਾਰਨ ਲਈ ਪੰਜ ਸਿੰਘ ਸਾਹਿਬਾਨ ਦੀ ਇਕੱਤਰਤਾ ਸੱਦੀ ਜਾਂਦੀ ਹੈ। ਉਨ੍ਹਾਂ ਕਿਹਾ ਕਿ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਵਲੋਂ ਹੋਏ ਆਦੇਸ਼ ਅਨੁਸਾਰ ਪੰਜ ਸਿੰਘ ਸਾਹਿਬਾਨ ਦੀ ਅਗਲੀ ਇਕੱਤਰਤਾ 28 ਦਸੰਬਰ ਨੂੰ ਸੱਦੀ ਗਈ ਹੈ। ਇਸੇ ਦੌਰਾਨ ਸੰਭਾਵਨਾ ਹੈ ਕਿ ਸਿੰਘ ਸਾਹਿਬਾਨ ਆਗਾਮੀ ਦੀ ਇਕੱਤਰਤਾ ਦੌਰਾਨ 328 ਪਾਵਨ ਸਰੂਪਾਂ ਦੇ ਪੁਰਾਣੇ ਮਾਮਲੇ 'ਚ ਸੂਬਾ ਸਰਕਾਰ ਵਲੋਂ ਸਿੱਖ ਜਥੇਬੰਦੀਆਂ ਦੇ ਆਗੂਆਂ ਵਲੋਂ ਦਰਜ ਕੀਤੀ ਐੱਫ. ਆਈ. ਆਰ ਅਤੇ ਗਠਿਤ ਕੀਤੀ ਸਿੱਟ ਦੇ ਮਾਮਲੇ ਸਮੇਤ ਹੋਰ ਪੰਥਕ ਮਸਲਿਆਂ ਬਾਰੇ ਸਿੰਘ ਸਾਹਿਬਾਨ ਵਲੋਂ ਕੋਈ ਅਹਿਮ ਫੈਸਲਾ ਲਿਆ ਜਾ ਸਕਦਾ ਹੈ।



# ਬੰਗਲਾਦੇਸ਼ 'ਚ ਹਿੰਦੂ ਨੌਜਵਾਨ ਦੀ ਹੱਤਿਆ ਖਿਲਾਫ ਭਾਰੀ ਰੋਸ ਪ੍ਰਦਰਸ਼ਨ

## ਪੁਲਿਸ ਨਾਲ ਝੜਪ, ਕਈ ਜ਼ਖਮੀ




ਕੋਲਕਾਤਾ : ਬੰਗਲਾਦੇਸ਼ ਵਿੱਚ ਇੱਕ ਹਿੰਦੂ ਨੌਜਵਾਨ, ਦੀਪੂ ਚੰਦਰ ਦਾਸ, ਦੀ ਭੀੜ ਵੱਲੋਂ ਬੇਰਹਿਮੀ ਨਾਲ ਹੱਤਿਆ ਕੀਤੇ ਜਾਣ ਦੇ ਵਿਰੋਧ ਵਿੱਚ ਮੰਗਲਵਾਰ ਨੂੰ ਕੋਲਕਾਤਾ ਵਿੱਚ ਜ਼ਬਰਦਸਤ ਰੋਸ ਪ੍ਰਦਰਸ਼ਨ ਕੀਤਾ ਗਿਆ। 'ਬੰਗੀਆ ਹਿੰਦੂ ਜਾਗਰਣ' (Bangiya Hindu Jagaran) ਸੰਗਠਨ ਦੇ ਕਾਰਕੁਨਾਂ ਨੇ ਬੰਗਲਾਦੇਸ਼ੀ ਡਿਪਟੀ ਹਾਈ ਕਮਿਸ਼ਨ ਵੱਲ ਮਾਰਚ ਕੀਤਾ, ਜਿਸ ਦੌਰਾਨ ਹਾਲਾਤ ਤਣਾਅਪੂਰਨ ਹੋ ਗਏ।

ਰੋਸ ਮਾਰਚ: ਸੈਂਕੜੇ ਦੀ ਗਿਣਤੀ ਵਿੱਚ ਪ੍ਰਦਰਸ਼ਨਕਾਰੀਆਂ ਨੇ ਬੰਗਲਾਦੇਸ਼ ਸਰਕਾਰ ਅਤੇ ਕੱਟੜਪੰਥੀਆਂ ਵਿਰੁੱਧ ਨਾਅਰੇਬਾਜ਼ੀ ਕਰਦਿਆਂ ਬੰਗਲਾਦੇਸ਼ੀ ਡਿਪਟੀ ਹਾਈ ਕਮਿਸ਼ਨ ਦਾ ਘਿਰਾਓ ਕਰਨ ਦੀ ਕੋਸ਼ਿਸ਼ ਕੀਤੀ। ਉਨ੍ਹਾਂ ਦੇ ਹੱਥਾਂ ਵਿੱਚ ਪੋਸਟਰ ਸਨ ਜਿਨ੍ਹਾਂ 'ਤੇ 'ਹਿੰਦੂਆਂ ਦੀ ਸੁਰੱਖਿਆ ਯਕੀਨੀ ਬਣਾਓ' ਅਤੇ 'ਦੀਪੂ ਚੰਦਰ ਦਾਸ ਨੂੰ ਇਨਸਾਫ ਦਿਓ' ਵਰਗੇ ਨਾਅਰੇ ਲਿਖੇ ਹੋਏ ਸਨ।

ਪੁਲਿਸ ਨਾਲ ਝੜਪ: ਜਦੋਂ ਪ੍ਰਦਰਸ਼ਨਕਾਰੀ ਬੈਰੀਕੇਡ ਤੋੜ ਕੇ ਅੱਗੇ ਵਧਣ ਲੱਗੇ, ਤਾਂ ਪੁਲਿਸ ਨੇ ਉਨ੍ਹਾਂ ਨੂੰ ਰੋਕਣ ਦੀ ਕੋਸ਼ਿਸ਼ ਕੀਤੀ। ਇਸ ਦੌਰਾਨ ਪੁਲਿਸ ਅਤੇ ਪ੍ਰਦਰਸ਼ਨਕਾਰੀਆਂ ਵਿਚਾਲੇ ਧੱਕਾ-ਮੁੱਕੀ ਹੋਈ। ਭੀੜ ਨੂੰ ਖਿੰਡਾਉਣ ਲਈ ਪੁਲਿਸ ਨੂੰ ਲਾਠੀਚਾਰਜ ਕਰਨਾ ਪਿਆ।

ਗ੍ਰਿਫਤਾਰੀਆਂ ਅਤੇ ਜ਼ਖਮੀ: ਖਬਰਾਂ ਮੁਤਾਬਕ, ਇਸ ਝੜਪ ਵਿੱਚ ਲਗਭਗ 20 ਤੋਂ ਵੱਧ ਪ੍ਰਦਰਸ਼ਨਕਾਰੀ ਜ਼ਖਮੀ ਹੋਏ ਹਨ, ਜਿਨ੍ਹਾਂ ਨੂੰ ਹਸਪਤਾਲ ਲਿਜਾਇਆ ਗਿਆ। ਪੁਲਿਸ ਨੇ ਸਥਿਤੀ ਨੂੰ ਕਾਬੂ ਕਰਨ ਲਈ ਕਈ ਕਾਰਕੁਨਾਂ ਨੂੰ ਹਿਰਾਸਤ ਵਿੱਚ ਵੀ ਲਿਆ।

ਘਟਨਾ ਦਾ ਪਿਛੋਕੜ (ਦੀਪੂ ਚੰਦਰ ਦਾਸ ਦੀ ਹੱਤਿਆ): ਘਟਨਾ ਕੀ ਸੀ? 18 ਦਸੰਬਰ, 2025 ਨੂੰ ਬੰਗਲਾਦੇਸ਼ ਦੇ ਮੈਮਨਸਿੰਘ (Mymensingh) ਜ਼ਿਲ੍ਹੇ ਵਿੱਚ 27 ਸਾਲਾ ਹਿੰਦੂ ਨੌਜਵਾਨ ਦੀਪੂ ਚੰਦਰ ਦਾਸ ਨੂੰ ਇੱਕ ਭੀੜ ਨੇ ਕਥਿਤ ਤੌਰ 'ਤੇ 'ਈਸ਼-ਨਿੰਦਾ' (Blasphemy) ਦਾ ਦੋਸ਼ ਲਗਾ ਕੇ ਕੁੱਟ-ਕੁੱਟ ਕੇ ਮਾਰ ਦਿੱਤਾ ਸੀ।

ਬੇਰਹਿਮੀ ਦੀ ਹੱਦ: ਭੀੜ ਨੇ ਸਿਰਫ ਉਸ ਦੀ ਹੱਤਿਆ ਹੀ ਨਹੀਂ ਕੀਤੀ, ਸਗੋਂ ਬਾਅਦ ਵਿੱਚ ਉਸ ਦੀ ਲਾਸ਼ ਨੂੰ ਹਾਈਵੇਅ 'ਤੇ ਲਟਕਾ ਦਿੱਤਾ ਅਤੇ ਅੱਗ ਲਗਾ ਦਿੱਤੀ।

ਝੂਠੇ ਦੋਸ਼: ਜਾਂਚ ਵਿੱਚ ਸਾਹਮਣੇ ਆਇਆ ਹੈ ਕਿ ਦੀਪੂ 'ਤੇ ਲਗਾਏ ਗਏ ਦੋਸ਼ ਬੇਬੁਨਿਆਦ ਸਨ। ਕੁਝ ਰਿਪੋਰਟਾਂ ਮੁਤਾਬਕ, ਇਹ ਮਾਮਲਾ ਅਸਲ ਵਿੱਚ ਦਫਤਰ (ਫੈਕਟਰੀ) ਵਿੱਚ ਤਰੱਕੀ ਜਾਂ ਆਪਸੀ ਰੰਜਿਸ਼ ਦਾ ਸੀ, ਜਿਸ ਨੂੰ ਧਾਰਮਿਕ ਰੰਗਤ ਦੇ ਕੇ ਭੀੜ ਨੂੰ ਭੜਕਾਇਆ ਗਿਆ।

ਮੰਗਾਂ: ਪ੍ਰਦਰਸ਼ਨਕਾਰੀਆਂ ਨੇ ਭਾਰਤ ਸਰਕਾਰ ਤੋਂ ਮੰਗ ਕੀਤੀ ਹੈ ਕਿ ਬੰਗਲਾਦੇਸ਼ ਸਰਕਾਰ 'ਤੇ ਹਿੰਦੂ ਘੱਟ ਗਿਣਤੀਆਂ ਦੀ ਸੁਰੱਖਿਆ ਲਈ ਦਬਾਅ ਪਾਇਆ ਜਾਵੇ ਅਤੇ ਦੋਸ਼ੀਆਂ ਨੂੰ ਸਖ਼ਤ ਤੋਂ ਸਖ਼ਤ ਸਜ਼ਾ ਦਿੱਤੀ ਜਾਵੇ।

# ਮਿਆਂਮਾਰ ਫੌਜ ਦਾ ਨਵਾਂ ਪੈਂਤੜਾ: ਜੰਗ ਦੇ ਮੈਦਾਨ ਤੋਂ 'ਵੋਟਾਂ' ਵੱਲ, ਪਰ ਕਾਮਯਾਬੀ ਦੀ ਉਮੀਦ ਘੱਟ



ਨੇਪੀਤਾਓ/ਮਿਆਂਮਾਰ : ਕਰੀਬ ਪੰਜ ਸਾਲ ਪਹਿਲਾਂ ਤਖ਼ਤਾ ਪਲਟ (Coup) ਕਰਕੇ ਸੱਤਾ ਹਥਿਆਉਣ ਵਾਲੀ ਮਿਆਂਮਾਰ ਦੀ ਫੌਜ ਹੁਣ ਆਪਣੀ ਪਕੜ ਮਜ਼ਬੂਤ ਕਰਨ ਲਈ ਨਵਾਂ ਰਸਤਾ ਅਪਣਾ ਰਹੀ ਹੈ। ਫੌਜੀ ਸ਼ਾਸਨ (Junta) ਨੇ ਜੰਗ ਦੇ ਮੈਦਾਨ ਦੀ ਬਜਾਏ ਹੁਣ 'ਬੈਲਟ' (ਵੋਟਾਂ) ਰਾਹੀਂ ਆਪਣਾ ਰਾਜ ਕਾਇਮ ਰੱਖਣ ਦੀ ਕੋਸ਼ਿਸ਼ ਸ਼ੁਰੂ ਕਰ ਦਿੱਤੀ ਹੈ, ਹਾਲਾਂਕਿ ਮਾਹਿਰਾਂ ਮੁਤਾਬਕ ਇਸ ਦੇ ਸਫਲ ਹੋਣ ਦੇ ਆਸਾਰ ਬਹੁਤ ਘੱਟ ਹਨ।

1. ਫੌਜੀ ਮੁਖੀ ਦਾ ਵੋਟਰਾਂ ਨੂੰ ਫਰਮਾਨ: ਮਿਆਂਮਾਰ ਦੇ ਜੁੰਤਾ ਮੁਖੀ (Junta Chief) ਮਿਨ ਆਂਗ ਹਲੈਂਗ (Min Aung Hlaing) ਨੇ ਪਿਛਲੇ ਹਫ਼ਤੇ ਇੱਕ ਫੌਜੀ ਅੱਡੇ ਤੋਂ ਐਲਾਨ ਕੀਤਾ ਕਿ ਵੋਟਰਾਂ ਨੂੰ ਕਿਹੋ ਜਿਹੇ ਉਮੀਦਵਾਰ ਚੁਣਨੇ ਚਾਹੀਦੇ ਹਨ। ਸਰਕਾਰੀ ਮੀਡੀਆ ਮੁਤਾਬਕ, ਉਨ੍ਹਾਂ ਨੇ ਸਪੱਸ਼ਟ ਕਿਹਾ: 'ਆਉਣ ਵਾਲੀਆਂ ਚੋਣਾਂ ਵਿੱਚ ਵੋਟਰਾਂ ਨੂੰ ਉਹ ਉਮੀਦਵਾਰ ਚੁਣਨੇ ਚਾਹੀਦੇ ਹਨ ਜੋ ਤਤਮਾਦੋ (ਮਿਆਂਮਾਰ ਦੀ ਫੌਜ) ਨਾਲ ਸਹਿਯੋਗ ਕਰ ਸਕਣ।'

2. ਮਕਸਦ: ਜੰਗ ਵਿੱਚ ਅਸਫਲਤਾ ਤੋਂ ਬਾਅਦ ਸਿਆਸੀ ਚਾਲ: ਫੌਜ ਦਾ ਇਹ ਕਦਮ ਦਰਸਾਉਂਦਾ ਹੈ ਕਿ ਉਹ ਵੋਟਾਂ ਦੀ ਵਰਤੋਂ ਕਰਕੇ ਉਹ ਹਾਸਲ ਕਰਨਾ ਚਾਹੁੰਦੀ ਹੈ ਜੋ ਉਹ ਜੰਗ ਦੇ ਮੈਦਾਨ ਵਿੱਚ ਹਾਸਲ ਨਹੀਂ ਕਰ ਸਕੀ। ਤਖ਼ਤਾ ਪਲਟ ਤੋਂ ਬਾਅਦ ਦੇਸ਼ ਵਿੱਚ ਜ਼ਬਰਦਸਤ ਹਥਿਆਰਬੰਦ ਵਿਰੋਧ (Armed Resistance) ਚੱਲ ਰਿਹਾ ਹੈ। ਚੋਣਾਂ ਕਰਵਾ ਕੇ ਫੌਜ ਦੁਨੀਆ ਦੀਆਂ ਨਜ਼ਰਾਂ ਵਿੱਚ ਆਪਣੀ ਹਕੂਮਤ ਨੂੰ ਜਾਇਜ਼ (Legitimate) ਠਹਿਰਾਉਣਾ ਚਾਹੁੰਦੀ ਹੈ।

3. ਮਾਹਿਰਾਂ ਅਤੇ ਕੂਟਨੀਤਕਾਂ ਦੀ ਰਾਏ: ਵਿਸ਼ਲੇਸ਼ਕਾਂ ਦਾ ਮੰਨਣਾ ਹੈ ਕਿ ਇੱਕ ਸਥਿਰ ਪ੍ਰਸ਼ਾਸਨ ਬਣਾਉਣ ਦਾ ਫੌਜ ਦਾ ਸੁਪਨਾ ਪੂਰਾ ਹੋਣਾ ਮੁਸ਼ਕਲ ਹੈ।

ਕਾਰਨ: ਦੇਸ਼ ਵਿੱਚ ਘਰੇਲੂ ਜੰਗ (Civil War) ਅਜੇ ਵੀ ਪੂਰੇ ਜ਼ੋਰਾਂ 'ਤੇ ਹੈ।

ਅੰਤਰਰਾਸ਼ਟਰੀ ਨਜ਼ਰੀਆ: ਦੁਨੀਆ ਦੇ ਬਾਕੀ ਦੇਸ਼ ਇੱਕ ਅਜਿਹੀ ਸਰਕਾਰ ਨੂੰ ਸ਼ਾਇਦ ਹੀ ਸਵੀਕਾਰ ਕਰਨਗੇ ਜੋ ਦੇਖਣ ਨੂੰ ਸਿਵਲੀਅਨ ਹੋਵੇ ਪਰ ਜਿਸਦਾ ਕੰਟਰੋਲ ਪਰਦੇ ਦੇ ਪਿੱਛੇ ਫੌਜ ਦੇ ਹੱਥ ਵਿੱਚ ਹੋਵੇ।

ਕ੍ਰਾਈਸਿਸ ਗਰੁੱਪ (Crisis Group) ਦੇ ਸੀਨੀਅਰ ਸਲਾਹਕਾਰ ਰਿਚਰਡ ਹਾਰਸੀ ਨੇ ਕਿਹਾ, 'ਅਸਿੱਧੇ ਫੌਜੀ ਸ਼ਾਸਨ ਦਾ ਇਹ ਨਵਾਂ ਰੂਪ ਹਥਿਆਰਬੰਦ ਸੰਘਰਸ਼ ਜਾਂ ਲੋਕਾਂ ਦੇ ਵਿਰੋਧ ਨੂੰ ਖਤਮ ਨਹੀਂ ਕਰ ਸਕੇਗਾ, ਅਤੇ ਮਿਆਂਮਾਰ ਸੰਕਟ ਵਿੱਚ ਫਸਿਆ ਰਹੇਗਾ।'

4. ਅੱਧੇ-ਅਧੂਰੇ ਇਲਾਕਿਆਂ ਵਿੱਚ ਚੋਣਾਂ: ਇਹ ਚੋਣਾਂ ਪੂਰੇ ਦੇਸ਼ ਵਿੱਚ ਨਹੀਂ ਹੋ ਰਹੀਆਂ, ਜੋ ਕਿ ਫੌਜ ਦੀ ਕਮਜ਼ੋਰ ਪਕੜ ਨੂੰ ਦਰਸਾਉਂਦਾ ਹੈ।

ਵੋਟਿੰਗ ਦੋ ਪੜਾਵਾਂ ਵਿੱਚ ਹੋਵੇਗੀ: ਐਤਵਾਰ ਅਤੇ 11 ਜਨਵਰੀ ਨੂੰ।

ਮਿਆਂਮਾਰ ਦੇ ਕੁੱਲ 330 ਟਾਊਨਸ਼ਿਪਾਂ (Townships) ਵਿੱਚੋਂ ਸਿਰਫ਼ 202 ਵਿੱਚ ਹੀ ਵੋਟਾਂ ਪੈਣਗੀਆਂ, ਕਿਉਂਕਿ ਬਾਕੀ ਇਲਾਕਿਆਂ 'ਤੇ ਫੌਜ ਦਾ ਪੂਰਾ ਕੰਟਰੋਲ ਨਹੀਂ ਹੈ।

## ਯਾਗਰਾਜ ਵਿੱਚ ਕੜਾਕੇ ਦੀ ਠੰਢ

# ਬੋਨਫਾਇਰ (ਧੂਣੀ) ਦੁਆਲੇ ਇਕੱਠੇ ਹੋ ਕੇ ਠੰਢ ਭਜਾਉਂਦੇ ਨਜ਼ਰ ਆਏ ਕਤੂਰੇ





ਪ੍ਰਯਾਗਰਾਜ (ਉੱਤਰ ਪ੍ਰਦੇਸ਼) : ਉੱਤਰ ਭਾਰਤ ਵਿੱਚ ਪੈ ਰਹੀ ਕੜਾਕੇ ਦੀ ਠੰਢ ਨੇ ਜਿੱਥੇ ਆਮ ਜਨਜੀਵਨ ਨੂੰ ਪ੍ਰਭਾਵਿਤ ਕੀਤਾ ਹੈ, ਉੱਥੇ ਹੀ ਬੇਜ਼ੁਬਾਨ ਜਾਨਵਰ ਵੀ ਇਸ ਦੇ ਕਹਿਰ ਤੋਂ ਬਚ ਨਹੀਂ ਸਕੇ। ਬੁੱਧਵਾਰ (24 ਦਸੰਬਰ) ਦੀ ਸਵੇਰ ਨੂੰ ਪ੍ਰਯਾਗਰਾਜ ਵਿੱਚ ਇੱਕ ਦਿਲ ਨੂੰ ਛੂਹ ਲੈਣ ਵਾਲਾ ਨਜ਼ਾਰਾ ਦੇਖਣ ਨੂੰ ਮਿਲਿਆ, ਜਦੋਂ ਠੰਢ ਤੋਂ ਬਚਣ ਲਈ ਕਤੂਰਿਆਂ (Puppies) ਦਾ ਇੱਕ ਝੁੰਡ ਅੱਗ (ਬੋਨਫਾਇਰ) ਦੇ ਦੁਆਲੇ ਇਕੱਠਾ ਹੋ ਗਿਆ।

ਮੁੱਖ ਵੇਰਵੇ:

ਘਟਨਾ: ਬੁੱਧਵਾਰ ਸਵੇਰੇ ਸੰਘਣੀ ਧੁੰਦ ਅਤੇ ਸੀਤ ਲਹਿਰ ਦੇ ਚਲਦਿਆਂ ਤਾਪਮਾਨ ਵਿੱਚ ਭਾਰੀ ਗਿਰਾਵਟ ਦਰਜ ਕੀਤੀ ਗਈ। ਇਸ ਦੌਰਾਨ ਸੜਕ ਕਿਨਾਰੇ ਬਲ ਰਹੀ ਇੱਕ ਧੂਣੀ (Bonfire) ਦੁਆਲੇ ਕੁਝ ਛੋਟੇ ਕਤੂਰੇ ਆਪਣੇ ਆਪ ਨੂੰ ਗਰਮ ਰੱਖਣ ਲਈ ਇਕੱਠੇ ਬੈਠੇ ਦਿਖਾਈ ਦਿੱਤੇ।

ਮੌਸਮ ਦਾ ਹਾਲ: ਮੌਸਮ ਵਿਭਾਗ ਅਨੁਸਾਰ, ਪ੍ਰਯਾਗਰਾਜ ਅਤੇ ਆਸ-ਪਾਸ ਦੇ ਇਲਾਕਿਆਂ ਵਿੱਚ ਪਿਛਲੇ ਕੁਝ ਦਿਨਾਂ ਤੋਂ ਸੰਘਣੀ ਧੁੰਦ ਅਤੇ ਸੀਤ ਲਹਿਰ ਦਾ ਪ੍ਰਕੋਪ ਜਾਰੀ ਹੈ। ਸਵੇਰ ਵੇਲੇ ਵਿਜ਼ੀਬਿਲਟੀ (ਦੇਖਣ ਦੀ ਸਮਰੱਥਾ) ਬਹੁਤ ਘੱਟ ਰਹੀ, ਜਿਸ ਕਾਰਨ ਲੋਕ ਵੀ ਘਰਾਂ ਤੋਂ ਬਾਹਰ ਨਿਕਲਣ ਤੋਂ ਗੁਰੇਜ਼ ਕਰ ਰਹੇ ਹਨ।

ਆਮ ਲੋਕਾਂ ਦਾ ਸਹਾਰਾ: ਸ਼ਹਿਰ ਦੇ ਵੱਖ-ਵੱਖ ਹਿੱਸਿਆਂ ਵਿੱਚ ਲੋਕ ਠੰਢ ਤੋਂ ਬਚਣ ਲਈ ਅੱਗ ਦਾ ਸਹਾਰਾ ਲੈ ਰਹੇ ਹਨ। ਅਜਿਹੀ ਹੀ ਇੱਕ ਅੱਗ ਨੇ ਇਨ੍ਹਾਂ ਬੇਜ਼ੁਬਾਨ ਜਾਨਵਰਾਂ ਨੂੰ ਵੀ ਰਾਹਤ ਦਿੱਤੀ।

ਇਹ ਤਸਵੀਰ ਸੋਸ਼ਲ ਮੀਡੀਆ 'ਤੇ ਵੀ ਚਰਚਾ ਦਾ ਵਿਸ਼ਾ ਬਣ ਰਹੀ ਹੈ, ਜੋ ਇਹ ਦਰਸਾਉਂਦੀ ਹੈ ਕਿ ਕੁਦਰਤ ਦੀ ਮਾਰ ਇਨਸਾਨਾਂ ਅਤੇ ਜਾਨਵਰਾਂ 'ਤੇ ਬਰਾਬਰ ਪੈਂਦੀ ਹੈ। ਪ੍ਰਸ਼ਾਸਨ ਨੇ ਵੀ ਲੋਕਾਂ ਨੂੰ ਠੰਢ ਤੋਂ ਬਚਣ ਲਈ ਸਾਵਧਾਨੀ ਵਰਤਣ ਅਤੇ ਲੋੜ ਪੈਣ 'ਤੇ ਰੈਣ-ਬਸੇਰਿਆਂ (Shelters) ਦੀ ਵਰਤੋਂ ਕਰਨ ਦੀ ਸਲਾਹ ਦਿੱਤੀ ਹੈ।

# ਟਰੱਕ ਅਤੇ ਬੱਸ ਦੀ ਭਿਆਨਕ ਟੱਕਰ, 5 ਮੌਤਾਂ

ਚਿੱਤਰਦੁਰਗਾ : ਕਰਨਾਟਕ ਦੇ ਚਿੱਤਰਦੁਰਗਾ ਜ਼ਿਲ੍ਹੇ ਵਿੱਚ ਇੱਕ ਤੇਜ਼ ਰਫ਼ਤਾਰ ਟਰੱਕ ਅਤੇ ਇੱਕ ਲਗਜ਼ਰੀ ਸਲੀਪਰ ਬੱਸ ਵਿਚਕਾਰ ਹੋਈ ਭਿਆਨਕ ਟੱਕਰ ਵਿੱਚ ਘੱਟੋ-ਘੱਟ 5 ਲੋਕਾਂ ਦੀ ਮੌਤ ਹੋ ਗਈ



ਅਤੇ ਕਈ ਹੋਰ ਜ਼ਖਮੀ ਹੋ ਗਏ। ਪੁਲੀਸ ਅਧਿਕਾਰੀ ਰਵੀਕਾਂਤ ਗੌੜਾ ਨੇ ਦੱਸਿਆ ਕਿ ਇਹ ਹਾਦਸਾ ਉਸ ਸਮੇਂ ਵਾਪਰਿਆ ਜਦੋਂ ਇੱਕ ਟਰੱਕ ਡਿਵਾਈਡਰ ਟੱਪ ਕੇ ਸਾਹਮਣੇ ਤੋਂ ਆ ਰਹੀ ਬੱਸ ਨਾਲ ਟਕਰਾ ਗਿਆ। ਇਸ ਕਾਰਨ ਬੱਸ ਨੂੰ ਭਿਆਨਕ ਅੱਗ ਲੱਗ ਗਈ ਅਤੇ 32 ਸਵਾਰੀਆਂ ਨਾਲ ਗੋਕਰਨਾ ਜਾ ਰਹੀ ਇਸ ਬੱਸ ਵਿੱਚ ਜ਼ਿਆਦਾਤਰ ਲੋਕ ਜ਼ਿੰਦਾ ਸੜ ਗਏ। ਬੱਸ ਦੇ ਡਰਾਈਵਰ ਅਤੇ ਕਲੀਨਰ ਸੁਰੱਖਿਅਤ ਬਚ ਨਿਕਲੇ, ਪਰ ਟਰੱਕ ਦੇ ਡਰਾਈਵਰ ਅਤੇ ਕਲੀਨਰ ਦੀ ਇਸ ਹਾਦਸੇ ਵਿੱਚ ਮੌਤ ਹੋ ਗਈ। ਜ਼ਖਮੀ ਯਾਤਰੀਆਂ ਨੂੰ ਤੁਮਕੁਰੂ ਜ਼ਿਲ੍ਹੇ ਦੇ ਸ਼ਿਰਾ ਹਸਪਤਾਲ ਵਿੱਚ ਭਰਤੀ ਕਰਵਾਇਆ ਗਿਆ ਹੈ, ਜਦਕਿ ਕਈ ਸਵਾਰੀਆਂ ਨੇ ਬੱਸ ਵਿੱਚੋਂ ਛਾਲ ਮਾਰ ਕੇ ਆਪਣੀ ਜਾਨ ਬਚਾਈ। ਇਸ ਦੌਰਾਨ 45 ਸਕੂਲੀ ਬੱਚਿਆਂ ਨੂੰ ਲੈ ਕੇ ਜਾ ਰਹੀ ਇੱਕ ਹੋਰ ਬੱਸ ਜੋ ਇਸ ਬੱਸ ਦੇ ਬਿਲਕੁਲ ਪਿੱਛੇ ਸੀ, ਵਾਲ-ਵਾਲ ਬਚ ਗਈ ਕਿਉਂਕਿ ਉਸਦੇ ਡਰਾਈਵਰ ਨੇ ਸਮੇਂ ਸਿਰ ਗੱਡੀ ਨੂੰ ਦੂਜੇ ਪਾਸੇ ਮੋੜ ਦਿੱਤਾ ਸੀ। ਪੁਲਿਸ ਮੁਤਾਬਕ ਦੋ ਯਾਤਰੀਆਂ ਦੀ ਹਾਲਤ ਗੰਭੀਰ ਬਣੀ ਹੋਈ ਹੈ।

ਇਸ ਘਟਨਾ 'ਤੇ ਦੁੱਖ ਪ੍ਰਗਟ ਕਰਦਿਆਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ 'ਐਕਸ' (X) 'ਤੇ ਕਿਹਾ, 'ਕਰਨਾਟਕ ਦੇ ਚਿੱਤਰਦੁਰਗਾ ਜ਼ਿਲ੍ਹੇ ਵਿੱਚ ਇੱਕ ਹਾਦਸੇ ਕਾਰਨ ਹੋਏ ਜਾਨੀ ਨੁਕਸਾਨ ਤੋਂ ਡੂੰਘਾ ਦੁੱਖ ਹੋਇਆ ਹੈ। ਜਿਨ੍ਹਾਂ ਨੇ ਆਪਣੇ ਪਿਆਰਿਆਂ ਨੂੰ ਖੋਹ ਦਿੱਤਾ ਹੈ, ਉਨ੍ਹਾਂ ਨਾਲ ਮੇਰੀਆਂ ਸੰਵੇਦਨਾਵਾਂ ਹਨ। ਜ਼ਖਮੀ ਜਲਦੀ ਤੋਂ ਜਲਦੀ ਠੀਕ ਹੋਣ।' ਉਨ੍ਹਾਂ ਕਿਹਾ ਕਿ ਪੀਐੱਮਐੱਨਆਰਐੱਫ (PMNRF) ਵਿੱਚੋਂ ਹਰੇਕ ਮ੍ਰਿਤਕ ਦੇ ਵਾਰਸਾਂ ਨੂੰ ਦੋ-ਦੋ ਲੱਖ ਰੁਪਏ ਅਤੇ ਜ਼ਖਮੀਆਂ ਲਈ 50,000 ਰੁਪਏ ਦੇਣ ਦਾ ਐਲਾਨ ਕੀਤਾ। ਉੱਧਰ ਸੂਬੇ ਦੇ ਮੁੱਖ ਮੰਤਰੀ ਸਿਧਾਰਮਈਆ ਨੇ ਹਾਦਸੇ ਵਿੱਚ ਮਾਰੇ ਗਏ ਲੋਕਾਂ ਦੇ ਪਰਿਵਾਰਾਂ ਨੂੰ ਪੰਜ-ਪੰਜ ਲੱਖ ਰੁਪਏ ਅਤੇ ਜ਼ਖਮੀਆਂ ਨੂੰ 50,000-50,000 ਰੁਪਏ ਦੀ ਸਹਾਇਤਾ ਰਾਸ਼ੀ ਦੇਣ ਦਾ ਐਲਾਨ ਕੀਤਾ ਹੈ।

# ਕੈਨੇਡਾ 'ਚ ਭਾਰਤੀ ਔਰਤ ਦੀ ਹੱਤਿਆ





ਟੋਰਾਂਟੋ : ਕੈਨੇਡਾ ਦੇ ਟੋਰਾਂਟੋ ਵਿਚ ਇਕ 30 ਸਾਲਾ ਭਾਰਤੀ ਔਰਤ ਦੀ ਹੱਤਿਆ ਕਰ ਦਿੱਤੀ ਗਈ। ਟੋਰਾਂਟੋ ਪੁਲਿਸ ਵੱਲੋਂ ਜਾਰੀ ਇਕ ਪ੍ਰੈੱਸ ਰਿਲੀਜ਼ 'ਚ ਇਸਦੀ ਜਾਣਕਾਰੀ ਸਾਂਝੀ ਕੀਤੀ ਗਈ। ਮ੍ਰਿਤਕਾ ਦੀ ਪਛਾਣ ਹਿਮਾਂਸ਼ੀ ਖੁਰਾਨਾ ਵਜੋਂ ਹੋਈ ਹੈ। ਕੈਨੇਡੀਅਨ ਬ੍ਰੌਡਕਾਸਟਿੰਗ ਕਾਰਪੋਰੇਸ਼ਨ (ਸੀ.ਬੀ.ਸੀ.) ਵੱਲੋਂ ਜਾਰੀ ਇਕ ਰਿਪੋਰਟ ਅਨੁਸਾਰ ਪੁਲਿਸ ਨੂੰ ਸ਼ਨੀਵਾਰ ਨੂੰ ਕਿ ਘਰ 'ਚੋਂ ਲਾਪਤਾ ਔਰਤ ਦੀ ਲਾਸ਼ ਮਿਲੀ। ਇਕ ਦਿਨ ਪਹਿਲਾਂ ਸਟ੍ਰੈਚਨ ਐਵੇਨਿਊ ਤੇ ਵੈਲਿੰਗਟਨ ਸਟਰੀਟ ਡਬਲਯੂ ਦੇ ਖੇਤਰ 'ਚ ਉਸ ਦੇ ਲਾਪਤਾ ਹੋਣ ਦੀ ਰਿਪੋਰਟ ਆਈ ਸੀ। ਪੁਲਿਸ ਨੇ ਇਸ ਮਾਮਲੇ 'ਚ ਸ਼ੱਕੀ 32 ਸਾਲਾ ਅਬਦੁਲ ਗਫੂਰੀ, ਜੋ ਕਿ ਟੋਰਾਂਟੋ ਦਾ ਹੀ ਰਹਿਣ ਵਾਲਾ ਹੈ, ਲਈ ਵਾਰੰਟ ਜਾਰੀ ਕੀਤਾ ਹੈ। ਟੋਰਾਂਟੋ 'ਚ ਭਾਰਤੀ ਹਾਈ ਕਮਿਸ਼ਨ ਨੇ ਮੰਗਲਵਾਰ ਨੂੰ ਵਾਪਰੀ ਘਟਨਾ 'ਤੇ ਸਦਮਾ ਅਤੇ ਡੂੰਘਾ ਦੁੱਖ ਪ੍ਰਗਟ ਕੀਤਾ ਤੇ ਹਿਮਾਂਸ਼ੀ ਦੇ ਪਰਿਵਾਰ ਨਾਲ ਆਪਣੀ ਡੂੰਘੀ ਸੰਵੇਦਨਾ ਪ੍ਰਗਟ ਕੀਤੀ।

# ਦਸਤਾਰ ਦੀ ਅਹਿਮੀਅਤ ਅਤੇ ਨੈਤਿਕਤਾ



ਸਤਨਾਮ ਸਿੰਘ ਚਾਹਲ

ਸਿੱਖ ਦਸਤਾਰ ਦੁਨੀਆ ਦੇ ਸਭ ਤੋਂ ਵੱਧ ਪਛਾਣੇ ਜਾਣ ਵਾਲੇ ਅਤੇ ਸਤਿਕਾਰਯੋਗ ਧਾਰਮਿਕ ਨਿਸ਼ਾਨਾਂ ਵਿੱਚੋਂ ਇੱਕ ਹੈ। ਇਹ ਹਿੰਮਤ, ਅਨੁਸ਼ਾਸਨ, ਇਮਾਨਦਾਰੀ, ਕੁਰਬਾਨੀ ਅਤੇ ਕਮਜ਼ੋਰਾਂ ਦੀ ਰੱਖਿਆ ਕਰਨ ਅਤੇ ਮਨੁੱਖਤਾ ਦੀ ਸੇਵਾ ਕਰਨ ਦੇ ਨੈਤਿਕ ਫਰਜ਼ ਦਾ ਪ੍ਰਤੀਕ ਹੈ। ਵਿਸ਼ਵ ਯੁੱਧ ਦੇ ਮੈਦਾਨਾਂ ਤੋਂ ਲੈ ਕੇ ਆਧੁਨਿਕ ਸ਼ਹਿਰਾਂ ਦੀਆਂ ਗਲੀਆਂ ਤੱਕ, ਦਸਤਾਰਧਾਰੀ ਸਿੱਖਾਂ ਨੇ ਬਹਾਦਰੀ, ਸਖ਼ਤ ਮਿਹਨਤ ਅਤੇ ਨਿਰਸਵਾਰਥ ਸੇਵਾ ਰਾਹੀਂ ਵਿਸ਼ਵਵਿਆਪੀ ਸਤਿਕਾਰ ਪ੍ਰਾਪਤ ਕੀਤਾ ਹੈ। ਫਿਰ ਵੀ, ਹਾਲ ਹੀ ਦੇ ਸਾਲਾਂ ਵਿੱਚ ਇੱਕ ਪਰੇਸ਼ਾਨ ਕਰਨ ਵਾਲੀ ਹਕੀਕਤ ਸਾਹਮਣੇ ਆਈ ਹੈ।

ਦਸਤਾਰ ਪਹਿਨਣ ਵਾਲੇ ਬਹੁਤ ਘੱਟ ਵਿਅਕਤੀ ਵੱਖ-ਵੱਖ ਦੇਸ਼ਾਂ ਵਿੱਚ ਗੰਭੀਰ ਅਪਰਾਧਾਂ ਵਿੱਚ ਸ਼ਾਮਲ ਹੋਏ ਹਨ, ਜਿਸ ਨਾਲ ਵਿਸ਼ਵ ਸਿੱਖ ਭਾਈਚਾਰੇ ਨੂੰ ਸ਼ਰਮਿੰਦਗੀ ਅਤੇ ਭਾਵਨਾਤਮਕ ਦਰਦ ਹੋਇਆ ਹੈ। ਜਦੋਂ ਕਿ ਉਨ੍ਹਾਂ ਦੇ ਕੰਮ ਸਿਰਫ਼ ਉਨ੍ਹਾਂ ਦੀ ਨਿੱਜੀ ਪਛਾਣ ਨੂੰ ਦਰਸਾਉਂਦੇ ਹਨ, ਸਮੁੱਚੇ ਸਿੱਖ ਪੰਥ ਦੀ ਨਹੀਂ।

ਕੈਨੇਡਾ ਵਿੱਚ ਖ਼ਾਸ ਕਰਕੇ ਬ੍ਰਿਟਿਸ਼ ਕੋਲੰਬੀਆ ਅਤੇ ਓਂਟਾਰੀਓ ਵਿੱਚ ਕਾਨੂੰਨ ਲਾਗੂ ਕਰਨ ਵਾਲੀਆਂ ਏਜੰਸੀਆਂ ਨੇ ਕਈ ਸੰਗਠਿਤ ਅਪਰਾਧ ਅਤੇ ਨਸ਼ੀਲੇ ਪਦਾਰਥਾਂ ਦੀ ਤਸਕਰੀ ਦੇ ਨੈੱਟਵਰਕ ਦਾ ਪਰਦਾਫਾਸ਼ ਕੀਤਾ ਹੈ ਜਿਸ ਵਿੱਚ ਪੰਜਾਬੀ ਸਿੱਖ ਪਿਛੋਕੜ ਵਾਲੇ ਵਿਅਕਤੀ ਸ਼ਾਮਲ ਹਨ, ਜਿਨ੍ਹਾਂ ਵਿੱਚੋਂ ਕੁਝ ਖੁੱਲ੍ਹ ਕੇ ਦਸਤਾਰ ਪਹਿਨਦੇ ਸਨ। ਇਨ੍ਹਾਂ ਉੱਚ-ਪ੍ਰੋਫਾਈਲ ਗ੍ਰਿਫ਼ਤਾਰੀਆਂ ਨੂੰ ਵੱਡੇ ਪੱਧਰ ’ਤੇ ਮੀਡੀਆ ਕਵਰੇਜ ਮਿਲੀ ਅਤੇ ਬਹੁਤ ਸਾਰੇ ਮਾਮਲਿਆਂ ਵਿੱਚ ਦਸਤਾਰ ਅਪਰਾਧ ਦੀ ਬਜਾਏ ਇੱਕ ਕੇਂਦਰੀ ਦ੍ਰਿਸ਼ਟੀਗਤ ਕੇਂਦਰ ਬਣ ਗਈ। ਨਤੀਜੇ ਵਜੋਂ ਬੇਕਸੂਰ ਸਿੱਖ ਨੌਜਵਾਨਾਂ ਨੂੰ ਵਧਦੀ ਨਸਲੀ ਪ੍ਰੋਫਾਈਲਿੰਗ, ਸ਼ੱਕ ਅਤੇ ਧੱਕੇਸ਼ਾਹੀ ਦਾ ਸਾਹਮਣਾ ਕਰਨਾ ਪਿਆ, ਇਸ ਤੱਥ ਦੇ ਬਾਵਜੂਦ ਕਿ ਜ਼ਿਆਦਾਤਰ ਸਿੱਖ ਕੈਨੇਡੀਅਨ ਕਾਨੂੰਨ ਦੀ ਪਾਲਣਾ ਕਰਨ ਵਾਲੇ ਪੇਸ਼ੇਵਰ, ਕਾਮੇ, ਉੱਦਮੀ ਅਤੇ ਭਾਈਚਾਰਕ ਵਾਲੰਟੀਅਰ ਹਨ। ਸਿੱਖ ਸੰਗਠਨਾਂ ਨੇ ਵਾਰ-ਵਾਰ ਇਨ੍ਹਾਂ ਅਪਰਾਧਾਂ ਦੀ ਨਿੰਦਾ ਕੀਤੀ, ਫਿਰ ਵੀ ਉਨ੍ਹਾਂ ਦੀ ਸਾਖ ਨੂੰ ਨੁਕਸਾਨ ਪਹੁੰਚਿਆ।

ਸੰਯੁਕਤ ਰਾਜ ਅਮਰੀਕਾ ਵਿੱਚ ਇਸੇ ਤਰ੍ਹਾਂ ਦੇ ਨਮੂਨੇ ਸਾਹਮਣੇ ਆਏ। ਕੈਲੀਫੋਰਨੀਆ, ਟੈਕਸਾਸ ਅਤੇ ਮੱਧ-ਪੱਛਮ ਦੇ ਕੁਝ ਹਿੱਸਿਆਂ ਵਿੱਚ ਅਧਿਕਾਰੀਆਂ ਨੇ ਡਰੱਗ ਸਪਲਾਈ ਚੇਨਾਂ, ਮਨੁੱਖੀ ਤਸਕਰੀ ਦੇ ਰਿੰਗਾਂ ਅਤੇ ਕੁਝ ਦਸਤਾਰਧਾਰੀ ਵਿਅਕਤੀਆਂ ਨਾਲ ਸਬੰਧਤ ਵਿੱਤੀ ਧੋਖਾਧੜੀ ਦੀਆਂ ਕਾਰਵਾਈਆਂ ਨੂੰ ਉਜਾਗਰ ਕਰ ਦਿੱਤਾ। ਮੀਡੀਆ ਨੇ ਇੱਕ ਵਾਰ ਫਿਰ ਅਪਰਾਧਕ ਨੈੱਟਵਰਕਾਂ ਨਾਲੋਂ ਧਾਰਮਿਕ ਪਛਾਣ ਨੂੰ ਵਧੇਰੇ ਉਜਾਗਰ ਕੀਤਾ। ਇਸ ਨੇ ਆਮ ਲੋਕਾਂ ਵਿੱਚ ਡਰ ਅਤੇ ਗ਼ਲਤਫਹਿਮੀ ਪੈਦਾ ਕੀਤੀ ਹੈ ਅਤੇ ਆਮ ਸਿੱਖ ਅਮਰੀਕੀਆਂ ਲਈ ਜੀਵਨ ਹੋਰ ਵੀ ਮੁਸ਼ਕਲ ਬਣਾ ਦਿੱਤਾ ਜਿਨ੍ਹਾਂ ਦਾ ਇਨ੍ਹਾਂ ਅਪਰਾਧਾਂ ਨਾਲ ਕੋਈ ਲੈਣਾ-ਦੇਣਾ ਨਹੀਂ ਸੀ। ਇਸ ਦੇ ਨਾਲ ਹੀ ਹਜ਼ਾਰਾਂ ਦਸਤਾਰਧਾਰੀ ਸਿੱਖ ਅਮਰੀਕੀ ਫੌਜ, ਕਾਨੂੰਨ ਲਾਗੂ ਕਰਨ, ਸਿਹਤ ਸੰਭਾਲ, ਆਵਾਜਾਈ ਅਤੇ ਕਾਰੋਬਾਰ ਵਿੱਚ ਸਨਮਾਨ ਨਾਲ ਸੇਵਾ ਕਰਦੇ ਹਨ, ਫਿਰ ਵੀ ਉਨ੍ਹਾਂ ਦੇ ਸਕਾਰਾਤਮਕ ਯੋਗਦਾਨਾਂ ਨੂੰ ਅਪਰਾਧਕ ਸੁਰਖੀਆਂ ਵਾਂਗ ਘੱਟ ਹੀ ਧਿਆਨ ਮਿਲਦਾ ਹੈ।

ਯੂਰਪ ਵਿੱਚ ਖ਼ਾਸ ਕਰਕੇ ਇਟਲੀ, ਸਪੇਨ ਅਤੇ ਯੂਨਾਈਟਿਡ ਕਿੰਗਡਮ ਵਿੱਚ ਸਿੱਖ ਪਰਵਾਸੀ ਖੇਤੀਬਾੜੀ, ਲੌਜਿਸਟਿਕਸ ਅਤੇ ਨਿਰਮਾਣ ਵਿੱਚ ਆਪਣੀ ਸਖ਼ਤ ਮਿਹਨਤ ਲਈ ਵਿਆਪਕ ਤੌਰ ’ਤੇ ਜਾਣੇ ਜਾਂਦੇ ਹਨ। ਹਾਲਾਂਕਿ, ਨਸ਼ੀਲੇ ਪਦਾਰਥਾਂ ਦੀ ਵੰਡ, ਮਜ਼ਦੂਰਾਂ ਦਾ ਸ਼ੋਸ਼ਣ, ਮਨੁੱਖੀ ਤਸਕਰੀ ਅਤੇ ਸੰਗਠਿਤ ਵਿੱਤੀ ਅਪਰਾਧ ਲਈ ਪਗੜੀਧਾਰੀ ਸਿੱਖਾਂ ਨੂੰ ਗ੍ਰਿਫ਼ਤਾਰ ਕੀਤੇ ਜਾਣ ਦੇ ਮਾਮਲੇ ਪਰਵਾਸੀ ਸਿੱਖ ਵਿਰੋਧੀ ਬਿਰਤਾਂਤਾਂ ਵਿੱਚ ਸਨਸਨੀਖੇਜ਼ ਰਾਜਨੀਤਿਕ ਸਾਧਨ ਬਣ ਗਏ ਹਨ। ਕੁਝ ਦੇਸ਼ਾਂ ਵਿੱਚ ਸੱਜੇ-ਪੱਖੀ ਸਮੂਹਾਂ ਨੇ ਇਨ੍ਹਾਂ ਦੁਰਲੱਭ ਘਟਨਾਵਾਂ ਦੀ ਵਰਤੋਂ ਸਾਰੇ ਸਿੱਖਾਂ ਵਿਰੁੱਧ ਨਫ਼ਰਤ ਫੈਲਾਉਣ ਲਈ ਕੀਤੀ, ਜਦੋਂ ਕਿ ਜ਼ਿਆਦਾਤਰ ਸਿੱਖ ਮਜ਼ਦੂਰਾਂ ਦੁਆਰਾ ਦਰਪੇਸ਼ ਗਰੀਬੀ, ਸ਼ੋਸ਼ਣ ਅਤੇ ਅਣਮਨੁੱਖੀ ਕੰਮ ਕਰਨ ਦੀਆਂ ਸਥਿਤੀਆਂ ਨੂੰ ਨਜ਼ਰਅੰਦਾਜ਼ ਕੀਤਾ ਜਾਂਦਾ ਹੈ।

ਨਿਊਜ਼ੀਲੈਂਡ ਅਤੇ ਆਸਟਰੇਲੀਆ ਵਰਗੇ ਸ਼ਾਂਤੀਪੂਰਨ ਦੇਸ਼ਾਂ ਵਿੱਚ ਵੀ ਹਿੰਸਕ ਅਪਰਾਧਾਂ ਅਤੇ ਨਸ਼ੀਲੇ ਪਦਾਰਥਾਂ ਦੀ ਤਸਕਰੀ ਵਿੱਚ ਦੋਸ਼ੀ ਠਹਿਰਾਏ ਗਏ ਪਗੜੀਧਾਰੀ ਸਿੱਖ ਵਿਅਕਤੀਆਂ ਨਾਲ ਜੁੜੇ ਕੁਝ ਬਹੁਤ ਜ਼ਿਆਦਾ ਪ੍ਰਚਾਰਿਤ ਮਾਮਲਿਆਂ ਨੇ ਜਨਤਾ ਨੂੰ ਹੈਰਾਨ ਕਰ ਦਿੱਤਾ। ਉੱਥੋਂ ਦੇ ਸਿੱਖ ਭਾਈਚਾਰਿਆਂ ਨੇ ਤੇਜ਼ੀ ਨਾਲ ਕਾਰਵਾਈ ਕੀਤੀ, ਅਪਰਾਧਾਂ ਦੀ ਖੁੱਲ੍ਹ ਕੇ ਨਿੰਦਾ ਕੀਤੀ ਅਤੇ ਸਮਾਜ ਨੂੰ ਭਰੋਸਾ ਦਿਵਾਉਣ ਲਈ ਅਧਿਕਾਰੀਆਂ ਨਾਲ ਸਹਿਯੋਗ ਕੀਤਾ। ਫਿਰ ਵੀ ਨੈਤਿਕ ਝਟਕਾ ਗੰਭੀਰ ਸੀ ਕਿਉਂਕਿ ਪੱਗ ਰਵਾਇਤੀ ਤੌਰ ’ਤੇ ਸੁਰੱਖਿਆ ਅਤੇ ਮਾਣ ਨਾਲ ਜੁੜੀ ਹੋਈ ਹੈ, ਇਸ ਨੂੰ ਅਚਾਨਕ ਰਾਸ਼ਟਰੀ ਸੁਰਖੀਆਂ ਵਿੱਚ ਅਪਰਾਧਕ ਵਿਵਹਾਰ ਨਾਲ ਜੋੜਿਆ ਜਾ ਰਿਹਾ ਸੀ।

ਦੱਖਣੀ-ਪੂਰਬੀ ਏਸ਼ੀਆ ਦੇ ਕੁਝ ਹਿੱਸਿਆਂ ਵਿੱਚ, ਮਲੇਸ਼ੀਆ ਅਤੇ ਥਾਈਲੈਂਡ ਸਮੇਤ ਜਿੱਥੇ ਸਿੱਖ ਇੱਕ ਛੋਟੀ ਘੱਟ ਗਿਣਤੀ ਹਨ, ਅੰਤਰਰਾਸ਼ਟਰੀ ਡਰੱਗ ਕੋਰੀਅਰ ਕਾਰਵਾਈਆਂ ਵਿੱਚ ਪਗੜੀਧਾਰੀ ਵਿਅਕਤੀਆਂ ਦੀਆਂ ਗ੍ਰਿਫ਼ਤਾਰੀਆਂ ਨੇ ਨਿਰਦੋਸ਼ ਸਿੱਖ ਯਾਤਰੀਆਂ ਲਈ ਹਵਾਈ ਅੱਡਿਆਂ ’ਤੇ ਜਾਂਚ ਵਧਾ ਦਿੱਤੀ। ਇਸੇ ਤਰ੍ਹਾਂ, ਕੁਝ ਮੱਧ ਪੂਰਬੀ ਦੇਸ਼ਾਂ ਵਿੱਚ ਸਿੱਖ ਪਰਵਾਸੀ ਕਾਮਿਆਂ ਨੂੰ ਗੈਰ-ਕਾਨੂੰਨੀ ਪੈਸੇ ਭੇਜਣ ਵਾਲੇ ਨੈੱਟਵਰਕਾਂ, ਨਸ਼ੀਲੇ ਪਦਾਰਥਾਂ ਦੀ ਤਸਕਰੀ ਅਤੇ ਵਿੱਤੀ ਧੋਖਾਧੜੀ ਨਾਲ ਸਬੰਧਤ ਕੁਝ ਗ੍ਰਿਫ਼ਤਾਰੀਆਂ ਤੋਂ ਬਾਅਦ ਸਮਾਜਿਕ ਬੇਆਰਾਮੀ ਦਾ ਸਾਹਮਣਾ ਕਰਨਾ ਪਿਆ। ਉਨ੍ਹਾਂ ਇਲਾਕਿਆਂ ਵਿੱਚ ਜਿੱਥੇ ਸਿੱਖ ਪਹਿਲਾਂ ਹੀ ਸਮਾਜਿਕ ਘੱਟ ਗਿਣਤੀਆਂ ਵਜੋਂ ਰਹਿੰਦੇ ਹਨ, ਉੱਥੇ ਉਨ੍ਹਾਂ ਖਿਲਾਫ਼ ਇੱਕ ਵੀ ਅਪਰਾਧਕ ਮਾਮਲਾ ਵਿਆਪਕ ਡਰ ਅਤੇ ਕਲੰਕ ਪੈਦਾ ਕਰ ਸਕਦਾ ਹੈ।

ਦਰਦ ਹੋਰ ਵੀ ਵਧ ਜਾਂਦਾ ਹੈ ਜਦੋਂ ਗ਼ਲਤ ਕੰਮ ਸਿਰਫ਼ ਸੜਕੀ ਅਪਰਾਧ ਤੱਕ ਸੀਮਤ ਨਹੀਂ ਹੁੰਦਾ ਬਲਕਿ ਧਾਰਮਿਕ ਅਤੇ ਭਾਈਚਾਰਕ ਸੰਸਥਾਵਾਂ ਵਿੱਚ ਵੀ ਦਾਖਲ ਹੁੰਦਾ ਹੈ। ਵੱਖ-ਵੱਖ ਦੇਸ਼ਾਂ ਵਿੱਚ ਸਿੱਖ ਸੰਗਠਨਾਂ ਦੇ ਅੰਦਰ ਵਿੱਤੀ ਭ੍ਰਿਸ਼ਟਾਚਾਰ, ਧਾਰਮਿਕ ਦਾਨਾਂ ਦੀ ਦੁਰਵਰਤੋਂ, ਡਰਾਉਣ-ਧਮਕਾਉਣ ਅਤੇ ਸ਼ਕਤੀ ਦੀ ਦੁਰਵਰਤੋਂ ਦੇ ਦੋਸ਼ ਸਾਹਮਣੇ ਆਏ ਅਤੇ ਕਈ ਸਾਬਤ ਵੀ ਹੋਏ। ਜਦੋਂ ਧਾਰਮਿਕ ਲੀਡਰਸ਼ਿਪ ਜਿਨ੍ਹਾਂ ਵਿੱਚੋਂ ਬਹੁਤ ਸਾਰੇ ਪੱਗ ਵਾਲੇ ਹਨ, ਉਹ ਨਿੱਜੀ ਲਾਭ ਲਈ ਸੰਗਤ ਦੇ ਵਿਸ਼ਵਾਸ ਨਾਲ ਵਿਸ਼ਵਾਸਘਾਤ ਕਰਦੇ ਹਨ, ਤਾਂ ਨੁਕਸਾਨ ਸਿਰਫ਼ ਕਾਨੂੰਨੀ ਨਹੀਂ ਹੁੰਦਾ; ਇਹ ਅਧਿਆਤਮਕ ਵੀ ਹੁੰਦਾ ਹੈ। ਅਜਿਹੀਆਂ ਕਾਰਵਾਈਆਂ ਕੁਰਬਾਨੀ ਅਤੇ ਸੇਵਾ ’ਤੇ ਬਣੇ ਅਦਾਰਿਆਂ ਵਿੱਚ ਵਿਸ਼ਵਾਸ ਨੂੰ ਖਰਾਬ ਕਰਦੀਆਂ ਹਨ।

ਇਹ ਸਪੱਸ਼ਟ ਤੌਰ ’ਤੇ ਕਿਹਾ ਜਾਣਾ ਚਾਹੀਦਾ ਹੈ ਕਿ ਇਹ ਵਿਅਕਤੀ ਸਿੱਖ ਧਰਮ ਦੀ ਨੁਮਾਇੰਦਗੀ ਨਹੀਂ ਕਰਦੇ। ਸਿੱਖ ਸਿਧਾਂਤ ਨਸ਼ਾ, ਸ਼ੋਸ਼ਣ, ਬੇਈਮਾਨੀ, ਹਿੰਸਾ ਅਤੇ ਭ੍ਰਿਸ਼ਟਾਚਾਰ ਨੂੰ ਸਖ਼ਤੀ ਨਾਲ ਵਰਜਿਤ ਕਰਦੇ ਹਨ। ਸਿੱਖ ਪਛਾਣ ਕਾਨੂੰਨ ਤੋਂ ਛੋਟ ਨਹੀਂ ਦਿੰਦੀ ਅਤੇ ਪੱਗ ਕਿਸੇ ਨੂੰ ਵੀ ਨੈਤਿਕ ਜਵਾਬਦੇਹੀ ਤੋਂ ਨਹੀਂ ਬਚਾਉਂਦੀ। ਜਦੋਂ ਕੋਈ ਪੱਗ ਬੰਨ੍ਹ ਕੇ ਅਪਰਾਧ ਕਰਦਾ ਹੈ ਤਾਂ ਇਹ ਸਿਵਲ ਕਾਨੂੰਨ ਅਤੇ ਸਿੱਖ ਕਦਰਾਂ-ਕੀਮਤਾਂ ਦਾ ਦੋਹਰਾ ਵਿਸ਼ਵਾਸਘਾਤ ਹੁੰਦਾ ਹੈ।

ਇਸ ਦੇ ਨਾਲ ਹੀ ਸਿੱਖ ਭਾਈਚਾਰੇ ਨੂੰ ਅਸਹਿਜ ਅੰਦਰੂਨੀ ਸੱਚਾਈ ਦਾ ਸਾਹਮਣਾ ਵੀ ਕਰਨਾ ਪਵੇਗਾ। ਨਸਲਵਾਦ ਅਤੇ ਪੱਖਪਾਤ ਤੋਂ ਭਾਈਚਾਰੇ ਦਾ ਬਚਾਅ ਕਰਨਾ ਜ਼ਰੂਰੀ ਹੈ, ਪਰ ਅਪਰਾਧੀਆਂ ਦਾ ਬਚਾਅ ਸਿਰਫ਼ ਇਸ ਲਈ ਨਹੀਂ ਕਰਨਾ ਚਾਹੀਦਾ ਹੈ ਕਿਉਂਕਿ ਉਹ ਸਾਡੀ ਧਾਰਮਿਕ ਪਛਾਣ ਨੂੰ ਸਾਂਝਾ ਕਰਦੇ ਹਨ, ਇਹ ਖ਼ਤਰਨਾਕ ਰੁਝਾਨ ਹੈ। ਚੁੱਪ, ਇਨਕਾਰ ਜਾਂ ਅੰਨ੍ਹੀ ਵਫ਼ਾਦਾਰੀ ਸਿਰਫ਼ ਉਨ੍ਹਾਂ ਤਾਕਤਾਂ ਨੂੰ ਮਜ਼ਬੂਤ ਕਰਦੀ ਹੈ ਜੋ ਸਿੱਖ ਸਮਾਜ ਨੂੰ ਅੰਦਰੋਂ ਨੁਕਸਾਨ ਪਹੁੰਚਾਉਂਦੀਆਂ ਹਨ। ਪੱਗ ਦੀ ਸੱਚੀ ਸੁਰੱਖਿਆ ਭਾਵਨਾਤਮਕ ਬਚਾਅ ਵਿੱਚ ਨਹੀਂ, ਸਗੋਂ ਨਿਡਰ ਸਵੈ-ਸੁਧਾਰ ਵਿੱਚ ਹੈ। ਪੱਗ ਸਿਰਫ਼ ਪਹਿਰਾਵੇ ਦਾ ਇੱਕ ਕੱਪੜਾ ਨਹੀਂ ਹੈ, ਇਹ ਇੱਕ ਜੀਵਨ ਭਰ ਦਾ ਨੈਤਿਕ ਇਕਰਾਰਨਾਮਾ ਹੈ।

ਇਹ ਸੱਚਾਈ, ਸੰਜਮ, ਨਿਮਰਤਾ ਅਤੇ ਸੇਵਾ ਦੀ ਬਹੁਤ ਹੀ ਉੱਚ ਪੱਧਰ ’ਤੇ ਮੰਗ ਕਰਦੀ ਹੈ। ਜਦੋਂ ਕੁਝ ਲੋਕ ਲਾਲਚ, ਅਪਰਾਧ ਜਾਂ ਸ਼ਕਤੀ ਲਈ ਇਸ ਪਵਿੱਤਰ ਪ੍ਰਤੀਕ ਦੀ ਦੁਰਵਰਤੋਂ ਕਰਦੇ ਹਨ ਤਾਂ ਉਹ ਸਿੱਖ ਪਛਾਣ ਦੇ ਅਧਿਆਤਮਕ ਅਰਥ ਨੂੰ ਕਮਜ਼ੋਰ ਕਰਦੇ ਹਨ ਅਤੇ ਉਨ੍ਹਾਂ ਲੋਕਾਂ ਨੂੰ ਗੋਲਾ ਬਾਰੂਦ ਦਿੰਦੇ ਹਨ ਜੋ ਪਹਿਲਾਂ ਹੀ ਰੂੜ੍ਹੀਵਾਦੀ ਅਤੇ ਨਫ਼ਰਤ ਕਰਨ ਦੇ ਕਾਰਨਾਂ ਦੀ ਭਾਲ ਕਰਦੇ ਹਨ।

ਇਸ ਦਾ ਹੱਲ ਮਜ਼ਬੂਤ ਭਾਈਚਾਰਕ ਅਨੁਸ਼ਾਸਨ, ਪਾਰਦਰਸ਼ੀ ਲੀਡਰਸ਼ਿਪ, ਗਲਤ ਕੰਮਾਂ ਦੀ ਬੇਝਿਜਕ ਨਿੰਦਾ ਅਤੇ ਨੌਜਵਾਨ ਪੀੜ੍ਹੀ ਦੀ ਸਿੱਖਿਆ ਵਿੱਚ ਹੈ। ਸਿੱਖ ਨੌਜਵਾਨਾਂ ਨੂੰ ਸਿਖਾਇਆ ਜਾਣਾ ਚਾਹੀਦਾ ਹੈ ਕਿ ਪੱਗ ਦਾ ਸਨਮਾਨ ਚਰਿੱਤਰ ਤੋਂ ਆਉਂਦਾ ਹੈ, ਦਿੱਖ ਤੋਂ ਨਹੀਂ; ਕੁਰਬਾਨੀ ਤੋਂ, ਨਾਅਰੇ ਤੋਂ ਨਹੀਂ; ਸੇਵਾ ਤੋਂ, ਰੁਤਬੇ ਤੋਂ ਨਹੀਂ। ਕੇਵਲ ਤਦ ਹੀ ਸਿੱਖ ਪੰਥ ਆਪਣੀ ਵਿਸ਼ਵਵਿਆਪੀ ਸਾਖ ਅਤੇ ਆਪਣੀ ਪਵਿੱਤਰ ਵਿਰਾਸਤ ਦੋਵਾਂ ਦੀ ਰੱਖਿਆ ਕਰ ਸਕਦਾ ਹੈ।







# ਰੁਜ਼ਗਾਰ ਮੁਹੱਈਆ ਕਰ ਕੇ ਹੀ ਰੋਕਿਆ ਜਾ ਸਕਦਾ ਹੈ ਅਸਾਧਾਰਨ ਪ੍ਰਵਾਸ



ਸ਼ੁਰੂ ਤੋਂ ਹੀ ਪ੍ਰਵਾਸ ਮਨੁੱਖੀ ਇਤਿਹਾਸ ਦਾ ਇਕ ਅਨਿੱਖੜਵਾਂ ਅੰਗ ਰਿਹਾ ਹੈ। ਆਮ ਕਰਕੇ ਰੋਜ਼ੀ-ਰੋਟੀ, ਚੰਗੇ ਭਵਿੱਖ ਜਾਂ ਸੁਰੱਖਿਆ ਦੀ ਭਾਲ ਵਿਚ ਆਪਣੀ ਜਨਮ ਭੂਮੀ ਨੂੰ ਛੱਡ ਕੇ ਕਿਸੇ ਦੂਜੇ ਦੇਸ਼ ਜਾਂ ਪ੍ਰਦੇਸ਼ ਵਿਚ ਜਾ ਕੇ ਵਸਣ ਨੂੰ 'ਪ੍ਰਵਾਸ' ਕਿਹਾ ਜਾਂਦਾ ਹੈ। ਬੇਰੁਜ਼ਗਾਰੀ ਤੇ ਘੱਟ ਆਮਦਨ ਪ੍ਰਵਾਸ ਦਾ ਸਭ ਤੋਂ ਵੱਡਾ ਕਾਰਨ ਹੈ। ਲੋਕ ਚੰਗੀ ਕਮਾਈ ਤੇ ਆਰਥਿਕ ਖ਼ੁਸ਼ਹਾਲੀ, ਬਿਹਤਰ ਸਿਹਤ ਸਹੂਲਤਾਂ, ਸਾਫ਼ ਵਾਤਾਵਰਨ ਤੇ ਕਾਨੂੰਨ ਵਿਵਸਥਾ ਨੂੰ ਲੈ ਕੇ ਵਿਕਸਿਤ ਦੇਸ਼ਾਂ-ਕੈਨੇਡਾ, ਅਮਰੀਕਾ, ਆਸਟ ?ਰੇਲੀਆ ਵੱਲ ਰੁਖ਼ ਕਰਦੇ ਹਨ। ਵਿਦਿਆਰਥੀ ਵਧੀਆ ਪੜ੍ਹਾਈ ਤੇ ਅੰਤਰਰਾਸ਼ਟਰੀ ਪੱਧਰ ਦੀਆਂ ਡਿਗਰੀਆਂ ਹਾਸਿਲ ਕਰਨ ਲਈ ਵਿਦੇਸ਼ ਜਾਂਦੇ ਹਨ।

ਪੰਜਾਬ ਤੇ ਪ੍ਰਵਾਸ - ਪੰਜਾਬੀਆਂ ਦਾ ਪ੍ਰਵਾਸ ਨਾਲ ਗੂੜ੍ਹਾ ਰਿਸ਼ਤਾ ਹੈ। ਪਿਛਲੇ ਕੁਝ ਦਹਾਕਿਆਂ ਤੋਂ ਪੰਜਾਬ ਦੇ ਸਾਲਾਨਾ ਲੱਖਾਂ ਨੌਜਵਾਨ ਸਟੱਡੀ ਵੀਜ਼ੇ ਰਾਹੀਂ ਵਿਦੇਸ਼ ਜਾ ਰਹੇ ਹਨ। ਇਸ ਨੂੰ 'ਬ੍ਰੇਨ ਡਰੇਨ' ਕਿਹਾ ਜਾਂਦਾ ਹੈ, ਜਿਸ ਦਾ ਅਰਥ ਹੈ ਕਿ ਸਾਡੀ ਬੁੱਧੀਜੀਵੀ ਨੌਜਵਾਨ ਪੀੜ੍ਹੀ ਆਪਣਾ ਹੁਨਰ ਦੂਜੇ ਦੇਸ਼ਾਂ ਨੂੰ ਦੇ ਰਹੀ ਹੈ। ਵਿਦੇਸ਼ ਜਾਣਾ ਇਕ ਸਟੇਟਸ-ਸਿੰਬਲ ਵੀ ਬਣ ਗਿਆ ਹੈ, ਖ਼ੁਸ਼ਹਾਲ ਪਰਿਵਾਰਾਂ ਦੇ ਲੜਕੇ-ਲੜਕੀਆਂ ਸਿਰਫ਼ 'ਬਾਹਰ ਵਾਲੇ' ਅਖਵਾਉਣ ਲਈ ਵਿਦੇਸ਼ਾਂ ਦਾ ਰੁਖ਼ ਕਰ ਰਹੇ ਹਨ। ਪੰਜਾਬ 'ਚ ਹੱਥੀਂ ਕਿਰਤ ਤੋਂ ਕਿਨਾਰਾ ਕਰਨ ਵਾਲੇ ਪੰਜਾਬੀ ਵਿਦੇਸ਼ਾਂ ਵਿਚ ਜਾ ਕੇ ਹਰ ਕੰਮ ਕਰਨ ਲਈ ਤਿਆਰ ਹੋ ਜਾਂਦੇ ਹਨ। ਕਈ ਮਾਪੇ ਆਪਣੇ ਬੱਚਿਆਂ ਨੂੰ ਨਸ਼ਿਆਂ ਦੀ ਮਾਰ ਤੋਂ ਬਚਾਉਣ ਲਈ ਵੀ ਵਿਦੇਸ਼ ਭੇਜਣ ਨੂੰ ਤਰਜੀਹ ਦਿੰਦੇ ਹਨ। ਚੰਗੇ ਰਿਸ਼ਤੇ ਦੀ ਤਾਂਘ ਵੀ ਪੰਜਾਬੀਆਂ ਨੂੰ ਪ੍ਰਵਾਸੀ ਬਣਾ ਰਹੀ ਹੈ। ਜੇਕਰ ਲੜਕੀ ਆਈਲਟਸ ਪਾਸ ਹੋਵੇ ਤਾਂ ਬਾਹਰ ਭੇਜਣ ਦਾ ਖਰਚਾ ਮੁੰਡੇ ਵਾਲੇ ਕਰਨ ਨੂੰ ਝੱਟ ਤਿਆਰ ਹੋ ਜਾਂਦੇ ਹਨ। ਦੋਹਾਂ ਧਿਰਾਂ ਦੀ ਲੋੜ ਇਕ ਦੂਜੇ ਤੋਂ ਪੂਰੀ ਹੋ ਜਾਂਦੀ ਹੈ, ਲੜਕੀ ਵਾਲੇ ਖਰਚ ਤੋਂ ਬਚ ਜਾਂਦੇ ਹਨ ਅਤੇ ਮੁੰਡਾ ਬਾਹਰ ਨਿਕਲ ਜਾਂਦਾ ਹੈ।

ਪ੍ਰਵਾਸ ਦੇ ਸਾਕਾਰਾਤਮਕ ਪੱਖ-ਪ੍ਰਵਾਸੀਆਂ ਵਲੋਂ ਭੇਜਿਆ ਜਾਂਦਾ ਪੈਸਾ ਸਿਰਫ਼ ਉਨ੍ਹਾਂ ਦੇ ਪਰਿਵਾਰਾਂ ਦੀ ਹੀ ਹਾਲਤ ਨਹੀਂ ਸੁਧਾਰਦਾ, ਸਗੋਂ ਦੇਸ਼ ਦੀ ਆਰਥਿਕਤਾ ਵਿਚ ਵੀ ਵੱਡਾ ਯੋਗਦਾਨ ਪਾਉਂਦਾ ਹੈ। ਇਸ ਨਾਲ ਬਹੁਤ ਸਾਰੇ ਪਰਿਵਾਰਾਂ ਦਾ ਜੀਵਨ ਪੱਧਰ ਉੱਚਾ ਹੋਇਆ ਹੈ ਤੇ ਗਰੀਬੀ ਘਟੀ ਹੈ। ਐਨ.ਆਰ.ਆਈ. ਭਰਾਵਾਂ ਨੇ ਪੰਜਾਬ ਦੇ ਪਿੰਡਾਂ ਵਿਚ ਖੇਡ ਸਟੇਡੀਅਮ, ਸਕੂਲ, ਹਸਪਤਾਲ, ਗੇਟ ਤੇ ਧਾਰਮਿਕ ਸਥਾਨ ਬਣਵਾਉਣ ਵਿਚ ਵੱਡਾ ਯੋਗਦਾਨ ਪਾਇਆ ਹੈ। ਲੋਕ ਦੂਜੇ ਦੇਸ਼ਾਂ ਵਿਚ ਆਪਣੇ ਸੱਭਿਆਚਾਰ ਤੇ ਭਾਸ਼ਾ ਲੈ ਕੇ ਜਾਂਦੇ ਹਨ, ਜਿਸ ਨਾਲ ਪੰਜਾਬੀ ਸੱਭਿਆਚਾਰ ਦਾ ਵਿਸ਼ਵ ਪੱਧਰ 'ਤੇ ਪਸਾਰ ਹੋਇਆ ਹੈ। ਪੰਜਾਬੀ ਸੱਭਿਆਚਾਰ, ਖਾਣਾ ਤੇ ਸੰਗੀਤ ਅੱਜ ਪੂਰੀ ਦੁਨੀਆ 'ਚ ਮਸ਼ਹੂਰ ਹੋ ਚੁੱਕਾ ਹੈ। ਪੰਜਾਬੀਆਂ ਨੇ ਅੰਤਰਰਾਸ਼ਟਰੀ ਰਾਜਨੀਤੀ ਤੇ ਵਪਾਰ ਵਿਚ ਆਪਣੀ ਵੱਖਰੀ ਪਛਾਣ ਬਣਾਈ ਹੈ।

ਪ੍ਰਵਾਸ ਦੇ ਨਕਾਰਾਤਮਕ ਪੱਖ ਸਿਰਫ਼ ਇਕੱਲਤਾ ਦਾ ਦਰਦ ਹੀ ਨਹੀਂ, ਸਗੋਂ ਪ੍ਰਵਾਸ ਦਾ ਸਮਾਂ ਵਧਣ ਕਾਰਨ ਰਿਸ਼ਤਿਆਂ ਵਿਚ ਦੂਰੀ ਵਧਣ ਲੱਗਦੀ ਹੈ। ਪ੍ਰਵਾਸ ਕਾਰਨ ਪਰਿਵਾਰ ਟੁੱਟ ਰਹੇ ਹਨ। ਵਿਦੇਸ਼ਾਂ 'ਚ ਪੈਦਾ ਹੋਈ ਅਗਲੀ ਪੀੜ੍ਹੀ ਆਪਣੀ ਮਾਂ-ਬੋਲੀ ਤੇ ਵਿਰਸੇ ਤੋਂ ਟੁੱਟ ਜਾਂਦੀ ਹੈ। ਪੜ੍ਹਾਈ ਦੇ ਨਾਂਅ 'ਤੇ ਸਾਲਾਨਾ ਅਰਬਾਂ ਰੁਪਏ ਪੰਜਾਬ ਤੋਂ ਬਾਹਰ ਜਾਣ ਨਾਲ ਸੂਬੇ ਦੀ ਆਰਥਿਕਤਾ ਕਮਜ਼ੋਰ ਪੈ ਰਹੀ ਹੈ। ਪੰਜਾਬ ਦਾ ਸਭ ਤੋਂ ਵੱਡਾ ਨੁਕਸਾਨ 'ਬੌਧਿਕ ਹਿਜਰਤ' ਹੈ। ਪੜ੍ਹੇ-ਲਿਖੇ, ਹੁਸ਼ਿਆਰ ਤੇ ਕਾਬਲ ਨੌਜਵਾਨ ਵਿਦੇਸ਼ ਜਾ ਰਹੇ ਹਨ।

1. ਪੰਜਾਬ ਬਨਾਮ ਵਿਦੇਸ਼-ਇਹ ਰੁਝਾਨ ਮੁੱਖ ਤੌਰ 'ਤੇ ਨੌਜਵਾਨਾਂ ਤੇ ਵਿਦਿਆਰਥੀਆਂ ਦਾ ਹੈ ਜੋ ਪੜ੍ਹਾਈ ਤੇ ਰੁਜ਼ਗਾਰ ਲਈ ਵਿਦੇਸ਼ ਜਾ ਰਹੇ ਹਨ। ਵਿਦੇਸ਼ ਮੰਤਰਾਲੇ ਅਨੁਸਾਰ 2016 ਤੋਂ 2021 ਦਰਮਿਆਨ ਪੰਜਾਬ ਤੇ ਚੰਡੀਗੜ੍ਹ ਤੋਂ ਲਗਭਗ 9.84 ਲੱਖ ਲੋਕ ਵਿਦੇਸ਼ ਗਏ, ਜਿਨ੍ਹਾਂ 'ਚੋਂ ਲਗਭਗ 3.79 ਲੱਖ ਵਿਦਿਆਰਥੀ ਤੇ 6 ਲੱਖ

ਜਸਵਿੰਦਰ ਸਿੰਘ ਰੁਪਾਲ
9814715796



ਵਰਕਰ ਸਨ। ਕੈਨੇਡਾ 'ਚ ਅੰਤਰਰਾਸ਼ਟਰੀ ਵਿਦਿਆਰਥੀਆਂ ਦਾ ਵੱਡਾ ਹਿੱਸਾ ਪੰਜਾਬ ਤੋਂ ਹੈ। ਪੀ.ਏ.ਯੂ. ਦੇ ਇਕ ਅਧਿਐਨ ਮੁਤਾਬਕ ਪੰਜਾਬ ਦੇ ਪਿੰਡਾਂ 'ਚੋਂ ਹਰ ਸਾਲ ਹਜ਼ਾਰਾਂ ਨੌਜਵਾਨ ਵਿਦੇਸ਼ ਜਾ ਰਹੇ ਹਨ, 13-15 ਫ਼ੀਸਦੀ ਪੇਂਡੂ ਘਰਾਂ ਦਾ ਘੱਟੋ-ਘੱਟ ਇਕ ਜੀਅ ਵਿਦੇਸ਼ ਵਿਚ ਹੈ।

2. ਪੰਜਾਬ ਬਨਾਮ ਦੂਜੇ ਸੂਬੇ-ਇਸ ਨੂੰ 'ਉਲਟਾ ਪ੍ਰਵਾਸ' ਕਿਹਾ ਜਾਂਦਾ ਹੈ, ਜਿੱਥੇ ਪੰਜਾਬੀ ਨੌਜਵਾਨ ਬਾਹਰ ਜਾ ਰਹੇ ਹਨ ਉੱਥੇ ਦੂਜੇ ਸੂਬਿਆਂ ਦੇ ਲੋਕ ਪੰਜਾਬ ਆ ਰਹੇ ਹਨ। ਅੰਕੜਿਆਂ ਅਨੁਸਾਰ ਪੰਜਾਬ ਵਿਚ ਦੂਜੇ ਸੂਬਿਆਂ (ਬਿਹਾਰ, ਉੱਤਰ ਪ੍ਰਦੇਸ਼, ਝਾਰਖੰਡ ਤੇ ਪੱਛਮੀ ਬੰਗਾਲ) ਤੋਂ ਆਏ ਪ੍ਰਵਾਸੀਆਂ ਦੀ ਗਿਣਤੀ 25 ਲੱਖ ਤੋਂ ਵੱਧ ਹੋਣ ਦਾ ਅਨੁਮਾਨ ਹੈ। ਲੁਧਿਆਣਾ ਵਰਗੇ ਉਦਯੋਗਿਕ ਸ਼ਹਿਰਾਂ ਵਿਚ ਪ੍ਰਵਾਸੀ ਆਬਾਦੀ ਬਹੁਤ ਜ਼ਿਆਦਾ ਹੈ। ਰਿਪੋਰਟਾਂ ਅਨੁਸਾਰ ਲੁਧਿਆਣਾ 'ਚ 50 ਤੋਂ 70 ਫ਼ੀਸਦੀ ਕਿਰਤੀ ਪ੍ਰਵਾਸੀ ਮਜ਼ਦੂਰ ਹਨ। ਪੰਜਾਬ ਦੀ ਖੇਤੀਬਾੜੀ ਤੇ ਉਦਯੋਗ ਲਈ ਰੀੜ੍ਹ ਦੀ ਹੱਡੀ ਬਣ ਚੁੱਕੇ ਪ੍ਰਵਾਸੀ ਮਜ਼ਦੂਰਾਂ ਬਗੈਰ ਕੰਮ ਚਲਾਉਣਾ ਮੁਸ਼ਕਿਲ ਹੋ ਗਿਆ ਹੈ। ਪਰ ਇਸ ਨਾਲ ਪੰਜਾਬ ਦੀ ਡੈਮੋਗ੍ਰਾਫੀ (ਵਸੋਂ ਦਾ ਢਾਂਚਾ) ਬਦਲਣ ਤੋਂ ਇਲਾਵਾ ਪੰਜਾਬੀ ਭਾਸ਼ਾ ਤੇ ਸੱਭਿਆਚਾਰ 'ਤੇ ਹਿੰਦੀ ਭਾਸ਼ਾ ਦਾ ਪ੍ਰਭਾਵ ਵਧ ਰਿਹਾ ਹੈ। ਪ੍ਰਵਾਸੀਆਂ ਦੀ ਵਧਦੀ ਆਬਾਦੀ ਕਾਰਨ ਪਾਣੀ, ਬਿਜਲੀ ਤੇ ਰਿਹਾਇਸ਼ ਵਰਗੇ ਸਰੋਤਾਂ 'ਤੇ ਦਬਾਅ ਵਧ ਰਿਹਾ ਹੈ।

ਪੰਜਾਬ ਦੇ ਪ੍ਰਵਾਸ ਕਾਰਨ ਨੁਕਸਾਨ ਨੂੰ ਘੱਟ ਕਰਨ ਦੇ ਉਪਾਅ-ਨੌਜਵਾਨਾਂ ਨੂੰ ਹੁਨਰ ਵਿਕਾਸ ਤੇ ਉੱਦਮਤਾ ਵੱਲ ਪ੍ਰੇਰਿਤ ਕਰਨ ਲਈ ਅਤਿਆਧੁਨਿਕ ਤਕਨੀਕਾਂ-ਆਈ.ਟੀ., ਏ.ਆਈ ਅਤੇ ਸਨਅਤ ਲਈ ਢੁਕਵੇਂ ਹੁਨਰ ਸਿਖਾਏ ਜਾਣ ਅਤੇ ਪੰਜਾਬ ਵਿਚ ਵਧੀਆ ਸਨਅਤੀ ਮਾਹੌਲ ਬਣਾਇਆ ਜਾਵੇ। ਨੌਜਵਾਨਾਂ ਨੂੰ ਖੇਤੀ ਵੱਲ ਲਿਆਉਣ ਲਈ ਇਸ ਨੂੰ ਮੁਨਾਫੇ ਵਾਲਾ ਧੰਦਾ ਬਣਾ ਕੇ ਪ੍ਰੋਸੈਸਿੰਗ ਯੂਨਿਟ, ਆਰਗੈਨਿਕ ਫਾਰਮਿੰਗ ਤੇ ਖੇਤੀ ਆਧਾਰਿਤ ਸਟਾਰਟਅੱਪਸ ਨੂੰ ਉਤਸ਼ਾਹਿਤ ਕੀਤਾ ਜਾਵੇ । ਦੂਜੇ ਸੂਬਿਆਂ ਤੋਂ ਆਉਣ ਵਾਲੇ ਮਜ਼ਦੂਰਾਂ ਦਾ ਪੂਰਾ ਰਿਕਾਰਡ ਰੱਖਣ ਤੋਂ ਇਲਾਵਾ ਉਨ੍ਹਾਂ ਦੇ ਪਿਛੋਕੜ ਦੀ ਪੂਰੀ ਜਾਂਚ ਕੀਤੀ ਜਾਵੇ।

ਅੰਤਰਰਾਸ਼ਟਰੀ ਪ੍ਰਵਾਸ ਦਿਵਸ 18 ਦਸੰਬਰ : ਅੰਤਰਰਾਸ਼ਟਰੀ ਪ੍ਰਵਾਸ ਦਿਵਸ ਸਾਡਾ ਧਿਆਨ ਸੰਸਾਰ ਵਿਚ ਲੱਖਾਂ ਪ੍ਰਵਾਸੀਆਂ ਵਲੋਂ ਪਾਏ ਜਾ ਰਹੇ ਅਣਮੁੱਲੇ ਯੋਗਦਾਨ ਵੱਲ ਖਿਚਦਾ ਹੈ। ਆਪਣੀ ਰਿਹਾਇਸ਼ ਛੱਡ ਕੇ ਅੰਤਰਰਾਸ਼ਟਰੀ ਸਰਹੱਦ ਪਾਰ ਕਰਕੇ ਜਾਂ ਆਪਣੇ ਦੇਸ਼ ਦੇ ਕਿਸੇ ਦੂਸਰੇ ਸੂਬੇ ਵਿਚ ਚਲਾ ਜਾਵੇ, ਉਸ ਨੂੰ ਪ੍ਰਵਾਸੀ ਕਿਹਾ ਜਾਂਦਾ ਹੈ। ਸੰਯੁਕਤ ਰਾਸ਼ਟਰ ਮਹਾਂਸਭਾ ਵਲੋਂ 18 ਦਸੰਬਰ 1990 ਨੂੰ ਸਾਰੇ ਪ੍ਰਵਾਸੀ ਮਜ਼ਦੂਰਾਂ ਤੇ ਉਨ੍ਹਾਂ ਦੇ ਪਰਿਵਾਰਿਕ ਮੈਂਬਰਾਂ ਦੇ ਅਧਿਕਾਰਾਂ ਦੀ ਸੁਰੱਖਿਆ ਬਾਰੇ ਅੰਤਰਰਾਸ਼ਟਰੀ ਕਨਵੈਨਸ਼ਨ ਨੂੰ ਅਪਣਾਇਆ ਗਿਆ ਸੀ ਅਤੇ ਇਸ ਦੇ ਮਹੱਤਵ ਨੂੰ ਦੇਖਦਿਆਂ ਸੰਯੁਕਤ ਰਾਸ਼ਟਰ ਮਹਾਂਸਭਾ ਨੇ 4 ਦਸੰਬਰ 2000 ਦੇ ਮਤੇ ਰਾਹੀਂ ਇਸ ਨੂੰ ਹਰ ਸਾਲ 18 ਦਸੰਬਰ ਦਾ ਦਿਨ 'ਅੰਤਰਰਾਸ਼ਟਰੀ ਪ੍ਰਵਾਸ ਦਿਵਸ' ਵਜੋਂ ਮਨਾਉਣ ਦਾ ਐਲਾਨ ਕੀਤਾ ਗਿਆ ਹੈ। ਇਸ ਦਾ ਮੁੱਖ ਮਕਸਦ ਪ੍ਰਵਾਸੀਆਂ ਖਾਸ ਕਰਕੇ ਪ੍ਰਵਾਸੀ ਮਜ਼ਦੂਰਾਂ ਦੇ ਮਨੁੱਖੀ ਅਧਿਕਾਰਾਂ ਦੀ ਰੱਖਿਆ ਕਰਦਿਆਂ ਉਨ੍ਹਾਂ ਨੂੰ ਵਿਤਕਰੇ ਤੇ ਸ਼ੋਸ਼ਣ ਤੋਂ ਬਚਾਉਣਾ ਹੈ।


## NAME OF CHANGE

I, Kulwinder Singh Gill, RESIDENT H.NO.25, VILLAGE WARHA MANSOOR WALA "TEHSIL ZIRA, FEROZEPUR PIN: 142050, PUNJAB, INDIA, PRESENTLY RESIDING AT 4316 norval ave Lancaster, ca ,93536 USA. HAS CHANGED MY NAME FROM Kulwinder Singh Gill TO Kulwinder singh. ALL CONCERNED PLEASE NOTE.

## ਨਾਂ ਦੀ ਬਦਲੀ


ਮੈਂ, ਕੁਲਵਿੰਦਰ ਸਿੰਘ ਗਿੱਲ, ਵਾਸੀ ਮਕਾਨ ਨੰ. 25, ਪਿੰਡ ਵਾੜ੍ਹਾ ਮਨਸੂਰ ਵਾਲਾ, ਤਹਿਸੀਲ ਜ਼ੀਰਾ, ਫਿਰੋਜ਼ਪੁਰ ਪਿੰਡ-142050 ਪੰਜਾਬ (ਭਾਰਤ) ਦਾ ਨਿਵਾਸੀ ਹਾਂ। ਇਸ ਸਮੇਂ ਮੈਂ 4316 norval ave Lancaster, ca ,93536 (USA) ਰਹਿ ਰਿਹਾ ਹਾਂ। ਮੈਂ ਆਪਣਾ ਨਾਮ ਕੁਲਵਿੰਦਰ ਸਿੰਘ ਗਿੱਲ ਤੋਂ ਬਦਲ ਕੇ ਕੁਲਵਿੰਦਰ ਸਿੰਘ ਰੱਖ ਲਿਆ ਹੈ। ਸਬੰਧਤ ਨੋਟ ਕਰਨ।











## ਕੰਧ ਸਰਹੰਦ ਵਾਲੀ

ਦਸਮ ਪਿਤਾ ਦੇ ਸੀ ਜੋ ਲਾਲ ਦੁਲਾਰੇ
ਦੋ ਚਮਕੌਰ ਜੰਗ ਤੇ ਦੋ ਨੀਹਾਂ ਖਿਲਾਰੇ।

ਗੜ੍ਹੀ ਚਮਕੌਰ ਵਾਲੀ ਵੈਰੀ ਥੱਕ ਹਾਰੇ
ਲੱਖ ਫੌਜਾਂ ਗੁਰ ਫਰਜ਼ੰਦ ਪੈ ਗਏ ਭਾਰੇ।

ਬਾਬਾ ਅਜੀਤ ਸਿੰਘ ਵਿੱਚ ਰਣ ਅੜ ਗਏ
ਡਾਢਢੇ ਮੁਗਲ ਜਰਨੈਲਾਂ ਨਾਲ ਲੜ ਗਏ।

ਕਈਆਂ ਨੂੰ ਤਾਂ ਨਾਲ ਪਾਰ ਬੁਲਾ ਗਏ
ਨਿਸ਼ਾਨ ਖਾਲਸੇ ਦੇ ਅੰਬਰੀਂ ਝੁਲਾ ਗਏ।

ਬਾਜ਼ਾ ਵਾਲੇ ਤੋਂ ਲੈ ਥਾਪੜਾ ਗਏ ਸੀ ਚਾਵਾਂ
ਮੌਤ ਬਣਾ ਲਾੜੀ ਰਣ ਵਿੱਚ ਲਈਆਂ ਲਾਵਾਂ।

ਵੱਡੇ ਹੋਏ ਸ਼ਹੀਦ ਛੋਟੇ ਲਾਇਆ ਜੈਕਾਰਾ
ਸੁਣ ਹਿੱਲਿਆ ਮੁਗਲ ਸਾਮਰਾਜ ਸਾਰਾ।

ਬਾਬਾ ਜੁਝਾਰ ਸਿੰਘ ਝੱਖੜ ਬਣ ਆ ਗਏ
ਵੱਡੇ ਵੱਡੇ ਮੁਗਲਾਂ ਦੇ ਸੱਥਰ ਵਿਛਾ ਗਏ।

ਉਮਰ ਸੀ ਕੱਚੀ ਫੌਜ ਪੱਕੀ ਪਾਏ ਘੇਰੇ
ਦੁਸ਼ਮਣ ਸੀ ਆਣ ਖਲੋਤੇ ਚਾਰ ਚੁਫੇਰੇ।

ਬਾਬਾ ਜੀ ਦੁਸ਼ਮਣਾਂ ਦੇ ਆਹੂ ਲਾ ਗਏ
ਲੜ ਦਲੇਰੀ ਅੰਤ ਫ਼ਤਿਹ ਬੁਲਾ ਗਏ।

ਗੁਰੂਜੀ ਫਰਜ਼ੰਦ ਕੌਮ ਦੇ ਲੇਖੇ ਲਾ ਗਏ
ਪਿਤਾ ਹਿੰਦ ਤੋ ਵਾਰ ਰੀਤ ਚਲਾ ਗਏ।

ਗੰਗੂ ਵਰਗੇ ਵੀ ਛੁਰਾ ਪਿੱਠ ਮਾਰਿਆ
ਮੋਹਰਾਂ ਖਾਤਿਰ ਕੁੰਜ ਸੱਪ ਦਾ ਉਤਾਰਿਆ।

ਮੁਖਬਰੀ ਸਦਕਾ ਮਾਤਾ ਜੀ ਨੂੰ ਫੜਾ ਦਿੱਤਾ
ਲਖ਼ਤੇ ਜਿਗਰਾਂ ਨੂੰ ਕਚਹਿਰੀ ਖੜਾ ਦਿੱਤਾ।

ਕਈ ਸੁੱਚੇ ਨੰਦਾਂ,ਕਾਜ਼ੀਆਂ ਤੇ ਵਜ਼ੀਰ ਖਾਨਾਂ
ਜ਼ਾਲਮ ਹਕੂਮਤ ਦੀ ਤਰਜ਼ਮਾਨੀ ਹੀ ਸ਼ਾਨਾਂ।

ਝੂਠੇ ਵਜ਼ੀਰ ਫਤਵਾਂ ਨੀਹਾਂ ਦਾ ਸੁਣਾ ਦਿੱਤਾ
ਅਧਰਮੀਆਂ ਚ ਨਾਂ ਆਪਣਾ ਚੁਣਾ ਦਿੱਤਾ।

ਨੀਹਾਂ ਸਿੱਧੀਆਂ ਖੜ੍ਹਨ ਚੱਪਣੀਆਂ ਵੱਢਤੀਆਂ
ਸ਼ਾਸ਼ਲ ਬੇਗ ਬਾਸ਼ਲ ਬੇਗ ਰੂਹਾਂ ਕੱਢਤੀਆਂ।

ਬਾਬਾ ਜ਼ੋਰਾਵਰ ਸਿੰਘ ਤੇ ਬਾਬਾ ਫ਼ਤਿਹ ਸਿੰਘ ਸ਼ਹਾਦਤ ਪਾ ਗਏ
ਠੰਡੇ ਬੁਰਜ ਮਾਤਾ ਗੁਜਰ ਕੌਰ ਜੋਤੀ ਜੋਤ ਸਮਾ ਗਏ।

ਸੰਗਤੋ ਸ਼ਹੀਦੀ ਜੋੜ ਮੇਲੇ ਸਰਹੰਦ ਆਇਓ
ਸ਼ਹਾਦਤਾਂ ਦੇ ਦਿਨ ਖੁਸ਼ੀ ਨਾ ਕੋਈ ਮਨਾਇਓ।

ਸੁਰਿੰਦਰਪਾਲ ਸਿੰਘ
ਸ੍ਰੀ ਅੰਮ੍ਰਿਤਸਰ ਸਾਹਿਬ।

## ਮਾਸੂਮ ਜਿੰਦਾਂ

ਵਿੱਚ ਸਰਹੰਦ ਸੂਬੇ ਜ਼ੁਲਮ ਕਮਾਇਆ ਸੀ।
ਨਿੱਕੇ ਨਿੱਕੇ ਬੱਚਿਆਂ ਨੇਂ ਮੌਤ ਨੂੰ ਵਿਆਹਿਆ ਸੀ।
ਕਿਥੇ ਤੇਰਾ ਰੱਬਾ ਓਦੋਂ ਗਿਆ ਸੀ ਕਾਨੂੰਨ।
ਤੁਰ ਗਈਆਂ ਜਿੰਦਾ ਦੋ ਜਹਾਨ ਚੋਂ ਮਾਸੂਮ।

ਵਕਤਾਂ ਦੇ ਹਾਕਮਾਂ ਨੇਂ ਕਸਰਾਂ ਨਹੀਂ ਛੱਡੀਆਂ।
ਸੂਰਮੇਂ ਝੁਕੇ ਨਾਂ ਭਾਵੇਂ ਧੌਣਾਂ ਗਈਆਂ ਵੱਡੀਆਂ।
ਸ਼ਹਾਦਤਾਂ ਦੇ ਵਾਲਾ ਸਿਰ ਚੜ੍ਹਿਆ ਜਨੂੰਨ।
ਤੁਰ ਗਈਆਂ ਜਿੰਦਾ ਦੋ ਜਹਾਨ 'ਚੋਂ ਮਾਸੂਮ।

ਉਮਰ ਨਿਆਣੀ ਚ ਵਡੇਰੇ ਦੁੱਖ ਸਹੇ ਨੇਂ।
ਜੂਝਦੇ ਮੈਦਾਨਾਂ ਚ ਅਖੀਰ ਤੱਕ ਰਹੇ ਨੇਂ।
ਸੁਣ ਕੁਰਬਾਨੀਆਂ ਨੂੰ ਖੌਲਦਾ ਏ ਖ਼ੂਨ।
ਤੁਰ ਗਈਆਂ ਜਿੰਦਾ ਦੋ ਜਹਾਨ 'ਚੋਂ ਮਾਸੂਮ।

ਖਾਇਆ ਨਾਂ ਤਰਸ ਖ਼ੂਨ ਧਰਤੀ 'ਤੇ ਡੋਲਤੇ।
ਬਿਨਾਂ ਹੀ ਕਸੂਰੋਂ ਹੀਰੇ ਮਿੱਟੀ ਵਿੱਚ ਰੋਲਤੇ।
ਕਹਿਰ ਵਰਤਾ ਕੇ ਕਿੰਝ ਮਿਲਿਆ ਸਕੂਨ।
ਤੁਰ ਗਈਆਂ ਜਿੰਦਾ ਦੋ ਜਹਾਨ 'ਚੋਂ ਮਾਸੂਮ।

'ਖਾਨਾਂ' ਸਦਾ ਰਹਿਣੀਆਂ ਨੇਂ ਓਹਨਾਂ ਦੀ ਨਿਸ਼ਾਨੀਆਂ।
ਅੰਬਰਾਂ ਦੀ ਹਿੱਕ ਤੇ ਗਏ ਲਿਖ ਕੁਰਬਾਨੀਆਂ।
'ਕਾਮੀ ਵਾਲੇ' ਚੇਤੇ ਰੱਖਿਓ, ਚਿਹਰੇ ਮਜ਼ਲੂਮ।
ਤੁਰ ਗਈਆਂ ਜਿੰਦਾ ਦੋ ਜਹਾਨ 'ਚੋਂ ਮਾਸੂਮ।

ਸ਼ੁਕਰ ਦੀਨ ਕਾਮੀਂ ਖ਼ੁਰਦ

## ਸ਼ਹੀਦੀ ਛੋਟੇ ਸਾਹਿਬਜ਼ਾਦੇ

ਸਰਸਾ ਪਈ ਠਾਠਾਂ ਮਾਰੇ।
ਮਾਤਾ ਗੁਜਰੀ ਜੀ ਤੇ ਛੋਟੇ ਲਾਲ
ਵਿੱਛੜੇ ਨਦੀ ਕਿਨਾਰੇ।
ਗੰਗੂ ਪਾਪੀ ਨੇ ਕਹਿਰ ਕਮਾਇਆ।
ਛੋਟੇ ਲਾਲਾਂ ਤੇ ਮਾਂ ਗੁਜਰੀ ਨੂੰ –
ਸੂਬੇ ਸਰਹਿੰਦ ਕੋਲ ਜਾ ਫੜਾਇਆ।
ਸੂਬੇ ਆਖਿਆ ਕਿ ਈਨ ਮੇਰੀ ਮੰਨ ਲਓ।
ਮਾਲਾ ਮਾਲ ਕਰ ਦੇਊਂਗਾ –
ਜੇ ਇਸਲਾਮ ਕਬੂਲ ਕਰ ਲਓ।
ਅਸੀਂ ਪੁੱਤ ਹਾਂ ਕਲਗੀਧਰ ਦੇ।
ਕਦੇ ਨਹੀਂ ਝੁਕ ਸਕਦੇ –
ਮਹਿਲਾਂ ਨੂੰ ਠੋਕਰ ਮਾਰਦੇ।
ਸੁਣ ਕੇ ਸੂਬੇ ਨੂੰ ਗੁੱਸਾ ਆਇਆ।
ਉਸ ਨੇ ਕਾਜ਼ੀ ਦੇ ਕੋਲੋਂ –
ਮੌਤ ਦਾ ਫਤਵਾ ਸੁਣਵਾਇਆ।
ਸਾਰੇ ਲੋਕ ਵੀ ਰੋ ਪਏ।
ਗੁਰੂ ਜੀ ਦੇ ਲਖ਼ਤੇ-ਜਿਗਰ
ਜਦ ਨੀਂਹਾਂ 'ਚ ਖਲੋ ਗਏ।
'ਜਪੁ' ਜੀ ਦਾ ਪਾਠ ਕਰਦੇ।
ਖ਼ੂਨੀ ਦੀਵਾਰ ਵਿੱਚ ਖੜ੍ਹੇ
ਰਤਾ ਵੀ ਸੀ ਨਾ ਕਰਦੇ।
ਇੱਟਾਂ ਮੋਢਿਆਂ ਤੱਕ ਆ ਗਈਆਂ।
ਸਿੱਖੀ ਦੇ ਮਹਿਲ ਦੀਆਂ
ਕੰਧਾਂ ਪੱਕੀਆਂ ਹੋ ਗਈਆਂ।
ਸਾਹ ਹੌਲੀ-ਹੌਲੀ ਚੱਲ ਰਹੇ।
ਜ਼ੁਲਮ ਦੀ ਕੰਧ ਢਾਹ ਕੇ
ਛੋਟੇ ਲਾਲ ਸ਼ਹੀਦ ਹੋ ਗਏ।
ਠੰਢੇ ਬੁਰਜ 'ਚ ਸਮਾਧੀ ਲਾ ਕੇ।
ਮਾਤਾ ਗੁਜਰੀ ਜੀ ਵੀ
ਲਿਵ 'ਚ ਵਲੀਨ ਹੋ ਗਏ।
ਬੂਟਾ ਕਾਹੀ ਦਾ ਪੁੱਟ ਦਿੱਤਾ।
ਜ਼ੁਲਮ ਦੇ ਖਾਤਮੇ ਲਈ
ਗੁਰੂ ਜੀ ਨੇ ਬੰਦਾ ਸਿੰਘ ਭੇਜ ਦਿੱਤਾ।
ਬਸ ਥੋੜ੍ਹੀ ਜਿਹੀ ਦੇਰ ਹੋਈ।
ਬਸਤੀ ਸਰਹਿੰਦ ਸ਼ਹਿਰ ਦੀ –
ਫਿਰ ਇੱਟਾਂ ਦਾ ਢੇਰ ਹੋਈ।
ਹੋਵੇ ਕਿੱਡਾ ਵੀ ਨਿਜ਼ਾਮ ਕੋਈ।
ਇੱਕ ਦਿਨ ਢਹਿ ਜਾਣਾ –
ਜਦੋਂ ਉੱਠਿਆ ਜਵਾਨ ਕੋਈ।

-ਅਮਨਦੀਪ ਸਿੰਘ

## ਇਤਿਹਾਸ

ਸਿੱਖ ਕੌਮ ਹੁਣ ਵੇਚ ਕੇ ਘੋੜੇ ਸੌਂਦੀ ਵੇਖੀ ਗਈ
ਟੋਡਰ ਮੱਲ ਦੀ ਸ਼ਾਨ ਹਵੇਲੀ ਰੋਂਦੀ ਵੇਖੀ ਗਈ
ਸਭ ਤੋਂ ਮਹਿੰਗੀ ਜਗ੍ਹਾ ਖਰੀਦੀ ਪੰਥ ਦੇ ਲਾਲਾਂ ਲਈ
ਢਹਿ ਢੇਰੀ ਓਹਦੀ ਛੱਤ ਤਰਸਦੀ ਫਿਰੇ ਸੰਭਾਲਾਂ ਲਈ
ਮੁਗਲ ਜਿਨ੍ਹਾਂ ਨੂੰ ਜਿੱਤ ਨਾ ਸਕੇ ਉਹ ਕਿਲੇ ਗੁਆ ਲਏ ਨੇ
ਕਾਰ ਸੇਵਾ ਦੇ ਨਾਂ ਇਤਿਹਾਸ ਸਥਾਨ ਹੀ ਢਾਹ ਲਏ ਨੇ

ਜਿਨ੍ਹਾਂ ਮਜ਼ਬੀਆਂ ਸਿੰਘਾਂ ਪੰਥ ਤੋਂ ਟੱਬਰ ਵਾਰੇ ਨੇ
ਹੁਣ ਡੇਰਿਆਂ ਵਿੱਚ ਟੱਕਰਾਂ ਖਾਂਦੇ ਫਿਰਨ ਵਿਚਾਰੇ ਨੇ
ਜਾਤ ਪਾਤ ਦਾ ਪਾੜ੍ਹਾ ਗੁਰੂ ਨੇ ਕਿੱਥੇ ਰੱਖਿਆ ਸੀ
ਇੱਕ ਖੰਡੇ ਬਾਟੇ ਚੋਂ ਸਭ ਨੇ ਅੰਮ੍ਰਿਤ ਛਕਿਆ ਸੀ
ਇੱਕ ਪਿੰਡ ਵਿੱਚ ਕਈਂ ਕਈਂ ਹੁਣ ਗੁਰੂ ਘਰ ਦੀਆਂ ਹੱਟਾਂ ਨੇ
ਕੁੱਲ ਮਿਲਾ ਗੁਰੂ ਘਰਾਂ ਤੇ ਕਬਜੇ ਕਰ ਲਏ ਜੱਟਾਂ ਨੇ

ਵਿਆਹ ਵਿੱਚ ਕੁੜੀਆਂ ਆਉਣ ਸਪੈਸ਼ਲ ਦਾਰੂ ਵੰਡਣ ਲਈ
ਨਵੀਂ ਪੀੜ੍ਹੀ ਕਿੱਧਰ ਨੂੰ ਚੱਲੀ ਟੌਪਿਕ ਪੈੱਗ ਲਾ ਕੇ ਭੰਡਣ ਲਈ
ਨੱਚਣ ਵਾਲੀਆਂ ਤੇ ਤਾਂ ਗੱਥੀਆਂ ਨੋਟ ਵਾਰਦੇ ਨੇ
ਪਾਠੀ ਸਿੰਘ ਦੀ ਵਾਰੀ ਖੌਰੇ ਕਿਉਂ ਚੀਕ ਮਾਰਦੇ ਨੇ
ਭਾਈ ਲਾਲੋ ਕੋਈ ਵਿਰਲਾ ਸਾਰੇ ਸੱਜਣ ਠੱਗ ਬਣੇ
ਸਿੱਖੀ ਦੇ ਹੀ ਦੁਸ਼ਮਣ ਬਾਬਾ ਬੰਨ੍ਹ ਕੇ ਪੱਗ ਬਣੇ

ਬਖ਼ਸ਼ ਸੋਝੀਆਂ ਤੂੰ ਹੀ ਕੋਈ ਕਰਤਾਰ ਇਹ ਸਿੱਖਾਂ ਨੂੰ
ਸਾਂਭ ਲੈਣ ਕਿਰਦਾਰ ਮਿਲਿਆ ਸਰਦਾਰ ਇਹ ਸਿੱਖਾਂ ਨੂੰ
ਦੋ ਪਰਸੈਂਟ ਨੇ ਕੁੱਲ ਦੁਨੀਆਂ ਵਿੱਚ ਧਾਕ ਜਮਾਉਣ ਵਾਲੇ
ਸਿੱਖੀ ਭੁੱਲਦੇ ਜਾਣ ਸਿੱਖੀ ਪਹਿਚਾਣ ਬਣਾਉਣ ਵਾਲੇ
ਹਰੀਸ਼ ਗੱਦਾਰ ਬੰਦਿਆਂ ਨੂੰ ਕਿਤੇ ਮਿਲਦੀ ਢੋਈ ਨਹੀਂ
ਫਿਰ ਰਾਜ ਕਰੇਗਾ ਖਾਲਸਾ ਆਕੀ ਰਹਿਣਾ ਕੋਈ ਨਹੀਂ

ਹਰੀਸ਼ ਪਟਿਆਲਵੀ

## ਚਮਕੌਰ ਦੀ ਜੰਗ

ਸੱਤ ਪੋਹ ਦੀ ਸ਼ਾਮ ਪੁੱਜੇ ਚਮਕੌਰ ਸੀ।
ਕਿੱਥੇ ਲਾਉਣਾ ਡੇਰਾ ਗੁਰਾਂ ਕੀਤੀ ਗ਼ੌਰ ਸੀ।
ਮਿੱਠਾ ਮੰਨ ਲਿਆ ਭਾਣਾ ਕਰਤਾਰ ਦਾ।
ਚਿਹਰੇ ਉੱਤੇ ਨੂਰ ਡਲ੍ਹਕਾਂ ਸੀ ਮਾਰਦਾ।

ਹਵੇਲੀ ਕੱਚੀ ਵਿੱਚ ਕੀਤਾ ਪ੍ਰਵੇਸ਼ ਸੀ।
ਸਿੰਘੋ ਰਹੋ ਤਿਆਰ ਦਿੱਤਾ ਆਦੇਸ਼ ਸੀ।
ਘੁੱਟ ਮੁੱਠਾ ਫੜਿਆ ਸੀ ਤਲਵਾਰ ਦਾ।
ਚਿਹਰੇ ਉੱਤੇ ਨੂਰ ਡਲ੍ਹਕਾਂ ਸੀ ਮਾਰਦਾ।

ਛੱਤ ਉੱਤੇ ਚੜ੍ਹ ਵੇਖਿਆ ਚੁਫੇਰੇ ਸੀ।
ਸ਼ਾਹੀ ਫੌਜਾਂ ਪਾਏ ਚਾਰੇ ਪਾਸੇ ਘੇਰੇ ਸੀ।
ਹੌਂਸਲਾ ਗੁਰੂ ਦਾ ਸਿੰਘਾਂ ਨੂੰ ਹੁਲਾਰਦਾ।
ਚਿਹਰੇ ਉੱਤੇ ਨੂਰ ਡਲ੍ਹਕਾਂ ਸੀ ਮਾਰਦਾ।

ਸ਼ਾਹੀ ਫੌਜਾਂ ਦਿੱਤਾ ਸੀ ਢੰਡੋਰਾ ਪਿੱਟ ਜੀ।
ਜਾਨ ਬਖ਼ਸ਼ਾ ਲੌ ਹਥਿਆਰ ਸੁੱਟ ਜੀ।
ਹੌਂਸਲਾ ਬੁਲੰਦ ਨਾ ਕਦੇ ਵੀ ਹਾਰਦਾ।
ਚਿਹਰੇ ਉੱਤੇ ਨੂਰ ਡਲ੍ਹਕਾਂ ਸੀ ਮਾਰਦਾ।

ਲਾ ਕੇ ਪੌੜੀ ਨਾਹਰ ਖਾਂ ਉੱਪਰ ਚੜ੍ਹਿਆ।
ਧੌਣ ਵਿੱਚ ਸਿੱਧਾ ਗੁਰਾਂ ਤੀਰ ਜੜਿਆ।
ਕਰਾਂ ਕੀ ਬਿਆਨ ਗੁਰੂ ਜੀ ਦੇ ਵਾਰ ਦਾ।
ਚਿਹਰੇ ਉੱਤੇ ਨੂਰ ਡਲ੍ਹਕਾਂ ਸੀ ਮਾਰਦਾ।

ਗੜ੍ਹੀ ਵਿੱਚ ਸਿੰਘ ਭਾਵੇਂ ਮੁੱਠੀ ਭਰ ਸੀ।
ਸੁਣ ਕੇ ਜੈਕਾਰੇ ਵੈਰੀ ਗਏ ਡਰ ਸੀ।
ਜੋਸ਼ ਆਵੇ ਵੇਖ ਮੁੱਖ ਸਰਕਾਰ ਦਾ।
ਚਿਹਰੇ ਉੱਤੇ ਨੂਰ ਡਲ੍ਹਕਾਂ ਸੀ ਮਾਰਦਾ।

ਗੜ੍ਹੀ ਵਿੱਚ ਗੋਲੀ ਸਿੱਕਾ ਗਿਆ ਮੁੱਕ ਸੀ।
ਸਿੰਘਾਂ ਹੁਣ ਲਏ ਹਥਿਆਰ ਚੁੱਕ ਸੀ।
ਕੱਲਾ ਕੱਲਾ ਲੱਖਾਂ ਤਾਈਂ ਲਲਕਾਰਦਾ।
ਚਿਹਰੇ ਉੱਤੇ ਨੂਰ ਡਲ੍ਹਕਾਂ ਸੀ ਮਾਰਦਾ।

ਜੰਗ ਵਿੱਚ ਰਣ ਰੱਤੇ ਸਿੰਘ ਜੂਝਦੇ।
ਬੋਲੇ ਸੋ ਨਿਹਾਲ ਦੇ ਜੈਕਾਰੇ ਗੂੰਜਦੇ।
'ਕੱਲਾ 'ਕੱਲਾ ਲੱਖਾਂ ਦਾ ਸੀ ਖ਼ੂਨ ਠਾਰਦਾ।
ਚਿਹਰੇ ਉੱਤੇ ਨੂਰ ਡਲ੍ਹਕਾਂ ਸੀ ਮਾਰਦਾ।

ਵੱਡਾ ਸਾਹਿਬਜ਼ਾਦਾ ਕਰ ਕੇ ਤਿਆਰ ਸੀ।
ਆਪ ਤੋਰਿਆ ਦੇ ਹੱਥ ਤਲਵਾਰ ਸੀ।
ਵਧੀ ਜਾਵੇ ਅੱਗੇ ਵੈਰੀ ਨੂੰ ਸੰਘਾਰਦਾ।
ਚਿਹਰੇ ਉੱਤੇ ਨੂਰ ਡਲ੍ਹਕਾਂ ਸੀ ਮਾਰਦਾ।

ਅਜੀਤ ਸਿੰਘ ਜਦੋਂ ਸੀ ਸ਼ਹੀਦੀ ਪਾ ਗਿਆ।
ਜੂਝਣੇ ਦਾ ਚਾਉ ਜੁਝਾਰ ਨੂੰ ਆ ਗਿਆ।
ਜਾਣਾ ਮੈਂ ਵੀ ਜੰਗ ਅਰਜ਼ ਗੁਜ਼ਾਰਦਾ।
ਚਿਹਰੇ ਉੱਤੇ ਨੂਰ ਡਲ੍ਹਕਾਂ ਸੀ ਮਾਰਦਾ।

ਜੰਗ 'ਚ ਜੁਝਾਰ ਨੇ ਵਿਖਾਏ ਜੌਹਰ ਸੀ।
ਵੇਖ ਵੈਰੀ ਦਲ ਹੋਇਆ ਭੌਰ ਭੌਰ ਸੀ।
ਪਾ ਗਿਆ ਸ਼ਹੀਦੀ ਵੈਰੀ ਨੂੰ ਵੰਗਾਰਦਾ।
ਚਿਹਰੇ ਉੱਤੇ ਨੂਰ ਡਲ੍ਹਕਾਂ ਸੀ ਮਾਰਦਾ।



ਢਲੀ ਜਦ ਸ਼ਾਮ ਬੰਦ ਹੋਈ ਜੰਗ ਸੀ।
ਮੁਗਲਾਂ ਦੇ ਚਿਹਰੇ ਹੋ ਗਏ ਬੇਰੰਗ ਸੀ।
ਆਉਂਦਾ ਸੀ ਜਵਾਬ ਅੱਗੋਂ ਹਰ ਵਾਰ ਦਾ।
ਚਿਹਰੇ ਉੱਤੇ ਨੂਰ ਡਲ੍ਹਕਾਂ ਸੀ ਮਾਰਦਾ।

ਅਮਰਜੀਤ ਕੌਰ ਮੋਰਿੰਡਾ

## ਮਾਤਾ ਗੁਜਰੀ ਦੇ ਛੋਟੇ ਪੋਤੇ

ਵਜੀਦ ਖਾਂ ਨੇ ਮਾਤਾ ਗੁਜਰੀ ਤੇ ਲਾਲਾਂ ਨੂੰ
ਠੰਢੇ ਬੁਰਜ ਵਿੱਚ ਕਰ ਦਿੱਤਾ ਕੈਦ।
ਉਸ ਨੇ ਸੋਚਿਆ, ਠੰਢ ਤੇ ਭੁੱਖ ਤੋਂ
ਮਾਤਾ ਗੁਜਰੀ ਤੇ ਲਾਲ ਡਰ ਜਾਣਗੇ ਸ਼ਾਇਦ।
ਮਾਤਾ ਗੁਜਰੀ ਨੇ ਲਾਲਾਂ ਨੂੰ ਸਮਝਾਇਆ,
'ਧਰਮ ਨਹੀਂ ਹਾਰਨਾ, ਚਾਹੇ ਜਾਨ ਚਲੀ ਜਾਵੇ।
ਜਾਬਰ ਦੇ ਜ਼ੁਲਮ ਅੱਗੇ ਨਹੀਂ ਝੁਕਣਾ
ਭਾਵੇਂ ਉਹ ਅੱਡੀ ਚੋਟੀ ਦਾ ਜ਼ੋਰ ਲਾਵੇ।'
ਵਜੀਦ ਖਾਂ ਨੇ ਲਾਲਾਂ ਨੂੰ ਈਨ ਮੰਨਾਉਣ ਲਈ
ਕਈ ਕਿਸਮ ਦੇ ਲਾਲਚ ਤੇ ਡਰਾਵੇ ਦਿੱਤੇ।
ਪਰ ਲਾਲ ਆਪਣੇ ਧਰਮ ਤੋਂ
ਨਾ ਡੋਲਣ ਦਾ ਤਹੱਈਆ ਸੀ ਕਰ ਚੁੱਕੇ।
ਉਸ ਨੇ ਕੋਈ ਪੇਸ਼ ਨਾ ਜਾਂਦੀ ਵੇਖ ਕੇ
ਉਨ੍ਹਾਂ ਨੂੰ ਨੀਂਹਾਂ ਵਿੱਚ ਚਿਣਵਾ ਦਿੱਤਾ।
ਛੋਟੀਆਂ ਉਮਰਾਂ 'ਚ ਉਨ੍ਹਾਂ ਸ਼ਹਾਦਤਾਂ ਦੇ ਕੇ
ਸਿੱਖੀ-ਮਹਿਲ 'ਚ ਆਪਣਾ ਹਿੱਸਾ ਪਾ ਦਿੱਤਾ।

ਮਹਿੰਦਰ ਸਿੰਘ ਮਾਨ
9915803554

## ਸਤਾਈ ਲਈ ਛੁਣਕਣਾ ?

ਜਦ ਵੀ ਵੋਟਾਂ ਦਾ ਬੱਝਦਾ ਪਿੜ ਕੋਈ
'ਜੋਸ਼' ਜਨਤਾ ਨੂੰ 'ਬੇਸ਼ੁਮਾਰ' ਹੁੰਦਾ।
ਵੱਡੇ ਆਗੂ ਦੀ ਸ਼ਾਬਾਸ਼ੇ ਚਾਹੁਣ ਵਾਲਾ
ਢਿੱਲਾ-ਮੱਠਾ ਵੀ 'ਤੇਜ਼-ਤਰਾਰ' ਹੁੰਦਾ।
ਜਿੰਦਾਬਾਦ ਕੋਈ ਮੁਰਦਾਬਾਦ ਕਹਿੰਦਾ
ਚੌਹ ਕੁ ਦਿਨਾਂ ਲਈ ਚੋਣ-ਬੁਖ਼ਾਰ ਹੁੰਦਾ।
ਜੇਤੂ ਮੈਂਬਰ ਤੇ ਕੋਈ ਚੇਅਰਮੈਨ ਬਣਦਾ
ਵੋਟਰ 'ਹੱਥ ਮਲਦਾ' ਬਰਖ਼ੁਰਦਾਰ ਹੁੰਦਾ।
ਆਪੋ ਆਪਣੀ 'ਜਿੱਤ' ਦੇ ਅਰਥ ਕਰਕੇ
ਹਰ ਇਕ ਪਾਰਟੀ ਨੇ ਖ਼ੁਸ਼ ਹੋ ਭੁੜਕਣਾ ਜੀ।
ਪਈਆਂ ਵੋਟਾਂ ਦੇ 'ਚੋਣ-ਨਤੀਜਿਆਂ' ਦਾ
ਮਿਲ ਗਿਆ 'ਸਤਾਈ' ਲਈ ਛੁਣਕਣਾ ਜੀ!



-ਤਰਲੋਚਨ ਸਿੰਘ ਦੁਪਾਲਪੁਰ
001-408-905-5517

## ਧੰਨ ਧੰਨ ਸ੍ਰੀ ਗੁਰੂ ਗੋਬਿੰਦ ਸਿੰਘ ਜੀ

ਕਹੇ ਔਰੰਗਾ ਗੁਰੂ ਸਿੱਖਾਂ ਦਾ ਫੜ੍ਹਕੇ ਲੈ ਆਵੋਂ।
ਮੁੱਠੀ ਭਰ ਸਿੰਘਾਂ ਦੇ ਨਾਲ਼ ਜਾਂ ਲੜਕੇ ਲੈ ਆਵੋਂ।
ਇੱਕ ਪਠਾਣ ਨੇ ਗੱਲ ਛੇੜੀ ਉਹ ਲੜਨਾ ਜਾਣਦੇ ਨੇ।
ਪਿੱਛੇ ਨਹੀਂ ਮੁੜਦੇ ਪਰ ਲੜਕੇ ਮਰਨਾ ਜਾਣਦੇ ਨੇ।
ਓਹਦੇ ਬਾਜ ਤਾਂ ਸੁੱਟ ਲੈਂਦੇ ਵੱਡਿਆਂ ਸਿਆਰਾਂ ਨੂੰ।
ਐਸਾ ਅੰਮ੍ਰਿਤ ਉਹ ਛਕਾਗੇ ਨੇ ਸਰਦਾਰਾਂ ਨੂੰ।
ਅਸੀਂ ਹਰਾ ਨਹੀਂ ਸਕਦੇ ਉਸਦੇ ਪੰਜ ਕਕਾਰਾ ਨੂੰ।

ਜਾ ਮੁਖ਼ਬਰੋ ਕਹੋ ਸੂਬੇ ਨੂੰ ਟੋਲਣ ਲਾਲਾਂ ਨੂੰ।
ਨੀਹਾਂ ਵਿੱਚ ਚਿਣਾ ਦਿਓ ਫੜ੍ਹਕੇ ਨਿੱਕੇ ਬਾਲਾਂ ਨੂੰ।
ਮੁਖ਼ਬਰ ਆਖੇ ਸੂਬੇ ਨੂੰ ਲਲਕਾਰ ਕੇ ਕਹਿੰਦੇ ਸੀ।
ਨੀਹਾਂ ਵਿੱਚ ਖਲੋਕੇ ਵੀ ਕੋਈ ਦਾਬ ਨਾ ਸਹਿੰਦੇ ਸੀ।
ਲਾਉਂਦੇ ਸੀ ਜੈਕਾਰਾ ਚਿਣ ਰਹੇ ਜਦੋਂ ਦੀਵਾਰਾਂ ਨੂੰ।
ਐਸਾ ਅੰਮ੍ਰਿਤ ਉਹ ਛਕਾਗੇ ਨੇ ਸਰਦਾਰਾਂ ਨੂੰ।
ਅਸੀਂ ਹਰਾ ਨਹੀਂ ਸਕਦੇ ਉਸਦੇ ਪੰਜ ਕਕਾਰਾ ਨੂੰ।

ਲੱਖਾਂ ਵਿੱਚੋਂ ਕਿਵੇਂ ਉਹ ਤਾੜੀ ਮਾਰਕੇ ਲੰਘ ਗਏ।
ਬਾਈ ਧਾਰਿਆਂ ਨੂੰ ਕਿਦਾਂ ਲਲਕਾਰ ਕੇ ਲੰਘ ਗਏ।
ਇੱਕ ਸਿਪਾਹੀ ਕਹਿੰਦਾ ਅੱਖ ਅਸਮਾਨ ਚ ਗੱਡ ਨੇ।
ਫੇਰ ਤਰਕਸ ਦੇ ਵਿੱਚੋਂ ਤੀਰ ਨੂੰ ਕਸਕੇ ਛੱਡ ਨੇ।
ਮੱਥੇ ਦੇ ਵਿੱਚ ਤੀਰ ਬਖ਼ਸ਼ ਗਏ ਸਿਪਾਸਲਾਰਾਂ ਨੂੰ।
ਐਸਾ ਅੰਮ੍ਰਿਤ ਉਹ ਛਕਾਗੇ ਨੇ ਸਰਦਾਰਾਂ ਨੂੰ।
ਅਸੀਂ ਹਰਾ ਨਹੀਂ ਸਕਦੇ ਉਸਦੇ ਪੰਜ ਕਕਾਰਾ ਨੂੰ।

ਤਿੱਖੇ ਆਰੇ ਤਨ ਤੇ ਅਸੀਂ ਚਲਾਕੇ ਵੇਖ ਲਏ।
ਚਰਖੜੀਆਂ ਦੇ ਉੱਤੇ ਅਸੀਂ ਚੜ੍ਹਾਕੇ ਵੇਖ ਲਏ।
ਤੱਤੀਆਂ ਤਵੀਆਂ ਉੱਤੇ ਵੀ ਬਿਠਾਕੇ ਵੇਖ ਲਏ।
ਦੇਗਾਂ ਦੇ ਵਿੱਚ ਰੇਤੇ ਤੱਤੇ ਪਾਕੇ ਵੇਖ ਲਏ।
ਹਰ ਢੰਗ ਹਰ ਜ਼ੁਲਮ ਸਿਤਮ ਅਜਮਾਕੇ ਵੇਖ ਲਏ।
ਦੂਣੇ ਫੇਰ ਹੋ ਜਾਂਦੇ ਅਸੀਂ ਮੁਕਾਕੇ ਵੇਖ ਲਏ।
ਨੀਲੇ ਬਾਣੇ ਫੇਰਤੋਂ ਬੰਨ੍ਹ ਲੈਂਦੇ ਦਸਤਾਰਾਂ ਨੂੰ।
ਐਸਾ ਅੰਮ੍ਰਿਤ ਉਹ ਛਕਾਗੇ ਨੇ ਸਰਦਾਰਾਂ ਨੂੰ।
ਅਸੀਂ ਹਰਾ ਨਹੀਂ ਸਕਦੇ ਉਸਦੇ ਪੰਜ ਕਕਾਰਾ ਨੂੰ।

ਲੈ ਬਈ ਮੁਗਲ ਰਾਜ ਦੀ ਨੀਂਹ ਹਿਲਾਕੇ ਛੱਡਣਗੇ।
ਖੰਡੇ ਤੇਗਾਂ ਵਾਲ਼ੇ ਹੱਥ ਵਿਖਾਕੇ ਛੱਡਣਗੇ।
ਜੁਝਣਗੇ ਰਣ ਵਿੱਚ ਭਾਜੜਾਂ ਪਾਕੇ ਛੱਡਣਗੇ।
ਲਗਦੈ ਸਾਨੂੰ ਹੁਣ ਤਾਂ ਸਬਕ ਸਖਾਕੇ ਛੱਡਣਗੇ।
ਢਾਡੀ ਗਾਉਂਦੇ ਧੰਨਿਆਂ ਓਏ ਯੋਧਿਆਂ ਦੀਆਂ ਵਾਰਾਂ ਨੂੰ।
ਐਸਾ ਅੰਮ੍ਰਿਤ ਉਹ ਛਕਾਗੇ ਨੇ ਸਰਦਾਰਾਂ ਨੂੰ।
ਅਸੀਂ ਹਰਾ ਨਹੀਂ ਸਕਦੇ ਉਸਦੇ ਪੰਜ ਕਕਾਰਾ ਨੂੰ।

ਧੰਨਾ ਧਾਲੀਵਾਲ

## ਪੋਹ ਦਾ ਮਹੀਨਾ

ਲਿਖ ਨਾ ਸਕਦੀ ਕਾਨੀ ਮੇਰੀ, ਬਲ਼ ਉਠਦਾ ਹੈ ਸੀਨਾ।
ਸਮੇਂ-ਸਮੇਂ ਤੇ ਚੇਤੇ ਆਵੇ, ਪੋਹ ਦਾ 'ਉਹੀ' ਮਹੀਨਾ।
ਕੀ ਆਖਾਂ ਦਸ਼ਮੇਸ਼ ਪਿਤਾ ਨੇ, ਕਿੰਨੇ ਸਿਤਮ ਸਹਾਰੇ।
ਜਿਗਰ ਦੇ ਟੋਟੇ ਜਿਸਨੇ ਆਪਣੇ, ਦੇਸ਼-ਕੌਮ ਤੋਂ ਵਾਰੇ।
ਛੇ ਪੋਹ ਦੀ ਉਸ ਰਾਤ ਗੁਰੂ ਜੀ, ਆਨੰਦਪੁਰ ਤੋਂ ਚੱਲੇ।
ਤੋੜ ਕੇ ਕਸਮਾਂ, ਪਾ ਕੇ ਘੇਰਾ, ਮੁਗਲਾਂ ਕੀਤੇ ਹੱਲੇ।
ਠਿਲ੍ਹ ਪਏ ਸਰਸਾ ਨਦੀ 'ਚ ਤੇ, ਪਰਿਵਾਰ ਵਿਛੜਿਆ ਸਾਰਾ।
ਗੜ੍ਹੀ ਕੱਚੀ ਚਮਕੌਰ ਪਹੁੰਚ ਕੇ, ਸਤਿਗੁਰ ਕੀਤਾ ਉਤਾਰਾ।
ਵੱਡੇ ਪੁੱਤਰਾਂ ਤੇ ਸਿੰਘਾਂ, ਚਮਕੌਰ ਸ਼ਹੀਦੀ ਪਾਈ।
ਦੋ ਛੋਟਿਆਂ ਸਰਹਿੰਦ ਦੀ ਨੀਂਹ ਵਿੱਚ, ਅੰਤਿਮ ਫ਼ਤਹਿ ਬੁਲਾਈ।
ਮਾਛੀਵਾੜੇ ਜੰਗਲ ਵਿੱਚ ਸੀ, ਇੱਟ ਦਾ ਲਾਇਆ ਸਿਰ੍ਹਾਣਾ।
ਵਾਰ ਦਿੱਤਾ ਸਰਬੰਸ ਸਾਰਾ, ਤੇ ਰੱਬ ਦਾ ਮੰਨਿਆ ਭਾਣਾ।
ਪੋਹ ਦੇ ਓਸ ਮਹੀਨੇ ਦੀ ਹੈ, ਗਾਥਾ ਦਰਦ-ਰੰਞਾਣੀ।
ਵਾਰ ਕੇ ਪੰਜ ਜੀਅ, ਗੁਰੂ ਪਿਤਾ ਦੇ, ਅੱਖੋਂ ਨਾ ਡਿੱਗਿਆ ਪਾਣੀ।
ਕਲਗੀ ਵਾਲ਼ੇ ਸਤਿਗੁਰ ਦੱਸਿਆ, ਚੱਲਣਾ 'ਹੁਕਮ ਰਜਾਈ'।
ਨਾਲ਼ ਅਣਖ ਦੇ ਜੀਣ-ਮਰਨ ਦੀ, ਸਾਨੂੰ ਜਾਚ ਸਿਖਾਈ।

-ਪ੍ਰੋ. ਨਵ ਸੰਗੀਤ ਸਿੰਘ

# ਸਿੱਖਿਆ ਅਤੇ ਸੱਭਿਆਚਾਰ

ਨਵੀਂ ਸਿੱਖਿਆ ਨੀਤੀ, 2020 ਨੂੰ ਸੁਤੰਤਰ ਭਾਰਤ ਦੀ ਤੀਜੀ ਪ੍ਰਮੁੱਖ ਸਿੱਖਿਆ ਨੀਤੀ ਦੇ ਰੂਪ ਵਿੱਚ ਵੇਖੀ ਜਾਂਦੀ ਹੈ। ਨੀਤੀ ਦਸਤਾਵੇਜ਼ ਵਿੱਚ 'ਭਾਰਤੀਤਾ' ਦੀ ਭਾਵਨਾ, ਮਾਤ ਭਾਸ਼ਾ ਰਾਹੀਂ ਸਿੱਖਿਆ ਅਤੇ ਸਥਾਨਕ ਕਲਾ ਅਤੇ ਸੱਭਿਆਚਾਰ ਨਾਲ ਜੁੜ ਕੇ ਸਿੱਖਣ ਦੀ ਗੱਲ ਕੀਤੀ ਗਈ ਹੈ। ਸਿੱਖਿਆ ਦੇ ਜ਼ਮੀਨੀ ਢਾਂਚੇ ਵਿੱਚ, ਖਾਸ ਤੌਰ 'ਤੇ ਰਾਜ ਪੱਧਰ 'ਤੇ ਇਸ ਦਾ ਠੋਸ ਲਾਗੂ ਕਰਨਾ ਅਜੇ ਵੀ ਬਹੁਤ ਸਾਰੀਆਂ ਰੁਕਾਵਟਾਂ ਨਾਲ ਘਿਰਿਆ ਹੋਇਆ ਹੈ। ਦਰਅਸਲ, ਨਵੀਂ ਸਿੱਖਿਆ ਨੀਤੀ ਸਿਰਫ਼ ਪਾਠਕ੍ਰਮ ਨਿਰਧਾਰਨ ਦਾ ਕੇਂਦਰ ਬਣ ਗਈ ਹੈ, ਜਦੋਂ ਕਿ ਸਾਡੀ ਸਿੱਖਿਆ ਨੀਤੀ ਭਾਰਤੀ ਭਾਸ਼ਾਵਾਂ, ਕਲਾ, ਸੱਭਿਆਚਾਰ ਅਤੇ ਲੋਕ-ਸੱਭਿਆਚਾਰ ਦੇ ਸੰਸ਼ੋਧਨ ਨੂੰ ਅੱਗੇ ਵਧਾਉਣ ਵਾਲੀ ਵੀ ਹੋਣੀ ਚਾਹੀਦੀ ਹੈ। ਪੰਜ ਸਾਲ ਬੀਤ ਜਾਣ ਤੋਂ ਬਾਅਦ, ਅਜੇ ਤੱਕ ਨਾ ਤਾਂ ਇਕਸਾਰਤਾ ਦਾ ਕੋਰਸ ਨਿਰਧਾਰਤ ਕੀਤਾ ਜਾ ਸਕਿਆ ਹੈ ਅਤੇ ਨਾ ਹੀ ਭਾਸ਼ਾਈ ਪੱਧਰ 'ਤੇ ਕੋਈ ਤਰੱਕੀ ਦਿਖਾਈ ਦੇ ਰਹੀ ਹੈ। ਇਸ ਤੋਂ ਬਿਨਾਂ ਰਾਜਾਂ ਲਈ ਇਸਨੂੰ ਹੋਰ ਸਮਝਣਾ ਮੁਸ਼ਕਲ ਲੱਗ ਰਿਹਾ ਹੈ। ਛੋਟੇ ਭਾਰਤ ਦੇ ਦਰਸ਼ਨ ਵਿੱਚ ÷ਸੁੰਦਰਮ' ਦੀ ਧਾਰਨਾ ਸਿੱਖਿਆ ਦੁਆਰਾ ਮਨੁੱਖੀ ਕਦਰਾਂ-ਕੀਮਤਾਂ ਨੂੰ ਵਿਕਸਿਤ ਕਰਨ ਦਾ ਆਧਾਰ ਪ੍ਰਦਾਨ ਕਰਦੀ ਹੈ। ਨਵੀਂ ਸਿੱਖਿਆ ਨੀਤੀ ਵਿੱਚ ਭਾਰਤੀ ਦਰਸ਼ਨ ਅਤੇ ਲੋਕ ਪਰੰਪਰਾਵਾਂ ਨੂੰ ਪਾਠਕ੍ਰਮ ਨਾਲ ਜੋੜਨ ਦੀ ਗੱਲ ਕੀਤੀ ਗਈ ਹੈ, ਪਰ ਇਸਦਾ ਪਾਲਣਾ ਅਜੇ ਸੰਸਥਾਗਤ ਤੌਰ 'ਤੇ ਦਿਖਾਈ ਨਹੀਂ ਦੇ ਰਹੀ ਹੈ। ਜੇਕਰ ਵਿਦਿਆਰਥੀਆਂ ਨੂੰ ਉਨ੍ਹਾਂ ਦੀਆਂ ਪਰੰਪਰਾਵਾਂ ਅਤੇ ਜਨ ਸੱਭਿਆਚਾਰ ਦੀ ਸਮਝ ਦੇ ਪੱਧਰ ਤੋਂ ਹੀ ਦਿੱਤਾ ਜਾਂਦਾ ਹੈ, ਤਾਂ ਭਵਿੱਖ ਵਿੱਚ ਭਾਰਤੀ ਸਮਾਜ ਇੱਕ ਜਾਗਰੂਕ, ਸੱਭਿਆਚਾਰਕ ਅਤੇ ਸਵੈ-ਮਾਣ ਵਾਲੀ ਸ਼ਖਸੀਅਤ ਦਾ ਨਿਰਮਾਣ ਕਰ ਸਕਦਾ ਹੈ। ਸੱਭਿਆਚਾਰ ਦਾ ਅਰਥ ਸਿਰਫ਼ ਨੱਚਣਾ, ਸੰਗੀਤ ਜਾਂ ਚਿੱਤਰਕਾਰੀ ਹੀ ਨਹੀਂ ਹੈ, ਸਗੋਂ ਇਹ ਸਮਾਜ ਦੇ ਵਿਵਹਾਰ, ਭਾਸ਼ਾ, ਤਿਉਹਾਰਾਂ, ਪਹਿਰਾਵੇ ਅਤੇ ਜੀਵਨ ਦ੍ਰਿਸ਼ਟੀਕੋਣ ਵਿੱਚ ਪ੍ਰਗਟ ਹੁੰਦਾ ਹੈ। ਜੇਕਰ ਸਿੱਖਿਆ ਸਿਰਫ਼ ਆਰਥਿਕ ਸਵੈ-ਨਿਰਭਰਤਾ ਦਾ ਸਾਧਨ ਬਣ ਜਾਂਦੀ ਹੈ, ਤਾਂ ਇਹ ਅਧੂਰੀ ਹੈ। ਨਵੀਂ ਨੀਤੀ ਆਧੁਨਿਕ ਵਿਗਿਆਨ ਅਤੇ ਤਕਨੀਕੀ ਸਿੱਖਿਆ ਦੇ ਨਾਲ-ਨਾਲ ਸੱਭਿਆਚਾਰਕ ਚੇਤਨਾ ਨੂੰ ਸ਼ਕਤੀ ਪ੍ਰਦਾਨ ਕਰਨ ਵਿੱਚ ਸੰਤੁਲਨ ਬਣਾਉਣ ਲਈ ਸੀ। ਦੇਸ਼ ਦੇ ਵੱਖ-ਵੱਖ ਰਾਜਾਂ ਵਿੱਚ ਵੱਖ-ਵੱਖ ਕਲਾਵਾਂ, ਸੱਭਿਆਚਾਰਕ ਗਤੀਵਿਧੀਆਂ, ਪਰੰਪਰਾਵਾਂ, ਭਾਸ਼ਾਈ ਪ੍ਰਗਟਾਵੇ, ਕਲਾਕ੍ਰਿਤੀਆਂ,




ਇਤਿਹਾਸਕ ਅਤੇ ਸੱਭਿਆਚਾਰਕ ਵਿਰਾਸਤ ਆਦਿ ਪ੍ਰਤੀਬਿੰਬਤ ਹੁੰਦੇ ਦਿਖਾਈ ਦਿੰਦੇ ਹਨ। ਇਸਦੀ ਜਾਣਕਾਰੀ ਨਵੀਂ ਸਿੱਖਿਆ ਨੀਤੀ ਵਿੱਚ ਕੋਰਸਾਂ ਅਤੇ ਭਾਰਤੀ ਦਰਸ਼ਨ ਦੁਆਰਾ ਵਿਦਿਆਰਥੀਆਂ ਨੂੰ ਨਿਯਮਤ ਤੌਰ 'ਤੇ ਹੋਣੀ ਚਾਹੀਦੀ ਹੈ। ਭਾਰਤ ਵਿੱਚ ਸੁੰਦਰ ਸ਼ਿਲਪਕਾਰੀ, ਹੱਥਾਂ ਨਾਲ ਬਣੇ ਕਲਾ ਅਤੇ ਸੱਭਿਆਚਾਰ ਦਾ ਪ੍ਰਜਨਨ ਆਮ ਲੋਕਾਂ ਵਿੱਚ ਹੈ, ਪਰ ਸਮਾਜ ਅਤੇ ਰਾਜਾਂ ਵਿੱਚ ਵੱਖ-ਵੱਖ ਸਮਾਜਿਕ ਭਲਾਈ ਲਈ, ਸੱਭਿਆਚਾਰਕ ਜਾਗਰੂਕਤਾ ਦੀ ਆਪਣੀ ਵੱਡੀ ਮਹੱਤਤਾ ਰਹੀ ਹੈ। ਰਾਸ਼ਟਰੀ ਸਿੱਖਿਆ ਨੀਤੀ ਵਿੱਚ ਇਸਦਾ ਜ਼ਿਕਰ ਕੀਤਾ ਗਿਆ ਹੈ, ਪਰ ਪੰਜ ਸਾਲਾਂ ਬਾਅਦ ਵੀ ਯੂਨੀਵਰਸਿਟੀਆਂ ਅਤੇ ਕਾਲਜਾਂ ਦੇ ਪਾਠਕ੍ਰਮ ਦਾ ਹਿੱਸਾ ਨਹੀਂ ਬਣ ਸਕਿਆ। ਵਿਦਿਆਰਥੀਆਂ ਦਾ ਇੱਕ ਵੱਡਾ ਵਰਗ ਸਿੱਖਿਆ ਪ੍ਰਾਪਤ ਕਰਕੇ ਆਪਣੇ ਵਪਾਰ ਜਾਂ ਨੌਕਰੀ ਦੇ ਪੇਸ਼ੇ ਨੂੰ ਵਿੱਚ ਆ ਜਾਵੇਗਾ, ਫਿਰ ਉਹ ਭਾਰਤ ਦੀਆਂ ਸੱਭਿਆਚਾਰਕ ਗਤੀਵਿਧੀਆਂ ਤੋਂ ਛੂਹੇਗਾ। ਇੱਥੇ ਇਤਿਹਾਸ, ਕਲਾ, ਭਾਸ਼ਾ ਅਤੇ ਪਰੰਪਰਾ ਦੀ ਭਾਵਨਾ



ਡਾ. ਵਿਜੈ ਗਰਗ
ਸਾਬਕਾ ਪੀ.ਈ.ਐਸ. - 1
ਸੇਵਾਮੁਕਤ ਪ੍ਰਿੰਸਪਲ
9465682110

ਗਿਆਨ ਦੇ ਵਿਕਾਸ ਦੁਆਰਾ ਹੀ ਸਕਾਰਾਤਮਕ ਸੱਭਿਆਚਾਰਕ ਪਛਾਣ ਬਣਾਉਂਦੀ ਹੈ। ਹਰ ਰਾਜ ਵਿੱਚ ਆਪਣੀਆਂ ਵਿਲੱਖਣ ਕਲਾ-ਪਰੰਪਰਾਵਾਂ, ਲੋਕ ਗੀਤ, ਨੱਚਣ ਦੇ ਰੂਪ, ਕਾਰੀਗਰੀ, ਚਿੱਤਰਕਾਰੀ ਅਤੇ ਭਾਸ਼ਾ ਦੀਆਂ ਸ਼ੈਲੀਆਂ ਮੌਜੂਦ ਹਨ ਜੋ ਭਾਰਤੀ ਪਛਾਣ ਨੂੰ ਵਧਾਉਂਦੀਆਂ ਹਨ। ਨਵੀਂ ਸਿੱਖਿਆ ਨੀਤੀ ਦਾ ਸਭ ਤੋਂ ਵੱਡਾ ਮੌਕਾ ਇਹ ਸੀ ਕਿ ਇਹਨਾਂ ਖੇਤਰੀ ਅਤੇ ਲੋਕ ਕਲਾਵਾਂ ਨੂੰ ਸਿੱਖਿਆ ਦੇ ਮੁੱਖ ਧਾਰਾ ਪਾਠਕ੍ਰਮ ਦਾ ਹਿੱਸਾ ਬਣਾਇਆ ਜਾਵੇ, ਤਾਂ ਜੋ ਵਿਦਿਆਰਥੀਆਂ ਵਿੱਚ ਆਪਣੇ ਸਮਾਜ, ਸੱਭਿਆਚਾਰ ਅਤੇ ਪਰੰਪਰਾ ਪ੍ਰਤੀ ਮਾਣ ਅਤੇ ਜਾਣ-ਪਛਾਣ ਪੈਦਾ ਹੋਵੇ। ਅਫ਼ਸੋਸ ਦੀ ਗੱਲ ਹੈ ਕਿ ਇਹ ਵਿਚਾਰ ਅਜੇ ਤੱਕ ਦਸਤਾਵੇਜ਼ਾਂ ਵਿੱਚ ਹੀ ਸੀਮਤ ਹੈ। ਨੀਤੀ ਵਿੱਚ ਜ਼ਿਕਰ ਕੀਤੀਆਂ ਪਹਿਲਕਦਮੀਆਂ ਯੂਨੀਵਰਸਿਟੀਆਂ ਅਤੇ ਕਾਲਜਾਂ ਵਿੱਚ ਠੋਸ ਵਿਸ਼ਾ ਢਾਂਚੇ ਦੇ ਰੂਪ ਵਿੱਚ ਵਿਕਸਤ ਨਹੀਂ ਹੋਈਆਂ ਹਨ। ਨਵੀਂ ਨੀਤੀ ਦੇ ਤਹਿਤ, ਬਚਪਨ ਤੋਂ ਲੈ ਕੇ ਉੱਚ ਸਿੱਖਿਆ ਤੱਕ, ਵਿਦਿਆਰਥੀਆਂ ਨੂੰ ਆਪਣੀ ਮਾਤ ਭਾਸ਼ਾ ਵਿੱਚ ਅਧਿਐਨ ਕਰਨ ਦੀ ਸਿਫਾਰਸ਼ ਕੀਤੀ ਗਈ ਹੈ। ਇਹ ਸਿਧਾਂਤਕ ਤੌਰ 'ਤੇ ਭਾਰਤੀ ਭਾਸ਼ਾਵਾਂ ਨੂੰ ਮੁੜ ਸੁਰਜੀਤ ਕਰਨ ਦੀ ਕੋਸ਼ਿਸ਼ ਹੈ। ਸੱਭਿਆਚਾਰ ਸਾਡੀ ਵਿਰਾਸਤ ਅਤੇ ਭਾਸ਼ਾ ਦੀ ਬਣਤਰ ਦੁਆਰਾ ਨਿਰਧਾਰਤ ਹੁੰਦਾ ਹੈ। ਕਲਾ-ਸੱਭਿਆਚਾਰਕ ਪਛਾਣ ਜਾਗਰੂਕਤਾ ਨੂੰ ਸਮਰੱਥ ਬਣਾਉਂਦੀ ਹੈ, ਸਮਾਜ ਨੂੰ ਉੱਨਤ ਕਰਨ ਤੋਂ ਇਲਾਵਾ ਰਚਨਾਤਮਕ ਯੋਗਤਾਵਾਂ ਨੂੰ ਵੀ ਵਧਾਉਂਦੀ ਹੈ 1 ਭਾਰਤੀ ਕਲਾਵਾਂ, ਸ਼ੁਰੂਆਤੀ ਬਚਪਨ ਦੇਖਭਾਲ ਅਤੇ ਸਿੱਖਿਆ ਤੋਂ ਸ਼ੁਰੂਆਤ ਕਰਦੇ ਹੋਏ ਸਿੱਖਿਆ ਦੇ ਸਾਰੇ ਪੱਧਰਾਂ 'ਤੇ ਵਿਦਿਆਰਥੀਆਂ ਨੂੰ ਪ੍ਰਦਾਨ ਕੀਤਾ ਜਾਣਾ ਚਾਹੀਦਾ ਹੈ। ਨਵੀਂ ਸਿੱਖਿਆ ਨੀਤੀ ਦੇ ਇੱਕ ਅਧਿਆਇ ਵਿੱਚ ਭਾਰਤੀ ਭਾਸ਼ਾਵਾਂ, ਕਲਾ ਅਤੇ ਸੱਭਿਆਚਾਰ ਦੀ ਗੱਲ ਕੀਤੀ ਗਈ ਹੈ। ਪਰ ਇਹ ਸਿਰਫ਼ ਦਸਤਾਵੇਜ਼ਾਂ ਤੱਕ ਹੀ ਸੀਮਤ ਨਹੀਂ ਹੈ, ਇਸ ਲਈ ਅਸੀਂ ਭਾਸ਼ਾਵਾਂ ਦੇ ਆਧਾਰ 'ਤੇ ਕਲਾ ਅਤੇ ਸੱਭਿਆਚਾਰ ਨੂੰ ਅੱਗੇ ਵਧਾਉਣ ਦਾ ਕੰਮ ਕਰ ਸਕਦੇ ਹਾਂ। ਉਹ ਭਾਰਤੀ ਭਾਸ਼ਾਵਾਂ ਵੀ, ਜੋ ਅਧਿਕਾਰਤ ਤੌਰ 'ਤੇ ਲੁਪਤ ਸੂਚੀ ਵਿੱਚ ਨਹੀਂ ਹਨ, ਉਹਨਾਂ ਦੁਆਰਾ ਪੜ੍ਹਾਈ ਅਤੇ ਸਿੱਖਣ ਨੂੰ ਸਕੂਲ ਅਤੇ ਉੱਚ ਸਿੱਖਿਆ ਦੇ ਹਰ ਪੱਧਰ ਨਾਲ ਜੋੜਨ ਦੀ ਲੋੜ ਸਿੱਖਿਆ ਨੀਤੀ ਵਿੱਚ ਹੋਣੀ ਚਾਹੀਦੀ ਹੈ। ਮੌਜੂਦਾ ਸਮੇਂ ਵਿੱਚ ਜਦੋਂ ਵਿਸ਼ਵਵੀਕਰਨ ਅਤੇ ਪੱਛਮੀ ਸਿੱਖਿਆ ਮਾਡਲ ਦੇ ਪ੍ਰਭਾਵ ਨੇ ਡੂੰਘਾਈ ਤੱਕ ਪਹੁੰਚ ਕੀਤੀ ਹੈ, ਭਾਰਤੀ ਸਿੱਖਿਆ ਨੀਤੀ ਨੂੰ ਨਾ ਸਿਰਫ਼ ਪ੍ਰਤੀਯੋਗੀ, ਸਗੋਂ ਸੱਭਿਆਚਾਰਕ ਸਵੈ-ਨਿਰਭਰਤਾ ਦੇ ਕੇਂਦਰ ਵਜੋਂ ਕੰਮ ਕਰਨਾ ਚਾਹੀਦਾ ਹੈ। ਨਵੀਂ ਸਿੱਖਿਆ ਨੀਤੀ ਦੇ ਉਦੇਸ਼ਾਂ ਨੂੰ ਜ਼ਮੀਨੀ ਪੱਧਰ 'ਤੇ ਪ੍ਰਾਪਤ ਕਰਨ ਲਈ ਸਰਕਾਰ, ਵਿਦਿਅਕ ਸੰਸਥਾਵਾਂ ਅਤੇ ਸਮਾਜ- ਤਿੰਨਾਂ ਦਾ ਸੁਮੇਲ ਯਤਨ ਜ਼ਰੂਰੀ ਹੈ। ਸਿੱਖਿਆ ਉਦੋਂ ਹੀ ਸਾਰਥਕ ਹੁੰਦੀ ਹੈ ਜਦੋਂ ਇਹ ਵਿਅਕਤੀ ਨੂੰ ਨਾ ਸਿਰਫ਼ ਰੁਜ਼ਗਾਰ ਦੇ ਯੋਗ, ਸਗੋਂ ਸੱਭਿਆਚਾਰਕ, ਰਚਨਾਤਮਕ ਅਤੇ ਸਮਾਜਿਕ ਕਦਰਾਂ-ਕੀਮਤਾਂ ਨਾਲ ਭਰਪੂਰ ਨਾਗਰਿਕ ਵਜੋਂ ਵਿਕਸਤ ਕਰਦੀ ਹੈ। ਇਸ ਦ੍ਰਿਸ਼ਟੀਕੋਣ ਤੋਂ ਨਵੀਂ ਸਿੱਖਿਆ ਨੀਤੀ ਇੱਕ ਨਵੇਂ ਭਾਰਤ ਦੇ ਨਿਰਮਾਣ ਦਾ ਦਸਤਾਵੇਜ਼ ਬਣ ਸਕਦੀ ਹੈ, ਜੇਕਰ ਇਸਨੂੰ ਰਸਮੀ ਨੀਤੀਗਤ ਸੀਮਾਵਾਂ ਤੋਂ ਹਟਾ ਕੇ ਸੱਭਿਆਚਾਰਕ-ਸਮਾਜਿਕ ਅਮਲ ਦੇ ਪੱਧਰ ਤੱਕ ਲਿਜਾਇਆ ਜਾਵੇ। ਭਾਰਤ ਦਾ ਭਵਿੱਖ ਉਦੋਂ ਹੀ ਚਮਕਦਾਰ ਹੋਵੇਗਾ ਜਦੋਂ ਇਸਦੀ ਸਿੱਖਿਆ ਭਾਰਤੀ ਭਾਸ਼ਾਵਾਂ, ਕਲਾ, ਸੱਭਿਆਚਾਰ ਅਤੇ ਪਰੰਪਰਾ ਨਾਲ ਜੁੜੇ ਮੁੱਲਾਂ ਦੇ ਨਾਲ ਅੱਗੇ ਵਧੇਗੀ।

# ਤੇਰਾ ਸਵਾਗਤ ਹੈ ਵਿਨੇਸ਼ ਫੋਗਾਟ

ਸਵਾਗਤ ਹੈ ਵਿਨੇਸ਼ ਫੋਗਾਟ! ਤੂੰ ਭਾਰਤ ਦੇ ਲੋਕਾਂ ਦੀਆਂ ਉਮੀਦਾਂ 'ਤੇ ਖ਼ਰੀ ਉੱਤਰਨ ਲਈ ਮੁੜ ਹੌਸਲਾ ਕੀਤਾ ਹੈ, ਦਲੇਰੀ ਵਿਖਾਈ ਹੈ, ਤੂੰ ਕਿਹਾ ਹੈ ਕਿ 'ਅੱਗ ਕਦੇ ਖ਼ਤਮ ਨਹੀਂ ਹੁੰਦੀ'। ਭਾਰਤ ਦੇ ਲੋਕ ਇਨ੍ਹਾਂ ਵਿਚਾਰਾਂ ਨਾਲ ਸਹਿਮਤ ਹੋਣਗੇ ਅਤੇ ਇਸ ਭਖ਼ਦੀ ਅੱਗ ਨੂੰ ਜਵਾਲਾਮੁਖੀ ਬਣਾਉਣ ਲਈ ਫੂਕਾਂ ਮਾਰ ਮਾਰ ਕੇ ਆਕਸੀਜਨ ਦਿੰਦੇ ਰਹਿਣਗੇ। ਤੇਰੀ ਮਿਹਨਤ ਅਤੇ ਭਾਰਤੀ ਲੋਕਾਂ ਦਾ ਸਾਥ ਰੂਪੀ ਹੌਸਲਾ ਜ਼ਰੂਰ ਰੰਗ ਲਿਆਵੇਗਾ। ਮੁੜ ਮੈਟ 'ਤੇ ਆਉਣ ਲਈ ਜੀ ਆਇਆਂ।

ਬੀਬਾ ਵਿਨੇਸ਼ ਜਦੋਂ ਤੈਨੂੰ ਪਿਛਲੇ ਸਾਲ ਉਲੰਪਿਕ ਖੇਡਾਂ ਤੋਂ ਬਾਹਰ ਕਰ ਦਿੱਤਾ ਗਿਆ ਸੀ, ਭਾਰਤ ਦੇ ਕਰੋੜਾਂ ਲੋਕਾਂ ਦੇ ਦਿਲਾਂ 'ਤੇ ਸੱਟ ਵੱਜੀ ਸੀ, ਕਿਉਂਕਿ ਤੇਰੇ ਨਾਲ ਇਕ ਸਾਜਿਸ਼ ਤਹਿਤ ਕਥਿਤ ਧੋਖਾ ਹੋਇਆ ਸੀ। ਆਮ ਲੋਕ ਉਸ ਸਮੇਂ ਤੇਰੇ ਨਾਲ ਡਟ ਕੇ ਖੜ੍ਹ ਗਏ ਸਨ ਅਤੇ ਉਨ੍ਹਾਂ ਕਿਹਾ ਸੀ, 'ਵਿਨੇਸ਼ ਫੋਗਾਟ ਤੂੰ ਹਾਰੀ ਨਹੀਂ, ਤੂੰ ਜੇਤੂ ਹੈਂ'! ਤੂੰ ਕਰੋੜਾਂ ਭਾਰਤੀਆਂ ਦਾ ਦਿਲ ਜਿੱਤਿਆ ਹੈ, ਤੂੰ ਉਨ੍ਹਾਂ ਦੇ ਹਿਰਦਿਆਂ ਵਿਚ ਵਸ ਗਈ ਐਂ, ਤੇਰੇ 'ਤੇ ਭਾਰਤੀਆਂ ਨੂੰ ਮਾਣ ਹੈ, ਤੇਰੇ ਨਾਲ ਹੋਏ ਧੋਖੇ ਤੋਂ ਸਭ ਭਲੀ-ਭਾਂਤ ਜਾਣੂ ਹਨ, ਉਲੰਪਿਕ ਦੇ ਇਕ ਤਗਮੇ ਨਾਲੋਂ ਸਮੁੱਚੇ ਭਾਰਤੀਆਂ ਦੇ ਦਿਲਾਂ ਦੇ ਤਗਮੇ ਕਿਤੇ ਭਾਰੀ ਹਨ ਜੋ ਤੂੰ ਜਿੱਤ ਲਏ ਹਨ।' ਇਹ ਸਮੁੱਚੇ ਭਾਰਤੀਆਂ ਦੇ ਦਿਲਾਂ 'ਚੋਂ ਉੱਠੀ ਆਵਾਜ਼ ਸੀ। ਤੂੰ ਕਾਫ਼ੀ ਸਾਲਾਂ ਤੋਂ ਹੌਂਸਲੇ ਨਾਲ ਖੇਡ ਰਹੀ ਸੀ, ਏਸ਼ਿਆਈ ਤੇ ਰਾਸ਼ਟਰਮੰਡਲ ਖੇਡਾਂ ਵਿਚ ਸੋਨੇ ਦਾ ਤਗਮਾ ਜਿੱਤ ਚੁੱਕੀ ਸੀ ਅਤੇ ਵਿਸ਼ਵ ਚੈਂਪੀਅਨਾਂ ਵਿੱਚ ਦੋ ਵਾਰ ਕਾਂਸੀ ਦਾ ਤਗਮਾ ਜਿੱਤਿਆ ਸੀ। ਪੈਰਿਸ ਵਿਚ ਹੋ ਰਹੀਆਂ ਉਲੰਪਿਕ ਖੇਡਾਂ 'ਚ ਤੈਥੋਂ ਸੋਨ ਤਗਮਾ ਜਿੱਤਣ ਦੀ ਵੱਡੀ ਆਸ ਸੀ, ਤੂੰ ਇਸ ਨਿਸ਼ਾਨੇ ਦੇ ਬਿਲਕੁੱਲ ਨਜ਼ਦੀਕ ਪਹੁੰਚ ਗਈ ਅਤੇ ਫਾਈਨਲ ਵਿਚ ਪਹੁੰਚਣ



ਸਦਕਾ ਦੇਸ਼ ਲਈ ਇਕ ਤਗਮਾ ਪੱਕਾ ਕਰ ਲਿਆ ਸੀ। ਤੂੰ ਸਾਜਿਸ਼ ਦਾ ਸ਼ਿਕਾਰ ਹੋ ਗਈ ਸੀ। ਜਿੱਤਣ ਤੋਂ ਬਾਅਦ ਤੇਰੇ 'ਤੇ ਦੋਸ਼ ਲਾਇਆ ਗਿਆ ਸੀ ਕਿ ਤੇਰਾ ਭਾਰ ਸੌ ਗਰਾਮ ਵੱਧ ਹੈ। ਇਸ ਦੋਸ਼ ਨਾਲ ਤੈਨੂੰ ਕੇਵਲ ਹਾਰੀ ਹੋਈ ਕਰਾਰ ਨਹੀਂ, ਦਿੱਤਾ ਬਲਕਿ ਕੁਸ਼ਤੀ ਮੁਕਾਬਲੇ ਵਿੱਚੋਂ ਹੀ ਬਾਹਰ ਕਰਦਿਆਂ ਤੇਰੀ ਮਿਹਨਤ ਮਿੱਟੀ ਵਿਚ ਰੋਲ ਦਿੱਤੀ ਗਈ। ਇਸ ਦਾ ਤੈਨੂੰ ਦੁੱਖ ਹੋਣਾ ਸੁਭਾਵਿਕ ਹੀ ਸੀ ਤੇ ਹੋਇਆ ਵੀ। ਪਰ ਇਹ ਦੁੱਖ ਕੇਵਲ ਤੈਨੂੰ ਨਹੀਂ

ਬਲਵਿੰਦਰ ਸਿੰਘ ਭੁੱਲਰ

ਸਮੁੱਚੇ ਭਾਰਤ ਵਾਸੀਆਂ ਨੂੰ ਹੋਇਆ ਸੀ। ਸੁਆਲ ਉੱਠਿਆ ਸੀ ਕਿ ਜੇਕਰ ਤੇਰਾ ਭਾਰ ਸੌ ਗਰਾਮ ਵੱਧ ਸੀ ਤਾਂ ਉਲੰਪਿਕ ਐਸੋਸੀਏਸ਼ਨ ਨੇ ਪੰਜਾਹ ਕਿਲੋ ਵਜ਼ਨ ਵਿੱਚ ਖੇਡਣ ਦੀ ਇਜਾਜ਼ਤ ਹੀ ਕਿਉਂ ਦਿੱਤੀ? ਖੇਡ ਮੈਦਾਨ ਵਿੱਚ ਉੱਤਰਨ ਹੀ ਕਿਉਂ ਦਿੱਤਾ ਗਿਆ? ਜੇਕਰ ਤੇਰਾ ਭਾਰ ਸਹੀ ਸੀ ਤਾਂ ਫੇਰ ਜਿੱਤਣ ਤੋਂ ਬਾਅਦ ਇਹ ਦੋਸ਼ ਕਿਉਂ ਮੜਿਆ ਗਿਆ? ਇਸ ਤੋਂ ਇਹ ਸਪੱਸ਼ਟ ਹੈ ਕਿ ਤੇਰੇ ਨਾਲ ਧੋਖਾ ਹੋਇਆ ਸੀ, ਜੋ ਕਥਿਤ ਤੌਰ 'ਤੇ ਜਾਣ-ਬੁੱਝ ਕੇ ਕੀਤਾ ਗਿਆ ਸੀ। ਸੈਮੀ ਫਾਈਨਲ ਵਿਚ ਕਿਊਬਾ ਦੀ ਜਿਸ ਪਹਿਲਵਾਨ ਵਾਈ ਗੁਜ਼ਮੈਨ ਲੋਪੇਜ਼ ਨੂੰ ਤੂੰ ਹਰਾ ਦਿੱਤਾ ਸੀ, ਉਸ ਨੂੰ ਫਾਈਨਲ ਮੈਚ ਖੇਡਣ ਲਈ ਮੈਦਾਨ ਵਿਚ ਉਤਾਰਿਆ ਗਿਆ ਤੇ ਉਹ ਅਮਰੀਕਾ ਦੀ ਸਾਰਾ ਏਨ ਹਿਲਡਰਬ੍ਰਾਂਟ ਤੋਂ ਹਾਰ ਗਈ ਹੈ। ਭਾਰਤ ਵਾਸੀਆਂ ਨੂੰ ਉਮੀਦ ਹੀ ਨਹੀਂ ਯਕੀਨ ਹੈ ਕਿ ਜੇਕਰ ਅਜਿਹੀ ਧੋਖੇਬਾਜ਼ੀ ਨਾ ਹੁੰਦੀ ਤਾਂ ਤੂੰ ਸੋਨ ਤਗਮਾ ਹਾਸਲ ਕਰ ਲੈਂਦੀ ਤੇ ਭਾਰਤ ਦਾ ਨਾਂਅ ਹੋਰ ਉੱਚਾ ਹੋ ਜਾਂਦਾ।

ਸਮੁੱਚੇ ਭਾਰਤੀਆਂ ਨੇ ਤੇਰੀ ਸਾਜਿਸ਼ੀ ਹਾਰ ਨੂੰ ਹਾਰ ਨਾ ਮੰਨਦਿਆਂ ਤੈਨੂੰ ਜੇਤੂ ਕਰਾਰ ਦਿੱਤਾ ਸੀ, ਤੈਨੂੰ ਹੱਥਾਂ 'ਤੇ ਚੁੱਕਦਿਆਂ ਮਾਣ-ਸਨਮਾਨ ਦਿੱਤੇ ਗਏ ਸਨ। ਪਰ ਵਲੂੰਧਰੇ ਹਿਰਦੇ ਸਦਕਾ ਤੂੰ ਖੇਡਾਂ ਤੋਂ ਸੰਨਿਆਸ ਲੈ ਕੇ ਸਿਆਸਤ ਵਿਚ ਸ਼ਾਮਿਲ ਹੋ ਗਈ ਸੀ ਅਤੇ ਕਾਂਗਰਸ ਪਾਰਟੀ ਦੀ ਟਿਕਟ 'ਤੇ ਵਿਧਾਨ ਸਭਾ ਹਲਕਾ ਜੁਲਾਨਾ ਤੋਂ ਵਿਧਾਇਕ ਬਣ ਗਈ ਸੀ। ਸਿਆਸਤ ਇਕ ਵੱਖਰਾ ਖੇਤਰ ਹੈ, ਤੂੰ ਭਾਵੇਂ ਸਿਆਸਤ ਵਿਚ ਸਫ਼ਲ ਹੋ ਗਈ ਪਰ ਲੋਕ ਤੈਨੂੰ ਖਿਡਾਰੀ ਦੇ ਤੌਰ 'ਤੇ ਹੀ ਵੇਖਣਾ ਚਾਹੁੰਦੇ ਸਨ। ਤੂੰ ਹੁਣ ਲੋਕਾਂ ਦੀਆਂ ਉਮੀਦਾਂ ਦੀ ਕਦਰ ਕੀਤੀ ਹੈ, ਹੌਸਲਾ ਇਕੱਠਾ ਕੀਤਾ ਹੈ ਅਤੇ ਖੇਡਾਂ ਤੋਂ ਲਿਆ ਸੰਨਿਆਸ ਵਾਪਸ ਲੈ ਕੇ ਮੁੜ ਖੇਡਾਂ ਦੇ ਖੇਤਰ ਵਿਚ ਪਰਤਦਿਆਂ ਕੁਸ਼ਤੀ ਦੇ ਮੈਟ 'ਤੇ ਕਦਮ ਰੱਖਣ ਦਾ ਫੈਸਲਾ ਕੀਤਾ ਹੈ। ਭਾਰਤੀ ਲੋਕ ਤੇਰੇ ਇਸ ਫੈਸਲੇ ਦਾ ਸੁਆਗਤ ਕਰਦੇ ਹਨ। ਤੂੰ ਕਿਹਾ ਹੈ ਕਿ ਅੱਗ ਕਦੇ ਖ਼ਤਮ ਨਹੀਂ ਹੁੰਦੀ, ਖੇਡ ਪ੍ਰੇਮੀ ਅਤੇ ਭਾਰਤ ਦੇ ਲੋਕ ਇਸ ਅੱਗ ਨੂੰ ਹੌਸਲੇ ਦੀਆਂ ਫੂਕਾਂ ਮਾਰ ਮਾਰ ਕੇ ਤੇਰਾ ਸਹਿਯੋਗ ਕਰਦੇ ਰਹਿਣਗੇ। ਤੈਥੋਂ ਆਸ ਹੈ ਕਿ ਤੂੰ ਸਾਲ 2028 ਵਿਚ ਲਾਸ ਏਂਜਲਜ਼ ਉਲੰਪਿਕ ਖੇਡਾਂ ਵਿਚ ਸੋਨ ਤਗਮਾ ਜਿੱਤ ਕੇ ਭਾਰਤ ਦਾ ਨਾਂਅ ਹੋਰ ਉੱਚਾ ਕਰੇਂਗੀ। ਵੱਡੀ ਆਸ ਨਾਲ ਤੇਰਾ ਮੁੜ ਮੈਟ 'ਤੇ ਆਉਣ ਦਾ ਸੁਆਗਤ ਹੈ।

Dosanjh Family
AUTO GROUP

Cadillac
CHEVROLET
INFINITI
KIA
NISSAN
BUICK

GMC
LIVERMORE TOYOTA
HYUNDAI
Fremont Hyundai
TOYOTA
Ford
ACURA

DUBLIN CHEVOLET
DUBLIN CADILLAC
DUBLIN BUICK GMC
DUBLIN KIA
DUBLIN NISSAN
DUBLIN INFINITI

FREMONT CHEVROLET
FREMONT CADILLAC
FREMONT BUICK GMC
STEVENS CREEK CHEVROLET
STEVENS CREEK CADILLAC
FREMONT HYUNDAI

CONCORD CHEVROLET
ACURA OF CONCORD
CONCORD NISSAN
LIVERMORE TOYOTA
FREMONT FORD